Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763



Ad Space Available
Please Call
Ph: 847-359-0746

Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587





Nineteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
# ਪੰਜਾਬ ਟਾਈਮਜ਼
Punjab Times, Vol 19, Issue 46, November 17, 2018 20451 N. Plum Grove Rd., Palatine, IL 60074 Ph:847-359-0746, Fax:847-705-9388

# ਬਾਦਲਾਂ ਨੇ ਵਫਾਦਾਰਾਂ ਨੂੰ ਮੁੜ ਵੰਡੀਆਂ ਅਹੁਦੇਦਾਰੀਆਂ

## ਗੋਬਿੰਦ ਸਿੰਘ ਲੌਂਗੋਵਾਲ ਦੂਜੀ ਵਾਰ ਪ੍ਰਧਾਨ ਬਣੇ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿਚ ਗੋਬਿੰਦ ਸਿੰਘ ਲੌਂਗੋਵਾਲ ਨੂੰ ਮੁੜ ਇਕ ਸਾਲ ਵਾਸਤੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ ਹੈ। ਇਸ ਵਾਰ ਵੀ ਜਨਰਲ ਇਜਲਾਸ ਰਸਮ ਹੀ ਹੋ ਨਿਬੜਿਆ। ਇਜਲਾਸ ਤੋਂ ਇਕ ਦਿਨ ਪਹਿਲਾਂ ਅਹੁਦੇਦਾਰਾਂ ਦੀ ਚੋਣ ਦੇ ਸਾਰੇ ਅਧਿਕਾਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਦੇ ਦਿੱਤੇ ਗਏ।

ਇਸ ਦੌਰਾਨ ਵਿਰੋਧੀ ਧਿਰ ਨੇ ਬਹੁ ਗਿਣਤੀ ਮੈਂਬਰਾਂ ਉਤੇ 'ਪੰਥ ਪ੍ਰਸਤ' ਹੋਣ ਦੀ ਥਾਂ 'ਬਾਦਲ ਪ੍ਰਸਤ' ਹੋਣ ਦਾ ਦੋਸ਼ ਲਾਉਂਦਿਆਂ ਇਜਲਾਸ ਵਿਚ ਸ਼ਾਮਲ ਨਾ ਹੋਣ ਦਾ ਫੈਸਲਾ ਕੀਤਾ। ਸ਼੍ਰੋਮਣੀ ਅਕਾਲੀ ਦਲ ਦੇ ਨਾਲ ਸਬੰਧਤ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਉਨ੍ਹਾਂ ਨਾਲ ਕੀਤੇ ਦੁਰਵਿਹਾਰ ਦੇ ਰੋਸ ਵਜੋਂ ਇਜਲਾਸ ਵਿਚੋਂ ਵਾਕ ਆਊਟ ਕੀਤਾ। ਉਨ੍ਹਾਂ ਤੋਂ ਇਲਾਵਾ ਦੋ ਹੋਰ ਮੈਂਬਰਾਂ ਬਲਵਿੰਦਰ ਸਿੰਘ ਬੈਂਸ ਅਤੇ ਮਹਿੰਦਰ ਸਿੰਘ ਹੁਸੈਨਪੁਰ ਨੇ ਵੀ ਆਪਣੀ ਸੁਣਵਾਈ ਨਾ ਹੋਣ ਦੇ ਦੋਸ਼ ਹੇਠ ਇਜਲਾਸ ਵਿਚੋਂ ਵਾਕ ਆਊਟ ਕਰ ਦਿੱਤਾ। ਭਾਵੇਂ ਨਵੇਂ ਪ੍ਰਧਾਨ ਲਈ ਮਾਲਵਾ ਖੇਤਰ ਦੇ ਟਕਸਾਲੀ ਆਗੂ ਤੋਤਾ ਸਿੰਘ ਅਤੇ ਮਾਝਾ ਖੇਤਰ ਤੋਂ ਰਣਜੀਤ ਸਿੰਘ ਬ੍ਰਹਮਪੁਰਾ ਦੇ ਨੇੜਲੇ ਸਾਥੀ ਅਲਵਿੰਦਰਪਾਲ ਸਿੰਘ ਪੱਖੋਕੇ ਦੇ ਨਾਂ ਦੀ ਵੀ ਪੰਥ ਹਲਕਿਆਂ 'ਚ ਚਰਚਾ ਚੱਲ ਰਹੀ ਸੀ, ਪਰ ਸਿਆਸੀ ਗਿਣਤੀਆਂ ਮਿਣਤੀਆਂ ਤੇ ਅਕਾਲੀ ਦਲ ਨੂੰ ਦਰਪੇਸ਼ ਬਗਾਵਤਾਂ ਦੇ ਸੰਕਟ ਦੇ ਚਲਦਿਆਂ ਅਕਾਲੀ ਦਲ ਵੱਲੋਂ ਮੌਜੂਦਾ ਪ੍ਰਧਾਨ ਲੌਂਗੋਵਾਲ ਨੂੰ ਹੀ ਪ੍ਰਧਾਨਗੀ ਦੀ ਇਕ ਪਾਰੀ ਹੋਰ ਖੇਡਣ ਦਾ ਮੌਕਾ ਦਿੱਤਾ ਗਿਆ।



ਲੌਂਗੋਵਾਲ ਨੂੰ ਬਾਦਲ ਪਰਿਵਾਰ ਦਾ ਸਭ ਤੋਂ ਵਫਾਦਾਰ ਆਗੂ ਮੰਨਿਆ ਜਾਂਦਾ ਹੈ। ਅਕਾਲੀ ਦਲ ਪ੍ਰਤੀ ਵਫਾਦਾਰੀ ਨੂੰ ਦੇਖਦਿਆਂ ਪਾਰਟੀ ਨੇ ਉਨ੍ਹਾਂ 'ਤੇ ਮਿਹਰਬਾਨ ਵਿਖਾਈ। ਲੌਂਗੋਵਾਲ ਲੰਬੇ ਸਮੇਂ ਤੋਂ ਪਾਰਟੀ ਵਿਚੋਂ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਚੁੱਕੇ ਸੁਖਦੇਵ ਸਿੰਘ ਢੀਂਡਸਾ ਦੀ ਸੱਜੀ ਬਾਂਹ ਸਮਝੇ ਜਾਂਦੇ ਰਹੇ ਹਨ। ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਥਾਪੇ ਜਾਣ ਸਮੇਂ ਵੀ ਆਮ ਪ੍ਰਭਾਵ ਇਹੀ ਲਿਆ ਜਾਂਦਾ ਸੀ ਕਿ ਢੀਂਡਸਾ ਨੂੰ ਖੁਸ਼ ਕਰਨ ਲਈ ਲੌਂਗੋਵਾਲ ਪ੍ਰਧਾਨ ਬਣਾਏ ਗਏ ਹਨ ਪਰ ਹੁਣ ਇਹ ਗੱਲ ਸਾਹਮਣੇ ਆਈ ਹੈ ਕਿ ਸੁਖਬੀਰ ਨੇ ਸੰਗਰੂਰ-ਬਰਨਾਲਾ ਜ਼ਿਲ੍ਹਿਆਂ ਵਿਚ ਆਪਣਾ ਹੱਥ ਉਪਰ ਕਰਨ ਅਤੇ ਢੀਂਡਸਾ ਦੀ ਗੁੱਝੀ ਨਾਰਾਜ਼ਗੀ ਨੂੰ ਭਾਂਪਦਿਆਂ ਉਨ੍ਹਾਂ ਦੀ ਸ਼ਖਸੀਅਤ ਨੂੰ ਛੋਟਾ ਕਰਨ ਲਈ ਲੌਂਗੋਵਾਲ ਨੂੰ ਉਚੇ ਅਹੁਦੇ ਉਪਰ ਬਿਠਾਇਆ ਸੀ। ਪਾਰਟੀ ਦੇ ਵੱਡੇ ਹਿੱਸੇ 'ਚ ਪਹਿਲਾਂ ਹੀ ਇਹ ਪ੍ਰਭਾਵ ਸੀ ਕਿ ਪਾਰਟੀ ਲੀਡਰਸ਼ਿਪ ਢੀਂਡਸਾ ਦੀ ਮਾਲਵੇ ਨੂੰ ਨਾਰਾਜ਼ਗੀ ਦੇ ਅਸਰ ਨੂੰ ਠੱਲ੍ਹਣ ਲਈ ਲੌਂਗੋਵਾਲ ਨੂੰ ਹੀ ਸ਼੍ਰੋਮਣੀ ਕਮੇਟੀ ਦੀ ਕਮਾਨ ਸੰਭਾਲੇਗੀ।

ਪਾਰਟੀ ਲੀਡਰਸ਼ਿਪ ਨੇ ਲੌਂਗੋਵਾਲ ਨੂੰ ਅਹੁਦੇ ਤੋਂ ਹਟਾ ਕੇ ਉਸ ਨੂੰ ਮੁੜ ਢੀਂਡਸਾ ਗਰੁੱਪ 'ਚ ਸ਼ਾਮਲ ਹੋਣ ਦਾ ਜ਼ੋਖਮ ਨਹੀਂ ਸੀ ਉਠਾਉਣਾ।

ਤੋਤਾ ਸਿੰਘ ਪੁਰਾਣੇ ਅਤੇ ਟਕਸਾਲੀ ਅਕਾਲੀ ਆਗੂ ਹਨ। ਭਾਵੇਂ ਪਿਛਲੇ ਸਾਲਾਂ ਵਿਚ ਉਹ ਬਾਦਲ ਪਰਿਵਾਰ ਦੇ ਬੜੇ ਨਜ਼ਦੀਕੀ ਰਹੇ ਹਨ ਪਰ ਉਹ ਬਹੁਤ ਸਾਰੇ ਨਾਜ਼ੁਕ ਮੌਕਿਆਂ ਉਪਰ ਬਾਦਲ ਦੇ ਵਿਰੋਧੀ ਗਰੁੱਪਾਂ 'ਚ ਵੀ ਵਿਚਰਦੇ ਰਹੇ ਹਨ। ਉਹ ਲੰਬਾ ਸਮਾਂ ਬਰਨਾਲਾ ਧੜੇ ਨਾਲ ਜੁੜੇ ਰਹੇ ਹਨ ਪਰ ਪਿਛਲੇ 20-22 ਸਾਲ ਤੋਂ ਉਹ ਡਟ ਕੇ ਬਾਦਲ ਪਰਿਵਾਰ ਦਾ ਸਾਥ ਦੇ ਰਹੇ ਹਨ। ਸ. ਅਲਵਿੰਦਰਪਾਲ ਸਿੰਘ ਪੱਖੋਕੇ ਸਿਆਸੀ ਕੱਦ ਪੱਖੋਂ

(ਬਾਕੀ ਸਫਾ 6 ਉਤੇ)

## ਤਨਖਾਹੀਏ ਨੂੰ ਦੂਜੀ ਵਾਰ ਪ੍ਰਧਾਨਗੀ?

ਗੋਬਿੰਦ ਸਿੰਘ ਲੌਂਗੋਵਾਲ ਉਨ੍ਹਾਂ 39 ਆਗੂਆਂ ਵਿਚ ਸ਼ੁਮਾਰ ਸਨ ਜਿਨ੍ਹਾਂ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਡੇਰਾ ਸੱਚਾ ਸੌਦਾ ਮੁਖੀ ਨਾਲ ਮੁਲਾਕਾਤ ਕਰਨ ਦੇ ਦੋਸ਼ ਵਿਚ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਤਨਖਾਹ ਲਾਈ ਗਈ ਸੀ। ਚੋਣਾਂ ਫਰਵਰੀ 2017 ਨੂੰ ਹੋਈਆਂ ਸਨ ਤੇ ਇਨ੍ਹਾਂ ਆਗੂਆਂ ਨੂੰ 17 ਅਪਰੈਲ, 2017 ਨੂੰ ਤਨਖਾਹ ਲਾਈ ਗਈ ਸੀ। ਡੇਰੇ ਦਾ ਸਿੱਖਾਂ ਨਾਲ ਵਿਵਾਦ 2007 ਵਿਚ ਉਦੋਂ ਹੋਇਆ ਸੀ ਜਦੋਂ ਇਸ ਦੇ ਮੁਖੀ ਗੁਰਮੀਤ ਰਾਮ ਰਹੀਮ ਨੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਰ੍ਹਾਂ ਪੋਸ਼ਾਕ ਜਨਤਕ ਤੌਰ 'ਤੇ ਪਾਈ ਸੀ। ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਦਿਸ਼ਾ-ਨਿਰਦੇਸ਼ ਜਾਰੀ ਹੋਏ ਕਿ ਸਿੱਖ ਕਿਸੇ ਵੀ ਤਰ੍ਹਾਂ ਦਾ ਕੋਈ ਸਮਾਜਿਕ ਸਬੰਧ ਰਾਮ ਰਹੀਮ ਨਾਲ ਨਾ ਰੱਖਣ।

# ਸ਼੍ਰੋਮਣੀ ਕਮੇਟੀ ਨੇ ਵਿਵਾਦਤ ਪੁਸਤਕਾਂ ਬਾਰੇ ਸਿੱਖ ਸੰਗਤ ਤੋਂ ਮੁਆਫੀ ਮੰਗੀ


**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਮਤਾ ਪਾਸ ਕਰ ਕੇ ਸ਼੍ਰੋਮਣੀ ਕਮੇਟੀ ਵੱਲੋਂ ਬੀਤੇ ਸਮੇਂ ਵਿਚ ਛਾਪੀਆਂ ਅਜਿਹੀਆਂ ਪੁਸਤਕਾਂ ਜੋ ਵਿਵਾਦ ਦਾ ਕਾਰਨ ਬਣੀਆਂ ਹਨ, ਬਾਰੇ ਸਿੱਖ ਸੰਗਤ ਕੋਲੋਂ ਖਿਮਾ ਯਾਚਨਾ ਕੀਤੀ ਗਈ ਹੈ। ਜਨਰਲ ਇਜਲਾਸ ਵੱਲੋਂ ਵਿਦਵਾਨਾਂ ਦੀ ਨਜ਼ਰਸਾਨੀ ਕਮੇਟੀ ਬਣਾਉਣ ਵਾਸਤੇ ਅੰਤ੍ਰਿੰਗ ਕਮੇਟੀ ਨੂੰ ਆਦੇਸ਼ ਦਿੱਤਾ ਗਿਆ ਹੈ ਤਾਂ ਜੋ ਭਵਿੱਖ ਵਿਚ ਸੰਸਥਾਗਤ ਤੌਰ 'ਤੇ ਅਜਿਹੀਆਂ ਗਲਤੀਆਂ ਨੂੰ ਰੋਕਿਆ ਜਾ ਸਕੇ।

ਇਹ ਮਤਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਜਨਰਲ ਇਜਲਾਸ ਵਿਚ ਰੱਖਿਆ ਗਿਆ, ਜਿਸ ਨੂੰ ਸਾਰੇ ਮੈਂਬਰਾਂ ਨੇ ਪ੍ਰਵਾਨ ਕੀਤਾ ਹੈ। ਇਸੇ ਮਤੇ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬਾਰ੍ਹਵੀਂ ਜਮਾਤ ਦੇ ਸਿਲੇਬਸ ਵਿਚ ਗੁਰ ਇਤਿਹਾਸ ਨਾਲ ਛੇੜਛਾੜ ਦੀ ਨਿੰਦਾ ਕੀਤੀ ਗਈ ਹੈ। ਜਨਰਲ ਇਜਲਾਸ 'ਚ ਮੁੱਖ ਮੰਤਰੀ ਨੂੰ ਸਿੱਖ ਜਗਤ ਕੋਲੋਂ ਮੁਆਫ ਮੰਗਣ, ਸਿੱਖਿਆ ਮੰਤਰੀ ਨੂੰ ਮੰਤਰੀ ਮੰਡਲ 'ਚੋਂ ਬਰਖਾਸਤ ਕਰਨ ਤੇ ਮੰਤਰੀ ਖਿਲਾਫ਼ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਵਿਦਵਾਨਾਂ ਤੇ ਲੇਖਕਾਂ ਖਿਲਾਫ਼ ਵੀ ਸਖਤ ਕਾਰਵਾਈ ਦੀ ਮੰਗ ਕੀਤੀ ਗਈ ਹੈ, ਜਿਨ੍ਹਾਂ ਨੇ ਇਤਿਹਾਸ ਨਾਲ ਛੇੜਛਾੜ ਕੀਤੀ। ਇਕ ਮਤੇ ਰਾਹੀਂ ਪਾਕਿਸਤਾਨ ਸਰਕਾਰ ਕੋਲੋਂ ਮੰਗ ਕੀਤੀ ਗਈ ਹੈ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਸਮੇਂ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਵਾਸਤੇ ਵਧੇਰੇ ਵੀਜ਼ੇ ਤੇ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨਾਂ ਵਾਸਤੇ ਖੁੱਲ੍ਹਾ ਲਾਂਘਾ ਦਿੱਤਾ ਜਾਵੇ। ਇਕ ਮਤੇ ਰਾਹੀਂ ਬੇਅਦਬੀ ਘਟਨਾਵਾਂ ਦੀ ਨਿੰਦਾ ਕਰਦਿਆਂ ਸੂਬਾ ਤੇ ਕੇਂਦਰ ਸਰਕਾਰ ਕੋਲੋਂ ਸਖਤ ਕਾਰਵਾਈ ਦੀ

(ਬਾਕੀ ਸਫਾ 6 ਉਤੇ)

Buying/Selling
in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Raj Shergill
Associate Broker
Landmark Realty
40600 Ann Arbor Rd.,
Suite# 150,
Plymouth, MI 48170
Call: 734-751-4455
rajsshergill@yahoo.com






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
Services Include
• Catering
• Silverware
• Chinaware
• Decorated Hall
• Linen
• Several Bar Options
• Security
• Wait Staff
• Full Setup Including TABLE CLOTH, NAPKINS, CHAIRS ETC.
Paradise Ballrooms
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com



# ਦੀਵਾਲੀ: ਅੰਮ੍ਰਿਤਸਰ 'ਚ ਪਿਛਲੇ ਸਾਲ ਨਾਲੋਂ ਸ਼ੁੱਧ ਰਹੀ ਆਬੋ-ਹਵਾ



**ਅੰਮ੍ਰਿਤਸਰ:** ਦੀਵਾਲੀ ਮੌਕੇ ਇਸ ਵਾਰ ਹਵਾ ਤੇ ਆਵਾਜ਼ ਪ੍ਰਦੂਸ਼ਣ ਵਿਚ ਭਾਵੇਂ ਪਹਿਲਾਂ ਵਾਂਗ ਹੀ ਵਾਧਾ ਹੋਇਆ ਹੈ ਪਰ ਇਹ ਵਾਧਾ ਪਿਛਲੇ ਵਰ੍ਹੇ 2017 ਨਾਲੋਂ ਕਾਫੀ ਘੱਟ ਹੈ। ਉਂਜ ਇਸ ਵਰ੍ਹੇ ਦੌਰਾਨ ਹਵਾ ਪ੍ਰਦੂਸ਼ਣ ਵਿਚ ਪਿਛਲੇ ਵਰ੍ਹੇ ਦੇ ਮੁਕਾਬਲੇ ਸੁਧਾਰ ਹੋਇਆ ਹੈ। ਇਹ ਖੁਲਾਸਾ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਜਾਰੀ ਕੀਤੇ ਅੰਕੜਿਆਂ ਤੋਂ ਹੋਇਆ ਹੈ। ਪ੍ਰਾਪਤ ਅੰਕੜਿਆਂ ਮੁਤਾਬਕ ਇਸ ਵਾਰ ਦੀਵਾਲੀ ਮੌਕੇ ਏਅਰ ਕੁਆਲਟੀ ਇੰਡੈਕਸ (ਏਕਿਊਆਈ) ਦਾ ਪੱਧਰ 234 ਦਰਜ ਕੀਤਾ ਗਿਆ ਹੈ ਜਦੋਂਕਿ ਪਿਛਲੇ ਵਰ੍ਹੇ 2017 ਵਿਚ ਦੀਵਾਲੀ ਵਾਲੀ ਰਾਤ ਪ੍ਰਦੂਸ਼ਣ ਦਾ ਇਹ ਪੱਧਰ 328 ਦਰਜ ਕੀਤਾ ਗਿਆ ਸੀ। ਇਸ ਵਾਰ ਹਵਾ ਪ੍ਰਦੂਸ਼ਣ ਵਿਚ 29 ਫੀਸਦੀ ਕਮੀ ਆਈ ਹੈ। ਜਦੋਂਕਿ ਧੂੜ ਦੇ ਕਣ (ਪੀਐਮ 10) 36 ਫੀਸਦ ਅਤੇ ਵਾਹਨਾਂ ਦੇ ਧੂੰਏਂ ਆਦਿ (ਪੀਐਮ 2.5) ਵਿਚ 44 ਫੀਸਦੀ ਕਮੀ ਦਰਜ ਕੀਤੀ ਗਈ ਹੈ।

ਅੰਮ੍ਰਿਤਸਰ ਵਿਚ ਦੀਵਾਲੀ ਮੌਕੇ ਇਸ ਵਾਰ ਏਕਿਊਆਈ ਦਾ ਪੱਧਰ 162 ਦਰਜ ਕੀਤਾ ਗਿਆ ਹੈ। ਜਦੋਂਕਿ ਪਿਛਲੇ ਵਰ੍ਹੇ ਇਹ 318 ਸੀ। ਅੰਮ੍ਰਿਤਸਰ ਵਿਚ ਪੀਐਮ 10 ਦੀ ਮਾਤਰਾ ਦੀਵਾਲੀ ਵਾਲੀ ਰਾਤ 7 ਵਜੇ ਤੋਂ ਲੈ ਕੇ 1 ਵਜੇ ਤੱਕ ਵਧੀ ਹੈ। ਉਸ ਵੇਲੇ ਪੀਐਮ-10 ਦੀ ਮਾਤਰਾ 197 ਤੋਂ ਲੈ ਕੇ 616 ਤੱਕ ਦਰਜ ਕੀਤੀ ਗਈ। ਇਸੇ ਤਰ੍ਹਾਂ ਪੀਐਮ 2.5 ਰਾਤ ਅੱਠ ਵਜੇ ਤੋਂ 1 ਵਜੇ ਤਕ 114 ਤੋਂ ਲੈ ਕੇ 228 ਤੱਕ ਦਰਜ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕਾਰਬਨ ਆਕਸਾਈਡ, ਸਲਫਰ ਡਾਇਆਕਸਾਈਡ, ਨਾਈਟਰੋਜਨ ਆਕਸਾਈਡ ਆਦਿ ਗੈਸਾਂ ਦੀ ਮਾਤਰਾ ਵਿਚ ਵਾਧਾ ਦਰਜ ਕੀਤਾ ਗਿਆ ਹੈ। ਪਰ ਇਹ ਪ੍ਰਦੂਸ਼ਣ ਤੱਤ 8 ਨਵੰਬਰ ਦੀ ਸਵੇਰ ਤੱਕ ਪਹਿਲਾਂ ਵਾਂਗ ਹੀ ਘੱਟ ਚੁੱਕੇ ਸਨ। ਜਿਸ ਤੋਂ ਸਪੱਸ਼ਟ ਹੈ ਕਿ ਹਵਾ ਪ੍ਰਦੂਸ਼ਣ ਦੀਵਾਲੀ ਵਾਲੀ ਰਾਤ ਕੁਝ ਘੰਟਿਆਂ ਵਾਸਤੇ ਹੀ ਵਧਿਆ ਸੀ।

ਬੋਰਡ ਦੇ ਅਧਿਕਾਰੀਆਂ ਮੁਤਾਬਕ ਭਾਵੇਂ ਦੀਵਾਲੀ ਵਾਲੇ ਦਿਨ ਹਵਾ ਪ੍ਰਦੂਸ਼ਣ ਦੀ ਸਥਿਤੀ ਮਾੜੀ ਰਹੀ ਹੈ ਪਰ ਪਿਛਲੇ ਵਰ੍ਹੇ ਨਾਲੋਂ ਇਸ ਵਿਚ ਸੁਧਾਰ ਹੋਇਆ ਹੈ। ਇਸ ਵਰ੍ਹੇ ਫਸਲਾਂ ਦੀ ਰਹਿੰਦ ਖੂੰਹਦ ਸਾੜਨ ਦੇ ਮਾਮਲਿਆਂ ਵਿਚ ਵੀ ਕਮੀ ਆਈ ਹੈ ਤੇ ਹਵਾ ਪ੍ਰਦੂਸ਼ਣ 'ਚ ਸੁਧਾਰ ਹੋਇਆ ਹੈ। ਪਿਛਲੇ ਵਰ੍ਹੇ ਸੂਬੇ ਵਿਚ ਫਸਲੀ ਰਹਿੰਦ-ਖੂੰਹਦ ਸਾੜਨ ਦੇ ਮਾਮਲੇ ਵਿਚ 37428 ਮਾਮਲੇ ਦਰਜ ਕੀਤੇ ਸਨ ਜਦੋਂਕਿ ਇਸ ਵਾਰ ਫਸਲੀ ਰਹਿੰਦ-ਖੂੰਹਦ ਸਾੜਨ ਵਿਚ ਆਈ ਕਮੀ ਕਾਰਨ 30,221 ਕੇਸ ਦਰਜ ਹੋਏ ਹਨ। ਇਸੇ ਤਰ੍ਹਾਂ ਸਨਅਤੀ ਪ੍ਰਦੂਸ਼ਣ ਉਤੇ ਵੀ ਸ਼ਿਕੰਜਾ ਕੱਸਿਆ ਗਿਆ ਹੈ, ਜਿਸ ਕਾਰਨ ਹਵਾ ਪ੍ਰਦੂਸ਼ਣ ਵਿਚ ਸੁਧਾਰ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਚਲਾਈ ਗਈ ਜਾਗਰੂਕਤਾ ਮੁਹਿੰਮ ਅਤੇ ਵਰਤੀ ਗਈ ਸਖਤੀ ਦੋਵੇਂ ਮਦਦਗਾਰ ਸਾਬਤ ਹੋਏ ਹਨ।

ਕੌਮੀ ਗਰੀਨ ਟ੍ਰਿਬਿਊਨਲ ਵੱਲੋਂ ਇਸ ਮਾਮਲੇ ਵਿਚ ਸਰਕਾਰਾਂ ਖਿਲਾਫ਼ ਸਖਤ ਰਵੱਈਆ ਅਖਤਿਆਰ ਕੀਤਾ ਗਿਆ ਸੀ। ਜਿਸ ਦੇ ਸਿੱਟੇ ਵਜੋਂ ਸਰਕਾਰ ਵੱਲੋਂ ਇਕ ਪਾਸੇ ਜਾਗਰੂਕਤਾ ਮੁਹਿੰਮ ਅਤੇ ਦੂਜੇ ਪਾਸੇ ਉਲੰਘਣਾ ਕਰਨ ਵਾਲਿਆਂ ਖਿਲਾਫ਼ ਕਾਰਵਾਈ ਦੀ ਮੁਹਿੰਮ ਵਿੱਢੀ ਗਈ ਸੀ। ਦੱਸਣਯੋਗ ਹੈ ਕਿ ਦਿੱਲੀ ਸਰਕਾਰ ਵੱਲੋਂ ਇਸ ਸਬੰਧੀ ਕੌਮੀ ਗਰੀਨ ਟ੍ਰਿਬਿਊਨਲ ਕੋਲ ਸ਼ਿਕਾਇਤ ਕੀਤੀ ਗਈ ਸੀ ਕਿ ਪੰਜਾਬ ਵਿਚ ਫਸਲਾਂ ਦੀ ਰਹਿੰਦ-ਖੂੰਹਦ ਸਾੜਨ ਕਾਰਨ ਪੈਦਾ ਹੁੰਦੇ ਧੂੰਏਂ ਨਾਲ ਦਿੱਲੀ ਵਿਚ ਧੂੰਏਂ ਦੇ ਸੰਘਣੇ ਬੱਦਲ ਬਣ ਜਾਂਦੇ ਹਨ, ਜੋ ਮਨੁੱਖੀ ਸਿਹਤ ਲਈ ਨੁਕਸਾਨਦੇਹ ਹਨ।

ਇਸ ਦੌਰਾਨ ਆਵਾਜ਼ ਪ੍ਰਦੂਸ਼ਣ ਦੀ ਸਥਿਤੀ ਵੀ ਬਿਹਤਰ ਰਹੀ ਹੈ। ਸਿਰਫ ਦੀਵਾਲੀ ਵਾਲੀ ਰਾਤ ਹੀ ਕੁਝ ਘੰਟਿਆਂ ਲਈ ਆਵਾਜ਼ ਪ੍ਰਦੂਸ਼ਣ ਵਿਚ ਵਾਧਾ ਦਰਜ ਕੀਤਾ ਗਿਆ ਸੀ। ਇਹ ਵਾਧਾ ਵਪਾਰਕ ਖੇਤਰ ਵਿਚ 67.5 ਡੀਬੀ, ਰਿਹਾਇਸ਼ੀ ਇਲਾਕੇ ਵਿਚ 63.1 ਅਤੇ ਸੰਵੇਦਨਸ਼ੀਲ ਇਲਾਕੇ ਵਿਚ ਇਹ 65 ਫੀਸਦੀ ਦਰਜ ਹੋਇਆ ਹੈ। ਬੋਰਡ ਅਧਿਕਾਰੀ ਮੁਤਾਬਕ ਇਹ ਵਾਧਾ ਸਿਰਫ ਦੀਵਾਲੀ ਮੌਕੇ ਪਟਾਕਿਆਂ ਦੇ ਚੱਲਣ ਕਾਰਨ ਹੋਇਆ ਹੈ ਜਦੋਂਕਿ ਆਮ ਦਿਨਾਂ ਵਿਚ ਆਵਾਜ਼ ਪ੍ਰਦੂਸ਼ਣ ਕਾਬੂ ਹੇਠ ਹੈ ਅਤੇ ਬਿਹਤਰ ਸਥਿਤੀ ਵਿਚ ਹੈ।

## ਦਿੱਲੀ-ਐਨ.ਸੀ.ਆਰ. 'ਚ ਪ੍ਰਦੂਸ਼ਣ ਵਧਿਆ

**ਨਵੀਂ ਦਿੱਲੀ:** ਦੀਵਾਲੀ ਮਗਰੋਂ ਦਿੱਲੀ ਗੈਸ ਚੈਂਬਰ ਵਿਚ ਤਬਦੀਲ ਹੋ ਗਈ ਤੇ ਇਸ ਸਾਲ ਦਾ ਦਿੱਲੀ ਵਿਚ ਪ੍ਰਦੂਸ਼ਣ ਦਾ ਪੱਧਰ 'ਗੰਭੀਰ ਤੇ ਐਮਰਜੈਂਸੀ' ਵਾਲਾ ਹੋ ਗਿਆ ਹੈ। ਦਿੱਲੀ ਦਾ ਪ੍ਰਦੂਸ਼ਣ ਤੈਅ ਮਾਤਰਾ ਨਾਲੋਂ 11 ਗੁਣਾ ਵੱਧ ਸੀ। ਹਵਾ ਦੀ ਅਸ਼ੁੱਧਤਾ ਦਾ ਅੰਕੜਾ 642 ਹੋ ਗਿਆ ਜੋ 'ਗੰਭੀਰ ਪਰ ਹੰਗਾਮੀ ਹਾਲਤ' ਵਾਲਾ ਮੰਨਿਆ ਜਾਂਦਾ ਹੈ, ਇਹ ਵੱਡੀ ਪੱਧਰ 'ਤੇ ਚਲਾਏ ਗਏ ਪਟਾਕਿਆਂ ਨਾਲ ਹੋਇਆ ਹੈ। ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਵੱਡੀ ਪੱਧਰ 'ਤੇ ਪਟਾਕੇ ਚਲਾਏ ਗਏ।

## ਪਾਕਿਸਤਾਨੀ ਧੂੰਏਂ ਨੇ ਭਾਰਤੀ ਸਰਹੱਦ ਟੱਪੀ

**ਬਠਿੰਡਾ:** ਭਾਰਤ ਪਾਕਿਸਤਾਨ ਸਰਹੱਦ ਵੀ ਅਸਮਾਨੀਂ ਚੜ੍ਹੇ ਪਰਾਲੀ ਦੇ ਧੂੰਏਂ ਨੂੰ ਰੋਕ ਨਹੀਂ ਸਕੀ। ਕੌਮਾਂਤਰੀ ਸਰਹੱਦ 'ਤੇ ਪੈਂਦੇ ਪਿੰਡਾਂ ਨੂੰ ਦਿਨ ਵੇਲੇ ਹੀ ਗੁਬਾਰ ਦੀ ਚਾਦਰ ਢਕ ਲੈਂਦੀ ਹੈ। ਬੇਸ਼ੱਕ ਪੂਰਾ ਪੰਜਾਬ ਗੁਬਾਰ ਦੀ ਲਪੇਟ ਵਿਚ ਹੈ। ਸਰਹੱਦੀ ਪਿੰਡਾਂ 'ਤੇ ਧੂੰਏਂ ਦਾ ਹੱਲਾ ਦੋਹਰਾ ਹੈ। ਪਾਕਿਸਤਾਨੀ ਖੇਤਾਂ 'ਚ ਵੀ ਦੋ ਹਫਤਿਆਂ ਤੋਂ ਝੋਨੇ ਦੀ ਪਰਾਲੀ ਨੂੰ ਅੱਗ ਲਾਈ ਜਾ ਰਹੀ ਹੈ ਜਿਸ ਦਾ ਧੂੰਆਂ ਭਾਰਤੀ ਸੀਮਾ ਅੰਦਰ ਪ੍ਰਵੇਸ਼ ਕਰ ਰਿਹਾ ਹੈ। ਇਧਰ ਸਰਹੱਦੀ ਖੇਤਾਂ 'ਚ ਵੀ ਬਾਸਮਤੀ ਦੀ ਫਸਲ ਦੀ ਕਟਾਈ ਹੁਣੇ ਹੋਈ ਹੈ। ਸਰਹੱਦੀ ਪਿੰਡਾਂ ਵਿਚ ਵੀ ਪਰਾਲੀ ਸਾੜੀ ਜਾ ਰਹੀ ਹੈ। ਪਾਕਿ ਤਰਫੋਂ ਧੂੰਆਂ ਆਉਣ ਕਰਕੇ ਇਨ੍ਹਾਂ ਪਿੰਡਾਂ 'ਚ ਸ਼ਾਮ ਨੂੰ ਸਾਢੇ ਚਾਰ ਵਜੇ ਹੀ ਲਾਈਟਾਂ ਜਗ ਪੈਂਦੀਆਂ ਹਨ। ਸਰਹੱਦੀ ਪਿੰਡਾਂ ਦੇ ਲੋਕਾਂ ਦੀ ਸਿਹਤ ਨੂੰ ਹੁਣ ਦੁੱਗਣਾ ਖਤਰਾ ਬਣ ਗਿਆ ਹੈ। ਲੋਕਾਂ ਨੂੰ ਸਾਹ ਲੈਣਾ ਔਖਾ ਹੋ ਗਿਆ ਹੈ।

# 'ਸਿੱਖ ਇਤਿਹਾਸ ਪ੍ਰਾਜੈਕਟ' ਤੋਂ ਕਿਰਪਾਲ ਸਿੰਘ ਨੂੰ ਕੀਤਾ ਲਾਂਭੇ

**ਅੰਮ੍ਰਿਤਸਰ:** ਪੰਜਾਬ ਸਰਕਾਰ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰ੍ਹਵੀਂ ਜਮਾਤ ਦੀ ਇਤਿਹਾਸ ਦੀ ਪੁਸਤਕ ਵਿਚ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨ ਦੇ ਮਾਮਲੇ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਪ੍ਰਤੀਨਿਧੀਆਂ ਦੀ ਬੁਲਾਈ ਗਈ ਵਿਸ਼ੇਸ਼ ਇਕੱਤਰਤਾ 'ਚ ਜਿਥੇ ਹਾਜ਼ਰ ਸ਼ਖਸੀਅਤਾਂ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਅਵੱਗਿਆ ਬਦਲੇ ਸਿੱਖ ਜਗਤ ਤੋਂ ਮੁਆਫੀ ਮੰਗਣ ਦੀ ਮੰਗ 'ਤੇ ਜ਼ੋਰ ਦਿੱਤਾ ਗਿਆ, ਉਥੇ ਨਾਲ ਹੀ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਚੰਡੀਗੜ੍ਹ ਵਿਖੇ ਚੱਲ ਰਹੇ 'ਸਿੱਖ ਇਤਿਹਾਸਕ ਸਰੋਤ ਸੰਪਾਦਨਾ ਪ੍ਰਾਜੈਕਟ' ਦੇ ਡਾਇਰੈਕਟਰ ਡਾ. ਕਿਰਪਾਲ ਸਿੰਘ, ਜੋ ਕਿ ਪੰਜਾਬ ਸਰਕਾਰ ਦੀ ਸਿਲੇਬਸ ਤਿਆਰ ਕਰਨ ਵਾਲੀ ਕਮੇਟੀ ਦੇ ਚੇਅਰਮੈਨ ਵੀ ਹਨ, ਨੂੰ ਪ੍ਰਾਜੈਕਟ ਦੇ ਡਾਇਰੈਕਟਰ ਦੇ ਅਹੁਦੇ ਤੋਂ ਫਾਰਗ ਕਰਨ ਦਾ ਐਲਾਨ ਕੀਤਾ ਗਿਆ।

ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਵੱਖ-ਵੱਖ ਸਿੱਖ ਸੰਸਥਾਵਾਂ ਦੀ ਬੁਲਾਈ ਗਈ ਇਕੱਤਰਤਾ 'ਚ ਸਿੱਖ ਜਥੇਬੰਦੀਆਂ, ਨਿਹੰਗ ਸਿੰਘ ਦਲਾਂ, ਸੰਤ ਸਮਾਜ, ਸਿੱਖ ਸੰਪਰਦਾਵਾਂ, ਗੁਰਮਤਿ ਟਕਸਾਲਾਂ ਦੇ ਨੁਮਾਇੰਦਿਆਂ ਤੇ ਸਿੱਖ ਬੁੱਧੀਜੀਵੀਆਂ ਨੇ ਸ਼ਿਰਕਤ ਕੀਤੀ। ਇਕੱਤਰਤਾ ਦੌਰਾਨ ਸਾਹਮਣੇ ਆਏ ਵਿਚਾਰਾਂ ਤੋਂ ਬਾਅਦ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਆਪਣੇ ਸਿੱਖ ਇਤਿਹਾਸਕ ਸਰੋਤ ਸੰਪਾਦਨਾ ਪ੍ਰਾਜੈਕਟ ਦੇ ਡਾਇਰੈਕਟਰ ਡਾ. ਕਿਰਪਾਲ ਸਿੰਘ ਨੂੰ ਪ੍ਰਾਜੈਕਟ ਦੇ ਕਾਰਜਾਂ ਤੋਂ ਲਾਂਭੇ ਕਰਨ ਦਾ ਐਲਾਨ ਕੀਤਾ ਗਿਆ। ਲੌਂਗੋਵਾਲ ਨੇ ਆਖਿਆ ਕਿ ਗੁਰ ਇਤਿਹਾਸ ਬਾਰੇ ਗਲਤ ਤੱਥ ਸਾਹਮਣੇ ਆਉਣ ਤੋਂ ਬਾਅਦ ਉਨ੍ਹਾਂ ਨੇ ਆਪਣੀ ਗਲਤੀ ਸਵੀਕਾਰਨ ਦੀ ਬਜਾਏ ਸਿਲੇਬਸ ਪੁਸਤਕ 'ਚ ਸ਼ਾਮਲ ਗਲਤ ਤੱਥਾਂ ਨੂੰ ਸਹੀ ਠਹਿਰਾਉਣ ਦਾ ਯਤਨ ਕੀਤਾ ਸੀ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਿਤ ਸਿੱਖ ਇਤਿਹਾਸ ਦੀ ਕਿਸੇ ਪੁਸਤਕ 'ਚ ਰਹਿ ਗਈ ਉਕਾਈ ਲਈ ਵੀ ਸਿੱਖ ਸੰਗਤਾਂ ਤੋਂ ਮੁਆਫੀ ਮੰਗੀ। ਇਕੱਤਰਤਾ ਦੌਰਾਨ ਪਾਸ ਮਤੇ ਰਾਹੀਂ ਭਾਈ ਲੌਂਗੋਵਾਲ ਨੇ ਸਪੱਸ਼ਟ ਸ਼ਬਦਾਂ 'ਚ ਕਿਹਾ ਕਿ ਇਤਿਹਾਸ ਵਿਗਾੜਨ ਲਈ ਪੰਜਾਬ ਦੀ ਮੌਜੂਦ ਕਾਂਗਰਸ ਸਰਕਾਰ ਦੋਸ਼ੀ ਹੈ ਤੇ ਮੁੱਖ ਮੰਤਰੀ ਨੂੰ ਇਸ ਦੀ ਜ਼ਿੰਮੇਵਾਰੀ ਕਬੂਲਦਿਆਂ ਸਿੱਖ ਜਗਤ ਤੋਂ ਮੁਆਫੀ ਮੰਗ ਕੇ ਇਸ ਮੰਦਭਾਗੀ ਸਾਜਿਸ਼ 'ਚ ਸ਼ਾਮਲ ਅਖੌਤੀ ਵਿਦਵਾਨਾਂ ਤੇ ਲੇਖਕਾਂ ਵਿਰੁੱਧ ਵੀ ਸਖਤ ਕਾਰਵਾਈ ਕਰਨੀ ਚਾਹੀਦੀ ਹੈ।

ਇਸ ਮਤੇ ਦੀ ਪ੍ਰੋੜ੍ਹਤਾ ਕਰਦਿਆਂ ਸੰਤ ਸਮਾਜ ਦੇ ਪ੍ਰਧਾਨ ਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਸਮੁੱਚੀਆਂ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਕਮੇਟੀ ਨਾਲ ਖੜ੍ਹਨ ਦੀ ਵਚਨਬੱਧਤਾ ਦੁਹਰਾਈ ਤੇ ਸਮੁੱਚੇ ਸਿੱਖ ਜਗਤ ਨੂੰ ਵੀ ਇਸ ਮਾਮਲੇ 'ਚ ਅੱਗੇ ਆਉਣ ਦੀ ਅਪੀਲ ਕੀਤੀ। ਲੌਂਗੋਵਾਲ ਨੇ ਕਿਹਾ ਕਿ ਇਕੱਤਰਤਾ ਦੌਰਾਨ ਸਾਰੇ ਬੁਲਾਰਿਆਂ ਨੇ ਇਕ ਰਾਇ ਹੋ ਕੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਗੁਰ ਇਤਿਹਾਸ ਵਿਗਾੜਨ ਦੀ ਅਵੱਗਿਆ ਬਦਲੇ ਸਿੱਖ ਜਗਤ ਤੋਂ ਮੁਆਫੀ ਮੰਗਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਇਕੱਤਰਤਾ ਦੌਰਾਨ ਆਏ ਵਿਚਾਰਾਂ ਨੂੰ ਸ਼੍ਰੋਮਣੀ ਕਮੇਟੀ ਦੇ ਅਗਾਮੀ ਜਨਰਲ ਹਾਊਸ ਵਿਚ ਵਿਚਾਰਿਆ ਜਾਵੇਗਾ ਤੇ ਜੇਕਰ ਕੈਪਟਨ ਅਮਰਿੰਦਰ ਸਿੰਘ ਨੇ ਮੁਆਫੀ ਨਾ ਮੰਗੀ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

## ਸ਼੍ਰੋਮਣੀ ਕਮੇਟੀ ਦਾ ਫੈਸਲਾ ਇਕਤਰਫਾ: ਡਾ. ਕਿਰਪਾਲ ਸਿੰਘ



**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੇ ਫੈਸਲੇ ਸਬੰਧੀ ਪ੍ਰਸਿੱਧ ਇਤਿਹਾਸਕਾਰ ਡਾ. ਕਿਰਪਾਲ ਸਿੰਘ ਨੇ ਕਿਹਾ ਕਿ ਇਹ ਫੈਸਲਾ ਬਿਲਕੁਲ ਰਾਜਨੀਤਕ ਹੈ। ਡਾ. ਕਿਰਪਾਲ ਸਿੰਘ ਨੇ ਦੱਸਿਆ ਕਿ ਹੁਣ ਤੱਕ 'ਗੁਰਪ੍ਰਤਾਪ ਸੂਰਜ ਗ੍ਰੰਥ' ਦੀਆਂ 22 ਜਿਲਦਾਂ ਤਿਆਰ ਕਰ ਚੁੱਕੇ ਹਨ ਤੇ ਦੋ ਜਿਲਦਾਂ ਪ੍ਰੈੱਸ ਵਿਚ ਹਨ।

ਉਨ੍ਹਾਂ ਨੇ ਸਾਰਾ ਜੀਵਨ ਸਿੱਖੀ ਇਤਿਹਾਸ 'ਤੇ ਹੀ ਕੰਮ ਕੀਤਾ ਹੈ ਪਰ ਇਹ ਫੈਸਲਾ ਸੁਣਨ ਉਪਰੰਤ ਉਨ੍ਹਾਂ ਦੇ ਮਨ ਨੂੰ ਜ਼ਰੂਰ ਠੇਸ ਪੁੱਜੀ ਹੈ ਕਿਉਂ ਜੋ ਉਨ੍ਹਾਂ ਦੇ ਪੱਖ ਨੂੰ ਸੁਣਿਆ ਤੱਕ ਨਹੀਂ ਗਿਆ। ਡਾ. ਕਿਰਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਪੱਖ ਨੂੰ ਸੁਣੇ ਬਿਨਾਂ ਉਨ੍ਹਾਂ ਤੋਂ ਇਹ ਪ੍ਰਾਜੈਕਟ ਵਾਪਸ ਲੈਣਾ ਸ਼੍ਰੋਮਣੀ ਕਮੇਟੀ ਦਾ ਇਕ ਤਰਫਾ ਫੈਸਲਾ ਹੈ।

## ਮੁੱਖ ਮੰਤਰੀ ਵੱਲੋਂ ਡਾ. ਕਿਰਪਾਲ ਸਿੰਘ ਨੂੰ ਹਟਾਉਣ ਦੀ ਆਲੋਚਨਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 12ਵੀਂ ਜਮਾਤ ਦੀਆਂ ਇਤਿਹਾਸ ਦੀਆਂ ਕਿਤਾਬਾਂ ਵਿਚ ਗਲਤੀਆਂ ਦੇ ਵਿਵਾਦ ਦੇ ਅੱਧ ਵਿਚਾਲੇ ਹੀ ਸਿੱਖ ਵਿਦਵਾਨ ਅਤੇ ਉਘੇ ਇਤਿਹਾਸਕਾਰ ਡਾ. ਕਿਰਪਾਲ ਸਿੰਘ ਨੂੰ ਸਿੱਖ ਹਿਸਟਰੀ ਰਿਸੋਰਸ ਐਡੀਟਿੰਗ ਪ੍ਰਾਜੈਕਟ ਦੇ ਚੇਅਰਮੈਨ ਦੇ ਅਹੁਦੇ ਤੋਂ ਹਟਾਉਣ ਲਈ ਸ਼੍ਰੋਮਣੀ ਕਮੇਟੀ ਦੇ ਫੈਸਲੇ ਦੀ ਤਿੱਖੀ ਆਲੋਚਨਾ ਕੀਤੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਇਸ ਫੈਸਲੇ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਇਹ ਸਪਸ਼ਟ ਤੌਰ 'ਤੇ ਸ਼੍ਰੋਮਣੀ ਕਮੇਟੀ ਵਲੋਂ ਆਪਣੇ ਅਕਾਲੀ ਆਕਾਵਾਂ ਦੀ ਤਰਫੋਂ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਇਸ ਫੈਸਲੇ ਦੇ ਸਮੇਂ 'ਤੇ ਵੀ ਉਂਗਲ ਧਰੀ ਹੈ ਤੇ ਕਿਹਾ ਕਿ ਇਹ ਫੈਸਲਾ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਹੈ ਜੋ ਸ਼੍ਰੋਮਣੀ ਕਮੇਟੀ ਉਤੇ ਨਿਯੰਤਰਣ ਕਰਦੇ ਅਕਾਲੀਆਂ ਵੱਲੋਂ ਲਿਆ ਗਿਆ ਹੈ।

## ਜੰਮੂ ਕਸ਼ਮੀਰ 'ਚ ਸਿੱਖਾਂ ਨੂੰ ਅਣਗੌਲਣ ਦੇ ਦੋਸ਼

**ਸ੍ਰੀਨਗਰ:** ਆਲ ਪਾਰਟੀਜ਼ ਸਿੱਖ ਤਾਲਮੇਲ ਕਮੇਟੀ ਨੇ ਕਸ਼ਮੀਰੀ ਪੰਡਤਾਂ ਲਈ ਕੇਂਦਰ ਦੀਆਂ ਵੱਖ-ਵੱਖ ਸਰਕਾਰਾਂ ਵੱਲੋਂ ਐਲਾਨੇ ਪੈਕੇਜਾਂ ਦੀ ਉਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਜੰਮੂ ਕਸ਼ਮੀਰ ਦੇ ਹੋਰ ਭਾਈਚਾਰਿਆਂ ਨੂੰ ਅਣਗੌਲਿਆ ਕੀਤਾ ਗਿਆ ਹੈ। ਕਮੇਟੀ ਦੇ ਚੇਅਰਮੈਨ ਜਗਮੋਹਨ ਸਿੰਘ ਰੈਣਾ ਨੇ ਬਿਆਨ 'ਚ ਕਿਹਾ, ਮੁਸਲਮਾਨਾਂ ਤੇ ਸਿੱਖਾਂ ਲਈ ਕੁਝ ਵੀ ਨਹੀਂ ਕੀਤਾ ਗਿਆ ਹੈ ਜਦਕਿ ਕਸ਼ਮੀਰੀ ਪੰਡਤਾਂ ਲਈ ਸਮੇਂ ਸਮੇਂ ਉਤੇ ਪੈਕੇਜਾਂ ਦੇ ਐਲਾਨ ਹੁੰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਸੰਸਦੀ ਕਮੇਟੀ ਜਾਂ ਸੁਪਰੀਮ ਕੋਰਟ ਦੇ ਜੱਜ ਵੱਲੋਂ ਕਸ਼ਮੀਰੀ ਪੰਡਤਾਂ ਲਈ ਐਲਾਨੇ ਪੈਕੇਜਾਂ ਸਬੰਧੀ ਜਾਂਚ ਹੋਣੀ ਚਾਹੀਦੀ ਹੈ।

## ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸੁਰੱਖਿਆ ਹੋਰ ਸਖਤ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸੁਰੱਖਿਆ ਵਿਚ ਸੰਨ੍ਹ ਲੱਗਣ ਤੋਂ ਬਾਅਦ ਜ਼ਿਲ੍ਹਾ ਪੁਲਿਸ ਸ੍ਰੀ ਮੁਕਤਸਰ ਸਾਹਿਬ ਨੇ ਸੁਰੱਖਿਆ ਛਤਰੀ ਨੂੰ ਹੋਰ ਸਖਤ ਕਰਨ ਦੇ ਹੁਕਮ ਦਿੱਤੇ ਹਨ। ਜ਼ਿਲ੍ਹਾ ਪੁਲਿਸ ਨੇ ਪ੍ਰਕਾਸ਼ ਸਿੰਘ ਬਾਦਲ ਦੇ ਸਮਾਗਮਾਂ ਅਤੇ ਆਮ ਦੌਰਿਆਂ ਮੌਕੇ ਖਾਕੀ ਅਮਲੇ ਨੂੰ ਪਹਿਲਾਂ ਨਾਲ ਵੱਧ ਚੌਕਸੀ ਨਾਲ ਡਿਊਟੀ ਕਰਨ ਲਈ ਆਖਿਆ ਗਿਆ ਹੈ, ਜਿਸ ਤਹਿਤ ਸਮੁੱਚੇ ਮਾਹੌਲ 'ਤੇ ਬਾਜ਼ ਅੱਖਾਂ ਨਾਲ ਵਾਚਣ ਅਤੇ ਸਾਬਕਾ ਮੁੱਖ ਮੰਤਰੀ ਦੇ ਨੇੜੇ ਜਾਣ ਦੀ ਕੋਸ਼ਿਸ਼ ਕਰਦੇ ਓਪਰੇ ਬੰਦਿਆਂ ਉਤੇ ਉਚੇਚੀ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ।

ਸੁਰੱਖਿਆ ਵਿਚ ਸੰਨ੍ਹ ਸਾਹਮਣੇ ਆਉਣ 'ਤੇ ਸੂਬੇ ਦੀਆਂ ਸੂਹੀਆ ਅਤੇ ਸੁਰੱਖਿਆ ਏਜੰਸੀਆਂ ਵਿਚ ਹੜਕੰਪ ਮੱਚਿਆ ਹੋਇਆ ਹੈ। ਪੁਲਿਸ ਅਤੇ ਸੂਹੀਆ ਵਿਭਾਗ ਆਪੋ-ਆਪਣੇ ਪੱਧਰ 'ਤੇ ਸੁਰੱਖਿਆ ਪ੍ਰਬੰਧਾਂ ਨੂੰ ਵਾਚਣ ਵਿਚ ਜੁਟੇ ਹੋਏ ਹਨ। ਬੀਤੇ ਦਿਨੀਂ ਪਿੰਡ ਘੁੱਦਾ 'ਚ ਸਾਬਕਾ ਮੁੱਖ ਮੰਤਰੀ ਵੱਲੋਂ ਇਕ ਪਟਰੋਲ ਪੰਪ 'ਤੇ ਠਹਿਰਾਅ ਦੌਰਾਨ ਉਨ੍ਹਾਂ ਨੇੜੇ ਪੁੱਜੇ ਇਕ ਸਾਦਾ ਵਰਦੀ ਵਿਅਕਤੀ ਨੂੰ ਸੁਰੱਖਿਆ ਅਮਲੇ ਨੇ ਰਿਵਾਲਵਰ ਸਮੇਤ ਕਾਬੂ ਕੀਤਾ ਸੀ। ਬਾਦਲ ਦੇ ਸੁਰੱਖਿਆ ਘੇਰੇ ਨੂੰ ਤੋੜਨ ਦੇ ਮਾਮਲੇ 'ਚ ਪੁਲਿਸ ਅਧਿਕਾਰੀ ਨੂੰ ਮੁਅੱਤਲ ਕੀਤਾ ਗਿਆ ਹੈ। ਇਸ ਉਪਰੰਤ ਮਾਮਲੇ ਦੀ ਉੱਚ ਪੱਧਰੀ ਜਾਂਚ ਦੇ ਹੁਕਮ ਵੀ ਜ਼ਿਲ੍ਹਾ ਪੁਲਿਸ ਮੁਖੀ ਵੱਲੋਂ ਦਿੱਤੇ ਗਏ ਹਨ।

# ਗੁਰੂ ਨਾਨਕ ਮੈਰਾਥਨ ਸੀਨ ਸਮਿੱਥ ਨੇ ਜਿੱਤੀ

**ਫਰੀਮਾਂਟ (ਬਿਊਰੋ):** ਸਿੱਖ ਸਪੋਰਟਸ ਵਲੋਂ ਗੁਰੂ ਨਾਨਕ ਮੈਰਾਥਨ ਕਰਵਾਈ ਗਈ। ਸੀਨ ਸਮਿੱਥ ਨੇ 12 ਮੀਲ ਲੰਬੀ ਇਹ ਦੌੜ 1:09:46 ਸਮੇਂ ਵਿਚ ਪੂਰੀ ਕਰਕੇ ਪਿਛਲੇ 11 ਸਾਲਾਂ ਦੇ ਸਾਰੇ ਰਿਕਾਰਡ ਤੋੜ ਦਿੱਤੇ। ਸੀਨ ਸਮਿੱਥ ਚੀਕੋ (ਕੈਲੀਫੋਰਨੀਆ) ਤੋਂ ਦੌੜ ਵਿਚ ਹਿੱਸਾ ਲੈਣ ਲਈ ਆਏ ਸਨ।




ਲਿਵਿਨਾਸਤੋ ਹਾਈ ਸਕੂਲ, ਲੋਗਨ ਹਾਈ ਸਕੂਲ, ਯੂਨੀਅਨ ਸਿਟੀ, ਯੂਬਾ ਸਿਟੀ ਹਾਈ ਸਕੂਲ, ਸਪੋਰਟਸ ਅਕੈਡਮੀ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਨਾਲ ਨਾਲ ਕੈਲੀਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਦੌੜਾਕਾਂ ਨੇ 12 ਮੀਲ, 5 ਮੀਲ, 2 ਮੀਲ ਅਤੇ 2 ਮੀਲ ਵਾਕ ਵਿਚ ਹਿੱਸਾ ਲਿਆ। ਫਰੀਮਾਂਟ ਸ਼ਹਿਰ ਵਿਚ ਕਿਊਆਰੀ ਲੇਕ ਬਹੁਤ ਵਧੀਆ ਪਾਰਕ ਹੈ, ਜਿਥੇ ਹਰ ਸਾਲ ਸਿੱਖ ਸਪੋਰਟਸ ਵਲੋਂ ਗੁਰੂ ਨਾਨਕ ਮੈਰਾਥਨ ਨਵੰਬਰ ਦੇ ਦੂਜੇ ਸਨਿਚਰਵਾਰ ਕਰਵਾਈ ਜਾਂਦੀ ਹੈ। ਮੈਰਾਥਨ ਵਿਚ ਨਵੇਂ ਦੌੜਾਕ, ਛੋਟੇ ਬੱਚੇ ਅਤੇ ਉਨ੍ਹਾਂ ਦੇ ਮਾਪਿਆਂ ਨੇ ਹਿੱਸਾ ਲੈ ਕੇ ਖੁਸ਼ੀ ਮਹਿਸੂਸ ਕੀਤੀ। ਉਨ੍ਹਾਂ ਸਿੱਖ ਸਪੋਰਟਸ ਦੀ ਟੀਮ ਨੂੰ ਵਧਾਈ ਦਿਤੀ ਕਿ ਉਹ ਬੱਚਿਆਂ ਅਤੇ ਮਾਂ-ਬਾਪ ਵਿਚਕਾਰ ਵਧੀਆ ਰਿਸ਼ਤਾ ਪੈਦਾ ਕਰਨ ਲਈ ਚੰਗਾ ਉਪਰਾਲਾ ਕਰ ਰਹੇ ਹਨ। ਚੰਗੀ ਸਿਹਤ ਖਾਤਰ ਖੇਡਾਂ ਵਿਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦੇ ਹਨ।




ਜ਼ਿਕਰਯੋਗ ਹੈ ਕਿ ਸਿੱਖ ਸਪੋਰਟਸ ਜਥੇਬੰਦੀ ਵਲੋਂ ਸਾਲ ਵਿਚ ਖੇਡਾਂ ਦੇ ਦੋ ਪ੍ਰੋਗਰਾਮ ਕਰਵਾਏ ਜਾਂਦੇ ਹਨ। ਪਹਿਲਾ ਪ੍ਰੋਗਰਾਮ ਜੁਲਾਈ ਮਹੀਨੇ ਵਿਚ ਸਿੱਖ ਸਪੋਰਟਸ ਗੇਮਸ ਅਤੇ ਦੂਜਾ ਨਵੰਬਰ ਮਹੀਨੇ ਵਿਚ ਗੁਰੂ ਨਾਨਕ ਮੈਰਾਥਨ। ਸਿੱਖ ਸਪੋਰਟਸ ਦੇ ਚੇਅਰਮੈਨ ਹਰਵਿੰਦਰ ਸਿੰਘ ਧਾਲੀਵਾਲ ਨੇ ਹਾਜ਼ਰੀਨ ਦਰਸ਼ਕਾਂ, ਖਿਡਾਰੀਆਂ, ਦਾਨੀਆਂ ਅਤੇ ਵਾਲੰਟੀਅਰਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਮਦਦ ਨਾਲ 12 ਸਾਲ ਤੋਂ ਇਹ ਪ੍ਰੋਗਰਾਮ



ਸਫਲਤਾਪੂਰਵਕ ਕਰਵਾਇਆ ਜਾ ਰਿਹਾ ਹੈ। ਹੋਰ ਜਾਣਕਾਰੀ ਲਈ ਵੈੱਬਸਾਈਟ www.sikhsports.com ਦੇਖੀ ਜਾ ਸਕਦੀ ਹੈ।

# ਕੇਂਦਰ ਨੇ 25 ਥਾਂਵਾਂ ਦੀ ਨਾਂ ਬਦਲੀ ਦੀਆਂ ਤਜਵੀਜ਼ਾਂ ਨੂੰ ਦਿੱਤੀ ਹਰੀ ਝੰਡੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਪਿਛਲੇ ਇਕ ਸਾਲ ਦੌਰਾਨ ਦੇਸ਼ ਭਰ ਵਿਚ ਘੱਟੋ ਘੱਟ 25 ਕਸਬਿਆਂ ਤੇ ਸ਼ਹਿਰਾਂ ਦੇ ਨਾਂ ਬਦਲਣ ਦੀਆਂ ਤਜਵੀਜ਼ਾਂ ਨੂੰ ਪ੍ਰਵਾਨਗੀ ਦਿੱਤੀ ਹੈ ਜਦਕਿ ਬਕਾਇਆ ਪਈਆਂ ਤਜਵੀਜ਼ਾਂ ਵਿਚ ਪੱਛਮੀ ਬੰਗਾਲ ਸਰਕਾਰ ਦੀ ਇਕ ਤਜਵੀਜ਼ ਸ਼ਾਮਲ ਹੈ। ਨਾਂ ਬਦਲੀ ਵਾਲੀਆਂ ਥਾਂਵਾਂ ਵਿਚ ਅਲਾਹਾਬਾਦ ਤੇ ਫ਼ੈਜ਼ਾਬਾਦ ਵੀ ਸ਼ਾਮਲ ਹੋ ਗਏ ਹਨ। ਪੱਛਮੀ ਬੰਗਾਲ ਦਾ ਨਾਂ ਬਦਲ ਕੇ ਬਾਂਗਲਾ ਕਰਨ ਦੀ ਤਜਵੀਜ਼ ਸਮੇਤ ਕਈ ਤਜਵੀਜ਼ਾਂ ਕੇਂਦਰ ਸਰਕਾਰ ਕੋਲ ਪਈਆਂ ਹਨ। ਨਾਂ ਬਦਲੀ ਦੀ ਪ੍ਰਕਿਰਿਆ ਕਾਫੀ ਲੰਮੀ ਹੁੰਦੀ ਹੈ ਜਿਸ ਵਿਚ ਬਹੁਤ ਸਾਰੇ ਮੰਤਰਾਲੇ ਤੇ ਵਿਭਾਗ ਸ਼ਾਮਲ ਹੁੰਦੇ ਹਨ।

ਕੇਂਦਰੀ ਗ੍ਰਹਿ ਮੰਤਰਾਲੇ ਦੇ ਇਕ ਸੀਨੀਅਰ ਅਫਸਰ ਨੇ ਦੱਸਿਆ ਕਿ ਅਲਾਹਾਬਾਦ ਦਾ ਨਾਂ ਪ੍ਰਯਾਗਰਾਜ ਅਤੇ ਫ਼ੈਜ਼ਾਬਾਦ ਦਾ ਨਾਂ ਅਯੁੱਧਿਆ ਕਰਨ ਬਾਰੇ ਉੱਤਰ ਪ੍ਰਦੇਸ਼ ਸਰਕਾਰ ਦੀ ਤਰਫੋਂ ਅਜੇ ਤੱਕ ਕੋਈ ਤਜਵੀਜ਼ ਨਹੀਂ ਮਿਲੀ। ਜਿਨ੍ਹਾਂ ਤਜਵੀਜ਼ਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਉਨ੍ਹਾਂ ਵਿਚ ਆਂਧਰਾ ਪ੍ਰਦੇਸ਼ ਦੇ ਪੂਰਬੀ ਗੋਦਾਵਰੀ ਜ਼ਿਲ੍ਹੇ ਵਿਚ ਰਾਜਮੁੰਦਰੀ ਨੂੰ ਰਾਜਾਮਹੇਂਦਰਵਰਮ, ਉੜੀਸਾ ਦੇ ਭਦਰਕ ਜ਼ਿਲ੍ਹੇ ਵਿਚ ਆਊਟ ਵੀਲਰ ਨੂੰ ਏਪੀਜੇ ਅਬਦੁਲ ਕਲਾਮ ਟਾਪੂ, ਹਰਿਆਣਾ ਦੇ ਜੀਂਦ ਜ਼ਿਲ੍ਹੇ ਵਿਚ ਪਿੰਡਰੀ ਨੂੰ ਪਾਂਡੂ ਪਿੰਡਾਰਾ, ਰੋਹਤਕ ਜ਼ਿਲ੍ਹੇ ਵਿਚ ਗੜ੍ਹੀ ਸਾਂਪਲਾ ਨੂੰ ਚੌਧਰੀ ਸਰ ਛੋਟੂ ਰਾਮ ਨਗਰ, ਰਾਜਸਥਾਨ ਦੇ ਨਾਗੌਰ ਜ਼ਿਲ੍ਹੇ ਵਿਚ ਬੜੀ ਖਾਤੂ ਨੂੰ ਖਾਤੂ ਕਲਾਂ ਕਰਨ ਦੀਆਂ ਤਜਵੀਜ਼ਾਂ ਸ਼ਾਮਲ ਹਨ।

# ਹੁਣ ਮਿਆਂਮਾਰ 'ਚ ਬੰਦਰਗਾਹ ਬਣਾਏਗਾ ਚੀਨ

**ਬੀਜਿੰਗ:** ਚੀਨ ਆਪਣੇ ਮਹੱਤਵਪੂਰਨ 'ਬੈਲਡ ਐਂਡ ਰੋਡ ਪ੍ਰੋਜੈਕਟ' (ਬੀ.ਆਰ.ਆਈ.) ਦੀ ਮਦਦ ਨਾਲ ਭਾਰਤ ਦੇ ਗੁਆਂਢੀ ਦੇਸ਼ਾਂ ਨਾਲ ਮਿਲ ਕੇ ਲਗਾਤਾਰ ਨਵੀਆਂ ਰਣਨੀਤਕ ਚੁਣੌਤੀਆਂ ਪੇਸ਼ ਕਰ ਰਿਹਾ ਹੈ। ਚੀਨ ਹੁਣ ਮਿਆਂਮਾਰ ਦੇ ਕਯਾਪਯੂ ਸ਼ਹਿਰ 'ਚ ਅਰਬਾਂ ਡਾਲਰ ਖਰਚ ਕਰ ਕੇ ਬੰਦਰਗਾਹ ਬਣਾਉਣ ਦੀ ਤਿਆਰੀ 'ਚ ਹੈ। ਭਾਰਤ ਲਈ ਇਹ ਬੰਦਰਗਾਹ ਇਸ ਲਈ ਵੀ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਸ ਤੋਂ ਪਹਿਲਾਂ ਚੀਨ ਭਾਰਤ ਦੇ ਗਵਾਂਢੀ ਦੇਸ਼ਾਂ 'ਚ ਦੋ ਬੰਦਰਗਾਹਾਂ ਹੋਰ ਬਣਾ ਚੁੱਕਾ ਹੈ।

ਬੀ.ਆਰ.ਆਈ. ਤਹਿਤ ਬਣਨ ਵਾਲੀ ਮਿਆਂਮਾਰ ਬੰਦਰਗਾਹ ਲਈ ਪੇਈਚਿੰਗ ਤੇ ਨੈਪਯੀਡਾ (ਮਿਆਂਮਾਰ ਦੀ ਰਾਜਧਾਨੀ) ਵਿਚਾਲੇ ਇਕ ਸੌਦੇ 'ਤੇ ਦਸਤਖਤ ਕੀਤੇ ਗਏ ਹਨ। ਚੀਨ ਪਹਿਲਾਂ ਤੋਂ ਹੀ ਪਾਕਿਸਤਾਨ 'ਚ ਗਵਾਦਰ ਬੰਦਰਗਾਹ ਬਣਾ ਰਿਹਾ ਹੈ।

ਇਸ ਤੋਂ ਇਲਾਵਾ ਸ੍ਰੀ ਲੰਕਾ 'ਚ ਰਣਨੀਤਕ ਤੌਰ ਉਤੇ ਮਹੱਤਵਪੂਰਨ ਹੰਬਨਟੋਟਾ ਬੰਦਰਗਾਹ 99 ਸਾਲ ਦੀ ਲੀਜ਼ 'ਤੇ ਚੀਨ ਦੇ ਕੋਲ ਹੈ। ਬੰਗਲਾਦੇਸ਼ ਦੇ ਚਟਗਾਂਵ 'ਚ ਵੀ ਇਕ ਬੰਦਰਗਾਹ ਨੂੰ ਚੀਨ ਵਿੱਤੀ ਮਦਦ ਮੁਹੱਈਆ ਕਰਵਾ ਰਿਹਾ ਹੈ। ਆਪਣੇ ਗੁਆਂਢ 'ਚ ਚੀਨ ਵੱਲੋਂ ਤਿਆਰ ਕੀਤੀ ਜਾ ਰਹੀ ਬੰਦਰਗਾਹ ਨੂੰ ਭਾਰਤ ਹਿੰਦ ਮਹਾਸਾਗਰ 'ਚ ਪ੍ਰਭੂਤਵ ਸਥਾਪਤ ਕਰਨ ਦੀ ਰਣਨੀਤੀ ਵਜੋਂ ਵੇਖ ਰਿਹਾ ਹੈ। ਚੀਨ ਦੇ ਸਰਕਾਰੀ ਮੀਡੀਆ ਦਾ ਕਹਿਣਾ ਹੈ ਕਿ ਇਸ ਪ੍ਰੋਜੈਕਟ 'ਚ ਚੀਨ ਦਾ ਨਿਵੇਸ਼ 70 ਫੀਸਦੀ ਜਦੋਂ ਕਿ ਮਿਆਂਮਾਰ ਦਾ ਨਿਵੇਸ਼ 30 ਫੀਸਦੀ ਹੋਵੇਗਾ।

# ਹੈਰੀ ਸਿੰਘ ਸਿੱਧੂ ਬਣੇ ਕੈਲੀਫੋਰਨੀਆ ਦੇ ਸ਼ਹਿਰ ਅਨਾਹਿਮ ਦੇ ਮੇਅਰ

**ਵਾਸ਼ਿੰਗਟਨ:** ਸਫਲ ਪੰਜਾਬੀ ਅਮਰੀਕੀ ਕਾਰੋਬਾਰੀ ਹੈਰੀ ਸਿੰਘ ਸਿੱਧੂ ਨੂੰ ਕੈਲੀਫੋਰਨੀਆ ਸੂਬੇ 'ਚ ਸਭ ਤੋਂ ਵੱਡੇ ਸ਼ਹਿਰ ਅਨਾਹੀਮ ਦਾ ਮੇਅਰ ਨਿਯੁਕਤ ਕੀਤਾ ਗਿਆ ਹੈ। ਸਿੱਧੂ, ਜਿਨ੍ਹਾਂ ਨੇ 2002 ਤੋਂ 2012 ਤੱਕ ਦੇ ਸਮੇਂ 'ਚ ਅੱਠ ਸਾਲ ਅਨਾਹਿਮ ਸਿਟੀ ਕੌਂਸਲ 'ਚ ਮੈਂਬਰ ਵਜੋਂ ਸੇਵਾਵਾਂ ਦਿੱਤੀਆਂ, ਨੇ ਐਸ਼ਲੇਈ ਐਟਕੇਨ ਨੂੰ 6 ਨਵੰਬਰ ਨੂੰ ਹੋਈਆਂ ਮੱਧਕਾਲੀ ਚੋਣਾਂ ਦੌਰਾਨ ਹਰਾਇਆ। ਉਹ ਸ਼ਹਿਰ ਦੇ ਮੇਅਰ ਬਣਨ ਵਾਲੇ ਪਹਿਲੇ ਸਿੱਖ ਹਨ।

ਸ. ਸਿੱਧੂ ਨੇ ਆਪਣੀ ਜਿੱਤ ਦੇ ਬਾਅਦ ਕਿਹਾ ਕਿ ਉਹ ਇਕ ਵਾਰ ਫਿਰ ਆਪਣੇ ਸ਼ਹਿਰ ਦੀ ਸੇਵਾ ਕਰਨ ਦਾ ਮੌਕਾ ਪ੍ਰਾਪਤ ਕਰ ਕੇ ਸਨਮਾਨਿਤ ਮਹਿਸੂਸ ਕਰ ਰਹੇ ਹਨ। ਭਾਰਤ ਵਿਚ ਜੰਮੇ ਸਿੱਧੂ 1974 'ਚ ਆਪਣੇ ਮਾਪਿਆਂ ਦੇ ਨਾਲ ਅਮਰੀਕਾ ਆ ਗਏ ਅਤੇ ਫਿਲਾਡੈਲਫੀਆ 'ਚ ਸਥਾਪਤ ਹੋ ਗਏ।

# ਸਰਹੱਦ ਟੱਪਣ ਦੇ ਦੋਸ਼ ਹੇਠ 2382 ਭਾਰਤੀ ਅਮਰੀਕੀ ਜੇਲ੍ਹਾਂ 'ਚ ਬੰਦ

**ਵਾਸ਼ਿੰਗਟਨ:** ਗੈਰਕਾਨੂੰਨੀ ਤਰੀਕੇ ਨਾਲ ਸਰਹੱਦ ਟੱਪਣ ਦੇ ਦੋਸ਼ ਹੇਠ 2400 ਭਾਰਤੀ ਅਮਰੀਕਾ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਪੰਜਾਬ ਵਿਚੋਂ ਹਨ। ਉਹ ਇਹ ਕਹਿ ਕੇ ਇਥੇ ਪਨਾਹ ਮੰਗ ਰਹੇ ਹਨ ਕਿ ਉਨ੍ਹਾਂ ਨੂੰ ਭਾਰਤ ਵਿੱਚ ਹਿੰਸਾ ਅਤੇ ਜ਼ੁਲਮ ਦਾ ਸਾਹਮਣਾ ਕਰਨਾ ਪੈਂਦਾ ਹੈ। ਉੱਤਰੀ ਅਮਰੀਕਾ ਪੰਜਾਬੀ ਐਸੋਸੀਏਸ਼ਨ (ਨਾਪਾ) ਵੱਲੋਂ ਸੂਚਨਾ ਦੀ ਆਜ਼ਾਦੀ ਐਕਟ ਤਹਿਤ ਹਾਸਲ ਕੀਤੀ ਜਾਣਕਾਰੀ ਤੋਂ ਇਹ ਖੁਲਾਸਾ ਹੋਇਆ ਹੈ। ਕੁਲ 2382 ਭਾਰਤੀ ਅਮਰੀਕਾ ਦੀਆਂ 86 ਜੇਲ੍ਹ ਵਿਚ ਬੰਦ ਹਨ। ਨਾਪਾ ਦੇ ਪ੍ਰਧਾਨ ਸਤਨਾਮ ਸਿੰਘ ਚਾਹਲ ਨੇ ਦੱਸਿਆ ਕਿ ਪੰਜਾਬ ਦੇ ਇੰਨੀ ਵੱਡੀ ਗਿਣਤੀ ਲੋਕਾਂ ਦੇ ਇਥੋਂ ਦੀ ਜੇਲ੍ਹਾਂ ਵਿਚ ਬੰਦ ਹੋਣਾ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿਚ ਮਨੁੱਖੀ ਤਸਕਰਾਂ ਅਤੇ ਅਧਿਕਾਰੀਆਂ ਦਾ ਵੱਡਾ ਗੱਠਜੋੜ ਹੈ ਜੋ ਪੰਜਾਬ ਦੇ ਨੌਜਵਾਨਾਂ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਕਰਾਉਣ ਦੀ ਹੱਲਾਸ਼ੇਰੀ ਦਿੰਦਾ ਹੈ ਤੇ ਉਨ੍ਹਾਂ ਤੋਂ ਮੋਟੀਆਂ ਰਕਮਾਂ ਵਸੂਲਦਾ ਹੈ। ਨਾਪਾ ਨੇ ਪੰਜਾਬ ਸਰਕਾਰ ਤੋਂ ਮਨੁੱਖੀ ਤਸਕਰੀ ਰੋਕਣ ਲਈ ਬਣੇ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕਰਨ ਦੀ ਅਪੀਲ ਕੀਤੀ ਹੈ।

# 69 ਫੀਸਦੀ ਪਾਕਿਸਤਾਨੀਆਂ ਨੂੰ ਨਹੀਂ ਪਤਾ ਇੰਟਰਨੈਟ ਹੈ ਕੀ ਚੀਜ਼


**ਚੰਡੀਗੜ੍ਹ:** ਤਕਰੀਬਨ 69 ਫੀਸਦੀ ਪਾਕਿਸਤਾਨੀ ਨਾਗਰਿਕਾਂ ਨੂੰ ਨਹੀਂ ਪਤਾ ਕਿ ਇੰਟਰਨੈੱਟ ਕੀ ਚੀਜ਼ ਹੈ। ਇਸ ਗੱਲ ਦਾ ਖੁਲਾਸਾ ਇਨਫਾਰਮੇਸ਼ਨ ਕਮਿਊਨੀਕੇਸ਼ਨ ਟੈਕਨਾਲੋਜੀ ਆਧਾਰਿਤ ਸਰਵੇਖਣ ਵਿਚ ਹੋਇਆ ਹੈ। ਪਾਕਿਸਤਾਨੀ ਖਬਰ ਚੈਨਲ ਡਾਅਨ ਨਿਊਜ਼ ਨੇ ਵੀ ਇਸ ਰਿਪੋਰਟ ਦਾ ਖੁਲਾਸਾ ਕੀਤਾ ਹੈ। ਸਰਵੇਖਣ ਲਈ ਪਾਕਿਸਤਾਨ ਦੇ ਕੁੱਲ ਦੋ ਹਜ਼ਾਰ ਘਰਾਂ ਵਿਚ ਜਾਇਜ਼ਾ ਲਿਆ ਗਿਆ। 98 ਫੀਸਦੀ ਆਬਾਦੀ 'ਤੇ ਇਹ ਸਰਵੇਖਣ ਕੀਤਾ ਜਿਸ ਵਿਚ 15 ਤੋਂ 65 ਸਾਲਾਂ ਦੇ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਸੀ। ਸਰਵੇਖਣ 2017 ਵਿਚ ਅਕਤੂਬਰ ਤੋਂ ਦਸੰਬਰ ਮਹੀਨੇ ਦੌਰਾਨ ਕੀਤਾ ਗਿਆ।

ਸੀਈਓ ਹਿਲਾਨੀ ਗਲਪਾਇਆ ਨੇ ਰਿਪੋਰਟ ਵਿਚ ਕਿਹਾ ਕਿ ਪਾਕਿਸਤਾਨ ਦੀ ਵੈਬਸਾਈਟ 'ਤੇ ਦਿੱਤੇ ਅੰਕੜਿਆਂ ਮੁਤਾਬਕ ਕੁੱਲ 152 ਮਿਲੀਅਨ ਸੈਲੂਲਰ ਸਬਸਕ੍ਰਾਈਬਰ ਹਨ। ਸਰਵੇਖਣ ਵਿਚ ਇਸ ਗੱਲ ਦਾ ਵੀ ਖੁਲਾਸਾ ਹੋਇਆ ਹੈ ਕਿ ਏਸ਼ੀਆਈ ਦੇਸ਼ਾਂ ਵਿਚ ਇੰਟਰਨੈਟ ਜਾਗਰੂਕਤਾ ਕਾਫੀ ਘੱਟ ਹੈ। ਇਨ੍ਹਾਂ ਵਿਚ ਪਾਕਿਸਤਾਨ ਵੀ ਸ਼ਾਮਲ ਹੈ। ਪਾਕਿਸਤਾਨ ਵਿਚ ਸਿਰਫ 30 ਫੀਸਦੀ ਹੀ ਅਜਿਹੇ ਲੋਕ ਹਨ ਜਿਨ੍ਹਾਂ ਨੂੰ ਇੰਟਰਨੈਟ ਦੀ ਪੂਰੀ ਜਾਣਕਾਰੀ ਹੈ। 17 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਉਹ ਇੰਟਰਨੈਟ ਦਾ ਇਸਤੇਮਾਲ ਨਹੀਂ ਕਰਦੇ। ਪਾਕਿਸਤਾਨ ਦੀਆਂ 43% ਮਹਿਲਾਵਾਂ ਪੁਰਸ਼ਾਂ ਮੁਕਾਬਲੇ ਘੱਟ ਇੰਟਰਨੈਟ ਇਸਤੇਮਾਲ ਕਰਦੀਆਂ ਹਨ। ਇਹ ਅੰਕੜਾ ਭਾਰਤ ਵਿਚ 57 ਫੀਸਦੀ ਤੇ ਬੰਗਲਾਦੇਸ਼ ਵਿਚ 62 ਫੀਸਦੀ ਹੈ।

**Homeopathicvibes**

**Harminder Singh Gill**

*D.H.M.S; B.C.I.H*



(Ex Homeopathic Medical officer Punjab Govt.)

*Now we have two locations:*

940 E. El Camino Real, Sunnyvale, CA 94087
www.homeopathicvibes.com

Ph: (408) 737-7100

Fax: (408)737-7102
39210 State St., Suite 111, Fremont, CA 94538

*We sell and ship homeopathic remedies through out North America.*

**Drivers Wanted**

For NGL DBA Shan Freight Way Inc. Out Of Clinton Township, MI

Pays up to 50c Single, 55c Team (Loaded/Empty)
From California Or Mid West. Company Operation From Michigan To California & California To Michigan, Ohio, Pennsylvania, New York.
Automatic Trucks. Pay By Weakly Lay Over, Overnight, Paid.
Minimum 1 Year Experience Required. Automatic Trucks


Contact Ajay Parmar Or Binder Rai Or Prince Parmar
Ph: (440) 334-7318 (301) 640-6746 Or (425) 362-4592

**NGL DBA Shan Freight Way Inc.**

44543 N Gratiot, Clinton Twp, MI 48038 Fax: 216-763-0496

# 'ਸਿੱਟ' ਵੱਲੋਂ ਦੋਹਾਂ ਬਾਦਲਾਂ ਤੇ ਅਕਸ਼ੈ ਕੁਮਾਰ ਨੂੰ ਸੰਮਨ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਅਤੇ ਬੌਲੀਵੁਡ ਦੇ ਉਘੇ ਅਦਾਕਾਰ ਅਕਸ਼ੈ ਕੁਮਾਰ ਨੂੰ ਉਸ ਸਮੇਂ ਤਕੜਾ ਝਟਕਾ ਲੱਗਾ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਕੀਤੇ ਗਏ ਹਨ ਜਿਸ ਤਹਿਤ ਸਬੰਧਤ ਵਿਅਕਤੀਆਂ ਦਾ ਪੇਸ਼ ਹੋਣਾ ਜ਼ਰੂਰੀ ਹੁੰਦਾ ਹੈ। ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਵੀ ਅਕਾਲੀ ਦਲ ਦੀ ਪਿਛਲੀ ਸਰਕਾਰ ਵੇਲੇ ਸਿਖਰਲੀ ਲੀਡਰਸ਼ਿਪ ਬਾਰੇ ਸੁਆਲ ਖੜ੍ਹੇ ਕੀਤੇ ਸਨ ਤੇ ਇਸ ਲਈ ਜਾਂਚ ਟੀਮ ਵੱਲੋਂ ਗੋਲੀ ਚਲਾਉਣ ਦੇ ਹੁਕਮ ਦੇਣ



ਦੀ ਜਾਂਚ ਕਰ ਰਹੀ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਨੇ ਉਨ੍ਹਾਂ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕਰ ਦਿੱਤੇ।

'ਸਿੱਟ' ਵੱਲੋਂ ਪੰਜਾਬ ਪੁਲਿਸ ਦੇ ਤਤਕਾਲੀ ਡੀ.ਜੀ.ਪੀ. ਸੁਮੇਧ ਸੈਣੀ ਨੂੰ ਵੀ ਸੰਮਨ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ। ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਵੱਲੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 16 ਨਵੰਬਰ, ਸੁਖਬੀਰ ਬਾਦਲ ਨੂੰ 19 ਨਵੰਬਰ ਅਤੇ ਸਟਾਰ ਅਕਸ਼ੈ ਕੁਮਾਰ ਨੂੰ 21 ਨਵੰਬਰ ਸ੍ਰੀ ਅੰਮ੍ਰਿਤਸਰ ਦੇ ਸਰਕਟ ਹਾਊਸ ਵਿਚ ਜਾਂਚ ਟੀਮ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਜਿਨ੍ਹਾਂ ਬਾਰੇ ਸਮਝਿਆ ਜਾਂਦਾ ਹੈ ਕਿ ਉਨ੍ਹਾਂ ਡੇਰਾ ਮੁਖੀ ਦੀ ਫਿਲਮ ਰਿਲੀਜ਼ ਕਰਾਉਣ ਵਿਚ ਯੋਗਦਾਨ ਪਾਇਆ ਸੀ। ਵਿਸ਼ੇਸ਼ ਜਾਂਚ ਟੀਮ ਵੱਲੋਂ ਜਾਰੀ ਕੀਤੇ ਸੰਮਨਾਂ ਵਿਚ ਗਿਆ ਹੈ ਕਿ ਉਨ੍ਹਾਂ ਕੋਲੋਂ ਬਰਗਾੜੀ 'ਚ ਬੇਅਦਬੀ, ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਬਾਰੇ ਪੁੱਛਗਿਛ ਕੀਤੀ ਜਾਵੇਗੀ। ਇਹ ਸੰਮਨ ਸੀ.ਆਰ.ਪੀ.ਸੀ. ਦੀ ਧਾਰਾ 160 ਤਹਿਤ ਜਾਰੀ ਅਤੇ ਬੇਅਦਬੀ ਨਾਲ ਜੁੜੇ ਮਾਮਲਿਆਂ ਬਾਰੇ ਸੁਆਲ ਪੁੱਛੇ ਜਾ ਸਕਦੇ ਹਨ।

ਦੱਸਣਯੋਗ ਹੈ ਕਿ ਏ.ਡੀ.ਜੀ.ਪੀ. ਜਤਿੰਦਰ ਜੈਨ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਆਈ.ਜੀ. ਅਮਰ ਸਿੰਘ ਚਾਹਲ, ਫ਼ਰੀਦਕੋਟ ਦੇ ਸਾਬਕਾ ਡਿਪਟੀ ਕਮਿਸ਼ਨਰ ਐਮ.ਐਸ. ਜੱਗੀ, ਫਰੀਦਕੋਟ ਦੇ ਸਾਬਕਾ ਐਸਐਸਪੀ ਐਸ.ਐਸ. ਮਾਨ, ਸਾਬਕਾ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਪਹਿਲਾਂ ਹੀ ਵਿਸ਼ੇਸ਼ ਜਾਂਚ ਟੀਮ ਸਾਹਮਣੇ ਪੇਸ਼ ਹੋ ਕੇ ਆਪਣੇ ਬਿਆਨ ਦਰਜ ਕਰਵਾ ਚੁੱਕੇ ਹਨ। ਜਾਂਚ ਟੀਮ 30 ਪੁਲਿਸ ਅਫਸਰਾਂ ਤੇ ਮੁਲਾਜ਼ਮਾਂ ਅਤੇ ਪੰਜਾਹ ਹੋਰਨਾਂ ਕੋਲੋਂ ਪੁੱਛ-ਪੜਤਾਲ ਕਰ ਚੁੱਕੀ ਹੈ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਅਧਾਰ 'ਤੇ ਹੀ ਪੰਜ ਮੈਂਬਰੀ ਵਿਸ਼ੇਸ਼ ਜਾਂਚ ਟੀਮ ਕਾਇਮ ਕੀਤੀ ਗਈ ਸੀ ਜਿਸ ਨੇ ਪਿਛਲੇ ਮਹੀਨੇ ਜਾਂਚ ਦਾ ਕੰਮ ਸ਼ੁਰੂ ਕਰ ਦਿੱਤਾ ਸੀ ਤੇ ਪੰਜਾਬ ਸਰਕਾਰ ਨੇ ਕਿਹਾ ਸੀ ਕਿ ਟੀਮ ਦੀ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ ਜਾਵੇਗੀ।

# ਸੇਖਵਾਂ ਤੋਂ ਬਾਅਦ ਬ੍ਰਹਮਪੁਰਾ ਤੇ ਅਜਨਾਲਾ ਦੀ ਵੀ ਅਕਾਲੀ ਦਲ 'ਚੋਂ ਛੁੱਟੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਨੇ ਮਾਝੇ ਦੇ ਦੋ ਟਕਸਾਲੀ ਆਗੂਆਂ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਜਥੇਦਾਰ ਡਾ. ਰਤਨ ਸਿੰਘ ਅਜਨਾਲਾ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਪਾਰਟੀ ਵਿਚੋਂ ਛੇ ਸਾਲਾਂ ਲਈ ਕੱਢ ਦਿੱਤਾ ਹੈ। ਇਸ ਦੇ ਨਾਲ ਹੀ ਦੋਵੇਂ ਸਾਬਕਾ ਮੰਤਰੀਆਂ ਦੇ ਪੁੱਤਰਾਂ ਰਵਿੰਦਰਪਾਲ ਸਿੰਘ ਬ੍ਰਹਮਪੁਰਾ ਅਤੇ ਅਮਰਪਾਲ ਸਿੰਘ ਬੋਨੀ ਨੂੰ ਵੀ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ। ਪਿਛਲੇ ਹਫਤੇ ਪਾਰਟੀ ਲੀਡਰਸ਼ਿਪ ਖਿਲਾਫ਼ ਬਗਾਵਤ ਦਾ ਬਿਗਲ ਵਜਾਉਣ ਵਾਲੇ ਟਕਸਾਲੀ ਆਗੂ ਜਥੇਦਾਰ ਸੇਵਾ ਸਿੰਘ ਸੇਖਵਾਂ ਨੂੰ ਪਾਰਟੀ 'ਚੋਂ ਕੱਢ ਦਿੱਤਾ ਸੀ।

ਕੋਰ ਕਮੇਟੀ ਦੇ ਇਸ ਫੈਸਲੇ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਜਿਥੇ ਮਾਝੇ ਵਿਚ ਵੱਡੀ ਢਾਹ ਲੱਗਣ ਦੇ ਆਸਾਰ ਹਨ, ਉਥੇ ਇਨ੍ਹਾਂ ਆਗੂਆਂ ਕੋਲ ਹੁਣ ਨਵੀਂ ਪਾਰਟੀ ਬਣਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਹਿ ਗਿਆ। ਕੋਰ ਕਮੇਟੀ ਦੇ ਫੈਸਲੇ ਨਾਲ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਪੰਜਾਬ ਅਤੇ ਖਾਸ ਕਰ ਕੇ ਮਾਝੇ ਵਿਚ ਜ਼ੋਰਦਾਰ ਖਿੱਚੋਤਾਣ ਸ਼ੁਰੂ ਹੋ ਗਈ ਹੈ।

ਦੂਜੇ ਪਾਸੇ, ਅਕਾਲੀ ਦਲ ਵਿਚੋਂ ਕੱਢੇ ਗਏ ਆਗੂ ਚੁੱਪ ਕਰ ਕੇ ਨਹੀਂ ਬੈਠਣਗੇ ਤੇ ਉਹ ਵੀ ਅਗਲੇ ਦਿਨਾਂ ਵਿਚ ਅਕਾਲੀ ਦਲ ਦੀ ਸਿਖਰਲੀ ਲੀਡਰਸ਼ਿਪ ਖਿਲਾਫ਼ ਜੰਗ ਵਿੱਢ ਦੇਣਗੇ। ਇਸ ਲਈ ਮਾਝੇ ਵਿਚ ਅਕਾਲੀ ਦਲ ਦੇ ਬਾਗੀ ਅਤੇ ਦੂਜੇ ਆਗੂਆਂ ਵਿਚਾਲੇ ਤਿੱਖੀ ਲੜਾਈ ਸ਼ੁਰੂ ਹੋ ਜਾਵੇਗੀ ਤੇ ਇਸ ਲੜਾਈ ਦਾ ਆਗਾਜ਼ ਉਸ ਦਿਨ ਸ਼ੁਰੂ ਹੋ ਗਿਆ ਸੀ ਜਦੋਂ ਇਨ੍ਹਾਂ ਆਗੂਆਂ ਨੇ ਅਕਾਲੀ ਦਲ ਦੇ ਅਹੁਦਿਆਂ ਤੋਂ ਅਸਤੀਫੇ ਦਿੱਤੇ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਹਰਚਰਨ ਬੈਂਸ ਨੇ ਦੋਵਾਂ ਸੀਨੀਅਰ ਆਗੂਆਂ ਅਤੇ ਉਨ੍ਹਾਂ ਦੇ ਪੁੱਤਰਾਂ ਨੂੰ ਛੇ-ਛੇ ਸਾਲਾਂ ਲਈ ਕੱਢਣ ਦੇ ਫੈਸਲੇ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਪਾਰਟੀ ਨੇ ਇਹ ਫ਼ੈਸਲਾ ਪਾਰਟੀ ਵਿਰੋਧੀ ਗਤੀਵਿਧੀਆਂ ਕਰ ਕੇ 'ਭਰੇ ਮਨ' ਨਾਲ ਲਿਆ ਹੈ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਦੋਵਾਂ ਆਗੂਆਂ ਨੂੰ ਬਹੁਤ ਸਤਿਕਾਰ ਦਿੰਦੇ ਰਹੇ ਹਨ ਤੇ ਦੋਵਾਂ ਆਗੂਆਂ ਨੇ ਇਨ੍ਹਾਂ ਵੱਲੋਂ ਕੀਤੇ ਨਿੱਜੀ ਹਮਲਿਆਂ ਪ੍ਰਤੀ ਵੀ ਨਿਮਰਤਾ ਦਿਖਾਈ ਹੈ ਤੇ ਬ੍ਰਹਮਪੁਰਾ ਨੂੰ ਵਿਸ਼ੇਸ਼ ਤੌਰ 'ਤੇ ਤਰਜੀਹ ਦਿੱਤੀ ਜਾਂਦੀ ਰਹੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੇ ਦੋਵਾਂ ਆਗੂਆਂ ਦੇ ਕਹਿਣ ਉਤੇ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਟਿਕਟਾਂ ਦੇ ਕੇ ਨਿਵਾਜਿਆ ਹੈ ਤੇ ਹੋਰ ਵਿਅਕਤੀਆਂ ਨੂੰ ਲਾਇਆ ਹੈ। ਉਨ੍ਹਾਂ ਕਿਹਾ ਕਿ ਕੋਰ ਕਮੇਟੀ ਦਾ ਕਹਿਣਾ ਹੈ ਕਿ ਅਨੁਸ਼ਾਸਨਹੀਣਤਾ ਨੂੰ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।



## ਸੁਖਬੀਰ ਤੇ ਮਜੀਠੀਆ ਨੇ ਸਿੱਖ ਸੰਸਥਾਵਾਂ ਦਾ ਘਾਣ ਕੀਤਾ: ਬ੍ਰਹਮਪੁਰਾ

ਸਾਬਕਾ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਫੈਸਲੇ ਦਾ ਉਸ ਦਿਨ ਹੀ ਪਤਾ ਸੀ ਜਦੋਂ ਉਨ੍ਹਾਂ ਨੇ ਅਹੁਦਿਆਂ ਤੋਂ ਅਸਤੀਫੇ ਦਿੱਤੇ ਸਨ। ਅਸੀਂ ਪੰਜ ਸੱਤ ਦਿਨਾਂ ਵਿਚ ਮੀਟਿੰਗ ਕਰ ਕੇ ਅਗਲੀ ਰਣਨੀਤੀ ਤੈਅ ਕਰਾਂਗੇ। ਸਾਡੇ ਪੱਲੇ ਸੱਚ ਹੈ ਤੇ ਪਾਪੀਆਂ ਕੋਲ ਕੋਈ ਜੁਆਬ ਨਹੀਂ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਵੱਡੀ ਢਾਹ ਲਾਉਣ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਥਾਰਿਟੀ ਦਾ ਸਤਿਆਨਾਸ ਕਰਨ ਵਿਰੁਧ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਅਤੇ ਬਿਕਰਮ ਮਜੀਠੀਆ ਦਾ ਅਸਤੀਫਾ ਮੰਗਿਆ ਹੈ।

# ਪੰਚਾਇਤੀ ਚੋਣਾਂ 'ਚ ਜ਼ਿਲ੍ਹਾ ਪੱਧਰੀ ਤੇ ਵਸੋਂ ਆਧਾਰਤ ਹੋਵੇਗਾ ਰਾਖਵਾਂਕਰਨ

**ਜਲੰਧਰ:** ਪੰਜਾਬ ਅੰਦਰ ਦਸੰਬਰ ਮਹੀਨੇ ਕਰਵਾਈਆਂ ਜਾਣ ਵਾਲੀਆਂ ਪੰਚਾਇਤੀ ਚੋਣਾਂ ਵਿਚ ਰਾਖਵਾਂਕਰਨ ਜ਼ਿਲ੍ਹਾ ਪੱਧਰ ਉਤੇ ਹੋਵੇਗਾ ਤੇ ਹਰ ਜ਼ਿਲ੍ਹੇ ਵਿਚ ਵਸੋਂ ਦੇ ਆਧਾਰ 'ਤੇ ਰਾਖਵਾਂਕਰਨ ਨਿਸ਼ਚਤ ਕਰਨ ਦੇ ਅਧਿਕਾਰ ਡਿਪਟੀ ਕਮਿਸ਼ਨਰਾਂ ਨੂੰ ਦਿੱਤੇ ਗਏ ਹਨ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਪੰਚਾਇਤਾਂ ਦੀਆਂ ਚੋਣਾਂ 15 ਦਸੰਬਰ ਤੱਕ ਕਰਵਾਏ ਜਾਣ ਦੀ ਤਜਵੀਜ਼ ਚੋਣ ਕਮਿਸ਼ਨ ਨੂੰ ਭੇਜੀ ਗਈ ਹੈ ਤੇ ਸੂਬਾਈ ਚੋਣ ਕਮਿਸ਼ਨ ਵੱਲੋਂ ਅਗਲੇ ਦਿਨਾਂ ਵਿਚ ਚੋਣ ਪ੍ਰੋਗਰਾਮ ਬਾਰੇ ਕਿਸੇ ਸਮੇਂ ਵੀ ਐਲਾਨ ਕੀਤਾ ਜਾ ਸਕਦਾ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਪੁਸ਼ਟੀ ਕਰਦਿਆਂ ਦੱਸਿਆ ਕਿ ਪੰਚਾਇਤੀ ਚੋਣਾਂ 'ਚ ਰਾਖਵਾਂਕਰਨ ਜ਼ਿਲ੍ਹਾ ਪੱਧਰ 'ਤੇ ਵਸੋਂ ਆਧਾਰਿਤ ਹੋਵੇਗਾ। ਜ਼ਿਲ੍ਹਾ ਆਧਾਰ ਉਤੇ ਵਸੋਂ ਅਨੁਸਾਰ ਰਾਖਵੇਂਕਰਨ ਦੇ ਜਾਰੀ ਹੁਕਮ ਨੂੰ ਸੰਵਿਧਾਨਕ ਉਲੰਘਣਾ ਮੰਨਿਆ ਜਾ ਰਿਹਾ ਹੈ। ਜ਼ਿਲ੍ਹਾ ਆਧਾਰ ਉਤੇ ਵਸੋਂ ਮੁਤਾਬਕ ਰਾਖਵੇਂਕਰਨ ਦੀ ਨੀਤੀ ਨਾਲ ਵੱਖ-ਵੱਖ ਜ਼ਿਲ੍ਹਿਆਂ ਵਿਚ ਸਰਪੰਚਾਂ ਤੇ ਪੰਚਾਂ ਦੀਆਂ ਰਾਖਵੀਆਂ ਸੀਟਾਂ 'ਚ ਵੱਡਾ ਫਰਕ ਰਹਿ ਜਾਵੇਗਾ। ਕਈ ਜ਼ਿਲ੍ਹਿਆਂ ਵਿਚ ਅਨੁਸੂਚਿਤ ਜਾਤੀਆਂ ਦੀ ਵਸੋਂ 45 ਤੋਂ 55 ਫੀਸਦੀ ਤੱਕ ਦੱਸੀ ਜਾਂਦੀ ਹੈ ਤੇ ਕਈ ਜ਼ਿਲ੍ਹਿਆਂ ਵਿਚ ਇਨ੍ਹਾਂ ਵਰਗਾਂ ਦੀ ਵਸੋਂ 20 ਫੀਸਦੀ ਦੇ ਨੇੜੇ-ਤੇੜੇ ਹੈ।

ਇਸ ਤਰ੍ਹਾਂ ਨਵੇਂ ਫਾਰਮੂਲੇ ਮੁਤਾਬਕ ਕੁਝ ਜ਼ਿਲ੍ਹਿਆਂ ਵਿਚ ਰਾਖਵਾਂਕਰਨ 50 ਫੀਸਦੀ ਤੱਕ ਹੋਵੇਗਾ ਤੇ ਕੁਝ ਜ਼ਿਲ੍ਹਿਆਂ ਵਿਚ 20 ਫੀਸਦੀ ਦੇ



ਕਰੀਬ। ਇਸ ਤੋਂ ਪਹਿਲਾਂ ਹਮੇਸ਼ਾ ਹਰ ਤਰ੍ਹਾਂ ਦੀ ਚੋਣ ਵਿਚ ਰਾਖਵੇਂਕਰਨ ਦਾ ਆਧਾਰ ਰਾਜ ਪੱਧਰ ਉਤੇ ਹੀ 33 ਫੀਸਦੀ ਰੱਖਿਆ ਜਾਂਦਾ ਹੈ। ਲੋਕ ਸਭਾ ਤੇ ਵਿਧਾਨ ਸਭਾ ਸੀਟਾਂ 'ਚ ਰਾਜ ਪੱਧਰ ਉਤੇ ਹੀ ਸੀਟਾਂ ਦਾ ਰਾਖਵਾਂਕਰਨ ਹੁੰਦਾ ਹੈ।

ਪਿਛਲੇ ਸਾਲਾਂ ਦੌਰਾਨ ਪੰਚਾਇਤੀ ਚੋਣਾਂ ਵਿਚ ਵੀ ਸਰਪੰਚੀ ਤੇ ਪੰਚੀ ਦੀਆਂ ਸੀਟਾਂ 33 ਫੀਸਦੀ ਸੰਵਿਧਾਨਕ ਫਾਰਮੂਲੇ ਤਹਿਤ ਹੀ ਰਾਖਵੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ, ਪਰ ਨਵੇਂ ਹੁਕਮ ਮੁਤਾਬਕ ਕਈ ਜ਼ਿਲ੍ਹਿਆਂ ਵਿਚ ਰਾਖਵਾਂਕਰਨ 33 ਫੀਸਦੀ ਦੀ ਥਾਂ 50 ਫੀਸਦੀ ਤੱਕ ਹੋਵੇਗਾ, ਜਿਸ ਨੂੰ ਗੈਰ ਸੰਵਿਧਾਨਕ ਮੰਨਿਆ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਜਲੰਧਰ ਵਰਿੰਦਰ ਕੁਮਾਰ ਸ਼ਰਮਾ ਨੇ ਦੱਸਿਆ ਕਿ ਜਲੰਧਰ ਜ਼ਿਲ੍ਹੇ ਵਿਚ 49 ਪ੍ਰਤੀਸ਼ਤ ਵਸੋਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਹੈ ਤੇ ਨਵੇਂ ਹੁਕਮ ਤਹਿਤ ਜ਼ਿਲ੍ਹੇ ਵਿਚ 49 ਫੀਸਦੀ ਸਰਪੰਚੀਆਂ ਤੇ ਪੰਚੀਆਂ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਹੋਣਗੀਆਂ। 49 ਪ੍ਰਤੀਸ਼ਤ ਰਾਖਵੀਆਂ ਸੀਟਾਂ 'ਚੋਂ ਅੱਧੀਆਂ ਸੀਟਾਂ ਔਰਤਾਂ ਲਈ ਰਾਖਵੀਆਂ ਹੋਣਗੀਆਂ। ਬਾਕੀ ਅੱਧੀਆਂ ਸੀਟਾਂ ਉਤੇ ਕੋਈ ਵੀ ਮਰਦ-ਔਰਤ ਐਸ.ਸੀ. ਚੋਣ ਲੜ ਸਕੇਗਾ। 51 ਫ਼ੀਸਦੀ ਗੈਰ-ਰਾਖਵੀਆਂ ਸੀਟਾਂ ਵਿਚੋਂ ਵੀ ਅੱਧੀਆਂ ਔਰਤਾਂ ਲਈ ਰਾਖਵੀਆਂ ਹੋਣਗੀਆਂ ਤੇ ਬਾਕੀ ਅੱਧੀਆਂ 'ਤੇ ਕੋਈ ਵੀ ਮਰਦ-ਔਰਤ ਚੋਣ ਲੜ ਸਕੇਗਾ। ਅਹਿਮ ਗੱਲ ਇਹ ਕਿ ਐਸ.ਸੀ. ਔਰਤ ਹਰ ਕੈਟਾਗਰੀ 'ਚ ਚੋਣ ਲੜਨ ਦੀ ਹੱਕਦਾਰ ਹੋਵੇਗੀ।

ਕਾਂਗਰਸ ਦੇ ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ ਵੀ ਸਰਕਾਰ ਦੇ ਇਸ ਫੈਸਲੇ 'ਤੇ ਕਾਫੀ ਹੈਰਾਨਗੀ ਤੇ ਸ਼ਸ਼ੋਪੰਜ ਜ਼ਾਹਰ ਕਰ ਰਹੇ ਸਨ। ਸਾਬਕਾ ਪੰਚਾਇਤ ਮੰਤਰੀ ਤੇ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਨੇ ਦੱਸਿਆ ਕਿ ਸਰਕਾਰ ਦਾ ਨਵਾਂ ਹੁਕਮ ਪੂਰੀ ਤਰ੍ਹਾਂ ਪੰਜਾਬ ਪੰਚਾਇਤੀ ਕਾਨੂੰਨ ਦੇ ਉਲਟ ਹੈ। ਰਾਖਵਾਂਕਰਨ ਬਲਾਕ ਪੱਧਰ ਦੀ ਥਾਂ ਜ਼ਿਲ੍ਹਾ ਪੱਧਰ ਉਤੇ ਕਰਨ ਦੀ ਸੋਧ ਤਾਂ ਸਰਕਾਰ ਨੇ ਪਿਛਲੇ ਇਜਲਾਸ ਵਿਚ ਕਰ ਲਈ ਸੀ। ਪੰਚਾਇਤੀ ਕਾਨੂੰਨ ਵਿਚ ਰਾਖਵਾਂਕਰਨ ਸਿਰਫ 33 ਫੀਸਦੀ ਹੀ ਹੈ ਤੇ ਕਿਸੇ ਵੀ ਜ਼ਿਲ੍ਹੇ ਵਿਚ ਵਸੋਂ ਮੁਤਾਬਕ ਵਧਾਉਣਾ ਕਾਨੂੰਨ ਦੀ ਉਲੰਘਣਾ ਹੋਵੇਗਾ।

# ਚੰਡੀਗੜ੍ਹ 'ਚ ਪੰਜਾਬ ਦੇ ਹੱਕਾਂ ਨੂੰ ਖੋਰਾ ਲਾਉਣ 'ਤੇ ਕੈਪਟਨ ਵੱਲੋਂ ਮੋਦੀ ਤੇ ਸੁਸ਼ਮਾ ਨੂੰ ਪੱਤਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ 'ਚ ਪ੍ਰਸ਼ਾਸਕੀ ਅਸਾਮੀਆਂ ਲਈ ਪੰਜਾਬ ਤੇ ਹਰਿਆਣਾ ਵਿਚਾਲੇ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣ ਨੂੰ ਯਕੀਨੀ ਬਣਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਹੈ। ਪ੍ਰਧਾਨ ਮੰਤਰੀ ਦੇ ਨਿੱਜੀ ਦਖਲ ਦੀ ਮੰਗ ਕਰਦਿਆਂ ਮੁੱਖ ਮੰਤਰੀ ਨੇ ਬੇਨਤੀ ਕੀਤੀ ਹੈ ਕਿ ਉਹ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੂੰ ਚੰਡੀਗੜ੍ਹ 'ਚ ਸਿਵਲ ਅਸਾਮੀਆਂ ਪੁਰ ਕਰਨ ਲਈ ਪੰਜਾਬ ਤੇ ਹਰਿਆਣਾ ਵਿਚਾਲੇ 60:40 ਦਾ ਅਨੁਪਾਤ ਬਣਾਈ ਰੱਖਣ ਲਈ ਜਲਦ ਕਦਮ ਚੁੱਕਣ ਲਈ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੂੰ ਸਲਾਹ ਦੇਣ।

ਪੱਤਰ 'ਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਢਾਰਸ ਦੇਣ ਵਾਲੀ ਗੱਲ ਸੀ ਕਿ ਇਸ ਸਾਲ ਪਹਿਲੀ ਅਕਤੂਬਰ ਨੂੰ ਲਿਖੇ ਉਨ੍ਹਾਂ ਦੇ ਪੱਤਰ ਦੇ ਹੁੰਗਾਰੇ ਵਜੋਂ ਭਾਰਤ ਸਰਕਾਰ ਨੇ ਚੰਡੀਗੜ੍ਹ ਪੁਲਿਸ ਦੇ ਡੀ.ਐਸ.ਪੀਜ਼ ਦੀਆਂ ਅਸਾਮੀਆਂ ਦਾ ਦਿੱਲੀ, ਅੰਡੇਮਾਨ, ਨਿਕੋਬਾਰ ਆਈਲੈਂਡਜ਼ ਪੁਲਿਸ ਸਰਵਿਸ (ਡੀ.ਏ.ਐਨ.ਆਈ.ਪੀ.ਐਸ.) ਵਿਚ ਰਲੇਵਾਂ ਕਰਨ ਸਬੰਧੀ 25 ਸਤੰਬਰ, 2018 ਦੇ ਨੋਟੀਫਿਕੇਸ਼ਨ 'ਤੇ ਆਰਜ਼ੀ ਰੋਕ ਲਾਉਣ ਉਤੇ ਸਹਿਮਤੀ ਜਤਾਈ ਸੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਸਮੇਂ ਚੰਡੀਗੜ੍ਹ ਪ੍ਰਸ਼ਾਸਨ 'ਚ 14 ਆਈ.ਏ.ਐਸ. ਅਫਸਰ ਤਾਇਨਾਤ ਹਨ ਤੇ ਇਨ੍ਹਾਂ 'ਚੋਂ ਸਿਰਫ ਤਿੰਨ ਪੰਜਾਬ ਨਾਲ ਤੇ ਦੋ ਹਰਿਆਣਾ ਨਾਲ ਸਬੰਧਤ ਹਨ ਜਦਕਿ ਬਾਕੀ ਅਧਿਕਾਰੀ ਯੂ.ਟੀ. ਕਾਡਰ ਦੇ ਹਨ। ਇਸ ਤਰ੍ਹਾਂ ਹੀ ਚੰਡੀਗੜ੍ਹ 'ਚ 7 ਆਈ.ਪੀ.ਐਸ. ਅਧਿਕਾਰੀ ਤਾਇਨਾਤ ਹਨ। ਇਨ੍ਹਾਂ 'ਚੋਂ ਸਿਰਫ 1-1 ਅਧਿਕਾਰੀ ਪੰਜਾਬ ਤੇ ਹਰਿਆਣਾ ਨਾਲ ਸਬੰਧਤ ਹੈ ਜਦਕਿ ਬਾਕੀ 5 ਅਧਿਕਾਰੀ ਯੂ.ਟੀ. ਕਾਡਰ ਦੇ ਹਨ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ 'ਚ ਅਧਿਕਾਰੀਆਂ ਨੂੰ ਲਾਉਣ ਵਾਸਤੇ 60:40 ਦੀ ਅਨੁਪਾਤ ਨੂੰ ਬਰਕਰਾਰ ਨਹੀਂ ਰੱਖਿਆ ਜਾ ਰਿਹਾ। ਮੁੱਖ ਮੰਤਰੀ ਨੇ ਦੱਸਿਆ ਕਿ ਭਾਰਤ ਸਰਕਾਰ ਨੇ ਚੰਡੀਗੜ੍ਹ ਪ੍ਰਸ਼ਾਸਨ 'ਚ ਅਸਾਮੀਆਂ ਨੂੰ ਪੁਰ ਕਰਦੇ ਹੋਏ ਪੰਜਾਬ ਤੇ ਹਰਿਆਣਾ ਵਿਚਕਾਰ 60:40 ਦੇ ਅਨੁਪਾਤ ਨੂੰ ਬਣਾਈ ਰੱਖਣ ਦੀ ਜ਼ਰੂਰਤ ਨੂੰ ਦਰੁਸਤ ਮੰਨਿਆ ਸੀ ਪਰ ਪਿਛਲੇ ਕੁਝ ਸਾਲਾਂ ਦੌਰਾਨ ਇਸ ਵਿਚ ਅਸੰਤੁਲਨ ਪੈਦਾ ਹੋਇਆ ਹੈ, ਜਿਸ ਨੂੰ ਠੀਕ ਕਰਨ ਦੀ ਜ਼ਰੂਰਤ ਹੈ।

## ਕਰਤਾਰਪੁਰ ਲਾਂਘੇ ਦਾ ਮੁੱਦਾ ਪਾਕਿ ਕੋਲ ਉਠਾਏ ਕੇਂਦਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡੇਰਾ ਬਾਬਾ ਨਾਨਕ ਤੋਂ ਸ੍ਰੀ ਕਰਤਾਰਪੁਰ ਸਾਹਿਬ ਤੱਕ ਲਾਂਘਾ ਖੋਲ੍ਹਣ ਦਾ ਮੁੱਦਾ ਪਾਕਿਸਤਾਨ ਸਰਕਾਰ ਕੋਲ ਉਠਾਉਣ ਲਈ ਵਿਦੇਸ਼ ਮੰਤਰੀ ਸ਼ੁਸਮਾ ਸਵਰਾਜ ਨੂੰ ਅਪੀਲ ਕੀਤੀ ਹੈ। ਸ਼ੁਸਮਾ ਨੂੰ ਲਿਖੇ ਇਕ ਪੱਤਰ 'ਚ ਮੁੱਖ ਮੰਤਰੀ ਨੇ ਕਿਹਾ ਹੈ ਕਿ ਕਰਤਾਰਪੁਰ ਸਾਹਿਬ ਸਿੱਖਾਂ ਲਈ ਉਚ ਪੂਜਣਯੋਗ ਪਵਿੱਤਰ ਧਾਰਮਿਕ ਸਥਾਨ ਹੈ, ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦਾ ਵੱਡਾ ਹਿੱਸਾ ਇਥੇ ਗੁਜ਼ਾਰਿਆ ਹੈ।

ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਤੋਂ ਪਾਕਿਸਤਾਨ ਵਾਲੇ ਪਾਸੇ ਪੱਛਮ ਵੱਲ ਤਕਰੀਬਨ 4 ਕਿੱਲੋਮੀਟਰ ਦੂਰ ਸਥਿਤ ਇਸ ਗੁਰਦੁਆਰੇ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਅੰਤਰਰਾਸ਼ਟਰੀ ਸਰਹੱਦ ਤੋਂ ਕਰਤਾਰਪੁਰ ਸਾਹਿਬ ਤੱਕ ਲਾਂਘੇ ਨੂੰ ਖੋਲ੍ਹਣ ਦਾ ਮੁੱਦਾ ਪਾਕਿਸਤਾਨ ਸਰਕਾਰ ਕੋਲ ਉਠਾਉਣ ਲਈ ਵਾਰ-ਵਾਰ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਹੈ।

## ਪਰਵਾਸੀ ਪੰਜਾਬੀ ਦੀ ਜਾਨ ਲੈਣ ਵਾਲੇ ਬਰਤਾਨਵੀ ਅਫਸਰ ਨੂੰ ਕੈਦ

**ਲੰਡਨ:** ਬਰਤਾਨੀਆ ਦੀ ਇਕ ਅਦਾਲਤ ਨੇ ਭਾਰਤੀ ਮੂਲ ਦੇ ਇਕ ਦੁਕਾਨਦਾਰ ਦੀ ਮੌਤ ਦਾ ਸਬੱਬ ਬਣਨ ਵਾਲੇ ਪੁਲਿਸ ਅਫਸਰ ਨੂੰ ਡੇਢ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਬਲਵਿੰਦਰ ਸਿੰਘ ਦਸੰਬਰ 2016 ਵਿਚ ਵੁਲਵਰਹੈਂਪਟਨ ਵਿਚ ਆਪਣੀ ਵੈਨ ਵਿਚ ਜਾ ਰਿਹਾ ਸੀ ਜਦੋਂ ਸਾਹਮਣੇ ਤੋਂ ਆਪਣੀ ਕਾਰ ਵਿਚ ਆ ਰਹੇ ਸਟ੍ਰੈਟਫੋਰਡਸ਼ਾਇਰ ਦੇ ਪੁਲਿਸ ਅਫਸਰ ਜੇਸਨ ਬੈਨਿਸਟਰ ਨੇ ਉਸ ਨਾਲ ਸਿੱਧੀ ਟੱਕਰ ਮਾਰ ਦਿੱਤੀ ਸੀ।

ਉਸ ਵੇਲੇ ਉਹ ਡਿਊਟੀ 'ਤੇ ਨਹੀਂ ਸੀ। 59 ਸਾਲਾ ਬਲਵਿੰਦਰ ਸਿੰਘ ਨੂੰ ਤੁਰਤ ਹਸਪਤਾਲ ਲਿਜਾਇਆ ਗਿਆ ਪਰ ਉਸ ਦੇ ਸਿਰ ਵਿਚ ਵੱਜੀਆਂ ਸੱਟਾਂ ਘਾਤਕ ਸਾਬਤ ਹੋਈਆਂ। ਬੈਨਿਸਟਰ ਨੇ ਅਦਾਲਤੀ ਸੁਣਵਾਈ ਦੌਰਾਨ ਖਤਰਨਾਕ ਢੰਗ ਨਾਲ ਡਰਾਈਵਿੰਗ ਕਰ ਕੇ ਬਲਵਿੰਦਰ ਸਿੰਘ ਦੀ ਮੌਤ ਦਾ ਕਾਰਨ ਬਣਨ ਦਾ ਗੁਨਾਹ ਸਵੀਕਾਰ ਕੀਤਾ ਸੀ।

# ਆਰ.ਬੀ.ਆਈ. 'ਤੇ ਸਰਕਾਰ ਨੇ ਸੁਰ ਬਦਲੀ

**ਨਵੀਂ ਦਿੱਲੀ:** ਸਰਕਾਰ ਅਤੇ ਭਾਰਤੀ ਰਿਜ਼ਰਵ ਬੈਂਕ ਦਰਮਿਆਨ ਕੁਝ ਦਿਨਾਂ ਤੋਂ ਚਲੀ ਆ ਰਹੀ ਖਿੱਚੋਤਾਣ ਨੂੰ ਦੇਖਦਿਆਂ ਸਰਕਾਰ ਨੂੰ ਸਪੱਸ਼ਟੀਕਰਨ ਦੇਣਾ ਪੈ ਗਿਆ ਹੈ ਕਿ ਉਸ ਦੀ ਨਜ਼ਰ ਰਿਜ਼ਰਵ ਬੈਂਕ ਦੇ ਪੈਸਿਆਂ 'ਤੇ ਨਹੀਂ ਹੈ। ਸਰਕਾਰ ਨੇ ਕਿਹਾ ਕਿ ਉਹ ਭਾਰਤੀ ਰਿਜ਼ਰਵ



ਬੈਂਕ (ਆਰ.ਬੀ.ਆਈ.) ਦੇ ਰਾਖਵੇਂ ਭੰਡਾਰ 'ਚੋਂ 3.6 ਲੱਖ ਕਰੋੜ ਰੁਪਏ ਨਹੀਂ ਮੰਗ ਰਹੀ ਹੈ ਪਰ ਉਹ ਕੇਂਦਰੀ ਬੈਂਕ ਦੇ ਢੁਕਵੇਂ ਆਰਥਿਕ ਪੂੰਜੀਕਰਨ ਦੀ ਰੂਪ-ਰੇਖਾ ਤੈਅ ਕਰਨ ਬਾਰੇ ਵਿਚਾਰਾਂ ਕਰ ਰਹੀ ਹੈ।

ਆਰਥਿਕ ਮਾਮਲਿਆਂ ਬਾਰੇ ਸਕੱਤਰ ਸੁਭਾਸ਼ ਚੰਦਰ ਗਰਗ ਨੇ ਟਵੀਟ ਕਰ ਕੇ ਕਿਹਾ ਕਿ ਮੀਡੀਆ 'ਚ ਕਈ ਗੁਮਰਾਹਕੁੰਨ ਕਿਆਸੇ ਚੱਲ ਰਹੇ ਹਨ ਅਤੇ ਸਰਕਾਰ ਦੀ ਵਿੱਤੀ ਹਾਲਤ ਪੂਰੀ ਤਰ੍ਹਾਂ ਨਾਲ ਲੀਹ ਉਤੇ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਆਰ.ਬੀ.ਆਈ. ਤੋਂ 3.6 ਲੱਖ ਕਰੋੜ ਜਾਂ ਇਕ ਲੱਖ ਕਰੋੜ ਰੁਪਏ ਲੈਣ ਦੀ ਕੋਈ ਤਜਵੀਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਸਾਲ 2013-14 ਵਿਚ ਸਰਕਾਰ ਦਾ ਵਿੱਤੀ ਘਾਟਾ ਜੀ.ਡੀ.ਪੀ. ਦੇ 5.1 ਫੀਸਦੀ ਬਰਾਬਰ ਸੀ। ਉਸ ਮਗਰੋਂ ਸਰਕਾਰ ਇਸ 'ਚ ਲਗਾਤਾਰ ਕਮੀ ਕਰਦੀ ਆ ਰਹੀ ਹੈ। ਅਸੀਂ ਵਿੱਤੀ ਵਰ੍ਹੇ 2018-19 ਦੇ ਅਖੀਰ 'ਚ ਵਿੱਤੀ ਘਾਟੇ ਨੂੰ 3.3 ਫੀਸਦੀ ਤੱਕ ਸੀਮਤ ਕਰ ਦੇਵਾਂਗੇ। ਸ

ਰਕਾਰ ਨੇ ਦਰਅਸਲ ਬਾਜ਼ਾਰ 'ਚੋਂ 70 ਹਜ਼ਾਰ ਕਰੋੜ ਰੁਪਏ ਜੁਟਾਉਣ ਦੀ ਯੋਜਨਾ ਵੀ ਛੱਡ ਦਿੱਤੀ ਹੈ। ਸ੍ਰੀ ਗਰਗ ਨੇ ਕਿਹਾ ਕਿ ਇਸ ਸਮੇਂ ਸਿਰਫ ਇਕ ਤਜਵੀਜ਼ 'ਤੇ ਹੀ ਬਹਿਸ ਚੱਲ ਰਹੀ ਹੈ ਕਿ ਰਿਜ਼ਰਵ ਬੈਂਕ ਦੀ ਆਰਥਿਕ ਪੂੰਜੀ ਦਾ ਪ੍ਰਬੰਧ ਕਿਵੇਂ ਤੈਅ ਕੀਤਾ ਜਾਵੇ। ਇਹ ਸਪੱਸ਼ਟੀਕਰਨ ਉਸ ਸਮੇਂ ਦਿੱਤਾ ਗਿਆ ਹੈ ਜਦੋਂ ਰਿਪੋਰਟਾਂ ਹਨ ਕਿ ਸਰਕਾਰ ਰਿਜ਼ਰਵ ਬੈਂਕ ਤੋਂ 9.6 ਲੱਖ ਕਰੋੜ ਰੁਪਏ ਦੇ ਭੰਡਾਰ ਦਾ ਘੱਟੋ ਘੱਟ ਇਕ ਤਿਹਾਈ ਤਬਦੀਲ ਕਰਨ ਦੀ ਮੰਗ ਕਰ ਰਹੀ ਹੈ।

ਇਸ ਤੋਂ ਇਲਾਵਾ ਅਜਿਹੀਆਂ ਖਬਰਾਂ ਵੀ ਹਨ ਕਿ ਸਰਕਾਰ ਰਿਜ਼ਰਵ ਬੈਂਕ ਦੇ ਮੁਨਾਫੇ ਦਾ ਜ਼ਿਆਦਾਤਰ ਹਿੱਸਾ ਲਾਭ ਵਜੋਂ ਲੈਣਾ ਚਾਹੁੰਦੀ ਹੈ। ਉਂਜ ਰਿਜ਼ਰਵ ਬੈਂਕ ਆਪਣੀ ਬੈਲੇਂਸ ਸ਼ੀਟ ਨੂੰ ਮਜ਼ਬੂਤ ਬਣਾਉਣ ਲਈ ਮੁਨਾਫੇ ਦਾ ਇਕ ਹਿੱਸਾ ਆਪਣੇ ਕੋਲ ਰੱਖਣਾ ਚਾਹੁੰਦਾ ਹੈ। ਇਕ ਹੋਰ ਅਧਿਕਾਰੀ ਮੁਤਾਬਕ ਸਰਕਾਰ ਚਾਹੁੰਦੀ ਹੈ ਕਿ ਰਿਜ਼ਰਵ ਬੈਂਕ ਲਾਭ ਅਤੇ ਪੂੰਜੀ ਭੰਡਾਰ ਬਾਰੇ ਨਵੀਂ ਨੀਤੀ ਤੈਅ ਕਰੇ। ਅਧਿਕਾਰੀ ਨੇ ਕਿਹਾ ਕਿ ਅਜੇ ਰਿਜ਼ਰਵ ਬੈਂਕ ਦੀਆਂ ਪੂੰਜੀਗਤ ਲੋੜਾਂ ਮੁਤਾਬਕ 27 ਫੀਸਦੀ ਦੇ ਬਰਾਬਰ ਪੂੰਜੀ ਦਾ ਪ੍ਰਾਵਧਾਨ ਰੱਖਿਆ ਜਾਂਦਾ ਹੈ ਜਦਕਿ ਜ਼ਿਆਦਾਤਰ ਕੇਂਦਰੀ ਬੈਂਕ ਇਸ ਨੂੰ 14 ਫੀਸਦੀ 'ਤੇ ਰੱਖਦੇ ਹਨ। ਜੇਕਰ ਰਿਜ਼ਰਵ ਬੈਂਕ ਪੂੰਜੀ ਦੇ ਪ੍ਰਾਵਧਾਨ ਨੂੰ 14 ਫੀਸਦੀ ਕਰ ਲਏ ਤਾਂ ਬਾਜ਼ਾਰ ਨੂੰ 3.6 ਲੱਖ ਕਰੋੜ ਰੁਪਏ ਮਿਲ ਸਕਦੇ ਹਨ। ਰਿਜ਼ਰਵ ਬੈਂਕ ਦੀ 19 ਨਵੰਬਰ ਨੂੰ ਹੋਣ ਵਾਲੀ ਬੈਠਕ 'ਚ ਇਸ ਸਬੰਧੀ ਚਰਚਾ ਹੋ ਸਕਦੀ ਹੈ। ਇਸ ਤੋਂ ਪਹਿਲਾਂ ਰਿਜ਼ਰਵ ਬੈਂਕ ਨੇ ਸਰਕਾਰ ਨੂੰ ਘਾਟੇ ਦਾ ਟੀਚਾ ਹਾਸਲ ਕਰਨ ਲਈ ਮੌਜੂਦਾ ਵਿੱਤੀ ਵਰ੍ਹੇ 'ਚ 50 ਹਜ਼ਾਰ ਕਰੋੜ ਰੁਪਏ ਦਾ ਲਾਭ ਦੇਣ ਦਾ ਫੈਸਲਾ ਲਿਆ ਸੀ।

## *ਮੋਦੀ ਸਰਕਾਰ ਦੀ ਨੀਤੀ ਦੇ ਤਬਾਹਕੁੰਨ ਸਿੱਟੇ ਨਿਕਲਣਗੇ: ਚਿਦੰਬਰਮ*

**ਗੁਹਾਟੀ:** ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਨੇ ਐਨ.ਡੀ.ਏ. ਸਰਕਾਰ ਨੂੰ ਖਬਰਦਾਰ ਕੀਤਾ ਕਿ ਉਹ ਭਾਰਤੀ ਰਿਜ਼ਰਵ ਬੈਂਕ (ਆਰ. ਬੀ. ਆਈ.) ਦੇ ਪੈਸਿਆਂ ਉਤੇ ਨਜ਼ਰ ਨਾ ਰੱਖੇ। ਉਨ੍ਹਾਂ ਕਿਹਾ ਕਿ ਇਸ ਨਾਲ ਮੁਲਕ ਦੇ ਅਰਥਚਾਰੇ ਲਈ ਤਬਾਹਕੁੰਨ ਨਤੀਜੇ ਨਿਕਲਣਗੇ ਅਤੇ ਇਹ ਫੈਸਲਾ ਨੋਟਬੰਦੀ ਨਾਲੋਂ ਵੀ ਮਾੜਾ ਹੋਵੇਗਾ। ਸੀਨੀਅਰ ਕਾਂਗਰਸ ਆਗੂ ਨੇ ਕਿਹਾ ਕਿ ਭਾਜਪਾ ਨੂੰ ਕੇਂਦਰੀ ਬੈਂਕ ਦੀ ਭੂਮਿਕਾ ਸਬੰਧੀ ਕੋਈ ਸਮਝ ਨਹੀਂ ਹੈ ਅਤੇ ਨਾ ਹੀ ਉਹ ਆਰ.ਬੀ.ਆਈ. ਦੇ ਗਵਰਨਰ ਦੀ ਆਜ਼ਾਦੀ ਦਾ ਸਤਿਕਾਰ ਕਰਦੇ ਹਨ।

# ਚਾਰ ਬੈਂਕਾਂ ਨੇ ਡਿਫਾਲਟਰਾਂ ਦੀ ਸੂਚੀ ਵੈਬਸਾਈਟਾਂ 'ਤੇ ਨਸ਼ਰ ਕੀਤੀ

**ਕੋਲਕਾਤਾ:** ਕੇਂਦਰੀ ਸੂਚਨਾ ਕਮਿਸ਼ਨ (ਸੀ. ਆਈ. ਸੀ.) ਵੱਲੋਂ ਨੋਟਿਸ ਜਾਰੀ ਕੀਤੇ ਜਾਣ ਦੇ ਬਾਵਜੂਦ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਤੇ ਪ੍ਰਧਾਨ ਮੰਤਰੀ ਦਫਤਰ




ਵੱਲੋਂ ਬੈਂਕ ਡਿਫਾਲਟਰਾਂ ਦੀ ਜਾਣਕਾਰੀ ਜਨਤਕ ਕੀਤੇ ਜਾਣ 'ਚ ਢਿੱਲ-ਮੱਠ ਕੀਤੀ ਜਾ ਰਹੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਦੇਸ਼ ਦੀਆਂ ਜਨਤਕ ਖੇਤਰ ਦੀਆਂ ਦਸ ਮੋਹਰੀ ਬੈਂਕਾਂ ਵਿਚੋਂ ਸਿਰਫ ਚਾਰ ਬੈਂਕਾਂ ਨੇ ਆਪਣੀ ਵੈੱਬਸਾਈਟ 'ਤੇ ਡਿਫਾਲਟਰਾਂ ਦੀ ਸੂਚੀ ਨਸ਼ਰ ਕੀਤੀ ਹੈ। ਸੀ.ਆਈ.ਸੀ. ਨੇ 2 ਨਵੰਬਰ ਨੂੰ ਆਰ.ਬੀ.ਆਈ. ਤੇ ਪ੍ਰਧਾਨ ਮੰਤਰੀ ਦਫਤਰ ਨੂੰ ਨੋਟਿਸ ਜਾਰੀ ਕਰਕੇ ਪੁੱਛਿਆ ਸੀ ਕਿ ਉਹ ਬੈਂਕ ਡਿਫਾਲਟਰਾਂ ਦੀ ਜਾਣਕਾਰੀ ਜਨਤਕ ਕਿਉਂ ਨਹੀਂ ਕਰ ਰਹੇ। ਅਜਿਹਾ ਕਰ ਕੇ ਉਹ ਸੁਪਰੀਮ ਕੋਰਟ ਦੇ ਹੁਕਮਾਂ ਦੀ ਵੀ ਹੱਤਕ ਕਰ ਰਹੇ ਹਨ। ਆਰ.ਬੀ.ਆਈ. ਨੇ ਇਕੱਲੀ ਇਕੱਲੀ ਬੈਂਕ ਦੀ ਥਾਂ ਕਰੈਡਿਟ ਇਨਫਰਮੇਸ਼ਨ ਏਜੰਸੀਆਂ ਨੂੰ ਇਹ ਜਾਣਕਾਰੀ ਜਨਤਕ ਕਰਨ ਲਈ ਕਿਹਾ ਸੀ।

ਦੇਸ਼ ਦੀਆਂ ਦਸ ਵੱਡੀਆਂ ਜਨਤਕ ਦੇ ਨਿੱਜੀ ਖੇਤਰ ਦੀਆਂ ਬੈਂਕਾਂ ਦੀ ਵੈੱਬਸਾਈਟ 'ਤੇ ਜਾ ਕੇ ਦੇਖਿਆ ਗਿਆ ਤਾਂ ਪਤਾ ਲੱਗਾ ਕਿ ਕਿਸੇ ਵੀ ਨਿੱਜੀ ਖੇਤਰ ਦੀ ਬੈਂਕ ਨੇ ਡਿਫਾਲਟਰਾਂ ਬਾਰੇ ਕੋਈ ਸੂਚਨਾ ਸਾਂਝੀ ਨਹੀਂ ਕੀਤੀ ਹੈ। ਸਿਰਫ ਚਾਰ ਜਨਤਕ ਖੇਤਰ ਦੀਆਂ ਬੈਂਕਾਂ ਪੰਜਾਬ ਨੈਸ਼ਨਲ ਬੈਂਕ, ਬੈਂਕ ਆਫ ਬੜੌਦਾ, ਆਈ. ਡੀ. ਬੀ.ਆਈ. ਤੇ ਸਿੰਡੀਕੇਟ ਨੇ ਡਿਫਾਲਟਰਾਂ ਦੀ ਸੂਚੀ ਵੈੱਬਸਾਈਟ 'ਤੇ ਪਾਈ ਹੈ।

ਬੈਂਕਾਂ ਦੀ ਸੂਚੀ ਵਿਚ 1815 ਡਿਫਾਲਟਰ ਸ਼ਾਮਲ ਹਨ ਜਿਨ੍ਹਾਂ 42 ਹਜ਼ਾਰ ਕਰੋੜ ਰੁਪਏ ਦਾ ਘਪਲਾ ਕੀਤਾ ਹੈ। ਪੀ.ਐਨ.ਬੀ. ਬੈਂਕ ਦੀ ਸੂਚੀ ਵਿਚ 1124 ਡਿਫਾਲਟਰ ਹਨ, ਜਿਨ੍ਹਾਂ 'ਚ ਮੇਹੁਲ ਚੋਕਸੀ-ਨੀਰਵ ਮੋਦੀ, ਵਿਜੈ ਮਾਲਿਆ, ਜਤਿਨ ਮਹਿਤਾ ਤੇ ਕੁਡੋਸ ਚੈਮੀ ਕੰਪਨੀ ਸ਼ਾਮਲ ਹੈ।

## ਭਾਰਤੀ ਪੱਤਰਕਾਰ ਨੂੰ ਲੰਡਨ ਪ੍ਰੈੱਸ ਫਰੀਡਮ ਐਵਾਰਡ

**ਲੰਡਨ:** ਭਾਰਤੀ ਫ੍ਰੀਲਾਂਸ ਪੱਤਰਕਾਰ ਸਵਾਤੀ ਚਤੁਰਵੇਦੀ ਨੂੰ ਦਲੇਰੀ ਲਈ 2018 ਦਾ ਲੰਡਨ ਪ੍ਰੈੱਸ ਫਰੀਡਮ ਐਵਾਰਡ ਮਿਲਿਆ ਹੈ। 'ਆਈ ਐਮ ਏ ਟ੍ਰੋਲ: ਇਨਸਾਈਡ ਦਿ ਸੀਕਰੇਟ ਵਰਲਡ ਆਫ ਦਿ ਬੀਜੇਪੀ ਡਿਜੀਟਲ ਆਰਮੀ' ਦੀ ਲੇਖਿਕਾ ਸਵਾਤੀ ਨੇ ਇਟਲੀ, ਤੁਰਕੀ ਅਤੇ ਮੋਰੱਕੋ ਦੇ ਪੱਤਰਕਾਰਾਂ ਨੂੰ ਪਛਾੜਿਆ। ਸਵਾਤੀ ਦੀਆਂ ਖੋਜੀ ਰਿਪੋਰਟਾਂ ਕਰ ਕੇ ਉਹ ਆਨਲਾਈਨ ਟ੍ਰੋਲਿੰਗ ਦਾ ਸ਼ਿਕਾਰ ਬਣੀ ਅਤੇ ਉਸ ਨੂੰ ਪਰੇਸ਼ਾਨ ਕੀਤਾ ਗਿਆ ਸੀ।

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

ਵੇਟਰ ਤੇ ਹੈਲਪਰ ਦੀ ਲੋੜ ਹੈ
ਇੰਡੀਅਨਐਪੋਲਿਸ, ਇੰਡੀਆਨਾ ਵਿਚ ਇੰਡੀਆ ਪੈਲੇਸ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।
ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ, ਲਖਵੀਰ ਜੌਹਲ
ਫੋਨ: 317-709-7800
44-45

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਧੋਖੇਬਾਜ਼ ਐਨ.ਆਰ.ਆਈ. ਲਾੜਿਆਂ ਨੂੰ ਘੇਰਨ ਦੀ ਤਿਆਰੀ

**ਚੰਡੀਗੜ੍ਹ:** ਵਿਦੇਸ਼ਾਂ ਵਿਚ ਵੱਸਦੇ ਲਾੜਿਆਂ ਕੋਲੋਂ ਧੋਖਾ ਖਾਣ ਵਾਲੀਆਂ 8 ਕੁੜੀਆਂ ਨੇ ਨਿਆਂ ਲਈ ਸੁਪਰੀਮ ਕੋਰਟ ਵਿਚ ਪਹੁੰਚ ਕੀਤੀ ਹੈ। ਕੁੜੀਆਂ ਨੇ ਐਨ.ਆਰ.ਆਈ. ਲਾੜੇ ਤੇ ਉਨ੍ਹਾਂ ਦੇ ਪਰਿਵਾਰ ਹੱਥੋਂ ਕੁੜੀਆਂ ਨੂੰ ਧੋਖੇ ਤੋਂ ਬਚਾਉਣ ਲਈ ਸੁਪਰੀਮ ਕੋਰਟ ਤੋਂ ਦਿਸ਼ਾ ਨਿਰਦੇਸ਼ ਜਾਰੀ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਲਾੜਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਅਜਿਹਾ ਧੋਖਾ ਦੇਣ ਉਤੇ ਗ੍ਰਿਫਤਾਰ ਕਰਨ ਦੇ ਪ੍ਰਬੰਧ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ। ਹੁਣ ਅਦਾਲਤ ਨੇ ਇਨ੍ਹਾਂ ਮੰਗਾਂ ਸਬੰਧੀ ਸਰਕਾਰ ਕੋਲੋਂ ਜਵਾਬ ਤਲਬ ਕੀਤਾ ਹੈ।

ਦਾਇਰ ਪਟੀਸ਼ਨ ਮੁਤਾਬਕ ਅਜਿਹੀਆਂ 40 ਹਜ਼ਾਰ ਤੋਂ ਵੱਧ ਕੁੜੀਆਂ ਹਨ ਜਿਨ੍ਹਾਂ ਨੇ ਐਨ.ਆਰ.ਆਈ. ਮੁੰਡਿਆਂ ਨਾਲ ਵਿਆਹ ਬਾਅਦ ਧੋਖਾ ਖਾਧਾ ਹੈ। ਕਿਸੇ ਦਾ ਪਤੀ ਵਿਆਹ ਦੇ ਕੁਝ ਦਿਨਾਂ ਬਾਅਦ ਇਕੱਠੇ ਰਹਿਣ ਪਿੱਛੋਂ ਵਿਦੇਸ਼ ਭੱਜ ਗਿਆ ਤੇ ਕਿਸੇ ਦਾ ਵਿਆਹ ਪਿੱਛੋਂ ਵਿਦੇਸ਼ ਲੈ ਕੇ ਜਾਣ ਤੋਂ ਕੁਝ ਦਿਨ ਬਾਅਦ ਹੀ ਕੁੜੀ ਨੂੰ ਵਾਪਸ ਛੱਡ ਗਿਆ। ਮੁੰਡਿਆਂ ਨੇ ਕੁੜੀਆਂ ਤੇ ਬੱਚਿਆਂ ਨੂੰ ਅਪਨਾਉਣ ਤੋਂ ਮਨ੍ਹਾ ਕਰ ਦਿੱਤਾ। ਭਾਰਤ ਵਿੱਚ ਰਹਿ ਰਹੇ ਐਨ.ਆਰ.ਆਈ. ਮੁੰਡਿਆਂ ਦੇ ਪਰਿਵਾਰ ਵਾਲੇ ਕਾਗਜ਼ਾਂ 'ਤੇ ਉਨ੍ਹਾਂ ਨੂੰ ਬੇਦਖਲ ਕਰ ਕੇ ਕਾਨੂੰਨੀ ਕਾਰਵਾਈ ਤੋਂ ਬਚ ਰਹੇ ਹਨ ਤੇ ਕੁੜੀਆਂ ਇਨਸਾਫ ਪਾਉਣ ਲਈ ਅਦਾਲਤਾਂ ਦੇ ਚੱਕਰ ਕੱਟ ਰਹੀਆਂ ਹਨ।

ਪਟੀਸ਼ਨ ਮੁਤਾਬਕ ਇਸ ਤਰ੍ਹਾਂ ਦੇ ਜ਼ਿਆਦਾਤਰ ਮਾਮਲਿਆਂ ਵਿਚ ਸਿਰਫ ਦਾਜ ਪੀੜਤ ਦਾ ਹੀ ਕੇਸ ਦਰਜ ਕੀਤਾ ਜਾਂਦਾ ਹੈ। ਸੁਪਰੀਮ ਕੋਰਟ ਦੇ ਇਕ ਫੈਸਲੇ ਦੇ ਆਧਾਰ 'ਤੇ ਪੁਲਿਸ ਲਾੜੇ ਤੇ ਉਸ ਦੇ ਪਰਿਵਾਰ ਨੂੰ ਤੁਰਤ ਗ੍ਰਿਫਤਾਰ ਨਹੀਂ ਕਰਦੀ। ਇਸ ਲਈ ਪਟੀਸ਼ਨਕਰਤਾ ਕੁੜੀਆਂ ਨੇ ਮੰਗ ਕੀਤੀ ਹੈ ਕਿ ਅਜਿਹੇ ਮਾਮਲੇ ਸਿਰਫ ਦਾਜ ਉਤਪੀੜਨ ਦੇ ਹੀ ਨਹੀਂ, ਬਲਕਿ ਹੋਰ ਧਾਰਾਵਾਂ ਵਿਚ ਵੀ ਮੁਕੱਦਮੇ ਦਰਜ ਹੋਣੇ ਚਾਹੀਦੇ ਹਨ।

ਵਿਦੇਸ਼ ਵਿਚ ਠੱਗੇ ਲਾੜਿਆਂ ਨੂੰ ਈਮੇਲ ਜਾਂ ਵੱਟਸਐਪ ਜ਼ਰੀਏ ਤੁਰਤ ਸੰਮਨ ਜਾਣੇ ਚਾਹੀਦੇ ਹਨ। ਉਨ੍ਹਾਂ ਨੂੰ ਅੰਬੈਸੀ ਜਾਂ ਵਿਦੇਸ਼ੀ ਸਰਕਾਰ ਦੀ ਮਦਦ ਨਾਲ ਵਾਪਸ ਵਤਨ ਲਿਆਉਣ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਕੁੜੀਆਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਾਲਿਨ ਗੋਂਜਾਲਵਿਸ ਨੇ ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੀ ਬੈਂਚ ਨੂੰ ਦੱਸਿਆ ਕਿ ਇਸ ਤਰ੍ਹਾਂ ਦੇ ਮਾਮਲਿਆਂ ਬਾਰੇ ਸਰਕਾਰ ਨੇ ਕੋਈ ਸਪਸ਼ਟ ਨੀਤੀ ਨਹੀਂ ਬਣਾਈ। ਨਤੀਜਨ ਇਕ ਵਾਰ ਵਿਆਹ ਕਰਾਉਣ ਬਾਅਦ ਕੁੜੀ ਨੂੰ ਧੋਖਾ ਦੇ ਕੇ ਵਿਦੇਸ਼ ਗਏ ਐਨ.ਆਰ.ਆਈ. ਮੁੰਡੇ ਭਾਰਤ ਵਿਚ ਕਿਸੇ ਤਰ੍ਹਾਂ ਕਾਨੂੰਨੀ ਕਾਰਵਾਈ ਤੋਂ ਬਚਦਾ ਰਹਿੰਦਾ ਹੈ ਤੇ ਉਨ੍ਹਾਂ ਨਾਲ ਵਿਆਹ ਕਰਾਉਣ ਵਾਲੀਆਂ ਕੁੜੀਆਂ ਨੂੰ ਨਿਆਂ ਨਹੀਂ ਮਿਲ ਪਾਉਂਦਾ।

# ਤਿੰਨ ਡੇਰਾ ਪ੍ਰੇਮੀਆਂ ਨੇ ਬੇਅਦਬੀ ਦਾ ਗੁਨਾਹ ਕਬੂਲਿਆ

**ਮੋਗਾ:** ਪਿੰਡ ਮੱਲਕੇ ਵਿਚ ਤਿੰਨ ਵਰ੍ਹੇ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀਤੀ ਗਈ ਬੇਅਦਬੀ ਦੇ ਮਾਮਲੇ ਸਬੰਧੀ ਬਾਘਾਪੁਰਾਣਾ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ 'ਚ ਡੇਰਾ ਸਿਰਸਾ ਦੀ ਰਾਜ ਪੱਧਰੀ 45 ਮੈਂਬਰੀ ਕਮੇਟੀ ਆਗੂ ਪਿਰਥੀ ਸਿੰਘ ਸਮੇਤ 3 ਡੇਰਾ ਪ੍ਰੇਮੀਆਂ ਨੇ ਸੀ.ਆਰ.ਪੀ.ਸੀ. ਦੀ ਧਾਰਾ 164 ਤਹਿਤ ਆਪਣਾ ਗੁਨਾਹ ਕਬੂਲਦਿਆਂ ਬਿਆਨ ਦਰਜ ਕਰਵਾਏ ਹਨ।

ਇਨ੍ਹਾਂ ਮੁਲਜ਼ਮਾਂ ਨੂੰ ਕਰੜੇ ਸੁਰੱਖਿਆ ਪ੍ਰਬੰਧਾਂ ਹੇਠ ਜੇਲ੍ਹ 'ਚੋਂ ਲਿਆ ਕੇ ਇਥੇ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ। ਬਾਘਾਪੁਰਾਣਾ ਅਦਾਲਤ 'ਚ ਡੇਰਾ ਸਿਰਸਾ ਦੀ ਰਾਜ ਪੱਧਰੀ 45 ਮੈਂਬਰੀ ਕਮੇਟੀ ਦੇ ਆਗੂ ਪਿਰਥੀ ਸਿੰਘ ਤੋਂ ਇਲਾਵਾ ਮਿੱਠੂ ਸਿੰਘ ਅਤੇ ਅਮਰਦੀਪ ਸਿੰਘ ਜੋ ਪਿੰਡ ਮੱਲਕੇ ਦੇ ਵਸਨੀਕ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਿੰਡ ਦੀਆਂ ਗਲੀਆਂ 'ਚ ਪਾੜ ਕੇ ਸੁੱਟੇ ਮਿਲੇ ਸਨ। ਵਿਸ਼ੇਸ਼ ਜਾਂਚ ਟੀਮ ਦੇ ਇਕ ਮੈਂਬਰ ਨੇ ਦੱਸਿਆ ਕਿ ਇਸ ਬੇਅਦਬੀ ਮਾਮਲੇ ਵਿਚ ਡੀ.ਆਈ.ਜੀ. ਰਣਬੀਰ ਸਿੰਘ ਖਟੜਾ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ ਨੇ ਡੇਰਾ ਸਿਰਸਾ ਦੀ ਰਾਜ ਪੱਧਰੀ 45 ਮੈਂਬਰੀ ਕਮੇਟੀ ਆਗੂ ਪਿਰਥੀ ਸਿੰਘ ਦੀ ਤਫਤੀਸ਼ ਤੋਂ ਬਾਅਦ ਪਿੰਡ ਮੱਲਕੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਂਡ 'ਚ ਮਿੱਠੂ ਸਿੰਘ ਅਤੇ ਅਮਰਦੀਪ ਸਿੰਘ ਦੋਵੇਂ ਪਿੰਡ ਮੱਲਕੇ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਬੇਅਦਬੀ ਕਾਂਡ ਦੀ ਜਾਂਚ ਨਾਲ ਜੁੜੇ ਇਸ ਪੁਲਿਸ ਅਫਸਰ ਨੇ ਕਿਹਾ ਕਿ ਅਪਰਾਧ ਵਿਚ ਸ਼ਾਮਲ ਦੂਜੇ ਡੇਰਾ ਸ਼ਰਧਾਲੂਆਂ ਦੀ ਪਛਾਣ ਕੀਤੀ ਗਈ ਹੈ। ਦੋ ਹੋਰ ਡੇਰਾ ਪ੍ਰੇਮੀਆਂ ਦੇਵਿੰਦਰ ਸਿੰਘ ਅਤੇ ਸੁਖਨਾਮ ਸਿੰਘ ਦੇ ਅਦਾਲਤ 'ਚੋਂ ਗ੍ਰਿਫਤਾਰੀ ਵਾਰੰਟ ਹਾਸਲ ਕੀਤੇ ਗਏ ਹਨ ਅਤੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਛਾਪੇ ਮਾਰੇ ਜਾ ਰਹੇ ਹਨ।

# ਐਮਨੈਸਟੀ ਇੰਟਰਨੈਸ਼ਨਲ ਨੇ ਸੂ ਚੀ ਤੋਂ ਇਨਾਮ ਖੋਹਿਆ

**ਲੰਡਨ:** ਐਮਨੈਸਟੀ ਇੰਟਰਨੈਸ਼ਨਲ ਨੇ ਆਂਗ ਸਾਨ ਸੂ ਚੀ ਤੋਂ ਆਪਣਾ ਸਭ ਤੋਂ ਵੱਡਾ ਸਨਮਾਨ ਵਾਪਸ ਲੈਣ ਦਾ ਫੈਸਲਾ ਲਿਆ ਹੈ। ਇਸ ਦਾ ਕਾਰਨ ਰੋਹਿੰਗਿਆ ਮੁਸਲਮਾਨਾਂ ਖਿਲਾਫ ਮਿਆਂਮਾਰ ਦੀ ਸੈਨਾ ਵੱਲੋਂ ਕੀਤੇ ਗਏ ਜ਼ੁਲਮਾਂ ਖਿਲਾਫ ਆਵਾਜ਼ ਨਾ ਚੁੱਕਣਾ ਹੈ। ਗਲੋਬਲ ਮਨੁੱਖੀ ਅਧਿਕਾਰ ਸੰਗਠਨ ਐਮਨੈਸਟੀ ਇੰਟਰਨੈਸ਼ਨਲ ਨੇ ਕਿਹਾ ਕਿ ਉਹ ਸੂ ਚੀ ਨੂੰ ਦਿੱਤਾ ਗਿਆ 'ਅੰਬੈਸਡਰ ਆਫ ਕਾਂਸ਼ਨਸ ਐਵਾਰਡ' ਵਾਪਸ ਲੈ ਰਹੇ ਹਨ ਜੋ ਉਨ੍ਹਾਂ ਨੂੰ 2009 'ਚ ਉਸ ਸਮੇਂ ਦਿੱਤਾ ਗਿਆ ਸੀ ਜਦੋਂ ਉਹ ਘਰ 'ਚ ਨਜ਼ਰਬੰਦ ਸੀ।

ਐਮਨੈਸਟੀ ਇੰਟਰਨੈਸ਼ਨਲ ਮੁਖੀ ਕੂਮੀ ਨਾਇਡੂ ਨੇ ਚਿੱਠੀ ਲਿਖ ਕੇ ਕਿਹਾ, ''ਅੱਜ ਅਸੀਂ ਬੇਹੱਦ ਨਿਰਾਸ਼ ਹਾਂ ਕਿ ਤੁਸੀਂ ਹੁਣ ਆਸ, ਬਹਾਦਰੀ ਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਦਾ ਪ੍ਰਤੀਕ ਨਹੀਂ ਹੋ।'' ਪਿਛਲੇ ਸਾਲ ਖਬਰਾਂ ਆਈਆਂ ਸੀ ਕਿ ਮਿਆਂਮਾਰ ਦੀ ਸੈਨਾ ਦੇ ਜ਼ੁਲਮਾਂ ਕਰ ਕੇ ਉਥੇ ਰਹਿਣ ਵਾਲੇ ਰੋਹਿੰਗਿਆ ਮੁਸਲਮਾਨਾਂ ਨੂੰ ਪਲਾਇਨ ਕਰਨਾ ਪਿਆ ਸੀ। ਇਸ ਤੋਂ ਬਾਅਦ ਕਈ ਇੰਟਰਨੈਸ਼ਨਲ ਸੰਗਠਨਾਂ ਨੇ ਆਂਗ ਸਾਨ ਸੂ ਚੀ ਤੋਂ ਸੈਨਾ ਦੀ ਕਾਰਵਾਈ 'ਤੇ ਕੋਈ ਪ੍ਰਤੀਕਿਰੀਆ ਦੇਣ ਦੀ ਮੰਗ ਕੀਤੀ ਸੀ ਪਰ ਸੂ ਚੀ ਨੇ ਆਪਣੀ ਚੁੱਪ ਬਰਕਰਾਰ ਰੱਖੀ।

## ਅਰਥ ਸ਼ਾਸਤਰੀ ਟੀ.ਐਨ. ਸ੍ਰੀਨਿਵਾਸਨ ਨਹੀਂ ਰਹੇ

**ਚੇਨਈ:** ਉਘੇ ਅਰਥ ਸ਼ਾਸਤਰੀ ਟੀ.ਐਨ. ਸ੍ਰੀਨਿਵਾਸਨ ਦਾ ਸੰਖੇਪ ਬਿਮਾਰੀ ਬਾਅਦ ਦੇਹਾਂਤ ਹੋ ਗਿਆ। ਉਹ ਅਰਥਸ਼ਾਸਤਰ ਦੇ ਵਿਕਾਸ ਵਿਚ ਦਿੱਤੇ ਯੋਗਦਾਨ ਲਈ ਜਾਣੇ ਜਾਣਗੇ। ਮਾਹਿਰ ਅਤੇ ਸਮਕਾਲੀ ਉਨ੍ਹਾਂ ਨੂੰ ਉਦਾਰੀਕਰਨ ਦਾ ਮਜ਼ਬੂਤ ਹਮਾਇਤੀ ਗਰਦਾਨਦੇ ਹਨ।

ਸ੍ਰੀਨਿਵਾਸਨ ਨੂੰ 2007 ਵਿਚ ਪਦਮਭੂਸ਼ਨ ਨਾਲ ਸਨਮਾਨਤ ਕੀਤਾ ਗਿਆ ਸੀ। ਕੇਂਦਰ ਸਰਕਾਰ ਦੇ ਸਾਬਕਾ ਚੀਫ ਆਰਥਿਕ ਸਲਾਹਕਾਰ ਅਰਵਿੰਦ ਸੁਬਰਾਮਨੀਅਨ ਤੇ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਸਾਬਕਾ ਚੇਅਰਮੈਨ ਸੀ ਰੰਗਾਰਾਜਨ ਤੇ ਹੋਰਨਾਂ ਨੇ ਉਨ੍ਹਾਂ ਦੀ ਮੌਤ 'ਤੇ ਦੁੱਖ ਪ੍ਰਗਟਾਇਆ ਹੈ।

# ਬਾਦਲਾਂ ਨੇ ਵਫਾਦਾਰਾਂ ਨੂੰ ਮੁੜ ਵੰਡੀਆਂ ਅਹੁਦੇਦਾਰੀਆਂ

*(ਸਫਾ ਇਕ ਦੀ ਬਾਕੀ)*

ਭਾਈ ਲੌਂਗੋਵਾਲ ਦੇ ਬਰਾਬਰ ਹੀ ਸਮਝੇ ਜਾ ਰਹੇ ਹਨ ਪਰ ਸ. ਰਣਜੀਤ ਸਿੰਘ ਬ੍ਰਹਮਪੁਰਾ ਦੇ ਨਜ਼ਦੀਕੀ ਰਿਸ਼ਤੇਦਾਰ ਹਨ ਤੇ ਇਕ ਵਾਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਵੀ ਕਰ ਚੁੱਕੇ ਹਨ। ਇਸੇ ਕਾਰਨ ਸੁਖਬੀਰ ਨੂੰ ਲੌਂਗੋਵਾਲ ਹੀ ਪ੍ਰਧਾਨਗੀ ਲਈ ਫਿੱਟ ਬੈਠੇ।

ਦੱਸ ਦਈਏ ਕਿ ਐਸ.ਜੀ.ਪੀ.ਸੀ. ਨੂੰ ਹਾਲ ਹੀ ਵਿਚ ਬਰਗਾੜੀ ਮੋਰਚੇ ਕਾਰਨ ਵਿਸ਼ਵ ਪੱਧਰ 'ਤੇ ਸਿੱਖਾਂ ਦੀ ਆਲੋਚਨਾ ਦਾ ਸ਼ਿਕਾਰ ਹੋਣਾ ਪਿਆ ਹੈ ਅਤੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ ਕਰਨ ਦਾ ਫੈਸਲਾ ਵੀ ਘਾਤਕ ਸਾਬਤ ਹੋਇਆ ਅਤੇ ਇਸ ਨਾਲ ਸੰਸਥਾ ਦੀ ਸਾਖ ਨੂੰ ਢਾਹ ਲੱਗੀ ਹੈ। ਅਕਾਲੀ ਦਲ ਨੂੰ ਇਸ ਵਾਰ ਇਜਲਾਸ ਵਿਚ ਵੱਡੇ ਵਿਰੋਧ ਦੀ ਉਮੀਦ ਸੀ। ਇਸੇ ਲਈ ਸੁਖਬੀਰ ਵੱਲੋਂ ਇਜਲਾਸ ਤੋਂ ਪਹਿਲਾਂ ਚੰਡੀਗੜ੍ਹ 'ਚ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਵਾਰੋ-ਵਾਰੀ ਬੁਲਾ ਕੇ ਉਨ੍ਹਾਂ ਦੀ ਨਬਜ਼ ਟੋਹੀ। ਜਦੋਂ ਹਾਲਾਤ ਹੱਕ ਵਿਚ ਲੱਗੇ ਤਾਂ ਇਜਲਾਸ ਤੋਂ ਇਕ ਦਿਨ ਪਹਿਲਾਂ ਮੀਟਿੰਗ ਬੁਲਾ ਕੇ ਮੈਂਬਰਾਂ ਤੋਂ ਚੋਣ ਦੇ ਸਾਰੇ ਹੱਕ ਪਾਰਟੀ ਪ੍ਰਧਾਨ ਨੂੰ ਦੇਣ ਲਈ ਹੱਥ ਖੜ੍ਹੇ ਕਰਵਾ ਲਏ।

ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੌਰਾਨ ਸਿਰਫ 15 ਮਿੰਟ ਦੀ ਕਾਰਵਾਈ ਵਿਚ ਹੀ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਅੰਤ੍ਰਿੰਗ ਕਮੇਟੀ ਦੇ 11 ਮੈਂਬਰਾਂ ਦੀ ਬਿਨਾਂ ਕਿਸੇ ਵਿਰੋਧ ਦੇ ਚੋਣ ਹੋ ਗਈ। ਸਮੁੱਚਾ ਇਜਲਾਸ ਸਿਰਫ ਇਕ ਘੰਟੇ ਵਿਚ ਸਮਾਪਤ ਹੋ ਗਿਆ। ਇਜਲਾਸ ਦੌਰਾਨ ਲੌਂਗੋਵਾਲ ਨੂੰ ਮੁੜ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ ਹੈ। ਉਨ੍ਹਾਂ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਵਜੋਂ ਰਘੁਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਵਜੋਂ ਬਿੱਕਰ ਸਿੰਘ ਚੰਨੋ ਅਤੇ ਜਨਰਲ ਸਕੱਤਰ ਵਜੋਂ ਗੁਰਬਚਨ ਸਿੰਘ ਕਰਮੂੰਵਾਲ ਚੁਣੇ ਗਏ ਹਨ। ਅੰਤ੍ਰਿੰਗ ਕਮੇਟੀ ਦੇ 11 ਮੈਂਬਰਾਂ ਵਿਚ ਬਾਬਾ ਗੁਰਮੀਤ ਸਿੰਘ ਤਿਰਲੋਕੇਵਾਲੇ, ਭਾਈ ਮਨਜੀਤ ਸਿੰਘ, ਅਮਰੀਕ ਸਿੰਘ ਵਿਛੋਆ, ਖੁਸ਼ਵਿੰਦਰ ਸਿੰਘ ਭਾਟੀਆ, ਸ਼ਿੰਗਾਰਾ ਸਿੰਘ ਲੋਹੀਆਂ, ਜਰਨੈਲ ਸਿੰਘ ਕਰਤਾਰਪੁਰ, ਤਾਰਾ ਸਿੰਘ ਸੱਲਾ, ਭੁਪਿੰਦਰ ਸਿੰਘ ਭਲਵਾਨ, ਅਮਰੀਕ ਸਿੰਘ ਕੋਟ ਸ਼ਮੀਰ, ਬੀਬੀ ਜਸਵੀਰ ਕੌਰ ਜਫਰਵਾਲ ਤੇ ਜਗਜੀਤ ਸਿੰਘ ਤਲਵੰਡੀ ਨੂੰ ਚੁਣਿਆ ਗਿਆ।

ਜਨਰਲ ਇਜਲਾਸ ਦੌਰਾਨ ਹਾਕਮ ਧਿਰ ਨਾਲ ਸਬੰਧਤ ਮੈਂਬਰ ਬੀਬੀ ਕਿਰਨਜੋਤ ਕੌਰ ਜਦੋਂ ਸੰਬੋਧਨ ਕਰਨ ਲੱਗੀ ਤਾਂ ਉਨ੍ਹਾਂ ਕੋਲੋਂ ਆਪਣੀ ਗੱਲ ਰੱਖਣ ਤੋਂ ਪਹਿਲਾਂ ਹੀ ਮਾਈਕ ਖੋਹ ਲਿਆ ਗਿਆ ਅਤੇ ਮਾਈਕ ਬੰਦ ਕਰ ਦਿੱਤਾ ਗਿਆ। ਉਨ੍ਹਾਂ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਹੀ ਨਹੀਂ ਦਿੱਤਾ ਗਿਆ ਅਤੇ ਇਜਲਾਸ ਸਮਾਪਤੀ ਦਾ ਪਾਠ ਅਰੰਭ ਕਰ ਦਿੱਤਾ ਗਿਆ। ਇਸ ਦੌਰਾਨ ਰੋਸ ਵਜੋਂ ਉਹ ਇਜਲਾਸ ਵਿਚੋਂ ਵਾਕ ਆਊਟ ਕਰ ਗਏ। ਇਹ ਘਟਨਾ ਉਦੋਂ ਵਾਪਰੀ ਜਦੋਂ ਇਜਲਾਸ ਦੀ ਸਮਾਪਤੀ ਉਪਰੰਤ ਉਹ ਆਪਣੀ ਗੱਲ ਰੱਖਣ ਲਈ ਖੜ੍ਹੇ ਹੋਏ। ਉਨ੍ਹਾਂ ਨੇ ਜਿਵੇਂ ਹੀ ਮਾਈਕ 'ਤੇ ਸਿੱਖ ਇਤਿਹਾਸਕਾਰ ਡਾ. ਕਿਰਪਾਲ ਸਿੰਘ ਖਿਲਾਫ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਫੈਸਲੇ ਦੀ ਆਲੋਚਨਾ ਕੀਤੀ ਤਾਂ ਉਨ੍ਹਾਂ ਨੂੰ ਆਪਣੀ ਗੱਲ ਵਿਚਾਲੇ ਹੀ ਬੰਦ ਕਰਨ ਲਈ ਦਬਾਅ ਪਾਇਆ ਗਿਆ।

## ਬਾਬਰੀ ਮਸਜਿਦ ਕੇਸ ਦੀ ਛੇਤੀ ਸੁਣਵਾਈ ਤੋਂ ਨਾਂਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਰਾਮ ਜਨਮਭੂਮੀ-ਬਾਬਰੀ ਮਸਜਿਦ ਜ਼ਮੀਨੀ ਵਿਵਾਦ ਦੇ ਕੇਸ ਦੀ ਜਲਦੀ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਚੀਫ ਜਸਟਿਸ ਰੰਜਨ ਗੋਗੋਈ ਤੇ ਜਸਟਿਸ ਐਸ.ਕੇ. ਕੌਲ ਦੇ ਬੈਂਚ ਨੇ ਕਿਹਾ ਕਿ ਉਨ੍ਹਾਂ ਜਨਵਰੀ ਮਹੀਨੇ ਢੁਕਵੇਂ ਬੈਂਚ ਸਾਹਮਣੇ ਸੁਣਵਾਈ ਲਈ ਪਹਿਲਾਂ ਹੀ ਅਪੀਲਾਂ ਸੂਚੀਬੱਧ ਕਰ ਦਿੱਤੀਆਂ ਹਨ।

ਇਹ ਅਪੀਲ ਅਖਿਲ ਭਾਰਤ ਹਿੰਦੂ ਮਹਾ ਸਭਾ ਵੱਲੋਂ ਆਪਣੇ ਵਕੀਲ ਬਰੁਨ ਕੁਮਾਰ ਸਿਨਹਾ ਰਾਹੀਂ ਦਾਇਰ ਕੀਤੀ ਗਈ ਸੀ। ਸੁਪਰੀਮ ਕੋਰਟ ਨੇ ਜਨਵਰੀ ਦੇ ਪਹਿਲੇ ਹਫਤੇ ਢੁਕਵੇਂ ਬੈਂਚ ਸਾਹਮਣੇ ਇਸ ਕੇਸ ਦੀ ਸੁਣਵਾਈ ਮੁਕੱਰਰ ਕੀਤੀ ਹੈ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਤੇ ਸੀਨੀਅਰ ਐਡਵੋਕੇਟ ਸੀਐਸ ਵੈਦਿਆਨਾਥਨ ਨੇ ਯੂਪੀ ਸਰਕਾਰ ਤੇ 'ਰਾਮਲੱਲਾ' ਦੀ ਤਰਫੋਂ ਪੇਸ਼ ਹੁੰਦਿਆਂ ਕੇਸ ਦੀਆਂ ਅਪੀਲਾਂ 'ਤੇ ਜਲਦੀ ਸੁਣਵਾਈ ਕਰਨ ਦੀ ਮੰਗ ਕੀਤੀ ਸੀ।

## ਸ਼੍ਰੋਮਣੀ ਕਮੇਟੀ ਨੇ ਵਿਵਾਦਤ ਪੁਸਤਕਾਂ ਬਾਰੇ ਸਿੱਖ ਸੰਗਤ ਤੋਂ ਮੁਆਫੀ ਮੰਗੀ

*(ਸਫਾ ਇਕ ਦੀ ਬਾਕੀ)*

ਮੰਗ ਕੀਤੀ ਹੈ। ਅਜਿਹੀਆਂ ਮੰਦਭਾਗੀਆਂ ਘਟਨਾਵਾਂ ਰੋਕਣ ਲਈ ਭਵਿੱਖ ਵਿਚ ਬੇਅਦਬੀ ਘਟਨਾ ਵਾਪਰਨ ਤੇ ਸਬੰਧਤ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਅਤੇ ਗ੍ਰੰਥੀ ਨੂੰ ਜ਼ਿੰਮੇਵਾਰ ਕਰਾਰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਜਲਾਸ ਵੱਲੋਂ ਟਾਡਾ ਅਤੇ ਹੋਰ 'ਕਾਲੇ' ਕਾਨੂੰਨਾਂ ਹੇਠ ਨਜ਼ਰਬੰਦ ਸਿੱਖਾਂ ਦੀ ਰਿਹਾਈ ਦੀ ਮੰਗ, ਹਰਿਮੰਦਰ ਸਾਹਿਬ ਆਉਣ ਵਾਲੇ ਰਸਤਿਆਂ ਨੂੰ ਖੁੱਲ੍ਹਾ ਕਰਕੇ ਵਿਰਾਸਤੀ ਦਿੱਖ ਦੇਣ ਦੀ ਮੰਗ, ਸਾਕਾ ਨੀਲਾ ਤਾਰਾ ਫੌਜੀ ਹਮਲੇ ਦੀ ਨਿਖੇਧੀ ਕਰਦਿਆਂ ਨਵੰਬਰ 1984 ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ, ਰੈਫਰੈਂਸ ਲਾਇਬ੍ਰੇਰੀ ਦਾ ਅਮੁੱਲਾ ਖਜ਼ਾਨਾ ਵਾਪਸ ਕਰਨ ਦੀ ਮੰਗ, ਸਿੱਖਾਂ ਨੂੰ ਧਾਰਮਿਕ ਚਿੰਨ੍ਹਾਂ ਕਾਰਨ ਪੇਸ਼ ਆਉਂਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਤੁਰੰਤ ਸਖਤ ਕਦਮ ਚੁੱਕਣ ਦੀ ਮੰਗ, ਫਿਲਮਾਂ, ਨਾਟਕਾਂ ਤੇ ਟੀਵੀ ਸੀਰੀਅਲਾਂ ਵਿਚ ਸਿੱਖ ਕਿਰਦਾਰਾਂ ਨੂੰ ਮਜ਼ਾਕੀਆ ਰੂਪ ਵਿਚ ਪੇਸ਼ ਕਰਨ ਤੋਂ ਰੋਕਣ ਲਈ ਸੈਂਸਰ ਬੋਰਡ ਵਿਚ ਸਿੱਖ ਨੁਮਾਇੰਦਾ ਸ਼ਾਮਲ ਕਰਨ ਦੀ ਮੰਗ ਕੀਤੀ ਗਈ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੀ ਥਾਂ ਮਿਲੇ ਲਾਰੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਚੋਣ ਮਨੋਰਥ ਪੱਤਰ ਵਿਚ ਜ਼ੋਰ ਸ਼ੋਰ ਨਾਲ ਵਾਅਦਾ ਕੀਤਾ ਸੀ ਕਿ ਘਰ-ਘਰ ਸਰਕਾਰੀ ਨੌਕਰੀ ਦੇਵਾਂਗੇ ਅਤੇ ਵੱਡੀ ਗਿਣਤੀ ਵਿਚ ਨੌਜਵਾਨ ਵਰਗ ਚੋਣਾਂ ਸਮੇਂ ਕਾਂਗਰਸ ਦੇ ਹੱਕ ਵਿਚ ਭੁਗਤਿਆ। ਪੰਜਾਬ ਭਰ 'ਚ ਬੇਰੁਜ਼ਗਾਰ ਨੌਜਵਾਨਾਂ ਤੋਂ 28 ਲੱਖ 50 ਹਜ਼ਾਰ ਫਾਰਮ ਭਰਵਾਏ ਸਨ। ਉਸ ਸਮੇਂ ਕਾਂਗਰਸ ਪਾਰਟੀ ਨੇ ਲਿਖਤੀ ਵਾਅਦਾ ਕੀਤਾ ਸੀ ਕਿ ਜਦੋਂ ਤੱਕ ਨੌਕਰੀ ਨਾ ਦੇ ਸਕੇ, 2500 ਰੁਪਏ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇਗਾ।

ਵਿਦਿਆਰਥੀਆਂ ਨੂੰ ਸਮਾਰਟ ਫੋਨ ਵੀ ਦਿੱਤੇ ਜਾਣਗੇ, ਪਰ 2 ਸਾਲ ਬਾਅਦ ਵੀ ਕਾਂਗਰਸ ਸਰਕਾਰ ਕੋਲ ਅਜਿਹਾ ਕੋਈ ਅੰਕੜਾ ਨਹੀਂ ਜਿਸ ਨੂੰ ਜਨਤਕ ਕੀਤਾ ਜਾ ਸਕੇ। ਕਾਂਗਰਸ ਸਰਕਾਰ ਨੇ ਇਕ ਵਾਰ ਫਿਰ 12 ਨਵੰਬਰ ਤੋਂ ਰੁਜ਼ਗਾਰ ਮੇਲੇ ਸ਼ੁਰੂ ਕੀਤੇ ਹਨ ਅਤੇ ਪ੍ਰਚਾਰ ਇਹ ਕੀਤਾ ਜਾ ਰਿਹਾ ਹੈ ਕਿ ਇਸ ਵਾਰ 80 ਹਜ਼ਾਰ ਨੌਕਰੀਆਂ ਦਿੱਤੀਆਂ ਜਾਣਗੀਆਂ। ਜੇਕਰ ਇਸ ਤੋਂ ਪਹਿਲਾਂ ਰੁਜ਼ਗਾਰ ਮੇਲਿਆਂ ਦੀ ਗੱਲ ਕੀਤੀ ਜਾਵੇ ਤਾਂ ਸਰਕਾਰ 4 ਲੱਖ 1 ਹਜ਼ਾਰ ਨੌਕਰੀਆਂ ਦੇਣ ਬਾਰੇ ਕਹਿ ਰਹੀ ਹੈ, ਹਾਲਾਂਕਿ ਰੁਜ਼ਗਾਰ ਉਤਪਤੀ ਅਤੇ ਸਿਖਲਾਈ ਵਿਭਾਗ ਦੇ ਅਧਿਕਾਰੀ ਚੁੱਪ ਵੱਟੀ ਬੈਠੇ ਹਨ। ਜੇਕਰ ਰੁਜ਼ਗਾਰ ਵਿਭਾਗ ਦੇ ਸੂਤਰਾਂ ਦੀ ਮੰਨੀਏ ਤਾਂ ਪਿਛਲੇ ਮਹੀਨਿਆਂ 'ਚ ਕੁਝ ਕੁ ਹਜ਼ਾਰ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲਿਆ ਜ਼ਰੂਰ, ਪਰ ਉਨ੍ਹਾਂ ਦੀ ਕਾਬਲੀਅਤ ਤੋਂ ਕਿਧਰੇ ਘੱਟ ਸੀ।

ਸੂਤਰ ਦੱਸਦੇ ਹਨ ਕਿ ਆਈ.ਟੀ.ਆਈ. ਸਕਿਲਡ ਵਰਕਰਾਂ ਨੂੰ 8 ਤੋਂ 10 ਹਜ਼ਾਰ ਦੀ ਨੌਕਰੀ ਮਿਲੀ, ਬਾਕੀ ਡਿਗਰੀ ਧਾਰਕਾਂ ਨੂੰ ਨਾ-ਮਾਤਰ ਹੀ ਰੁਜ਼ਗਾਰ ਮਿਲਿਆ ਹੈ।

ਬੇਰੁਜ਼ਗਾਰ ਪੀ.ਟੀ.ਆਈ. ਅਤੇ ਕਰਾਫਟ ਜਥੇਬੰਦੀਆਂ ਦੇ ਆਗੂਆਂ ਦਾ ਕਹਿਣਾ ਹੈ ਕਿ ਸਰਕਾਰ ਦੇ ਅੰਕੜੇ ਫਰਜ਼ੀ ਹਨ। ਸਾਡੇ ਕੇਡਰ ਦੇ



50 ਹਜ਼ਾਰ ਬੇਰੁਜ਼ਗਾਰ ਹਨ, ਕਿਸੇ ਇਕ ਨੂੰ ਵੀ ਨੌਕਰੀ ਨਹੀਂ ਮਿਲੀ। ਰੁਜ਼ਗਾਰ ਮੇਲਿਆਂ ਰਾਹੀਂ ਸਰਕਾਰ ਲੋਕਾਂ ਨੂੰ ਉਲਝਾਉਣ ਦੀ ਥਾਂ 2500 ਰੁਪਏ ਬੇਰੁਜ਼ਗਾਰੀ ਭੱਤੇ ਦੀ ਹੀ ਸ਼ਰਤ ਪੂਰੀ ਕਰ ਦੇਵੇ ਤਾਂ ਵੱਡੀ ਗੱਲ ਹੈ। ਉਨ੍ਹਾਂ ਕਿਹਾ ਕਿ ਬੇਰੁਜ਼ਗਾਰਾਂ ਦੀ ਮੰਗ ਨੂੰ ਭਟਕਾਉਣ ਲਈ ਪੰਚਾਇਤੀ ਚੋਣਾਂ ਜਿੱਤਣ ਲਈ ਸਰਕਾਰ ਸਮਾਰਟ ਫੋਨਾਂ ਦਾ ਲਾਲੀਪੋਪ ਲੈ ਆਈ ਹੈ।

ਸਰਕਾਰੀ ਗਿਣਤੀਆਂ ਮਿਣਤੀਆਂ ਅਨੁਸਾਰ ਸਰਕਾਰ ਨੇ ਸਮਾਰਟ ਫੋਨਾਂ ਲਈ 50 ਕਰੋੜ ਦਾ ਬਜਟ ਰੱਖਿਆ ਹੈ ਅਤੇ 2-3 ਮਹੀਨਿਆਂ 'ਚ ਸਰਕਾਰ ਕੁਝ ਨੌਜਵਾਨਾਂ ਨੂੰ ਸਮਾਰਟ ਫੋਨ ਦੇਵੇਗੀ ਪਰ ਇਹ ਮੰਗ ਪੂਰੀ ਕਰਨ ਲਈ ਘੱਟੋ-ਘੱਟ 2 ਹਜ਼ਾਰ ਕਰੋੜ ਦਾ ਬਜਟ ਚਾਹੀਦਾ ਹੈ।

ਹਰ ਜ਼ਿਲ੍ਹਾ ਪੱਧਰ ਉਤੇ ਖੋਲ੍ਹੇ ਗਏ ਰੁਜ਼ਗਾਰ ਬਿਊਰੋ, ਜੋ ਕਿ ਡਿਪਟੀ ਕਮਿਸ਼ਨਰਾਂ ਦੀ ਨਿਗਰਾਨੀ ਹੇਠ ਕੰਮ ਕਰਨਗੇ, ਉਨ੍ਹਾਂ ਦੀ ਡਿਊਟੀ ਲਗਾਈ ਗਈ ਹੈ ਕਿ ਉਹ ਰੁਜ਼ਗਾਰ ਦੇ ਸਾਧਨ ਲੱਭਣ, ਪਰ ਹੈਰਾਨੀ ਇਸ ਗੱਲ ਦੀ ਹੈ ਕਿ ਇਸ ਦਫਤਰੀ ਅਮਲੇ ਦਾ ਆਪਣਾ ਭਵਿੱਖ ਹੀ ਸੁਰੱਖਿਅਤ ਨਹੀਂ।

ਰੁਜ਼ਗਾਰ ਮੇਲਿਆਂ ਦੇ ਮੁੱਦੇ ਉਤੇ ਦੂਜੀਆਂ ਸਿਆਸੀ ਪਾਰਟੀਆਂ ਨੇ ਕਾਂਗਰਸ ਸਰਕਾਰ ਨੂੰ ਘੇਰਿਆ ਹੈ ਕਿ ਜੇਕਰ ਸਰਕਾਰ ਇਕ ਵੀ ਬੇਰੁਜ਼ਗਾਰ ਨੂੰ 2500 ਰੁਪਏ ਬੇਰੁਜ਼ਗਾਰੀ ਭੱਤਾ ਦੇ ਰਹੀ ਤਾਂ ਰਿਕਾਰਡ ਜਨਤਕ ਕੀਤਾ ਜਾਵੇ, ਜੇਕਰ 4 ਲੱਖ ਨੌਕਰੀਆਂ ਦਿੱਤੀਆਂ ਹਨ ਤਾਂ ਉਹ ਵੀ ਅੰਕੜਾ ਜਨਤਕ ਕੀਤਾ ਜਾਵੇ।


## Matrimonials

### ਲੜਕੇ ਦੀ ਲੋੜ ਹੈ

Professionaly qualified well settled American citizen match for jatt sikh girl 24/5'5" MBBS, Passed USMLE Step 1 with high scores. Currently in India. Contact: 001-778-552-8628, 91-98760-61260,630-407-7577 or e-mail: dr.pardeepgill3@gmail.com 42-45

Suitable Jatt Sikh match sought for our daughter, PhD, 38 years, 5'-9", Beautiful and slim, never married, works as a Scientist in New York. Family from Ferozepur. Contact: gks27@cornell.edu 41-44

Suitable Ramgariha Sikh match sought for our daughter, M.Sc. (Botany), Currently enrolled in LPN (US), 28 years, 5'-7", Beautiful and slim, Residing in Chicago. Pl. Contact: manpreets1211@gmail.com 43-46

punjabtimesusa.com

### ਲੜਕੇ ਦੀ ਲੋੜ ਹੈ

ਖੱਤਰੀ, 29 ਸਾਲ, 5'-2", ਤਲਾਕਸ਼ੁਦਾ, ਰਜਿਸਟਰਡ ਨਰਸ, ਗਰੀਨ ਕਾਰਡ ਹੋਲਡਰ ਲੜਕੀ ਲਈ ਖਾਨਦਾਨੀ ਪਰਿਵਾਰ ਦੇ ਯੋਗ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਮੁੰਡੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ ਤੇ ਵਟਸਐਪ: 1-317-579-5870 45-48

### ਲੜਕੀ ਦੀ ਲੋੜ ਹੈ

ਜੱਟ ਸਿੱਖ ਚਾਹਲ, 27 ਸਾਲ, 5'-10", ਮਕੈਨੀਕਲ ਇੰਜੀਨੀਅਰ ਬੀ. ਟੈਕ ਜਿਲ੍ਹਾ ਲੁਧਿਆਣਾ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ ਜਾਂ ਪੀ. ਆਰ. ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਅਤੇ ਮਾਤਾ-ਪਿਤਾ ਅਮਰੀਕਾ, ਮਿਸ਼ੀਗਨ ਵਿਚ ਵੈਲ ਸੈਟਲਡ ਹਨ। ਸੰਪਰਕ ਕਰੋ, ਫੋਨ: 734-709-5997 ਜਾਂ 734-837-8799 44-51

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 42-45


# ਐਚ-1ਬੀ ਵੀਜ਼ੇ 'ਚ ਤਬਦੀਲੀ ਲਈ ਟਰੰਪ ਪ੍ਰਸ਼ਾਸਨ ਕਾਹਲਾ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਚਾਹੁੰਦਾ ਹੈ ਕਿ ਆਈ.ਟੀ. ਪੇਸ਼ੇਵਰਾਂ 'ਚ ਮਕਬੂਲ ਐਚ-1ਬੀ ਵੀਜ਼ਾ ਵਿਚ ਕੁਝ ਤਬਦੀਲੀਆਂ ਕੀਤੀਆਂ ਜਾਣ ਤਾਂ ਜੋ ਇਹ ਵੀਜ਼ਾ ਸਿਰਫ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਹੀ ਦਿੱਤਾ ਜਾਵੇ।

ਅਮਰੀਕਾ ਦੀਆਂ ਤਕਨੀਕੀ ਕੰਪਨੀਆਂ ਭਾਰਤ ਤੇ ਚੀਨ ਵਰਗੇ ਦੇਸ਼ਾਂ ਦੇ ਹਜ਼ਾਰਾਂ ਮੁਲਾਜ਼ਮਾਂ ਉਤੇ ਨਿਰਭਰ ਹਨ। ਅਮਰੀਕੀ ਸਰਕਾਰ ਯੋਜਨਾ ਬਣਾ ਰਹੀ ਹੈ ਕਿ ਐਚ-1ਬੀ ਵੀਜ਼ਾ ਦੇ ਨਾਲ-ਨਾਲ ਇਸ ਤਹਿਤ ਕੀਤੇ ਜਾਣ ਵਾਲੇ ਕੰਮ ਦੀ ਵੀ ਪਰਿਭਾਸ਼ਾ ਵੀ ਤਬਦੀਲ ਕੀਤੀ ਜਾਵੇ। ਟਰੰਪ ਪ੍ਰਸ਼ਾਸਨ ਦੇ ਇਸ ਕਦਮ ਨਾਲ ਅਮਰੀਕਾ ਵਿਚਲੀਆਂ ਆਈ.ਟੀ. ਕੰਪਨੀਆਂ ਅਤੇ ਆਈ.ਟੀ. ਖੇਤਰ ਦੀਆਂ ਛੋਟੀਆਂ ਤੇ ਦਰਮਿਆਨੀਆਂ ਕੰਪਨੀਆਂ ਦੇ ਕੰਮਕਾਰ ਉਤੇ ਵੱਡਾ ਅਸਰ ਪਵੇਗਾ।

ਇਨ੍ਹਾਂ ਕੰਪਨੀਆਂ ਦੇ ਮਾਲਕ ਵਧੇਰੇ ਕਰ ਕੇ ਭਾਰਤੀ-ਅਮਰੀਕੀ ਹਨ। ਵ੍ਹਾਈਟ ਹਾਊਸ 'ਚ ਸਟਾਫ ਦੇ ਉਪ ਮੁਖੀ ਕ੍ਰਿਸ ਲਿੱਡੈਲ ਨੇ ਕਿਹਾ ਕਿ ਰਾਸ਼ਟਰਪਤੀ ਚਾਹੁੰਦੇ ਹਨ ਕਿ ਤਕਨੀਕ ਦੇ ਖੇਤਰ 'ਚ ਜੋ ਵਿਅਕਤੀ ਮਾਹਰ ਹਨ, ਉਹ ਹੀ ਉਨ੍ਹਾਂ ਦੇ ਦੇਸ਼ ਵਿਚ ਰੁਕਣ। ਟਰੰਪ ਪ੍ਰਸ਼ਾਸਨ ਨੇ ਕਾਨੂੰਨਸਾਜ਼ਾਂ ਤੇ ਅਮਰੀਕੀ ਕਾਰਪੋਰੇਟ ਖੇਤਰ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਹੈ ਕਿ ਕੋਈ ਫੈਸਲਾ ਲੈਣ ਤੋਂ ਪਹਿਲਾਂ ਲੋਕਾਂ ਦੀ ਰਾਏ ਜ਼ਰੂਰ ਲਈ ਜਾਵੇਗੀ।

## ਆਈ. ਟੀ. ਕੰਪਨੀਆਂ ਨੇ ਕੀਤਾ ਗਿਲਾ

**ਵਾਸ਼ਿੰਗਟਨ:** ਗੂਗਲ, ਫੇਸਬੁੱਕ ਅਤੇ ਮਾਈਕਰੋਸਾਫਟ ਵਰਗੀ ਚੋਟੀ ਦੀਆਂ ਆਈ.ਟੀ. ਕੰਪਨੀਆਂ ਦੇ ਮਾਲਕਾਂ ਦੇ ਸੰਗਠਨ ਨੇ ਕਿਹਾ ਕਿ ਐਚ-1ਬੀ ਵੀਜ਼ਾ ਰੋਕਣ ਦੇ ਮਾਮਲਿਆਂ ਵਿਚ ਨਾਟਕੀ ਢੰਗ ਨਾਲ ਵਾਧਾ ਹੋਇਆ ਹੈ ਅਤੇ ਉਨ੍ਹਾਂ ਦੋਸ਼ ਲਾਇਆ ਕਿ ਅਮਰੀਕੀ ਪਰਵਾਸ ਏਜੰਸੀ ਆਪਣੇ ਨਿਯਮਾਂ ਤੋਂ ਬਾਹਰ ਜਾ ਕੇ ਕੰਮ ਕਰ ਰਹੀ ਹੈ। ਕੰਪੀਟ ਅਮਰੀਕਾ ਨੇ ਹੋਮਲੈਂਡ ਸੁਰੱਖਿਆ ਬਾਰੇ ਸਕੱਤਰ ਕ੍ਰਿਸਟਜੇਨ ਨੀਲਸੇਨ ਅਤੇ ਅਮਰੀਕਾ ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਸੇਵਾਵਾਂ ਫਰਾਂਸਿਸ ਕਰਿਸਨਾ ਨੂੰ ਲਿਖੇ ਇਕ ਪੱਤਰ ਵਿਚ ਕਿਹਾ ਕਿ ਅਸੀਂ ਦੇਖਿਆ ਕਿ ਮੌਜੂਦਾ ਪ੍ਰਸ਼ਾਸਨ ਤਹਿਤ ਐਚ-1ਬੀ ਨਿਆਇਕ ਨਿਰਣਾ ਕਰਨ ਵਿਚ ਤਿੰਨ ਤਬਦੀਲੀਆਂ ਨਾਲ ਵੀਜ਼ਾ ਰੋਕਣ ਦੇ ਮਾਮਲਿਆਂ ਵਿਚ ਵਾਧਾ ਹੋਇਆ ਹੈ।

## ਜਿਨਸੀ ਛੇੜਛਾੜ ਰੋਕਣ ਲਈ ਨੀਤੀਆਂ ਬਦਲੇਗਾ ਗੂਗਲ

**ਸੈਨ ਫਰਾਂਸਿਸਕੋ:** ਗੂਗਲ ਦੇ ਸੀ.ਈ.ਓ. ਸੁੰਦਰ ਪਿਚਾਈ ਨੇ ਭਰੋਸਾ ਦਿਵਾਇਆ ਹੈ ਕਿ ਉਹ ਜਿਨਸੀ ਛੇੜਛਾੜ ਦੀਆਂ ਘਟਨਾਵਾਂ ਨਾਲ ਨਜਿੱਠਣ ਲਈ ਕੰਪਨੀ ਦੀਆਂ ਨੀਤੀਆਂ 'ਚ ਤਬਦੀਲੀ ਕਰਨਗੇ। ਮੁਲਾਜ਼ਮਾਂ ਨੂੰ ਦਿੱਤੇ ਲਿਖਤੀ ਭਰੋਸੇ 'ਚ ਭਾਰਤੀ ਮੂਲ ਦੇ ਸੀ.ਈ.ਓ. ਨੇ ਕਿਹਾ, 'ਸਾਨੂੰ ਲੱਗਦਾ ਹੈ ਕਿ ਅਤੀਤ 'ਚ ਅਸੀਂ ਸਭ ਕੁਝ ਠੀਕ ਨਹੀਂ ਕੀਤਾ ਹੈ ਅਤੇ ਇਸ ਲਈ ਅਸੀਂ ਮੁਆਫੀ ਮੰਗਦੇ ਹਾਂ। ਇਹ ਸਪੱਸ਼ਟ ਹੈ ਕਿ ਅਸੀਂ ਕੁਝ ਤਬਦੀਲੀਆਂ ਕਰਾਂਗੇ।' ਉਨ੍ਹਾਂ ਕਿਹਾ ਕਿ ਭਵਿੱਖ ਵਿਚ ਵਧੇਰੇ ਪਾਰਦਰਸ਼ਤਾ ਵਰਤੀ ਜਾਵੇਗੀ।


## Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading *Custom Text
*Men's Facials *Hair Coler
*Custom Designing *Shave & Mundan
*Line-ups *Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com



## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

# ਪੰਜਾਬ ਸਰਕਾਰ ਨੇ ਟੇਢੇ ਢੰਗ ਨਾਲ ਫਰੋਲੀ ਲੋਕਾਂ ਦੀ ਜੇਬ

**ਬਠਿੰਡਾ:** ਪੰਜਾਬ ਸਰਕਾਰ ਟੇਢੇ ਤਰੀਕੇ ਨਾਲ ਲੋਕਾਂ ਦੀ ਜੇਬ ਫਰੋਲੀ ਜਾ ਰਹੀ ਹੈ। ਪੰਜਾਬ ਦੇ ਲੋਕਾਂ ਦਾ ਬਿਜਲੀ ਟੈਕਸ ਹੀ ਕਚੂਮਰ ਕੱਢ ਰਹੇ ਹਨ ਜਿਸ ਤੋਂ ਖਪਤਕਾਰ ਅਣਜਾਣ ਜਾਪਦੇ ਹਨ। ਖਪਤਕਾਰ ਕਰੀਬ ਛੇ ਤਰ੍ਹਾਂ ਦੇ ਟੈਕਸ ਤੇ ਸੈੱਸ ਭਰ ਰਹੇ ਹਨ। ਪੰਜਾਬ ਭਰ ਦੇ ਲੱਖਾਂ ਖਪਤਕਾਰ ਬਿਜਲੀ ਬਿੱਲਾਂ 'ਤੇ ਹਰ ਵਰ੍ਹੇ ਔਸਤਨ 3000 ਕਰੋੜ ਦੇ ਟੈਕਸ ਤੇ ਸੈੱਸ ਭਰਦੇ ਹਨ। ਕਿਸਾਨਾਂ ਦੀ ਬਿਜਲੀ ਸਬਸਿਡੀ ਸਰਕਾਰ ਭਰਦੀ ਹੈ।

ਪਾਵਰਕੌਮ ਤੋਂ ਆਰ. ਟੀ. ਆਈ. ਤਹਿਤ ਹਾਸਲ ਕੀਤੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਸਾਲ 2012-13 ਤੋਂ ਅਗਸਤ 2018 ਤੱਕ ਬਿਜਲੀ ਟੈਕਸਾਂ ਦੇ ਰੂਪ ਵਿਚ ਖਪਤਕਾਰਾਂ ਦੀ ਜੇਬ 'ਚੋਂ 15,290 ਕਰੋੜ ਰੁਪਏ ਕੱਢ ਲਏ ਹਨ। ਲੰਘੇ ਮਾਲੀ ਵਰ੍ਹੇ 2017-18 ਦੌਰਾਨ ਇਨ੍ਹਾਂ ਬਿਜਲੀ ਟੈਕਸਾਂ ਅਤੇ ਸੈੱਸ ਦੇ ਰੂਪ ਵਿੱਚ ਖਪਤਕਾਰਾਂ ਤੋਂ 3028 ਕਰੋੜ ਰੁਪਏ ਵਸੂਲੇ ਗਏ ਹਨ। ਲੰਘੇ ਸਾਢੇ ਛੇ ਵਰ੍ਹਿਆਂ ਦੌਰਾਨ ਪੰਜਾਬ ਸਰਕਾਰ ਨੇ ਬਿਜਲੀ ਕਰ ਵਜੋਂ 7448.99 ਕਰੋੜ ਰੁਪਏ ਵਸੂਲੇ ਹਨ ਅਤੇ ਸਮਾਜਿਕ ਸੁਰੱਖਿਆ ਫੰਡ (ਬਿਜਲੀ ਕਰ) ਤਹਿਤ 4643 ਕਰੋੜ ਪ੍ਰਾਪਤ ਕੀਤੇ ਹਨ। ਹਾਲਾਂਕਿ ਕਦੇ ਵੀ ਬਜ਼ੁਰਗਾਂ ਨੂੰ ਬੁਢਾਪਾ ਪੈਨਸ਼ਨ ਵੇਲੇ ਸਿਰ ਨਹੀਂ ਮਿਲੀ। ਪੰਜਾਬ ਸਰਕਾਰ ਇਨ੍ਹਾਂ ਬਜ਼ੁਰਗਾਂ ਨੂੰ ਪੈਨਸ਼ਨ ਆਦਿ ਦੇਣ ਦੇ ਨਾਂ 'ਤੇ ਪੰਜ ਫੀਸਦੀ



ਸਮਾਜਿਕ ਸੁਰੱਖਿਆ ਫੰਡ ਦੇ ਨਾਂ ਹੇਠ ਖਪਤਕਾਰਾਂ ਤੋਂ ਬਿਜਲੀ ਕਰ ਵਸੂਲ ਕਰ ਰਹੀ ਹੈ। ਇਸ ਸੈੱਸ ਦੀ ਵਰਤੋਂ ਦਾ ਵੀ ਭੇਤ ਹੀ ਹੈ। ਇਸੇ ਤਰ੍ਹਾਂ ਬੁਨਿਆਦੀ ਢਾਂਚਾ ਵਿਕਾਸ ਫੰਡ ਵਜੋਂ 2015-16 ਤੋਂ ਅਗਸਤ ਤੱਕ 2357 ਕਰੋੜ ਵਸੂਲੇ ਜਾ ਚੁੱਕੇ ਹਨ। ਚਾਲੂ ਮਾਲੀ ਵਰ੍ਹੇ ਦੌਰਾਨ ਬੁਨਿਆਦੀ ਢਾਂਚਾ ਵਿਕਾਸ ਫੰਡ ਦੇ 620.99 ਕਰੋੜ ਸਰਕਾਰ ਨੇ ਪਾਵਰਕੌਮ ਨੂੰ ਸਬਸਿਡੀ ਆਦਿ 'ਚ ਐਡਜਸਟ ਕਰਾ ਦਿੱਤੇ ਹਨ। ਪੰਜਾਬ ਸਰਕਾਰ ਨੇ ਵਿਕਾਸ ਦੇ ਨਾਂ ਉਤੇ ਖਪਤਕਾਰਾਂ ਤੋਂ ਇਹ ਸੈੱਸ ਤਾਂ ਵਸੂਲਿਆ ਪਰ ਉਸ ਨੂੰ ਵਿਕਾਸ ਕੰਮਾਂ ਦੀ ਥਾਂ ਉਤੇ ਕਿਧਰੇ ਹੋਰ ਵਰਤਣਾ ਸ਼ੁਰੂ ਕੀਤਾ ਹੈ। ਚਾਲੂ ਮਾਲੀ ਵਰ੍ਹੇ ਦੌਰਾਨ ਬਿਜਲੀ ਕਰ ਦੇ 1479 ਕਰੋੜ ਰੁਪਏ ਵੀ ਸਬਸਿਡੀ ਆਦਿ ਵਿਚ ਐਡਜਸਟ ਕਰਵਾ ਦਿੱਤੇ ਗਏ ਹਨ।

ਇਸ ਮਾਲੀ ਵਰ੍ਹੇ ਦੌਰਾਨ ਸਰਕਾਰ ਨੇ ਨਵੰਬਰ 2018 ਤੱਕ 9145.92 ਕਰੋੜ ਦੀ ਸਬਸਿਡੀ ਭਰਨੀ ਸੀ ਪਰ ਪਾਵਰਕੌਮ ਨੂੰ 2788 ਕਰੋੜ ਹੀ ਦਿੱਤੇ ਗਏ ਹਨ। ਪੰਜਾਬ ਸਰਕਾਰ ਨੇ 13 ਫੀਸਦੀ ਬਿਜਲੀ ਕਰ ਖਪਤਕਾਰਾਂ ਉਤੇ ਲਾਇਆ ਹੋਇਆ ਹੈ ਜਿਸ ਵਿਚ ਪੰਜ ਫੀਸਦੀ ਸਮਾਜਿਕ ਸੁਰੱਖਿਆ ਫੰਡ ਵੀ ਸ਼ਾਮਲ ਹੈ। ਪੰਜ ਫੀਸਦੀ ਬੁਨਿਆਦੀ ਢਾਂਚਾ ਵਿਕਾਸ ਫੰਡ ਵਸੂਲਿਆ ਜਾ ਰਿਹਾ ਹੈ ਜਦਕਿ ਸ਼ਹਿਰੀ ਖੇਤਰ ਦੇ ਖਪਤਕਾਰਾਂ ਤੋਂ 2 ਫੀਸਦੀ ਮਿਊਂਸਪਲ ਫੰਡ ਲਿਆ ਜਾ ਰਿਹਾ ਹੈ। ਪੰਜਾਬ 'ਚ ਭਾਵੇਂ ਚੁੰਗੀ ਖਤਮ ਕੀਤੀ ਹੋਈ ਹੈ ਪਰ ਸਰਕਾਰ ਨੇ ਲੰਘੇ ਸਾਢੇ ਛੇ ਵਰ੍ਹਿਆਂ ਦੌਰਾਨ ਬਿਜਲੀ ਖਪਤਕਾਰਾਂ ਤੋਂ 735 ਕਰੋੜ ਦੀ ਚੁੰਗੀ ਵੀ ਵਸੂਲ ਕੀਤੀ ਹੈ। ਚਾਲੂ ਮਾਲੀ ਵਰ੍ਹੇ ਦੇ ਅਗਸਤ ਮਹੀਨੇ ਤੱਕ 3.89 ਕਰੋੜ ਦੀ ਚੁੰਗੀ ਵਸੂਲੀ ਗਈ ਹੈ।

ਪੰਜਾਬ ਸਰਕਾਰ ਨੇ ਸਾਲ 2017-18 ਦੌਰਾਨ ਹੀ ਮਿਊਂਸਪਲ ਟੈਕਸ ਲਾਇਆ ਹੈ ਜੋ ਡੇਢ ਵਰ੍ਹੇ ਦੌਰਾਨ ਹੁਣ ਤੱਕ 97.90 ਕਰੋੜ ਵਸੂਲਿਆ ਜਾ ਚੁੱਕਾ ਹੈ। ਇਵੇਂ ਹੀ ਪੰਜਾਬ ਸਰਕਾਰ ਨੇ ਬਿਜਲੀ ਦੇ ਸ਼ਹਿਰੀ ਖਪਤਕਾਰਾਂ ਉਤੇ ਗਊ ਸੈੱਸ ਦਾ ਭਾਰ ਵੀ ਪਾਇਆ ਹੈ। ਸਾਲ 2016-17 ਤੋਂ ਅਗਸਤ 2018 ਤੱਕ ਖਪਤਕਾਰ ਬਿਜਲੀ ਬਿੱਲਾਂ ਉਤੇ 7.68 ਕਰੋੜ ਦਾ ਗਊ ਸੈੱਸ ਭਰ ਚੁੱਕੇ ਹਨ। ਸਾਲ 2016-17 ਵਿਚ 2.50 ਕਰੋੜ, ਸਾਲ 2017-18 ਵਿਚ 2.81 ਕਰੋੜ ਅਤੇ ਚਾਲੂ ਵਰ੍ਹੇ ਪੰਜ ਮਹੀਨਿਆਂ ਦੌਰਾਨ 2.36 ਕਰੋੜ ਗਊ ਸੈੱਸ ਵਜੋਂ ਸ਼ਹਿਰੀ ਲੋਕਾਂ ਦੀ ਜੇਬ ਵਿਚੋਂ ਕੱਢੇ ਹਨ। ਲਾਵਾਰਸ ਪਸ਼ੂਆਂ ਕਾਰਨ ਹੋਣ ਵਾਲਾ ਸਭ ਤੋਂ ਵੱਡਾ ਨੁਕਸਾਨ ਵੀ ਪੰਜਾਬ ਦੇ ਲੋਕ ਹੀ ਝੱਲ ਰਹੇ ਹਨ।

### ਬਿਨਾ ਫੰਡਾਂ ਤੋਂ ਵਿਕਾਸ ਕੰਮਾਂ ਦੇ ਮਤੇ ਪਾਸ ਕਰਨ 'ਤੇ ਰੋਕ

**ਜਲੰਧਰ:** ਪੰਜਾਬ ਸਰਕਾਰ ਨੇ ਨਗਰ ਨਿਗਮਾਂ ਦੇ ਜਨਰਲ ਹਾਊਸ ਵੱਲੋਂ ਬਿਨਾਂ ਫੰਡਾਂ ਦੇ ਵਿਕਾਸ ਕੰਮਾਂ ਦੇ ਮਤੇ ਪਾਸ ਕਰਨ 'ਤੇ ਇਹ ਕਹਿ ਕੇ ਰੋਕ ਲਗਾ ਦਿੱਤੀ ਹੈ ਕਿ ਜਿੰਨੀ ਦੇਰ ਉਨ੍ਹਾਂ ਕੋਲ ਫੰਡ ਨਾ ਹੋਣ ਉਨੀਂ ਦੇਰ ਤੱਕ ਕਿਸੇ ਵੀ ਵਿਕਾਸ ਕੰਮ ਦੇ ਮਤੇ ਪਾਸ ਨਾ ਕੀਤੇ ਜਾਣ। ਸਥਾਨਕ ਸਰਕਾਰਾਂ ਵਿਭਾਗ ਨੂੰ ਇਹ ਫੈਸਲਾ ਇਸ ਲਈ ਕਰਨਾ ਪਿਆ ਕਿਉਂਕਿ ਰਾਜ ਦੀਆਂ ਕਈ ਨਿਗਮਾਂ ਵੱਲੋਂ ਜਨਰਲ ਹਾਊਸ 'ਚ ਕਰੋੜਾਂ ਦੇ ਵਿਕਾਸ ਕੰਮਾਂ ਦੇ ਮਤੇ ਪਾਸ ਕਰ ਦਿੱਤੇ ਜਾਂਦੇ ਸਨ ਤੇ ਬਾਅਦ ਵਿਚ ਇਨ੍ਹਾਂ ਕੰਮਾਂ ਨੂੰ ਕਰਵਾਉਣ ਲਈ ਸਰਕਾਰ ਕੋਲੋਂ ਫੰਡਾਂ ਦੀ ਮੰਗ ਕੀਤੀ ਜਾਂਦੀ ਹੈ। ਪਿਛਲੇ ਕਾਫੀ ਸਮੇਂ ਤੋਂ ਇਹ ਰੁਝਾਨ ਚੱਲਦਾ ਆ ਰਿਹਾ ਹੈ ਕਿ ਕਈ ਕੌਂਸਲਰਾਂ ਨੂੰ ਖੁਸ਼ ਕਰਨ ਲਈ ਕਰੋੜਾਂ ਦੇ ਵਿਕਾਸ ਕੰਮਾਂ ਦੇ ਮਤੇ ਪਾਸ ਕਰ ਦਿੱਤੇ ਜਾਂਦੇ ਹਨ ਜਦਕਿ ਨਿਗਮਾਂ ਕੋਲ ਉਸ ਮੁਤਾਬਕ ਫੰਡ ਹੀ ਨਹੀਂ ਹੁੰਦਾ।

## ਖਿੱਲਰੇ ਤੀਲੇ ਹੂੰਝਣ ਵਿਚ ਜੁਟੀ 'ਆਪ' ਲੀਡਰਸ਼ਿਪ

**ਪਟਿਆਲਾ:** ਆਮ ਆਦਮੀ ਪਾਰਟੀ ਹੁਣ ਸੁਖਪਾਲ ਸਿੰਘ ਖਹਿਰਾ ਦੀ ਥਾਂ ਭਰਨ ਤੇ ਸੂਬੇ ਵਿਚ ਝਾੜੂ ਦੇ ਖਿਲਰੇ ਤੀਲੇ ਇਕੱਠੇ ਕਰਨ ਵਿਚ ਜੁਟ ਗਈ ਹੈ। ਇਸੇ ਤਹਿਤ 'ਆਪ' ਦੀ ਕੋਰ ਕਮੇਟੀ ਦੇ ਮੁਖੀ ਬੁੱਧ ਰਾਮ ਨੇ ਪਟਿਆਲਾ ਜ਼ਿਲ੍ਹੇ ਦੇ ਹਲਕਿਆਂ ਤੋਂ ਚੋਣ ਲੜਨ ਵਾਲੇ ਤੇ ਅਸਤੀਫ਼ੇ ਦੇ ਚੁੱਕੇ ਆਗੂਆਂ ਨੂੰ ਮਨਾਉਣ ਲਈ ਚਾਰਾਜੋਈ ਕੀਤੀ, ਜਿਸ ਦਾ ਅਸਰ ਵੀ ਨਜ਼ਰ ਆਇਆ ਹੈ।

ਬੀਤੇ ਦਿਨੀਂ ਪਟਿਆਲਾ ਦੇ ਵਿਧਾਨ ਸਭਾ ਹਲਕਿਆਂ ਤੋਂ ਚੋਣ ਲੜ ਚੁੱਕੇ ਅਤੇ ਅਸਤੀਫ਼ੇ ਦੇ ਚੁੱਕੇ ਆਗੂਆਂ ਨੂੰ ਮਨਾਉਣ ਲਈ ਕੋਰ ਕਮੇਟੀ ਦੇ ਮੁਖੀ ਬੁੱਧ ਰਾਮ ਇਥੇ ਪੁੱਜੇ। ਉਨ੍ਹਾਂ ਸਭ ਤੋਂ ਪਹਿਲਾਂ ਜ਼ਿਲ੍ਹਾ ਪ੍ਰਧਾਨ ਰਹੇ ਐਡਵੋਕੇਟ ਗਿਆਨ ਸਿੰਘ ਮੂੰਗੋ ਨੂੰ ਮਨਾਉਣ ਲਈ ਨਾਭਾ ਵਿਚ ਉਨ੍ਹਾਂ ਨਾਲ ਸੰਪਰਕ ਕੀਤਾ ਤੇ ਉਸ ਤੋਂ ਬਾਅਦ ਸਮਾਣਾ ਤੋਂ ਚੋਣ ਲੜ ਚੁੱਕੇ ਜਗਤਾਰ ਸਿੰਘ ਰਾਜਲਾ, ਸਨੌਰ ਤੋਂ ਚੋਣ ਲੜ ਚੁੱਕੇ ਕੁਲਦੀਪ ਕੌਰ ਟੌਹੜਾ, ਹਲਕਾ ਪਟਿਆਲਾ (ਦਿਹਾਤੀ) ਤੋਂ ਚੋਣ ਲੜ ਚੁੱਕੇ ਕਰਨਵੀਰ ਸਿੰਘ ਟਿਵਾਣਾ ਆਦਿ ਨੂੰ ਮਨਾਉਣ ਲਈ ਰਾਬਤਾ ਬਣਾਇਆ। ਉਸ ਤੋਂ ਬਾਅਦ ਸਾਰਿਆਂ ਨੇ ਇਕੱਠਿਆਂ ਮੀਟਿੰਗ ਵੀ ਕੀਤੀ।

ਮੀਟਿੰਗ ਦੇ ਵੇਰਵੇ ਦਿੰਦਿਆਂ ਕਰਨਵੀਰ ਸਿੰਘ ਟਿਵਾਣਾ ਤੇ ਗਿਆਨ ਸਿੰਘ ਮੂੰਗੋ ਨੇ ਦੱਸਿਆ ਕਿ ਬੁੱਧ ਰਾਮ ਅਤੇ ਬਰਨਾਲਾ ਦੇ ਵਿਧਾਇਕ ਮੀਤ ਹੇਅਰ ਨੇ ਉਨ੍ਹਾਂ ਨਾਲ ਸੰਪਰਕ ਕੀਤਾ, ਜਿਸ ਦੌਰਾਨ ਪਟਿਆਲਾ ਦੇ ਸਾਰੇ ਆਗੂ ਅਤੇ ਮਨਜੀਤ ਸਿੰਘ ਬਿੱਟੀ ਰਾਮਪੁਰਾ ਫੂਲ, ਜਗਜੀਤ ਸਿੰਘ ਗਿੱਦੜਬਾਹਾ, ਕੇਵਲ ਸਿੰਘ ਮੋਗਾ, ਅਮਰ ਸਿੰਘ ਫਾਜ਼ਿਲਕਾ ਆਦਿ ਹਾਜ਼ਰ ਸਨ। ਵਿਧਾਇਕ ਤੇ ਕੋਰ ਕਮੇਟੀ ਦੇ ਮੁਖੀ ਬੁੱਧ ਰਾਮ ਨੇ ਕਿਹਾ ਕਿ ਰੁੱਸਿਆਂ ਨੂੰ ਮਨਾਉਣ ਲਈ ਚਾਰਾਜੋਈ ਕਰ ਰਹੇ ਹਾਂ।

## ਮਹਿਲਾ ਵਿਸ਼ਵ ਟੀ-20 'ਚ ਹਰਮਨ ਨੇ ਵਧਾਇਆ ਪੰਜਾਬ ਦਾ ਮਾਣ

**ਮੋਗਾ:** ਕਪਤਾਨ ਹਰਮਨਪ੍ਰੀਤ ਕੌਰ ਦੀ ਸ਼ਾਨਦਾਰ ਬੱਲੇਬਾਜ਼ੀ ਸਦਕਾ ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਆਈ.ਸੀ.ਸੀ. ਮਹਿਲਾ ਵਿਸ਼ਵ ਟੀ-20 ਵਿਚ ਨਿਊਜ਼ੀਲੈਂਡ 'ਤੇ ਸ਼ਾਨਦਾਰ ਜਿੱਤ ਹਾਸਲ ਕੀਤੀ। ਕਪਤਾਨ ਹਰਮਨਪ੍ਰੀਤ ਕੌਰ ਦੇ ਰਿਕਾਰਡ ਸੈਂਕੜੇ ਤੇ ਜੇਮਿਮਾ ਰੌਡ੍ਰਿਗਜ਼ ਦੀ ਜੋੜੀ ਨੇ ਭਾਰਤ ਨੂੰ ਸ਼ਾਨਦਾਰ ਜਿੱਤ ਹਾਸਲ ਕਰਵਾਈ। ਭਾਰਤ ਨੇ 20 ਓਵਰਾਂ ਵਿਚ ਚਾਰ ਵਿਕਟਾਂ ਦੇ ਨੁਕਸਾਨ ਉਤੇ 195 ਦੌੜਾਂ ਬਣਾਈਆਂ, ਜਿਸ ਦੇ ਜਵਾਬ ਵਿਚ ਨਿਊਜ਼ੀਲੈਂਡ ਦੀ ਟੀਮ 20 ਓਵਰਾਂ ਵਿਚ 9 ਵਿਕਟਾਂ ਗਵਾ ਕੇ ਮਹਿਜ਼ 160 ਦੌੜਾਂ ਬਣਾ ਸਕੀ।




ਕਪਤਾਨੀ ਪਾਰੀ ਖੇਡਦੇ ਹੋਏ ਹਰਮਨਪ੍ਰੀਤ ਨੇ 51 ਗੇਂਦਾਂ ਵਿਚ ਅੱਠ ਛੱਕਿਆਂ ਤੇ ਸੱਤ ਚੌਕਿਆਂ ਦੀ ਮਦਦ ਨਾਲ 103 ਦੌੜਾਂ ਬਣਾਈਆਂ। ਇਸ ਦੇ ਨਾਲ ਹੀ ਹਰਮਨਪ੍ਰੀਤ ਕੌਮਾਂਤਰੀ ਟੀ-20 ਮਹਿਲਾ ਵਿਸ਼ਵ ਕੱਪ ਵਿਚ ਸੈਂਕੜਾ ਮਾਰਨ ਵਾਲੀ ਪਹਿਲੀ ਭਾਰਤੀ ਖਿਡਾਰੀ ਬਣ ਗਈ ਹੈ। ਉਸ ਦੀ ਇਸ ਪ੍ਰਾਪਤੀ ਦੇ ਬਾਅਦ ਮੋਗਾ ਵਿਚ ਸਵੇਰੇ ਤੋਂ ਹੀ ਹਰਮਨਪ੍ਰੀਤ ਦੇ ਘਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਸ਼ੁਰੂ ਹੋ ਗਿਆ ਹੈ। ਹਰਮਨਪ੍ਰੀਤ ਦੀ ਬੱਲੇਬਾਜ਼ੀ ਨੂੰ ਉਸ ਦੇ ਪਰਵਾਰਿਕ ਮੈਂਬਰਾਂ ਨੇ ਟੀਵੀ ਉਤੇ ਵੇਖਿਆ। ਇਸ ਜਿੱਤ ਨੂੰ ਲੈ ਕੇ ਪੂਰੇ ਮੋਗਾ ਵਿਚ ਖੁਸ਼ੀ ਦੀ ਲਹਿਰ ਹੈ। ਇਸ ਮੌਕੇ ਹਰਮਨਪ੍ਰੀਤ ਦੇ ਪਿਤਾ ਹਰਮੰਦਰ ਸਿੰਘ ਨੇ ਦੱਸਿਆ ਕਿ ਉਹ ਆਪਣੀ ਧੀ ਦੀ ਪ੍ਰਾਪਤੀ 'ਤੇ ਬਹੁਤ ਖੁਸ਼ ਹਨ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਦੀ ਧੀ ਨੇ ਛੱਕੇ ਚੌਕੇ ਲਾ ਕੇ ਮਹਿਜ਼ 51 ਗੇਂਦਾਂ ਵਿਚ 103 ਦੌੜਾਂ ਬਣਾਈਆਂ ਤਾਂ ਉਨ੍ਹਾਂ ਨੂੰ ਬਹੁਤ ਮਾਣ ਮਹਿਸੂਸ ਹੋਇਆ।

# ਕਸ਼ਮੀਰੀ ਵਿਦਿਆਰਥੀਆਂ 'ਤੇ ਦਹਿਸ਼ਤ ਦਾ ਪਰਛਾਵਾਂ, ਪੰਜਾਬ ਛੱਡਣ ਲੱਗੇ

**ਚੰਡੀਗੜ੍ਹ:** ਜੰਮੂ ਕਸ਼ਮੀਰ ਅੰਦਰ ਤਕਰੀਬਨ ਤਿੰਨ ਦਹਾਕਿਆਂ ਤੋਂ ਚੱਲ ਰਹੀ ਦਹਿਸ਼ਤ ਦੇ ਪਰਛਾਵਿਆਂ ਨੇ ਕਸ਼ਮੀਰੀ ਨੌਜਵਾਨਾਂ ਦਾ ਹੋਰ ਰਾਜਾਂ ਅੰਦਰ ਵੀ ਪਿੱਛਾ ਨਹੀਂ ਛੱਡਿਆ। ਮਹੀਨਾ ਪਹਿਲਾਂ ਜਲੰਧਰ ਤੋਂ ਹਥਿਆਰਾਂ ਸਮੇਤ ਫੜੇ ਗਏ ਤਿੰਨ ਨੌਜਵਾਨ ਅਤੇ ਪੁਲਿਸ ਵੱਲੋਂ ਮਕਸੂਦਾਂ ਥਾਣੇ ਅੱਗੇ ਹੋਏ ਵਿਸਫੋਟਾਂ ਵਿਚ ਵੀ ਕਸ਼ਮੀਰੀ ਨੌਜਵਾਨਾਂ ਦੀ ਸ਼ਮੂਲੀਅਤ ਦੇ ਕੀਤੇ ਦਾਅਵੇ ਪਿੱਛੋਂ ਪੇਇੰਗ ਗੈਸਟ ਵਜੋਂ ਰਹਿ ਰਹੇ ਬਹੁਤ ਸਾਰੇ ਕਸ਼ਮੀਰੀ ਨੌਜਵਾਨ ਪੜ੍ਹਾਈ ਛੱਡ ਕੇ ਵਾਪਸ ਪਰਤ ਗਏ ਹਨ।

ਜੰਮੂ ਕਸ਼ਮੀਰ ਵਿਚ ਹਾਲਾਤ ਖਰਾਬ ਹੋਣ ਕਰ ਕੇ ਮਾਪਿਆਂ ਨੇ ਆਪਣੇ ਬੱਚੇ ਪੰਜਾਬ ਅਤੇ ਹੋਰਾਂ ਰਾਜਾਂ ਵਿਚ ਪੜ੍ਹਨ ਲਈ ਭੇਜੇ ਹੋਏ ਹਨ। ਪੰਜਾਬ ਵਿਚ ਕਸ਼ਮੀਰੀ ਨੌਜਵਾਨ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦੇ ਰਹੇ ਹਨ। ਦੇਸ਼ ਵਿਚ ਵੱਡੀ ਘੱਟ ਗਿਣਤੀ ਸਬੰਧੀ ਬਣਾਏ ਜਾ ਰਹੇ ਨਾਂਹਪੱਖੀ ਮਾਹੌਲ ਅਤੇ ਪੁਲਿਸ ਵੱਲੋਂ ਵਰਤੇ ਗਏ ਤੌਰ ਤਰੀਕਿਆਂ ਕਾਰਨ ਵਿਦਿਆਰਥੀਆਂ ਵਿਚ ਡਰ ਦੀ ਭਾਵਨਾ ਪਨਪ ਰਹੀ ਹੈ ਅਤੇ ਨਾਲ ਹੀ ਪੇਇੰਗ ਗੈਸਟ ਹਾਊਸ ਚਲਾ ਰਹੇ ਲੋਕਾਂ ਨੇ ਵੀ ਬਹੁਤੀਆਂ ਥਾਵਾਂ ਉਤੇ ਕਸ਼ਮੀਰੀ ਨੌਜਵਾਨਾਂ ਨੂੰ ਖਾਲੀ ਕਰਨ ਲਈ ਕਹਿ ਦਿੱਤਾ ਹੈ। ਇਹ ਵਰਤਾਰਾ ਸਿਰਫ ਜਲੰਧਰ ਤੱਕ ਸੀਮਤ ਨਹੀਂ, ਇਸ ਦਾ ਅਸਰ ਪੰਜਾਬ ਦੇ ਹੋਰ ਸ਼ਹਿਰਾਂ ਵਿਚ ਵੀ ਹੋਣਾ ਸ਼ੁਰੂ ਹੋ ਗਿਆ ਹੈ। ਪੰਜਾਬ ਵਿਚ ਪੜ੍ਹਨ ਲਈ ਆਏ ਕਸ਼ਮੀਰੀ ਵਿਦਿਆਰਥੀਆਂ ਦੇ ਮਨਾਂ ਵਿਚ ਦਹਿਸ਼ਤ ਪੈਦਾ ਹੋ ਗਈ ਹੈ ਕਿ ਪਤਾ ਨਹੀਂ ਕਦੋਂ ਕਿਸ ਵਿਦਿਆਰਥੀ ਨੂੰ ਪੰਜਾਬ ਪੁਲਿਸ ਚੁੱਕ ਕੇ ਲੈ ਜਾਵੇ। ਕਈ ਵਿਦਿਆਰਥੀ ਤਾਂ ਪੀਜੀ ਵਿਚੋਂ ਆਪਣਾ ਸਾਰਾ ਸਾਮਾਨ ਵੀ ਚੁੱਕ ਕੇ ਲੈ ਗਏ ਹਨ।

ਛੁੱਟੀਆਂ ਉਤੇ ਗਏ ਕਈ ਕਸ਼ਮੀਰੀ ਵਿਦਿਆਰਥੀਆਂ ਨੇ ਆਪਣੀਆਂ ਛੁੱਟੀਆਂ ਵਧਾ ਲਈਆਂ ਹਨ। ਪੰਜਾਬ ਪੁਲਿਸ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਜਲੰਧਰ ਵਿਚ 22 ਅਕਤੂਬਰ ਨੂੰ ਕਸ਼ਮੀਰੀ ਵਿਦਿਆਰਥੀਆਂ ਨੂੰ ਹੀ ਨਿਸ਼ਾਨਾ ਬਣਾਏ ਜਾਣ ਦੇ ਕੀਤੇ ਜਾ ਰਹੇ ਦਾਅਵਿਆਂ ਨੂੰ ਸਿਰੇ ਤੋਂ ਖਾਰਜ ਕੀਤਾ ਸੀ। ਇਸ ਦੇ ਬਾਵਜੂਦ ਕਸ਼ਮੀਰੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ



ਦੇ ਮਨਾਂ ਵਿਚ ਪੰਜਾਬ ਪੁਲਿਸ ਦੀ ਦਹਿਸ਼ਤ ਹੈ। ਜਿਥੇ-ਜਿਥੇ ਵੀ ਕਸ਼ਮੀਰੀ ਵਿਦਿਆਰਥੀ ਰਹਿ ਰਹੇ ਹਨ, ਉਥੇ-ਉਥੇ ਉਨ੍ਹਾਂ ਕੋਲੋਂ ਪੰਜਾਬ ਪੁਲਿਸ ਦੇ ਅਫਸਰ ਜਾ ਕੇ ਤਰ੍ਹਾਂ-ਤਰ੍ਹਾਂ ਦੇ ਸਵਾਲ ਪੁੱਛਦੇ ਹਨ ਜਿਸ ਕਰ ਕੇ ਕਸ਼ਮੀਰੀ ਵਿਦਿਆਰਥੀ ਪਰੇਸ਼ਾਨ ਦੱਸੇ ਜਾਂਦੇ ਹਨ। ਦੋ ਹਫਤਿਆਂ ਬਾਅਦ ਹੀ ਇਨ੍ਹਾਂ ਕਿੱਤਾ ਮੁਖੀ ਕਾਲਜਾਂ ਵਿਚ ਪ੍ਰੀਖਿਆਵਾਂ ਸ਼ੁਰੂ ਹੋਣ ਵਾਲੀਆਂ ਹਨ। ਸੇਂਟ ਸੋਲਜਰ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੇ ਦੋ ਵਿਦਿਆਰਥੀਆਂ ਨੂੰ ਪੰਜਾਬ ਪੁਲਿਸ ਨੇ ਗ੍ਰਿਫਤਾਰ ਕਰ ਕੇ ਇਹ ਦਾਅਵਾ ਕੀਤਾ ਸੀ ਕਿ ਇਹ ਮਕਸੂਦਾਂ ਥਾਣੇ ਦੇ ਬਾਹਰ 14 ਸਤੰਬਰ ਨੂੰ ਹੋਏ ਬੰਬ ਧਮਾਕਿਆਂ ਵਿਚ ਸ਼ਾਮਲ ਸਨ।

ਮਕਸੂਦਾਂ ਇਲਾਕੇ ਦੇ 8 ਪੀ.ਜੀ. ਹਨ ਜਿਨ੍ਹਾਂ ਵਿਚ ਕਸ਼ਮੀਰੀ ਵਿਦਿਆਰਥੀ ਰਹਿ ਰਹੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਘਟਨਾ ਤੋਂ ਬਾਅਦ ਉਹ ਬਹੁਤ ਘੱਟ ਬਾਹਰ ਨਿਕਲਦੇ ਹਨ ਕਿਉਂਕਿ ਲੋਕ ਉਨ੍ਹਾਂ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਦੇਖਦੇ ਹਨ। ਪੀਜੀ ਮਾਲਕ ਬਲਵਿੰਦਰ ਕੌਰ ਦਾ ਕਹਿਣਾ ਸੀ ਕਿ ਉਹ ਵੀ ਡਰ ਗਏ ਸਨ ਕਿ ਜਿਹੜੇ ਕਸ਼ਮੀਰੀ ਵਿਦਿਆਰਥੀ ਉਨ੍ਹਾਂ ਕੋਲ ਰਹਿ ਰਹੇ ਹਨ, ਕਿਧਰੇ ਉਹ ਵੀ ਅਤਿਵਾਦੀ ਸਰਗਰਮੀਆਂ ਵਿਚ ਸ਼ਾਮਲ ਨਾ ਹੋਣ ਪਰ ਪੁਲਿਸ ਵੱਲੋਂ ਵੈਰੀਫਿਕੇਸ਼ਨ ਕਰ ਲੈਣ ਤੋਂ ਬਾਅਦ ਉਨ੍ਹਾਂ ਨੂੰ ਤਸੱਲੀ ਹੋ ਗਈ ਹੈ। ਕਈ ਪੀਜੀ ਵਿਚ ਤਾਂ ਵਿਦਿਆਰਥੀ ਪਿਛਲੇ ਪੰਜ-ਛੇ ਸਾਲਾਂ ਤੋਂ ਰਹਿੰਦੇ ਆ ਰਹੇ ਹਨ। ਕੁਝ ਪੀ.ਜੀ ਵਾਲਿਆਂ ਨੇ ਤਾਂ ਕਸ਼ਮੀਰੀ ਵਿਦਿਆਰਥੀਆਂ ਨੂੰ ਕੱਢ ਦਿੱਤਾ ਹੈ। ਕਸ਼ਮੀਰੀ ਵਿਦਿਆਰਥੀਆਂ ਦੇ ਮਾਪੇ ਵੀ ਬੜੇ ਪਰੇਸ਼ਾਨ ਹਨ। ਉਹ ਵਿੱਦਿਅਕ ਅਦਾਰਿਆਂ ਦੇ ਪ੍ਰਬੰਧਕਾਂ ਨੂੰ ਵਾਰ-ਵਾਰ ਫੋਨ ਕਰ ਕੇ ਆਪਣੇ ਬੱਚਿਆਂ ਬਾਰੇ ਪੁੱਛਦੇ ਹਨ। ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਮਨਵੀਰ ਸਿੰਘ ਚੰਨੀ ਨੇ ਦੱਸਿਆ ਕਿ ਕਾਲਜਾਂ ਵਿਚ ਕਸ਼ਮੀਰੀ ਵਿਦਿਆਰਥੀਆਂ ਦੀ ਹਾਜ਼ਰੀ 50 ਫੀਸਦੀ ਰਹਿ ਗਈ ਹੈ। ਜੋ ਹਾਲਾਤ ਬਣਦੇ ਜਾ ਰਹੇ ਹਨ, ਇਸ ਨਾਲ ਵਿੱਦਿਅਕ ਅਦਾਰਿਆਂ ਨੂੰ ਵੱਡਾ ਆਰਥਿਕ ਨੁਕਸਾਨ ਝੱਲਣਾ ਪਵੇਗਾ ਤੇ ਅਗਲੇ ਸਾਲ ਤੋਂ ਕਸ਼ਮੀਰੀ ਵਿਦਿਆਰਥੀਆਂ ਦੇ ਦਾਖਲੇ ਹੋਰ ਘੱਟ ਜਾਣਗੇ।

### ਕਸ਼ਮੀਰੀ ਵਿਦਿਆਰਥੀਆਂ ਦੇ ਕੇਸ ਦੀ ਪੜਤਾਲ ਐਨ.ਆਈ.ਏ. ਹਵਾਲੇ

**ਚੰਡੀਗੜ੍ਹ:** ਅੰਸਾਰ ਗਜ਼ਾਵਤ-ਉਲ-ਹਿੰਦ (ਏ.ਜੀ.ਐਚ.) ਨਾਲ ਸਬੰਧਤ 3 ਕਸ਼ਮੀਰੀ ਵਿਦਿਆਰਥੀਆਂ ਦੀ ਗ੍ਰਿਫਤਾਰੀ ਦੇ ਕੇਸ ਨੂੰ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੂੰ ਸੌਂਪਣ ਦਾ ਫੈਸਲਾ ਕੀਤਾ ਗਿਆ ਹੈ। ਪੰਜਾਬ ਸਰਕਾਰ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਦਰਮਿਆਨ ਇਸ ਮੁੱਦੇ 'ਤੇ ਹੋਈ ਗੱਲਬਾਤ ਮਗਰੋਂ ਇਹ ਫੈਸਲਾ ਲਿਆ ਗਿਆ ਹੈ। ਇਸ ਕੇਸ ਨੂੰ ਐਨ.ਆਈ.ਏ. ਨੂੰ ਸੌਂਪਣ ਦਾ ਫੈਸਲਾ ਕਰਨ ਸਮੇਂ ਦੋਵਾਂ ਸਰਕਾਰਾਂ ਨੇ ਇਸ ਤੱਥ 'ਤੇ ਵੀ ਗੌਰ ਕੀਤਾ ਹੈ ਕਿ ਇਨ੍ਹਾਂ ਗ੍ਰਿਫਤਾਰੀਆਂ ਤੋਂ ਬਾਅਦ 2 ਹੋਰ ਕਸ਼ਮੀਰੀ ਵਿਦਿਆਰਥੀਆਂ ਨੂੰ ਪੰਜਾਬ ਪੁਲਿਸ ਦੁਆਰਾ 14 ਸਤੰਬਰ ਨੂੰ ਮਕਸੂਦਾਂ ਪੁਲਿਸ ਥਾਣੇ ਉਤੇ ਹੋਏ ਹੈਂਡ ਗਰਨੇਡ ਧਮਾਕੇ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਇਨ੍ਹਾਂ ਦੇ 2 ਸਾਥੀ ਫਰਾਰ ਦੱਸੇ ਜਾਂਦੇ ਹਨ। ਦੱਸਣਯੋਗ ਹੈ ਕਿ ਇਹ ਤਿੰਨੇ ਵਿਦਿਆਰਥੀ ਬੀਤੇ ਮਹੀਨੇ ਪੰਜਾਬ ਪੁਲਿਸ ਅਤੇ ਜੰਮੂ ਤੇ ਕਸ਼ਮੀਰ ਪੁਲਿਸ ਦੇ ਸਪੈਸ਼ਲ ਆਪਰੇਸ਼ਨਜ਼ ਗਰੁੱਪ ਦੁਆਰਾ ਚਲਾਏ ਇਕ ਸਾਂਝੇ ਅਪਰੇਸ਼ਨ ਦੌਰਾਨ ਗ੍ਰਿਫਤਾਰ ਕੀਤੇ ਗਏ ਸਨ।

### ਕਸ਼ਮੀਰੀ ਵਪਾਰੀਆਂ ਨੂੰ ਅਤਿਵਾਦੀ ਕਹਿਣਾ ਗਲਤ: ਸ਼ਾਹੀ ਇਮਾਮ

**ਲੁਧਿਆਣਾ:** ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਹਬੀਬ ਉਰ ਰਹਿਮਾਨ ਸਾਨੀ ਲੁਧਿਆਣਵੀ ਨੇ ਕਿਹਾ ਹੈ ਕਿ ਕਸ਼ਮੀਰੀ ਵਪਾਰੀਆਂ ਨੂੰ ਅਤਿਵਾਦੀ ਅਤੇ ਸ਼ੱਕੀ ਕਹਿਣਾ ਨਿੰਦਣਯੋਗ ਹੈ। ਸ਼ਾਹੀ ਇਮਾਮ ਨੇ ਕਿਹਾ ਕਿ ਦੀਵਾਲੀ ਦੀ ਖੁਸ਼ੀ ਮੌਕੇ ਕੁਝ ਅਖ਼ਬਾਰਾਂ ਵੱਲੋਂ ਜਿਥੇ ਅਤਿਵਾਦੀਆਂ ਦੀ ਝੂਠੀ ਖਬਰ ਨਾਲ ਸ਼ਹਿਰ ਵਾਸੀਆਂ ਨੂੰ ਡਰਾਇਆ ਗਿਆ ਉਥੇ ਹੀ ਬੇਕਸੂਰ ਵਪਾਰੀਆਂ 'ਚ ਖੌਫ਼ ਦਾ ਮਾਹੌਲ ਵੀ ਪਾਇਆ ਜਾ ਰਿਹਾ ਹੈ। ਸ਼ਾਹੀ ਇਮਾਮ ਨੇ ਕਿਹਾ ਕਿ ਝੂਠੇ ਇਲਜ਼ਾਮ ਲਗਾ ਕੇ ਕਿਸੇ ਬੇਕਸੂਰ ਦੀ ਜ਼ਿੰਦਗੀ ਬਰਬਾਦ ਕਰਨ ਨੂੰ ਕਦੇ ਵੀ ਸਹੀ ਨਹੀਂ ਠਹਿਰਾਇਆ ਜਾ ਸਕਦਾ।

# ਬੰਦੀ ਛੋੜ ਦਿਵਸ: ਤਿੰਨ ਜਥੇਦਾਰਾਂ ਵੱਲੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ

**ਅੰਮ੍ਰਿਤਸਰ:** ਅਕਾਲ ਤਖ਼ਤ ਦੇ ਨਵੇਂ ਥਾਪੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਬੰਦੀ ਛੋੜ ਦਿਵਸ ਮੌਕੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਦੇਸ਼ ਦੀਆਂ ਸਰਕਾਰਾਂ, ਕਾਨੂੰਨ ਤੇ ਅਦਾਲਤਾਂ ਨੂੰ ਲੋਕ ਕਟਹਿਰੇ ਵਿਚ ਖੜ੍ਹੇ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਸਿੱਖਾਂ ਨੂੰ



ਇਨਸਾਫ ਦੇਣ ਦੀ ਥਾਂ ਦਰਦ ਦਿੱਤਾ ਹੈ, ਜਿਸ ਨਾਲ ਸਿੱਖਾਂ ਨੂੰ ਦੇਸ਼ ਵਿਚ ਬੇਗਾਨਗੀ ਦਾ ਅਹਿਸਾਸ ਕਰਾਇਆ ਗਿਆ। ਪਹਿਲੀ ਵਾਰ ਹੀ ਸੰਦੇਸ਼ ਜਾਰੀ ਕਰਨ ਸਮੇਂ ਗਰਮਖਿਆਲੀ ਧਿਰਾਂ ਨਾਲ ਸਬੰਧਤ ਕਾਰਕੁਨਾਂ ਨੇ ਉਨ੍ਹਾਂ ਦਾ ਵਿਰੋਧ ਕੀਤਾ ਅਤੇ ਕਾਲੀਆਂ ਝੰਡੀਆਂ ਦਿਖਾਈਆਂ। ਇਸ ਤੋਂ ਇਲਾਵਾ ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰਾਂ ਜਗਤਾਰ ਸਿੰਘ ਹਵਾਰਾ ਅਤੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਵੀ ਵੱਖੋ-ਵੱਖ ਸੰਦੇਸ਼ ਜਾਰੀ ਕੀਤੇ। ਪਹਿਲਾ ਮੌਕਾ ਹੈ ਕਿ ਤਿੰਨ ਜਥੇਦਾਰਾਂ ਵੱਲੋਂ ਸਿੱਖ ਕੌਮ ਦੇ ਨਾਂ ਵੱਖ ਵੱਖ ਸੰਦੇਸ਼ ਜਾਰੀ ਕੀਤੇ।

ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਤੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਗੁਰਬਾਣੀ ਦੇ ਗਿਆਨ ਨਾਲ ਦੁਨੀਆਂ ਵਿਚ ਫੈਲੇ ਅੰਧਕਾਰ ਨੂੰ ਖਤਮ ਕਰਨ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਸਾਰੀਆਂ ਪੰਥਕ ਧਿਰਾਂ ਇਕ-ਦੂਜੇ ਨੂੰ ਭੰਡਣ ਦੀ ਥਾਂ ਗੁਰਬਾਣੀ ਦੀ ਰੌਸ਼ਨੀ ਵਿਚ ਕੀਤੇ ਗੁਰਮਤਿ ਕਾਰਜਾਂ ਨੂੰ ਉਤਸ਼ਾਹਿਤ ਕਰਨ ਅਤੇ 2019 ਵਿਚ ਮਨਾਏ ਜਾਣ ਵਾਲੇ 550 ਸਾਲਾ ਪ੍ਰਕਾਸ਼ ਪੁਰਬ ਦੀ ਵਿਉਂਤਬੰਦੀ ਇਕਜੁੱਟ ਹੋ ਕੇ ਕਰਨ। ਇਸ ਦੌਰਾਨ ਜਦੋਂ ਕਾਰਜਕਾਰੀ ਜਥੇਦਾਰ ਵੱਲੋਂ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਗਿਆ ਤਾਂ ਉਥੇ ਹਾਜ਼ਰ ਸਰਬੱਤ ਖਾਲਸਾ ਪ੍ਰਬੰਧਕਾਂ ਵਿਚ ਸ਼ਾਮਲ ਜਰਨੈਲ ਸਿੰਘ ਸਖੀਰਾ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਦਾ ਵਿਰੋਧ ਕੀਤਾ ਗਿਆ। ਇਕ ਧਿਰ ਨੇ ਕਾਲੀਆਂ ਝੰਡੀਆਂ ਵੀ ਦਿਖਾਈਆਂ ਅਤੇ ਸੰਤ ਭਿੰਡਰਾਂਵਾਲਾ ਪੱਖੀ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਮੁਤਵਾਜ਼ੀ ਜਥੇਦਾਰਾਂ ਜਗਤਾਰ ਸਿੰਘ ਹਵਾਰਾ ਅਤੇ ਧਿਆਨ ਸਿੰਘ ਮੰਡ ਪੱਖੀ ਨਾਅਰੇ ਵੀ ਲਾਏ। ਇਸ ਵਾਰ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਤਿੰਨ ਜਥੇਦਾਰਾਂ ਵੱਲੋਂ ਵੱਖ-ਵੱਖ ਥਾਵਾਂ ਤੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤੇ ਗਏ ਹਨ।

ਅਕਾਲ ਤਖ਼ਤ ਦੇ ਨਾਂ 'ਤੇ ਸਿੱਖ ਕੌਮ ਨੂੰ ਇਕਜੁਟ ਕਰਨ ਦੇ ਇਨ੍ਹਾਂ ਵੱਖ-ਵੱਖ ਸੰਦੇਸ਼ਾਂ ਨੇ ਸਿੱਖ ਕੌਮ ਨੂੰ ਦੁਚਿੱਤੀ ਵਿਚ ਪਾਇਆ ਹੈ। ਸਰਬੱਤ ਖਾਲਸਾ 2015 ਵੱਲੋਂ ਥਾਪੇ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਜੇਲ੍ਹ ਵਿਚੋਂ ਲਿਖਿਆ ਸੰਦੇਸ਼ ਜਾਰੀ ਹੋਇਆ ਹੈ, ਜਿਸ ਵਿਚ ਬੰਦੀ ਛੋੜ ਦਿਵਸ ਦੇ ਇਤਿਹਾਸ ਨੂੰ ਦੱਸਦਿਆਂ ਸਿੱਖ ਕੌਮ ਨੂੰ ਬਾਣੀ ਤੇ ਬਾਣੇ ਦੇ ਧਾਰਨੀ ਹੋਣ ਦੀ ਅਪੀਲ ਕਰਦਿਆਂ ਅਕਾਲ ਤਖ਼ਤ ਦੀ ਪ੍ਰਭੂਸੱਤਾ ਦੇ ਸਿਧਾਂਤ ਨੂੰ ਸਵਾਰਥੀ ਸਿਆਸਤਦਾਨਾਂ ਦੇ ਚੁੰਗਲ ਵਿਚੋਂ ਮੁਕਤ ਕਰਾਉਣ ਲਈ ਆਖਿਆ ਹੈ। ਪੰਥਕ ਏਕਤਾ ਨੂੰ ਜ਼ਰੂਰੀ ਦੱਸਦਿਆਂ ਸਿੱਖ ਕੌਮ ਦੇ ਹਿੱਤਾਂ ਲਈ




'ਵਰਲਡ ਸਿੱਖ ਪਾਰਲੀਮੈਂਟ' ਦੀ ਸਥਾਪਨਾ ਦਾ ਹਵਾਲਾ ਦਿੱਤਾ ਗਿਆ ਹੈ। ਇਸ ਦੌਰਾਨ ਮੁਤਵਾਜ਼ੀ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਵੀ ਵੱਖਰਾ ਸੰਦੇਸ਼ ਜਾਰੀ ਕੀਤਾ ਹੈ।

# ਸੜਕਨਾਮਾ ਦਾ ਕੈਨੇਡਾ 'ਚ 'ਢਾਹਾਂ ਪੁਰਸਕਾਰ' ਨਾਲ ਸਨਮਾਨ

**ਜਲੰਧਰ:** ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨੂੰ ਕੈਨੇਡਾ ਵਿਚ ਢਾਹਾਂ ਕਲੇਰਾਂ ਸੰਸਥਾ ਵੱਲੋਂ ਆਰੰਭਿਆ ਪੰਜਾਬੀ ਦਾ 25,000 ਕੈਨੇਡੀਅਨ ਡਾਲਰ ਇਨਾਮੀ ਰਾਸ਼ੀ ਵਾਲਾ ਵੱਕਾਰੀ ਢਾਹਾਂ ਪੁਰਸਕਾਰ ਉਨ੍ਹਾਂ ਦੇ ਚਰਚਿਤ ਨਾਵਲ 'ਸੂਰਜ ਦੀ ਅੱਖ' ਲਈ ਦਿੱਤਾ ਗਿਆ। ਜਿਥੇ ਬਲਦੇਵ ਸਿੰਘ ਦੇ ਨਾਵਲ ਸੂਰਜ ਦੀ ਅੱਖ ਨੂੰ ਪਹਿਲਾ ਪੁਰਸਕਾਰ ਮਿਲਿਆ, ਉਥੇ ਹੀ ਡਾ. ਨਸੀਰ ਅੱਬਾਸ ਬਲੋਚੀ ਦੀ ਪੁਸਤਕ 'ਝੂਠਾ ਸੱਚਾ ਕੋਈ ਨਾ' ਅਤੇ ਹਰਪ੍ਰੀਤ ਸੇਖਾ ਦੀ ਪੁਸਤਕ 'ਪਰਿਜ਼ਮ' ਨੂੰ 10,000 ਕੈਨੇਡੀਅਨ ਡਾਲਰ ਦਾ ਵਿਸ਼ੇਸ਼ ਇਨਾਮ ਮਿਲਿਆ।

ਇਹ ਇਨਾਮ ਵੰਡ ਸਮਾਗਮ ਬ੍ਰਿਟਿਸ਼ ਕੋਲੰਬੀਆ ਯੂਨੀਵਰਸਟੀ ਵਿਚ ਹੋਇਆ। ਬਲਦੇਵ ਸਿੰਘ ਸੜਕਨਾਮਾ ਦੇ ਪੁੱਤਰ ਅਤੇ ਮੇਹਰ ਚੰਦ ਪੌਲੀਟੈਕਨਿਕ ਕਾਲਜ ਜਲੰਧਰ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਇਹ ਇਨਾਮ ਉਨ੍ਹਾਂ ਨੂੰ ਪਾਠਕਾਂ ਦੇ ਅਥਾਹ ਸਨੇਹ ਅਤੇ ਪਿਆਰ ਸਦਕਾ ਮਿਲਿਆ ਹੈ।

ਬਲਦੇਵ ਸਿੰਘ ਨੇ ਕਿਹਾ ਕਿ ਉਹ ਸਿਰਫ ਆਪਣੇ ਪਾਠਕਾਂ ਦੀ ਖੁਸ਼ੀ ਲਈ ਲਿਖਦੇ ਹਨ। ਉਨ੍ਹਾਂ ਨੇ 70 ਦੇ ਕਰੀਬ ਪੁਸਤਕਾਂ ਲਿਖੀਆਂ ਹਨ, ਜਿਨ੍ਹਾਂ ਵਿਚ 'ਲਾਲ ਬੱਤੀ', 'ਸੜਕਨਾਮਾ', 'ਅੰਨਦਾਤਾ', 'ਢਾਹਵਾਂ ਦਿੱਲੀ ਦੇ ਕਿੰਗਰੇ', 'ਸਤਲੁਜ ਵਹਿੰਦਾ ਰਿਹਾ' ਅਤੇ 'ਪੰਜਵਾਂ



ਸਾਹਿਬਜ਼ਾਦਾ' ਆਦਿ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਸ ਵੇਲੇ ਉਹ ਸ਼ਹੀਦ ਊਧਮ ਸਿੰਘ ਉਪਰ ਕੰਮ ਕਰ ਰਹੇ ਹਨ ਤੇ ਛੇਤੀ ਹੀ ਪਾਠਕਾਂ ਦੀ ਝੋਲੀ ਵਿਚ ਇਹ ਪੁਸਤਕ ਹੋਵੇਗੀ। ਉਨ੍ਹਾਂ ਪੁਸਤਕ ਦੀ ਚੋਣ ਲਈ ਸਾਹਿਤਕਾਰਾਂ ਦੀ ਚੋਣ ਕਮੇਟੀ ਅਤੇ ਬਰਜ ਢਾਹਾਂ ਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ ਕੀਤਾ।

# ਹਜ਼ੂਰ ਸਾਹਿਬ ਲਈ ਹੁਣ ਬਠਿੰਡਾ ਤੋਂ ਵਾਇਆ ਦਿੱਲੀ ਉਡਾਣ ਦੀ ਹੋਵੇਗੀ ਸ਼ੁਰੂਆਤ

**ਬਠਿੰਡਾ:** ਤਖਤ ਸ੍ਰੀ ਸੱਚਖੰਡ ਹਜ਼ੂਰ ਸਾਹਿਬ ਲਈ ਹੁਣ ਬਠਿੰਡਾ ਤੋਂ ਵਾਇਆ ਦਿੱਲੀ ਉਡਾਣ ਸ਼ੁਰੂ ਹੋਵੇਗੀ। ਏਅਰ ਇੰਡੀਆ ਵੱਲੋਂ 19 ਨਵੰਬਰ ਤੋਂ ਦਿੱਲੀ-ਨਾਂਦੇੜ ਸਾਹਿਬ ਲਈ ਹਵਾਈ



ਉਡਾਣ ਸ਼ੁਰੂ ਕੀਤੀ ਜਾ ਰਹੀ ਹੈ ਜੋ ਕੁਨੈਕਟਿਡ ਫਲਾਈਟ ਵਜੋਂ ਬਠਿੰਡਾ ਹਵਾਈ ਅੱਡੇ ਨਾਲ ਜੁੜੇਗੀ। ਬਠਿੰਡਾ-ਦਿੱਲੀ ਹਵਾਈ ਉਡਾਣ ਅਤੇ ਦਿੱਲੀ ਨਾਂਦੇੜ ਉਡਾਣ ਦਾ ਸਮਾਂ ਆਪਸ ਵਿਚ ਮੇਲ ਖਾ ਰਿਹਾ ਹੈ। ਕੁਨੈਕਟਿਡ ਫਲਾਈਟ ਰਾਹੀਂ ਸ਼ਰਧਾਲੂ ਹੁਣ ਬਠਿੰਡਾ ਤੋਂ ਨਾਂਦੇੜ ਸਾਹਿਬ ਜਾ ਸਕਣਗੇ। ਫਿਲਹਾਲ ਇਹ ਕੁਨੈਕਟਿਡ ਫਲਾਈਟ ਇਕਤਰਫ਼ਾ ਹੀ ਹੋਵੇਗੀ ਅਤੇ ਵਾਪਸੀ ਲਈ ਇਹ ਸੁਵਿਧਾ ਅਜੇ ਦੂਰ ਜਾਪਦੀ ਹੈ।

ਏਅਰ ਇੰਡੀਆ ਵੱਲੋਂ ਚੰਡੀਗੜ੍ਹ ਤੋਂ ਨਾਂਦੇੜ ਲਈ ਵਾਇਆ ਦਿੱਲੀ ਵੀ ਕੁਨੈਕਟਿਡ ਉਡਾਣ ਸ਼ੁਰੂ ਕੀਤੀ ਜਾ ਰਹੀ ਹੈ। ਬਠਿੰਡਾ ਤੋਂ ਦਿੱਲੀ ਲਈ ਜੋ ਹਫਤੇ ਵਿਚ ਤਿੰਨ ਦਿਨ ਉਡਾਣ ਹੁੰਦੀ ਸੀ, ਉਹ 16 ਜੁਲਾਈ ਤੋਂ ਵਧਾ ਕੇ ਹਫਤੇ ਵਿਚ ਚਾਰ ਦਿਨ ਕਰ ਦਿੱਤੀ ਗਈ ਹੈ। ਪਹਿਲਾਂ ਹਫਤੇ 'ਚ ਤਿੰਨ ਦਿਨ ਬਠਿੰਡਾ-ਦਿੱਲੀ ਉਡਾਣ ਮੰਗਲਵਾਰ, ਵੀਰਵਾਰ ਅਤੇ ਸਨਿਚਰਵਾਰ ਨੂੰ ਹੁੰਦੀ ਸੀ ਅਤੇ ਹੁਣ ਸੋਮਵਾਰ ਵਾਲੇ ਦਿਨ ਵੀ ਉਡਾਣ ਕਰ ਦਿੱਤੀ ਗਈ ਹੈ। ਬਠਿੰਡਾ ਤੋਂ ਜਹਾਜ਼ 11.10 ਵਜੇ ਦਿੱਲੀ ਲਈ ਉਡਾਣ ਭਰਦਾ ਹੈ ਜੋ 12.10 ਉਤੇ ਦਿੱਲੀ ਪੁੱਜ ਜਾਂਦਾ ਹੈ। ਅੱਗਿਓਂ ਦਿੱਲੀ ਤੋਂ ਨਾਂਦੇੜ ਲਈ ਉਡਾਣ ਦਾ ਸਮਾਂ 3.20 ਵਜੇ ਦਾ ਹੈ। ਬਠਿੰਡਾ ਖਿੱਤੇ ਦੇ ਲੋਕਾਂ ਨੂੰ ਇਸ ਦਾ ਵੱਡਾ ਲਾਹਾ ਮਿਲੇਗਾ। ਬਠਿੰਡਾ ਹਵਾਈ ਅੱਡੇ ਦੇ ਟਰਮੀਨਲ ਮੈਨੇਜਰ ਸਚਿਨ ਕੁਮਾਰ ਦਾ ਕਹਿਣਾ ਸੀ ਕਿ ਹੁਣ ਬਠਿੰਡਾ ਤੋਂ ਹਵਾਈ ਰਸਤੇ ਯਾਤਰੀ ਕੁਨੈਕਟਿਡ ਉਡਾਣ ਜ਼ਰੀਏ ਵਾਇਆ ਦਿੱਲੀ-ਨਾਂਦੇੜ ਜਾਣ ਲਈ ਇਕ ਟਿਕਟ ਦੀ ਸਹੂਲਤ ਵੀ ਹੋਵੇਗੀ।

ਜ਼ਿਕਰਯੋਗ ਹੈ ਕਿ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੀ ਆਖ ਚੁੱਕੇ ਹਨ ਕਿ ਉਹ ਹੁਣ ਬਠਿੰਡਾ-ਨਾਂਦੇੜ ਉਡਾਣ ਸ਼ੁਰੂ ਕਰਾਉਣ ਲਈ ਯਤਨ ਕਰਨਗੇ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸੀਨੀਅਰ ਆਗੂ ਗੁਰਸੇਵਕ ਸਿੰਘ ਜਵਾਹਰਕੇ ਦਾ ਕਹਿਣਾ ਸੀ ਕਿ ਸਿੱਖ ਤਖਤਾਂ ਨੂੰ ਹਵਾਈ ਸੇਵਾ ਜ਼ਰੀਏ ਆਪਸ ਵਿਚ ਜੋੜਿਆ ਜਾਣਾ ਚਾਹੀਦਾ ਹੈ। ਬਠਿੰਡਾ-ਜੰਮੂ ਉਡਾਣ ਇਸੇ ਵਰ੍ਹੇ 27 ਫਰਵਰੀ ਤੋਂ ਸ਼ੁਰੂ ਹੋਈ ਹੈ ਅਤੇ ਅਲਾਇੰਸ ਏਅਰਲਾਈਨਜ਼ ਦਾ 70 ਸੀਟਾਂ ਜਹਾਜ਼ ਉਡਾਣ ਭਰਦਾ ਹੈ। ਇਹ ਉਡਾਣ ਹਫਤੇ ਦੇ ਸਾਰੇ ਦਿਨ ਚੱਲਦੀ ਹੈ। ਜੰਮੂ ਤੋਂ ਬਠਿੰਡਾ ਲਈ 9.20 ਵਜੇ ਸਵੇਰੇ ਜਹਾਜ਼ ਉੱਡਦਾ ਹੈ ਜੋ ਕਿ 10.30 ਵਜੇ ਬਠਿੰਡਾ ਉਤਰਦਾ ਹੈ। ਬਠਿੰਡਾ ਤੋਂ 11 ਵਜੇ ਉਡਾਣ ਭਰ ਕੇ ਜੰਮੂ ਏਅਰਪੋਰਟ ਤੇ 12.10 ਉਤੇ ਉਤਰਦਾ ਹੈ। ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਕੇ.ਕੇ. ਅਗਰਵਾਲ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਬਠਿੰਡਾ ਦਿੱਲੀ ਉਡਾਣ ਹਫਤੇ ਦੇ ਸਾਰੇ ਦਿਨ ਕੀਤੀ ਜਾਵੇ।

# ਪੰਜਾਬ ਸਰਕਾਰ ਨੇ ਉਚ ਸਿੱਖਿਆ ਨੂੰ ਅਣਗੌਲਿਆ, 57% ਅਸਾਮੀਆਂ ਖਾਲੀ

**ਪਟਿਆਲਾ:** ਪਟਿਆਲਾ ਅਤੇ ਅੰਮ੍ਰਿਤਸਰ ਸਥਿਤ ਗੌਰਮਿੰਟ ਮੈਡੀਕਲ ਕਾਲਜਾਂ ਵਿਚ ਪ੍ਰੋਫੈਸਰਾਂ, ਐਸੋਸੀਏਟ ਪ੍ਰੋਫੈਸਰਾਂ ਅਤੇ ਅਸਿਸਟੈਂਟ ਪ੍ਰੋਫੈਸਰਾਂ ਸਮੇਤ ਅਧਿਆਪਕ ਵਰਗ ਦੀਆਂ 57 ਫੀਸਦੀ ਅਸਾਮੀਆਂ ਖਾਲੀ ਹਨ। ਇਸ ਦੌਰਾਨ ਜਿਥੇ ਚੋਖੀਆਂ ਫੀਸਾਂ ਭਰਨ ਦੇ ਬਾਵਜੂਦ ਮੈਡੀਕਲ ਵਿਦਿਆਰਥੀਆਂ ਦੀ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ, ਉਥੇ ਮੌਜੂਦ ਅਧਿਆਪਕਾਂ ਨੂੰ ਵੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਦੋਵਾਂ ਕਾਲਜਾਂ ਵਿਚਲੀਆਂ 626 ਵਿਚੋਂ 358 ਅਸਾਮੀਆਂ ਖਾਲੀ ਹਨ। ਇਨ੍ਹਾਂ ਦੋਵਾਂ ਕਾਲਜਾਂ ਵਿਚ ਪ੍ਰੋਫੈਸਰਾਂ ਦੀਆਂ 154 ਵਿਚੋਂ 105 ਅਸਾਮੀਆਂ ਹੀ ਭਰੀਆਂ ਹੋਣ ਕਰ ਕੇ 49 ਖਾਲੀ ਹਨ। ਐਸੋਸੀਏਟ ਪ੍ਰੋਫੈਸਰਾਂ ਦੀਆਂ 182 ਵਿਚੋਂ 108 ਅਸਾਮੀਆਂ ਖਾਲੀ ਹਨ। ਇਸ ਵੇਲੇ 74 ਐਸੋਸੀਏਟ ਪ੍ਰੋਫੈਸਰ ਹੀ ਹਨ ਜਦਕਿ ਅਸਿਸਟੈਂਟ ਪ੍ਰੋਫੈਸਰਾਂ ਦੀਆਂ 201 ਅਸਾਮੀਆਂ ਖਾਲੀ ਹਨ ਕਿਉਂਕਿ 290 ਵਿਚੋਂ 89 ਅਸਾਮੀਆਂ ਹੀ ਭਰੀਆਂ ਹੋਈਆਂ ਹਨ। ਕੁਝ ਸਮਾਂ ਪਹਿਲਾਂ ਦਰਜਨਾਂ ਐਸੋਸੀਏਟ ਪ੍ਰੋਫੈਸਰ ਤੇ ਅਸਿਸਟੈਂਟ ਪ੍ਰੋਫੈਸਰ ਪਦਉਨੰਤ ਕੀਤੇ ਗਏ ਹਨ, ਜਿਸ ਕਰ ਕੇ ਅਸਿਸਟੈਂਟ ਪ੍ਰੋਫੈਸਰਾਂ ਦੀਆਂ ਖਾਲੀ ਅਸਾਮੀਆਂ ਦੀ ਗਿਣਤੀ ਜ਼ਿਆਦਾ ਹੈ।

ਦੋਵਾਂ ਕਾਲਜਾਂ ਵਿਚ ਪਹਿਲਾਂ ਐਮ. ਬੀ. ਬੀ. ਐਸ. ਲਈ ਵਿਦਿਆਰਥੀਆਂ ਵਾਸਤੇ ਡੇਢ-ਡੇਢ ਸੌ ਸੀਟਾਂ ਸਨ, ਜੋ ਕੁਝ ਸਮਾਂ ਪਹਿਲਾਂ ਦੋ-ਦੋ ਸੌ ਕਰ ਦਿੱਤੀਆਂ ਗਈਆਂ, ਪਰ ਬੰਦ ਹੋਏ ਗਿਆਨ ਸਾਗਰ ਮੈਡੀਕਲ ਕਾਲਜ ਬਨੂੜ ਅਤੇ ਚਿੰਤਪੁਰਨੀ ਮੈਡੀਕਲ ਕਾਲਜ ਪਠਾਨਕੋਟ ਦੇ ਪੰਜਾਹ-ਪੰਜਾਹ ਵਿਦਿਆਰਥੀ ਵੀ ਇਨ੍ਹਾਂ ਦੋਵਾਂ ਸਰਕਾਰੀ ਕਾਲਜਾਂ ਵਿਚ ਤਬਦੀਲ ਕੀਤੇ ਜਾ ਚੁੱਕੇ ਹਨ। ਇਸ ਲਿਹਾਜ਼ ਨਾਲ ਵਿਦਿਆਰਥੀਆਂ ਦੀਆਂ ਢਾਈ-ਢਾਈ ਸੌ ਸੀਟਾਂ ਭਰੀਆਂ ਹੋਈਆਂ ਹਨ। ਪਰ ਅਧਿਆਪਕਾਂ ਦੀ ਗਿਣਤੀ ਨਹੀਂ ਵਧਾਈ ਗਈ, ਜਿਸ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਦਾ ਪ੍ਰਭਾਵਤ ਹੋਣਾ ਸੁਭਾਵਿਕ ਹੀ ਹੈ।

## ਅੰਮ੍ਰਿਤਸਰ ਹਵਾਈ ਅੱਡੇ ਤੋਂ 6 ਨਵੇਂ ਰੂਟਾਂ ਲਈ ਉਡਾਨਾਂ ਨੂੰ ਪ੍ਰਵਾਨਗੀ

**ਅੰਮ੍ਰਿਤਸਰ:** ਅੰਮ੍ਰਿਤਸਰ ਵਿਚਲੇ ਸ੍ਰੀ ਗੁਰੂ ਰਾਮ ਦਾਸ ਕੌਮਾਂਤਰੀ ਹਵਾਈ ਅੱਡੇ ਤੋਂ 6 ਨਵੇਂ ਰੂਟਾਂ ਲਈ ਉਡਾਣਾਂ ਸ਼ੁਰੂ ਹੋਣਗੀਆਂ। ਕੇਂਦਰੀ ਹਵਾਬਾਜ਼ੀ ਮੰਤਰਾਲੇ ਨੇ ਖੇਤਰੀ ਸੰਪਰਕ ਯੋਜਨਾ (ਆਰ.ਸੀ.ਐਸ.) ਦੀ ਉਡਾਨ-3 ਯੋਜਨਾ ਦੇ ਤਹਿਤ ਅੰਮ੍ਰਿਤਸਰ ਹਵਾਈ ਅੱਡੇ ਤੋਂ 6 ਨਵੇਂ ਰੂਟਾਂ ਲਈ ਉਡਾਣਾਂ ਨੂੰ ਪ੍ਰਵਾਨਗੀ ਦਿੱਤੀ ਹੈ। ਅੰਮ੍ਰਿਤਸਰ ਵਿਕਾਸ ਮੰਚ ਦੇ ਵਫਦ ਵੱਲੋਂ ਉਕਤ ਮੰਗ ਸਮੇਤ ਕਈ ਮੰਗਾਂ ਰੱਖੀਆਂ ਗਈਆਂ ਸਨ। ਉਡਾਨ-3 ਸੈਰ-ਸਪਾਟਾ ਸਥਾਨਾਂ ਬਾਰੇ ਯੋਜਨਾ ਤਹਿਤ ਅੰਮ੍ਰਿਤਸਰ ਨੂੰ ਇਹ 6 ਨਵੇਂ ਰੂਟ ਪ੍ਰਦਾਨ ਕੀਤੇ ਗਏ ਹਨ।

## ਭਾਰਤੀ ਮੂਲ ਦੇ ਭਰਾਵਾਂ 'ਤੇ ਧੋਖਾਧੜੀ ਦਾ ਦੋਸ਼

**ਨਿਊ ਯਾਰਕ:** ਸੰਘੀ ਰੈਗੂਲੇਟਰ ਨੇ ਇਥੇ ਭਾਰਤੀ ਮੂਲ ਦੇ ਦੋ ਭਰਾਵਾਂ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨਿਵੇਸ਼ਕਾਂ ਨੂੰ ਛੋਟੀਆਂ ਤੇ ਸੂਖਮ ਕੰਪਨੀਆਂ ਬਾਰੇ ਗਲਤ ਜਾਣਕਾਰੀ ਦੇ ਕੇ ਉਨ੍ਹਾਂ ਨਾਲ ਠੱਗੀ ਮਾਰੀ ਹੈ। ਨਿਊ ਯਾਰਕ ਰਹਿੰਦੇ ਅਜੇ ਟੰਡਨ ਤੇ ਅਮਿਤ ਟੰਡਨ ਅਤੇ ਉਨ੍ਹਾਂ ਦੀ ਸਟੌਕ ਰਿਸਰਚ ਫਰਮ ਖਿਲਾਫ ਸਕਿਉਰਿਟੀ ਤੇ ਐਕਸਚੇਂਜ ਕਮਿਸ਼ਨ ਨੇ ਦੋਸ਼ ਲਾਇਆ ਹੈ ਕਿ ਮੁਲਜ਼ਮਾਂ ਨੇ ਨਿਵੇਸ਼ਕਾਂ ਨੂੰ ਕੰਪਨੀਆਂ ਬਾਰੇ ਗਲਤ ਤੇ ਅਧੂਰੀ ਜਾਣਕਾਰੀ ਦੇ ਕੇ ਹਜ਼ਾਰਾਂ ਡਾਲਰ ਦੀ ਵਸੂਲੀ ਕੀਤੀ ਹੈ। ਅਜੇ ਇਸ ਕੰਪਨੀ ਦਾ ਸੀ. ਈ. ਓ. ਅਤੇ ਅਮਿਤ ਡਾਇਰੈਕਟਰ ਹੈ।

# ਫਰੀਦਕੋਟ ਰਿਆਸਤ ਦੀ ਮਹਾਰਾਣੀ ਦੀਪਿੰਦਰ ਕੌਰ ਦਾ ਦੇਹਾਂਤ

**ਫਰੀਦਕੋਟ:** ਫਰੀਦਕੋਟ ਰਿਆਸਤ ਦੇ ਆਖਰੀ ਮਹਾਰਾਜਾ ਹਰਿੰਦਰ ਸਿੰਘ ਬਰਾੜ ਦੀ ਧੀ ਮਹਾਰਾਣੀ ਦੀਪਿੰਦਰ ਕੌਰ (82 ਸਾਲ) ਦਾ ਰਾਜ ਮਹਿਲ ਵਿਚ ਦੇਹਾਂਤ ਹੋ ਗਿਆ। ਮਹਾਰਾਣੀ ਦੀਪਿੰਦਰ ਕੌਰ ਰਾਜਾ ਹਰਿੰਦਰ ਸਿੰਘ ਵੱਲੋਂ ਫਰੀਦਕੋਟ ਰਿਆਸਤ ਦੀਆਂ ਜਾਇਦਾਦਾਂ ਸਾਂਭਣ ਲਈ ਬਣਾਏ ਗਏ ਮਹਾਰਾਵਲ ਖੇਵਾਜੀ ਟਰੱਸਟ ਦੇ ਚੇਅਰਪਰਸਨ ਸਨ। ਰਾਜਕੁਮਾਰੀ ਦੀਪਿੰਦਰ ਕੌਰ ਦਾ ਵਿਆਹ 1959 ਵਿਚ ਵਰਧਮਾਨ ਰਿਆਸਤ (ਪੱਛਮੀ ਬੰਗਾਲ) ਦੇ ਮਹਾਰਾਜਾ ਬੀਰ ਜੈ ਵਰਧਨ ਦੇ ਵੱਡੇ ਪੁੱਤਰ ਸਦਾ ਚੰਦ ਮਹਿਤਾਬ ਨਾਲ ਹੋਇਆ ਸੀ।

ਮਹਾਰਾਣੀ ਦੇ ਦੇਹਾਂਤ ਮੌਕੇ ਉਨ੍ਹਾਂ ਦੀ ਪੁੱਤਰੀ ਨਿਸ਼ਾ ਅਤੇ ਪੁੱਤਰ ਜੈ ਚੰਦ ਮਹਿਤਾਬ ਸ਼ਾਹੀ ਮਹਿਲ ਵਿਚ ਮੌਜੂਦ ਸਨ। ਦੱਸਣਯੋਗ ਹੈ ਕਿ ਫਰੀਦਕੋਟ ਦੇ ਅੰਤਿਮ ਮਹਾਰਾਜਾ ਹਰਿੰਦਰ ਸਿੰਘ ਬਰਾੜ ਦੀਆਂ ਤਿੰਨ ਧੀਆਂ ਸਨ। ਇਨ੍ਹਾਂ ਵਿਚ ਸਭ ਤੋਂ ਛੋਟੀ ਮਹੀਪਇੰਦਰ ਕੌਰ ਦੀ 16 ਸਾਲ ਪਹਿਲਾਂ ਮੌਤ ਹੋ ਗਈ ਸੀ ਜਦਕਿ ਰਾਜਕੁਮਾਰੀ ਅੰਮ੍ਰਿਤ ਕੌਰ ਨੂੰ ਮਹਾਰਾਜਾ ਨੇ ਵਸੀਅਤ ਵਿਚੋਂ ਬੇਦਖਲ ਕਰ ਦਿੱਤਾ ਸੀ। ਫਰੀਦਕੋਟ ਰਿਆਸਤ ਦੀਆਂ ਦੇਸ਼-ਵਿਦੇਸ਼ ਵਿਚ ਲਗਭਗ 20 ਹਜ਼ਾਰ ਕਰੋੜ ਮੁੱਲ ਦੀਆਂ ਜਾਇਦਾਦਾਂ ਹਨ। ਇਨ੍ਹਾਂ ਦੀ ਸਾਂਭ-ਸੰਭਾਲ ਲਈ ਹੀ ਮਹਾਰਾਵਲ ਖੇਵਾ ਜੀ



ਟਰੱਸਟ ਬਣਾਇਆ ਗਿਆ ਸੀ। ਕੁਝ ਸਮਾਂ ਪਹਿਲਾਂ ਮਹਾਰਾਜਾ ਹਰਿੰਦਰ ਸਿੰਘ ਬਰਾੜ ਦੀ ਰਿਆਸਤੀ ਜਾਇਦਾਦ ਬਾਰੇ ਕੀਤੀ ਵਸੀਅਤ ਨੂੰ ਅਦਾਲਤ ਨੇ ਰੱਦ ਕਰ ਦਿੱਤਾ ਸੀ। ਹੁਣ ਇਹ ਮਾਮਲਾ ਹਾਈ ਕੋਰਟ ਦੇ ਵਿਚਾਰ ਅਧੀਨ ਹੈ ਤੇ 21 ਨਵੰਬਰ ਇਸ ਮਾਮਲੇ ਦੀ ਮੁੜ ਸੁਣਵਾਈ ਸ਼ੁਰੂ ਹੋ ਰਹੀ ਹੈ। ਮਹਾਰਾਜਾ ਹਰਿੰਦਰ ਸਿੰਘ ਬਰਾੜ ਦੀ 16 ਅਕਤੂਬਰ 1989 ਨੂੰ ਮੌਤ ਹੋ ਗਈ ਸੀ। ਇਸ ਤੋਂ ਇਲਾਵਾ ਮਹਾਰਾਜਾ ਹਰਿੰਦਰ ਸਿੰਘ ਬਰਾੜ ਦੇ ਇਕਲੌਤੇ ਬੇਟੇ ਹਰਮੋਹਿੰਦਰ ਸਿੰਘ ਦੀ 1981 ਵਿਚ ਦਿੱਲੀ ਵਿਚ ਮੌਤ ਹੋ ਗਈ ਸੀ। ਮਹਾਰਾਣੀ ਦੀਪਿੰਦਰ ਕੌਰ 17 ਅਕਤੂਬਰ 2018 ਨੂੰ ਸ਼ਾਹੀ ਮਹਿਲ ਵਿਚ ਆਪਣੇ ਪਿਤਾ ਦੀ ਬਰਸੀ ਮਨਾਉਣ ਲਈ ਆਏ ਸਨ। ਉਹ ਜ਼ਿਆਦਾਤਰ ਵਰਧਮਾਨ (ਪੱਛਮੀ ਬੰਗਾਲ) ਵਿਚ ਹੀ ਰਹਿੰਦੇ ਸਨ ਅਤੇ ਸਿਰਫ ਅਕਤੂਬਰ ਮਹੀਨੇ ਵਿਚ ਹੀ ਇਥੇ ਆਉਂਦੇ ਸਨ।

ਮਹਾਰਾਣੀ ਦੀਪਿੰਦਰ ਕੌਰ ਦੇ ਦੇਹਾਂਤ ਨਾਲ ਮਹਾਰਾਜਾ ਬਿਕਰਮ ਸਿੰਘ ਵੱਲੋਂ 1885 ਵਿਚ ਬਣਾਏ ਗਏ ਰਾਜ ਮਹਿਲ (ਰਾਇਲ ਪੈਲੇਸ) ਨਾਲੋਂ ਸ਼ਾਹੀ ਪਰਿਵਾਰ ਦਾ ਨਾਤਾ ਵੀ ਖਤਮ ਹੋ ਗਿਆ। ਮਹਾਰਾਣੀ ਦੀਪਿੰਦਰ ਕੌਰ ਇਸ ਦੀ ਇਕਲੌਤੀ ਵਾਰਿਸ ਸੀ ਤੇ ਪਿਤਾ ਦੀ ਬਰਸੀ ਮਨਾਉਣ ਅਕਤੂਬਰ ਮਹੀਨੇ ਉਹ ਇਥੇ ਆਉਂਦੇ ਸਨ। ਉਨ੍ਹਾਂ ਤੋਂ ਇਲਾਵਾ ਮਹਾਰਾਜਾ ਹਰਿੰਦਰ ਸਿੰਘ ਬਰਾੜ ਦਾ ਕੋਈ ਵੀ ਪਰਿਵਾਰਕ ਮੈਂਬਰ ਇਸ ਸ਼ਾਹੀ ਮਹਿਲ ਵਿਚ ਨਹੀਂ ਰਹਿੰਦਾ। ਇਹ ਵਿਲੱਖਣ ਸ਼ਾਹੀ ਮਹਿਲ 14 ਕਿੱਲਿਆਂ ਵਿਚ ਉਸਾਰਿਆ ਗਿਆ ਸੀ ਤੇ ਸੌ ਤੋਂ ਵੱਧ ਕਿਸਮ ਦੇ ਦੇਸੀ ਅਤੇ ਵਿਦੇਸ਼ੀ ਪੰਛੀਆਂ ਦਾ ਟਿਕਾਣਾ ਹੈ। ਰਿਆਸਤ ਦੀਆਂ ਰੌਲਸ ਰੌਇਸ ਕਾਰਾਂ, ਬਰਤਾਨੀਆ ਵੱਲੋਂ ਖੇਤੀ ਲਈ ਬਣਾਏ ਗਏ ਸਭ ਤੋਂ ਪਹਿਲੇ ਟਰੈਕਟਰ, ਫਰਾਂਸੀਸੀ ਤੋਪਾਂ ਅੱਜ ਵੀ ਸ਼ਾਹੀ ਮਹਿਲ ਵਿਚ ਸਜੀਆਂ ਹੋਈਆਂ ਹਨ। ਇਹ ਸਾਰਾ ਸਾਮਾਨ ਮਹਾਰਾਜਾ ਹਰਿੰਦਰ ਸਿੰਘ ਦੇ ਰਾਜ ਭਾਗ ਵੇਲੇ ਲਿਆਂਦਾ ਗਿਆ ਸੀ। ਹਿੰਦੁਸਤਾਨ ਵਿਚ ਰਿਆਸਤਾਂ ਦੇ ਟੁੱਟਣ ਤੋਂ ਬਾਅਦ ਫਰੀਦਕੋਟ ਰਿਆਸਤ ਦੀ ਕਾਫੀ ਜਾਇਦਾਦ ਨੂੰ ਸਰਕਾਰ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਸੀ ਪਰ ਰਾਜ ਮਹਿਲ ਅਤੇ ਕਿਲਾ ਮੁਬਾਰਕ ਸਮੇਤ ਇਕ ਦਰਜਨ ਤੋਂ ਵੱਧ ਇਤਿਹਾਸਕ ਇਮਾਰਤਾਂ ਸ਼ਾਹੀ ਪਰਿਵਾਰ ਕੋਲ ਹੀ ਸਨ।

## ਜਬਰ ਜਨਾਹ ਅਤੇ ਸੱਤਾ ਦੀ ਤਾਕਤ-3

# ਅਖੌਤੀ ਸਾਧਾਂ-ਸੰਤਾਂ ਦੇ ਅਸਲ ਕਿਰਦਾਰ

**ਉਘਾ ਟਿੱਪਣੀਕਾਰ ਪੀਟਰ ਫਰੈਡਰਿਕ ਦੱਖਣੀ ਏਸ਼ੀਆ ਦੇ ਮਾਮਲਿਆਂ ਬਾਰੇ ਲਗਾਤਾਰ ਲਿਖ ਰਿਹਾ ਹੈ। ਉਸ ਦੇ 46 ਸਫਿਆਂ ਦੇ ਪੈਂਫਲਿਟ 'ਗਾਂਧੀ: ਨਸਲਪ੍ਰਸਤ ਜਾਂ ਇਨਕਲਾਬੀ' ਨੇ ਸਭ ਦਾ ਧਿਆਨ ਖਿਚਿਆ ਸੀ। 'ਜਬਰ ਜਨਾਹ ਅਤੇ ਸੱਤਾ' ਨਾਂ ਦੇ ਇਸ ਲੇਖ ਵਿਚ ਉਸ ਨੇ ਜਿਨਸੀ ਸ਼ੋਸ਼ਣ ਬਾਰੇ ਚਰਚਾ ਕੀਤੀ ਹੈ ਅਤੇ ਇਹ ਵੀ ਦਰਸਾਇਆ ਹੈ ਕਿ ਜਿਨਸੀ ਸ਼ੋਸ਼ਣ ਕਰਨ ਵਾਲੇ ਕਿਸ ਤਰ੍ਹਾਂ ਆਪਣੀ ਤਾਕਤ ਦੀ ਦੁਰਵਰਤੋਂ ਆਪਣੇ ਖਿਲਾਫ ਉਠਣ ਵਾਲੀ ਹਰ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਵਿਚ ਕਰਦੇ ਹਨ ਅਤੇ ਬਹੁਤੀ ਵਾਰ ਆਪਣੇ ਇਨ੍ਹਾਂ ਮਨਸੂਬਿਆਂ ਵਿਚ ਕਾਮਯਾਬ ਵੀ ਰਹਿੰਦੇ ਹਨ। ਇਸ ਅਹਿਮ ਅਤੇ ਲੰਮੇ ਲੇਖ ਦਾ ਅਨੁਵਾਦ ਸਾਡੀ ਕਾਲਮਨਵੀਸ ਡਾ. ਗੁਰਨਾਮ ਕੌਰ (ਸਾਬਕਾ ਮੁਖੀ, ਗੁਰੂ ਗ੍ਰੰਥ ਸਾਹਿਬ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਨੇ ਕੀਤਾ ਹੈ। ਇਸ ਵਾਰ ਲੇਖ ਦੀ ਤੀਜੀ ਤੇ ਆਖਰੀ ਕਿਸ਼ਤ ਛਾਪ ਰਹੇ ਹਾਂ। -ਸੰਪਾਦਕ**

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਬੇਸ਼ੱਕ, ਅਧਿਆਤਮਕ ਆਗੂਆਂ ਹੱਥੋਂ ਸ਼ੋਸ਼ਿਤ ਹੋਈਆਂ ਭਾਰਤੀ ਔਰਤਾਂ ਲਈ ਇਨਸਾਫ ਲੈਣਾ ਸਦਾ ਹੀ ਕੋਈ ਅਸੰਭਵ ਕੰਮ ਨਹੀਂ ਹੁੰਦਾ। ਸਤੰਬਰ ਵਿਚ 'ਦੇਵਪੁਰਸ਼' ਆਸੂ ਭਾਈ ਤੇ ਉਸ ਦਾ ਪੁੱਤ ਇੱਕ ਔਰਤ ਅਤੇ ਉਸ ਦੀ ਨਾਬਾਲਗ ਧੀ ਨਾਲ ਜਬਰ ਜਨਾਹ ਕਰਨ ਦੇ ਦੋਸ਼ ਹੇਠ ਹਿਰਾਸਤ ਵਿਚ ਲਏ ਗਏ। ਜੁਲਾਈ ਵਿਚ 'ਦੇਵਪੁਰਸ਼' ਅਮਰਪੁਰੀ ਨੂੰ ਕਰੀਬ ਉਨ੍ਹਾਂ 120 ਔਰਤਾਂ ਨਾਲ ਜਬਰ ਜਨਾਹ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ, ਜੋ ਉਸ ਕੋਲ ਇਲਾਜ ਲਈ ਆਈਆਂ ਸਨ। ਜੂਨ ਮਹੀਨੇ ਇੱਕ ਹੋਰ 'ਧਰਮਾਤਮਾ' ਦਾਤੀ ਮਹਾਰਾਜ ਅਤੇ ਉਸ ਦੇ ਕੁਝ ਸਹਾਇਕਾਂ ਉਤੇ ਉਸ ਦੀਆਂ ਚੇਲੀਆਂ ਵਿਚੋਂ ਇੱਕ ਨਾਲ ਜਬਰ



**ਪੀਟਰ ਫਰੈਡਰਿਕ**

**ਅਨੁਵਾਦ: ਡਾ. ਗੁਰਨਾਮ ਕੌਰ, ਕੈਨੇਡਾ**

ਜਨਾਹ ਕਰਨ ਦੇ ਦੋਸ਼ ਲੱਗੇ। ਇਸੇ ਦੌਰਾਨ ਸਿਆਸੀ ਤੌਰ 'ਤੇ ਵੱਧ ਜੁੜੀਆਂ ਹਸਤੀਆਂ ਵਿਚ ਜਿਨ੍ਹਾਂ ਨੂੰ ਗ੍ਰਿਫਤਾਰ ਕੀਤਾ ਅਤੇ ਦੋਸ਼ੀ ਠਹਿਰਾਇਆ ਗਿਆ, ਉਨ੍ਹਾਂ ਵਿਚ ਆਸਾ ਰਾਮ ਅਤੇ ਰਾਮ ਰਹੀਮ ਸ਼ਾਮਲ ਹਨ।

ਆਸਾ ਰਾਮ, ਜਿਸ ਨੇ ਸੁਆਮੀ ਵਪਾਰ ਨੂੰ ਉਦੋਂ ਇੱਕ ਤਰ੍ਹਾਂ ਹੜੱਪ ਹੀ ਕਰ ਲਿਆ, ਜਦੋਂ ਉਸ ਨੇ 'ਆਸ਼ਰਮ ਡਾਟ ਔਰਗ' ਨਾਂ ਹੇਠ ਬਾਕਾਇਦਾ ਆਪਣੀ ਵੈਬਸਾਈਟ ਰਜਿਸਟਰ ਕਰਵਾ ਲਈ, ਅਤੇ ਸਾਰੇ ਸੰਸਾਰ 'ਚ ਉਸ ਦੇ ਸੈਂਕੜੇ ਆਸ਼ਰਮ ਸਥਾਪਤ ਹੋ ਗਏ। ਦਹਾਕਿਆਂ ਤੱਕ, ਉਸ ਨੇ ਜ਼ਬਰਦਸਤ ਸਿਆਸੀ ਰਸੂਖ ਹਥਿਆ ਲਿਆ। ਉਸ ਨੇ ਸ਼ੁਰੂਆਤ ਗੁਜਰਾਤ ਤੋਂ ਕੀਤੀ। 1990ਵਿਆਂ ਦੌਰਾਨ ਉਸ ਨੇ ਗੁਜਰਾਤ ਵਿਚ ਆਪਣਾ ਆਧਾਰ ਮਜ਼ਬੂਤ ਕਰ ਲਿਆ ਜਦੋਂ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ- ਦੋਹਾਂ ਪ੍ਰਮੁੱਖ ਸਿਆਸੀ ਪਾਰਟੀਆਂ ਦੀਆਂ ਸੂਬਾ ਸਰਕਾਰਾਂ ਨੇ ਉਸ ਨੂੰ ਆਪਣੇ ਆਸ਼ਰਮ ਫੈਲਾਉਣ ਖਾਤਰ ਜ਼ਮੀਨੀ ਇਲਾਕੇ ਵੰਡ ਦਿੱਤੇ।

ਉਦੋਂ ਤੋਂ ਹੀ, ਦੋਹਾਂ ਪਾਰਟੀਆਂ ਦੇ ਸਿਆਸਤਦਾਨ ਵਾਰ ਵਾਰ ਉਸ ਦੇ ਆਸ਼ਰਮ ਵਿਚ ਉਸ ਤੋਂ ਅਸ਼ੀਰਵਾਦ ਲੈਣ ਲਈ ਗੇੜੇ ਮਾਰਦੇ ਰਹੇ। ਭਾਰਤੀ ਜਨਤਾ ਪਾਰਟੀ ਵਿਚੋਂ ਕੁਝ ਵੱਡੇ ਨਾਂਵਾਂ ਵਿਚ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ, ਸਾਬਕਾ ਉਪ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ, ਮੱਧ ਪ੍ਰਦੇਸ਼ ਦਾ ਮੌਜੂਦਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ, ਮੌਜੂਦਾ ਕੈਬਨਿਟ ਮੰਤਰੀ ਉਮਾ ਭਾਰਤੀ, ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸ਼ਾਮਲ ਹਨ। ਨੈਸ਼ਨਲ ਕਾਂਗਰਸ ਪਾਰਟੀ ਵਿਚੋਂ ਸਾਬਕਾ ਕੈਬਨਿਟ ਮੰਤਰੀ ਕਮਲ ਨਾਥ ਅਤੇ ਮੌਜੂਦਾ ਪਾਰਲੀਮੈਂਟ ਮੈਂਬਰ ਦਿਗਵਿਜੈ ਸਿੰਘ ਤੇ ਮੋਤੀ ਲਾਲ ਵੋਰਾ ਸ਼ਾਮਲ ਹਨ।

ਆਸਾ ਰਾਮ ਦੇ ਸਿਆਸੀ ਰਮਾਇਤੀਆਂ ਨੂੰ ਜਨਤਕ ਤੌਰ 'ਤੇ ਉਸ ਦੀ ਵਡਿਆਈ ਦੇ ਪੁਲ ਬੰਨ੍ਹਦਿਆਂ ਕਦੇ ਵੀ ਝਿਜਕ ਨਹੀਂ ਹੋਈ। ਮਿਸਾਲ ਵਜੋਂ ਮੋਦੀ ਨੇ ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਇੱਕ ਵਾਰ ਸੁਆਮੀ ਦੇ ਗੁਜਰਾਤ ਵਿਚਲੇ ਆਸ਼ਰਮਾਂ ਵਿਚੋਂ ਇੱਕ ਵਿਚ ਭਾਸ਼ਣ ਦਿੱਤਾ, "ਮੈਂ ਬਾਪੂ ਦੇ ਮੁਬਾਰਕ ਕਦਮਾਂ ਵਿਚ ਪ੍ਰਾਰਥਨਾ ਕਰਦਾ ਹਾਂ, ਮੈਂ ਉਸ ਅੱਗੇ ਨਤਮਸਤਕ ਹੁੰਦਾ ਹਾਂ।" ਉਸ ਨੇ ਕਿਹਾ, "ਪਾਵਨ ਬਾਪੂ ਦਾ ਪ੍ਰੇਮ, ਉਸ ਦੇ ਅਸ਼ੀਰਵਾਦ, ਉਸ ਦੀਆਂ ਸ਼ੁਭ ਇੱਛਾਵਾਂ ਮੈਨੂੰ ਨਵੀਂ ਤਾਕਤ ਦੇਣਗੀਆਂ, ਇਸ ਵਿਸ਼ਵਾਸ ਨਾਲ ਮੈਨੂੰ ਇੱਥੇ ਆਉਣ ਦਾ ਮੌਕਾ ਮਿਲਿਆ ਹੈ। ਇਸ ਨੂੰ ਮੈਂ ਆਪਣੀ ਖੁਸ਼ਕਿਸਮਤੀ ਸਮਝਦਾ ਹਾਂ। ਮੈਂ ਸੁਭਾਗਪੂਰਨ ਬਾਪੂ ਅੱਗੇ ਦੰਡੌਤ ਕਰਦਾ ਹਾਂ।"

ਸੁਆਮੀ, ਜੋ ਸ਼ਾਇਦ ਭਾਰਤ ਦਾ ਬਹੁਤ ਤਾਕਤਵਰ ਅਧਿਆਤਮਕ ਆਗੂ ਹੈ, ਦੇ ਔਰਤਾਂ ਦੇ ਹੱਕਾਂ ਬਾਰੇ ਜੋ ਵਿਚਾਰ ਹਨ, ਉਹ ਯਕੀਨਨ ਯੋਗੀ ਅਦਿੱਤਿਆਨਾਥ ਨਾਲੋਂ ਵੀ ਵੱਧ ਹੈਰਾਨ ਕਰ ਦੇਣ ਵਾਲੇ ਹਨ। ਉਸ ਨੇ ਆਪਣੇ ਵਿਚਾਰਾਂ ਦਾ ਸਪੱਸ਼ਟ ਪ੍ਰਗਟਾਵਾ ਦਿੱਲੀ ਵਿਚ ਜੁਆਨ ਔਰਤ ਦੇ ਦਸੰਬਰ 2012 ਦੇ ਸਮੂਹਕ ਜਬਰ ਜਨਾਹ ਅਤੇ ਕਤਲ ਕੇਸ ਵੇਲੇ ਕੀਤਾ। ਜਨਵਰੀ 2013 ਵਿਚ ਉਸ ਨੇ ਆਪਣੇ ਚੇਲਿਆਂ ਨੂੰ ਭਾਸ਼ਣ ਦਿੰਦਿਆਂ ਕਿਹਾ, "ਪੀੜਤ ਔਰਤ ਓਨੀ ਹੀ ਦੋਸ਼ੀ ਹੈ, ਜਿੰਨੇ ਉਸ ਦੇ ਜਬਰ ਜਨਾਹੀ।" ਉਸ ਨੇ ਜ਼ੋਰ ਦਿੱਤਾ ਕਿ ਆਪਣੇ ਜਬਰ ਜਨਾਹੀਆਂ ਨਾਲ ਝਗੜਨ ਨਾਲੋਂ, "ਉਸ ਨੂੰ ਚਾਹੀਦਾ ਸੀ ਕਿ ਅਪਰਾਧੀਆਂ ਨੂੰ 'ਭਰਾ' ਕਹਿ ਕੇ ਬੁਲਾਉਂਦੀ ਅਤੇ ਉਨ੍ਹਾਂ ਕੋਲੋਂ ਆਪਣੇ ਬਚਾਉ ਦੀ ਭੀਖ ਮੰਗਦੀ।" ਉਸ ਨੇ ਐਲਾਨ ਕੀਤਾ ਕਿ ਇਸ ਨਾਲ, "ਆਪਣੀ ਇੱਜਤ ਅਤੇ ਜਾਨ-ਦੋਹਾਂ ਨੂੰ ਬਚਾ ਸਕਦੀ ਸੀ।"

ਉਸ ਨੇ ਇੱਕ ਵੱਖਰੀ ਟਿੱਪਣੀ ਵਿਚ ਦਲੀਲ ਦਿੱਤੀ ਕਿ "ਹਮਲਾਵਰਾਂ ਵਿਚੋਂ 'ਜੇ ਕਿਸੇ ਇੱਕ ਨੇ ਵੀ' ਉਸ ਦੇ ਉਪਦੇਸ਼ਾਂ ਦੀ ਦੀਖਿਆ ਲਈ ਹੁੰਦੀ, ਅਪਰਾਧ ਨਹੀਂ ਸੀ ਵਾਪਰਨਾ।" ਇਸ ਤੋਂ ਇਲਾਵਾ ਉਸ ਨੇ ਸੁਚੇਤ ਕੀਤਾ, "ਦਿੱਲੀ ਸਮੂਹਕ ਜਬਰ ਜਨਾਹ ਦੀ ਘਟਨਾ ਤੋਂ ਬਾਅਦ ਪੁਰਸ਼ਾਂ ਦੀ ਮੁਖਾਲਫਤ ਦਾ ਅਭਿਆਨ ਸ਼ੁਰੂ ਹੋ ਗਿਆ ਜਾਪਦਾ ਹੈ।"

ਸ਼ਾਇਦ ਸੁਆਮੀ ਵੱਲੋਂ 'ਪੁਰਸ਼ਾਂ ਖਿਲਾਫ ਅਭਿਆਨ' ਪ੍ਰਤੀ ਸੁਚੇਤ ਕਰਨ ਦਾ ਮਕਸਦ ਉਸ ਦੇ ਆਪਣੇ ਅਪਰਾਧਾਂ ਵੱਲੋਂ ਧਿਆਨ ਪਾਸੇ ਹਟਾਉਣ ਦੀ ਕੋਸ਼ਿਸ਼ ਹੋਵੇ। ਅਗਸਤ 2013 ਵਿਚ ਇੱਕ 16 ਸਾਲ ਦੀ ਚੇਲੀ ਨੇ ਉਸ 'ਤੇ ਰਾਜਸਥਾਨ ਦੇ ਆਪਣੇ ਜੋਧਪੁਰ ਵਾਲੇ ਆਸ਼ਰਮ ਵਿਚ ਜਬਰ ਜਨਾਹ ਕਰਨ ਦਾ ਦੋਸ਼ ਲਾਇਆ। ਦਸੰਬਰ 2013 ਵਿਚ ਦੋ ਭੈਣਾਂ ਨੇ ਉਸ ਅਤੇ ਉਸ ਦੇ ਪੁੱਤ ਨਰਾਇਣ ਸਾਈਂ 'ਤੇ ਗੁਜਰਾਤ ਦੇ ਆਸ਼ਰਮਾਂ ਵਿਚੋਂ ਇੱਕ ਵਿਚ ਉਨ੍ਹਾਂ ਨੂੰ ਬੰਦੀ ਬਣਾਉਣ ਅਤੇ ਜਬਰ ਜਨਾਹ ਕਰਨ ਦਾ ਦੋਸ਼ ਲਾਇਆ।

ਬਿਸ਼ਪ ਮੁਲੱਕਲ ਵਾਂਗ ਹੀ ਆਸ਼ਰਮ ਦੀ ਪਹਿਲੀ ਕੋਸ਼ਿਸ਼ ਸੀ, ਰਾਜਸਥਾਨ ਵਿਚਲੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਨਕਾਰਨਾ। ਉਸ ਦੇ ਬੁਲਾਰਿਆਂ ਨੇ ਇਸ ਨੂੰ 'ਪੂਰੀ ਤਰ੍ਹਾਂ ਝੂਠਾ ਕੇਸ' ਦੱਸਦਿਆਂ ਕਿਹਾ, "ਬਾਪੂ ਦਾ ਅਕਸ ਖਰਾਬ ਕਰਨ ਦੀ ਇਹ ਇੱਕ ਹੋਰ ਕੋਸ਼ਿਸ਼ ਹੈ।" ਪੀੜਿਤ ਔਰਤ ਬਾਰੇ ਬੋਲਦਿਆਂ ਆਸਾ ਰਾਮ ਨੇ ਕਿਹਾ, "ਉਸ ਦੇ ਮਾਪੇ ਮੇਰੇ ਚੇਲੇ ਹਨ, ਇਸ ਨਾਤੇ ਉਹ ਮੇਰੀ ਪੋਤੀ ਹੈ।" ਅੱਗੇ ਉਸ ਨੇ ਆਪਣੇ ਆਪ ਨੂੰ ਇੱਕ ਸ਼ਹੀਦ ਵਜੋਂ ਪੇਸ਼ ਕੀਤਾ। ਇੰਡੀਅਨ ਨੈਸ਼ਨਲ ਕਾਂਗਰਸ ਦੀ ਨੇਤਾ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੇ ਸੰਦਰਭ ਵਿਚ ਉਸ ਨੇ ਦਾਅਵਾ ਕੀਤਾ, "ਮੈਂ ਕਿਸੇ ਵੀ ਸਿਆਸੀ ਪਾਰਟੀ ਦੇ ਖਿਲਾਫ ਨਹੀਂ ਹਾਂ, ਪ੍ਰੰਤੂ ਲੋਕ ਮੈਨੂੰ ਦੱਸ ਰਹੇ ਹਨ ਕਿ ਇਸ ਸਾਰੀ ਸਾਜਿਸ਼ ਪਿੱਛੇ 'ਮੈਡਮ' ਅਤੇ ਉਸ ਦਾ ਪੁੱਤਰ ਹਨ।" ਉਸ ਨੇ ਅੱਗੇ ਪ੍ਰੈਸ ਨੂੰ ਉਸ ਦੇ ਕੇਸ ਤੇ ਸੂਚਨਾ ਦੇਣ ਤੋਂ ਰੋਕਣ ਦੀ ਅਸਫਲ ਕੋਸ਼ਿਸ਼ ਇਹ ਦਾਅਵਾ ਕਰਦਿਆਂ ਕੀਤੀ, "ਮੀਡੀਆ ਮੈਨੂੰ ਮੁਕੱਦਮੇ ਤੋਂ ਪਹਿਲਾਂ ਹੀ ਦੋਸ਼ੀ ਠਹਿਰਾ ਰਿਹਾ ਹੈ, ਅਤੇ ਮੈਨੂੰ ਨਿਰਪੱਖ ਸੁਣਵਾਈ ਨਹੀਂ ਮਿਲੇਗੀ।"

ਜਬਰ ਜਨਾਹ 15 ਅਗਸਤ ਨੂੰ ਵਾਪਰਿਆ ਅਤੇ ਪੁਲਿਸ ਕੋਲ ਇਸ ਦੀ ਸ਼ਿਕਾਇਤ 20 ਅਗਸਤ ਨੂੰ ਦਰਜ ਕਰਾਈ ਗਈ, ਪ੍ਰੰਤੂ ਉਸ ਨੂੰ ਪਹਿਲੀ ਸਤੰਬਰ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ। ਰੀਤਾ ਬੈਨਰਜੀ ਦਾ ਕਹਿਣਾ ਹੈ ਕਿ ਉਸ ਨੂੰ ਤੁਰੰਤ ਗ੍ਰਿਫਤਾਰ ਇਸ ਲਈ ਨਹੀਂ ਕੀਤਾ ਗਿਆ, "ਕਿਉਂਕਿ ਉਸ ਨੂੰ ਸਿਆਸਤਦਾਨਾਂ ਦੀ ਸੁਰੱਖਿਆ ਪ੍ਰਾਪਤ ਸੀ, ਜਿਨ੍ਹਾਂ ਨੂੰ ਉਨ੍ਹਾਂ ਲੱਖਾਂ ਭਾਰਤੀਆਂ ਦੀ ਵੋਟ ਮਿਲਣ ਦੀ ਆਸ ਸੀ, ਜੋ ਆਸਾ ਰਾਮ ਨੂੰ ਪੂਜਦੇ ਸਨ।" ਅਸਲ ਵਿਚ ਉਸ ਨੂੰ ਆਪਣੇ ਸਿਆਸੀ ਰਸੂਖ ਦਾ ਫਾਇਦਾ ਲੈਣ ਵਿਚ ਕੋਈ ਦਿੱਕਤ ਨਹੀਂ ਸੀ। ਜਿਸ ਤਰ੍ਹਾਂ ਐਮ. ਐਲ. ਏ. ਜਾਰਜ ਅਤੇ ਚਰਚ ਦੇ ਹੋਰ ਆਗੂ ਮੁਲੱਕਲ ਦੀ ਹਿਫਾਜ਼ਤ ਲਈ ਦੌੜ ਪਏ, ਇਸੇ ਤਰ੍ਹਾਂ ਆਸਾ ਰਾਮ ਦੇ ਨਜ਼ਦੀਕੀ ਸਿਆਸੀ ਸਹਿਯੋਗੀਆਂ ਨੇ ਉਸ ਨੂੰ ਬਚਾਉਣ ਲਈ ਏਕਾ ਕਰ ਲਿਆ।

ਬੀ. ਜੇ. ਪੀ. ਦੇ ਨੈਸ਼ਨਲ ਵਾਈਸ ਪ੍ਰੈਜ਼ੀਡੈਂਟ ਪ੍ਰਭਾਤ ਝਾਅ ਨੇ ਕਿਹਾ, "ਆਸਾ ਰਾਮ ਬਾਪੂ ਖਿਲਾਫ ਜਬਰ ਜਨਾਹ ਦੇ ਦੋਸ਼ ਲਾਉਣੇ ਕਾਂਗਰਸ ਦੀ ਵਿਉਂਤਬੰਦ ਸਾਜ਼ਿਸ਼ ਹੈ।" ਐਮ. ਪੀ. ਉਮਾ ਭਾਰਤੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ, "ਸੰਤ ਆਸਾ ਰਾਮ ਬਾਪੂ ਬੇਕਸੂਰ ਹੈ।...ਉਸ ਖਿਲਾਫ ਝੂਠੇ ਕੇਸ ਕਾਂਗਰਸ ਦੀ ਹਕੂਮਤ ਵਾਲੇ ਰਾਜਾਂ ਵਿਚ ਦਰਜ ਕੀਤੇ ਗਏ ਹਨ। ਮੈਂ ਸੰਤ ਬਾਪੂ ਦੇ ਨਾਲ ਖੜ੍ਹੀ ਹਾਂ।" ਇਸ ਦੇ ਨਾਲ ਹੀ ਉਸ ਨੇ ਟਿੱਪਣੀ ਕੀਤੀ, "ਮੈਨੂੰ ਇਉਂ ਲੱਗਦਾ ਹੈ ਕਿ ਇਸ ਮੁੱਦੇ ਦੇ ਪਿੱਛੇ ਕੋਈ ਸਿਆਸੀ ਮਕਸਦ ਹੈ।"

ਅਜਿਹੀਆਂ ਟਿੱਪਣੀਆਂ ਨੇ ਜਾਹਰਾ ਤੌਰ 'ਤੇ ਆਸਾ ਰਾਮ ਨੂੰ ਸਜ਼ਾ-ਮੁਕਤੀ ਦੀ ਆਸ ਦੁਆਈ। ਬੀ. ਜੇ. ਪੀ. ਵੱਲੋਂ ਰਾਜਸਥਾਨ ਦੀ ਦਸੰਬਰ 2013 ਦੀ ਚੋਣ ਜਿੱਤਣ ਪਿਛੋਂ, ਉਹ ਸੂਬਾ ਜਿੱਥੇ ਉਸ ਦੇ ਕੇਸ ਦਾ ਮੁਕੱਦਮਾ ਚੱਲ ਰਿਹਾ ਸੀ, ਉਸ ਨੇ ਟਿੱਪਣੀ ਕੀਤੀ, "ਇਹ ਸੱਚਾਈ ਦੀ ਜਿੱਤ ਹੈ...ਸਮਾਂ ਬੀਤਣ ਦੇ ਨਾਲ ਨਾਲ ਸਭ ਕੁਝ ਠੀਕ ਹੋ ਜਾਵੇਗਾ।"

ਬੇਸ਼ੱਕ, ਆਸਾ ਰਾਮ ਖਿਲਾਫ ਭੁਗਤਣ ਵਾਲੇ ਗਵਾਹਾਂ ਲਈ ਸਭ ਅੱਛਾ ਨਹੀਂ ਸੀ। 2014 ਵਿਚ ਇੱਕ ਦਾ ਕਤਲ ਕਰ ਦਿੱਤਾ ਗਿਆ। 2015 ਵਿਚ ਦੋ ਹੋਰ ਦਾ ਕਤਲ ਹੋ ਗਿਆ। ਚਾਰ ਹੋਰਾਂ ਨੇ ਕਤਲ ਦੀਆਂ ਕੋਸ਼ਿਸ਼ਾਂ ਦਾ ਸਾਹਮਣਾ ਕੀਤਾ। 2016 ਵਿਚ ਜਦੋਂ ਪੁਲਿਸ ਨੇ ਸੰਨ 2000 ਤੋਂ ਉਸ ਦੇ ਚੇਲੇ ਨੂੰ ਗ੍ਰਿਫਤਾਰ ਕੀਤਾ ਤਾਂ ਉਸ ਨੇ ਕਬੂਲ ਕੀਤਾ ਕਿ ਅਲੱਗ ਅਲੱਗ ਆਸ਼ਰਮਾਂ ਤੋਂ ਚਾਰ ਹੋਰ ਚੇਲੇ ਉਸ ਨੂੰ ਵਿਤੀ ਮਦਦ ਅਤੇ ਦਿਸ਼ਾ-ਨਿਰਦੇਸ਼ ਦੇ ਰਹੇ ਹਨ।

ਇਸੇ ਸਮੇਂ ਦੌਰਾਨ ਸਿਆਸਤਦਾਨ ਸੁਆਮੀ ਦੇ ਕਾਨੂੰਨੀ ਬਚਾਉ ਲਈ ਕੁੱਦ ਪਏ। ਬੀ. ਜੇ. ਪੀ. ਦਾ ਐਮ. ਪੀ. ਸੁਬਰਮਨੀਅਮ ਸੁਆਮੀ ਵਕੀਲ ਵਜੋਂ ਅੱਗੇ ਆਇਆ। ਸੁਆਮੀ ਨੇ 2015 ਵਿਚ ਕਿਹਾ, "ਆਸਾ ਰਾਮ ਬਾਪੂ ਵੱਡੇ ਪੈਮਾਨੇ ਦੀ ਸਾਜ਼ਿਸ਼ ਦਾ ਸ਼ਿਕਾਰ ਹੈ।" ਉਸ ਨੇ ਹੋਰ ਕਿਹਾ, "ਮੈਂ ਹੁਣ ਆਸਾ ਰਾਮ ਬਾਪੂ ਨੂੰ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਲਿਆਉਣ ਲਈ ਅੱਗੇ ਵਧਾਂਗਾ ਕਿਉਂਕਿ ਜਬਰ ਜਨਾਹ ਦਾ ਕੇਸ ਜਾਅਲੀ ਹੈ।"

2017 ਵਿਚ ਉਸ ਨੇ ਲੋਕਾਂ ਨੂੰ 'ਆਸਾ ਰਾਮ ਬਾਪੂ ਨੂੰ ਬਲਾਤਕਾਰੀ ਦੇ ਤੌਰ 'ਤੇ ਬਦਨਾਮ ਕਰਨ ਵਿਰੁੱਧ' ਇਹ ਦਾਅਵਾ ਕਰਦਿਆਂ ਚੇਤਾਵਨੀ ਦਿੱਤੀ ਕਿ ਉਸ ਦਾ ਆਸ਼ਰਮ ਅਤੇ ਈਸਾਈ ਮਿਸ਼ਨਰੀ ਸਰਪ੍ਰਸਤ ਉਸ ਦੇ ਖਿਲਾਫ ਹਨ।

ਜਦ ਕਿ ਸਿਆਸਤਦਾਨ ਉਸ ਦੇ ਬਚਾਉ ਲਈ ਕੁੱਦ ਪਏ ਅਤੇ ਚੇਲਿਆਂ ਨੇ ਗਵਾਹਾਂ ਦੇ ਕਤਲ ਕਰ ਦਿੱਤੇ, ਸੁਆਮੀ ਦੇ ਸ਼ਰਧਾਲੂਆਂ ਨੇ ਉਸ ਦੀ ਰਿਹਾਈ ਲਈ ਵਾਰ ਵਾਰ ਗਲੀਆਂ ਵਿਚ ਦੰਗੇ ਕੀਤੇ। 2015 ਵਿਚ ਗੁਜਰਾਤ ਵਿਚ ਦੰਗਿਆਂ ਦੌਰਾਨ ਪੱਥਰ-ਮਾਰਾਂ ਨੇ ਅੰਦਾਜ਼ਨ 20 ਪੁਲਿਸ ਅਫਸਰ ਜ਼ਖਮੀ ਕਰ ਦਿੱਤੇ। 2016 ਵਿਚ ਜਦੋਂ ਹਜ਼ਾਰਾਂ ਲੋਕਾਂ ਨੇ ਦਿੱਲੀ ਵਿਚ ਦੰਗੇ ਕੀਤੇ, ਪੱਥਰ-ਮਾਰਾਂ ਨੇ 7 ਅਫਸਰ ਜ਼ਖਮੀ ਕਰ ਦਿੱਤੇ। 2017 ਵਿਚ ਸੁਆਮੀ, ਉਸ ਦੀ ਧੀ ਅਤੇ ਕਈ ਚੇਲਿਆਂ ਨੂੰ ਦੰਗੇ ਭੜਕਾਉਣ ਦੇ ਦੋਸ਼ੀ ਠਹਿਰਾਇਆ ਗਿਆ।

ਪੀੜਿਤ ਕੁੜੀ ਦੇ ਬਾਪ ਨੇ ਕਿਹਾ, "ਮੈਂ ਇਸ ਆਦਮੀ ਦੀ ਤਾਕਤ ਨੂੰ ਜਾਣਦਾ ਹਾਂ।...ਮੈਂ ਜਾਣਦਾ ਸੀ ਕਿ ਲੋਕ ਪਾਗਲਾਂ ਵਾਂਗ ਇਸ ਦੇ ਪਿੱਛੇ ਲੱਗੇ ਹੋਏ ਹਨ।" ਲੜਕੀ ਦਾ ਪਿਤਾ, ਜੋ ਆਸਾ ਰਾਮ ਦਾ ਇੱਕ ਸਾਬਕਾ ਚੇਲਾ ਸੀ, ਨੇ ਦੱਸਿਆ ਕਿ ਕਿਵੇਂ ਸੁਆਮੀ 'ਮੇਰਾ ਦੇਵਤਾ ਸੀ।' ਆਉਣ ਵਾਲੇ ਸੰਘਰਸ਼ ਨੂੰ ਪਛਾਣਦਿਆਂ ਉਸ ਨੇ ਮੰਨਿਆ, "ਜਦੋਂ ਮੈਂ ਉਸ ਦਾ ਚੇਲਾ ਸੀ, ਮੈਨੂੰ ਵਿਸ਼ਵਾਸ ਨਹੀਂ ਸੀ ਕਿ ਬਾਬੇ ਖਿਲਾਫ ਲਾਇਆ ਗਿਆ ਕੋਈ ਵੀ ਦੋਸ਼ ਸੱਚਾ ਹੈ।" ਉਸ ਨੇ ਬਾਬੇ ਦਾ ਚੇਲਾ ਰਹਿੰਦਿਆਂ ਸਾਲਾਂ ਦੇ ਸਾਲ ਗੁਜਾਰ ਦਿੱਤੇ, ਇਥੋਂ ਤੱਕ ਕਿ ਯੂ. ਪੀ. ਵਿਚ ਜ਼ਮੀਨ ਦਾਨ ਕਰਦਿਆਂ ਆਸ਼ਰਮ ਦੀ ਉਸਾਰੀ ਕੀਤੀ। ਉਸ ਕਿਹਾ, "ਮੈਂ ਅੰਨ੍ਹੇਵਾਹ ਆਸਾ ਰਾਮ ਦੇ ਪਿੱਛੇ ਲੱਗ ਕੇ ਬਹੁਤ ਵੱਡੀ ਗਲਤੀ ਕੀਤੀ, ਪ੍ਰੰਤੂ ਮੈਂ ਚਾਹੁੰਦਾ ਹਾਂ ਮੇਰੀ ਧੀ ਨੂੰ ਇਨਸਾਫ ਮਿਲੇ।" ਆਖਰਕਾਰ, ਉਸ ਦੇ ਹਾਰ ਨਾ ਮੰਨਣ ਦੇ ਅਹਿਦ ਨੂੰ ਫਲ ਲੱਗਿਆ।



ਬਾਪੂ ਆਸਾ ਰਾਮ

ਇਨਸਾਫ ਵੱਲ ਜਾਂਦਾ ਧੋਖੇ ਭਰਿਆ ਰਸਤਾ ਆਪਣੇ ਨਿਸ਼ਾਨਿਆਂ ਵਿਚੋਂ ਆਖਰ ਇੱਕ 'ਤੇ ਪਹੁੰਚ ਗਿਆ, ਜਦੋਂ ਅਪਰੈਲ 2018 ਵਿਚ ਆਸਾ ਰਾਮ ਨੂੰ ਰਾਜਸਥਾਨ ਵਾਲੇ ਜਬਰ ਜਨਾਹ ਕੇਸ ਵਿਚ ਅਪਰਾਧੀ ਮੰਨਿਆ ਗਿਆ ਅਤੇ ਸਜ਼ਾ ਵਜੋਂ ਉਮਰ ਕੈਦ ਹੋਈ। ਗੁਜਰਾਤ ਕੇਸ ਦਾ ਮੁਕੱਦਮਾ ਅਜੇ ਵੀ ਚੱਲ ਰਿਹਾ ਹੈ। ਇਨਸਾਫ ਲੈਣ ਦੀਆਂ ਕੋਸ਼ਿਸ਼ਾਂ ਦੁਆਲੇ ਫੈਲੀ ਹਿੰਸਾ ਦੀ ਰੌਸ਼ਨੀ ਵਿਚ ਬੇਸ਼ੱਕ ਹੈਰਾਨੀ ਹੁੰਦੀ ਹੈ ਕਿ ਹੋਰ ਕਿੰਨੇ ਕੁ ਪੀੜਤਾਂ ਨੇ ਚੁੱਪ ਰਹਿਣ ਨੂੰ ਪਹਿਲ ਦਿੱਤੀ ਹੋਵੇਗੀ।

ਇਹ ਤਕਰੀਬਨ ਪੱਕ ਹੈ ਕਿ ਹੋਰ ਵੀ ਪੀੜਤ ਹਨ। 2013 ਵਿਚ ਇੱਕ ਡਾਕਟਰ ਅੰਮ੍ਰਿਤ ਭਾਈ, ਜਿਸ ਨੇ 16 ਸਾਲ ਤੱਕ ਆਸਾ ਰਾਮ ਲਈ ਕੰਮ ਕੀਤਾ, ਨੇ ਸੂਚਨਾ ਦਿੱਤੀ, "ਇਹ 1999 ਦੀ ਗੱਲ ਹੈ, ਜਦੋਂ ਮੈਨੂੰ ਪਹਿਲੀ ਵਾਰ ਜੁਆਨ ਕੁੜੀਆਂ

## ਮੀ ਟੂ

ਦਾ ਸ਼ੋਸ਼ਣ ਕੀਤੇ ਜਾਣ ਬਾਰੇ ਪਤਾ ਲੱਗਾ। ਇਹ ਉਸ ਦੇ ਸਾਰੇ ਆਸ਼ਰਮਾਂ ਵਿਚ ਵਾਪਰਿਆ।" ਉਸ ਨੇ ਹੋਰ ਕਿਹਾ, "ਉਨ੍ਹਾਂ ਦੇ ਮਾਪਿਆਂ ਨੂੰ ਕੋਈ ਪਤਾ ਨਹੀਂ ਸੀ ਕਿ ਉਨ੍ਹਾਂ ਨਾਲ ਕੀ ਹੋ ਰਿਹਾ ਸੀ।" ਹਿੰਸਾ ਦੇ ਸਾਹਮਣੇ ਚੁੱਪ ਰਹਿਣਾ ਪੀੜਿਤ ਔਰਤਾਂ ਦੀ ਆਮ ਪ੍ਰਤੀਕ੍ਰਿਆ ਹੈ। ਉਸ ਕਿਹਾ, "ਕੁਝ ਕੁੜੀਆਂ ਆਪਣੀ ਹੋਣੀ ਨੂੰ ਪ੍ਰਵਾਨ ਕਰ ਲੈਂਦੀਆਂ ਹਨ ਅਤੇ ਪਿੱਛੇ ਹੱਟ ਜਾਂਦੀਆਂ ਹਨ।...ਦੂਸਰੀਆਂ ਚਲੀਆਂ ਜਾਂਦੀਆਂ ਹਨ ਪ੍ਰੰਤੂ ਸ਼ਰਮ ਦੀਆਂ ਮਾਰੀਆਂ ਜਾਂ ਆਸਾ ਰਾਮ ਦੇ ਆਦਮੀਆਂ ਦੀਆਂ ਧਮਕੀਆਂ ਕਰਕੇ ਪੁਲਿਸ ਕੋਲ ਸ਼ਿਕਾਇਤ ਦਰਜ ਨਹੀਂ ਕਰਾਉਂਦੀਆਂ।"

ਪਿਛਲੇ ਦਹਾਕੇ ਵਿਚ ਰੁਕਾਵਟਾਂ ਦੇ ਬਾਵਜੂਦ ਭਾਰਤ ਦੇ ਅਧਿਆਤਮਕ ਆਗੂਆਂ ਵੱਲੋਂ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੋਈਆਂ ਔਰਤਾਂ ਲਈ ਇਨਸਾਫ ਲੈਣ ਖਾਤਰ ਲੜੀ ਜੰਗ ਵਿਚ ਕਈ ਜਿੱਤਾਂ ਹਾਸਲ ਹੋਈਆਂ ਹਨ।

2017 ਵਿਚ ਗੁਰਮੀਤ ਰਾਮ ਰਹੀਮ ਨੂੰ ਆਪਣੀਆਂ ਦੋ ਚੇਲੀਆਂ ਨਾਲ ਜਬਰ ਜਨਾਹ ਕਰਨ ਕਰਕੇ 20 ਸਾਲ ਦੀ ਜੇਲ੍ਹ ਹੋਈ। ਆਸਾ ਰਾਮ ਵਾਂਗ ਹੀ ਉਸ ਦੇ ਲੱਖਾਂ ਹੀ ਸ਼ਰਧਾਲੂ ਹਨ, 'ਡੇਰੇ' ਕਰਕੇ ਜਾਣੇ ਜਾਂਦੇ ਉਸ ਦੇ ਫਿਰਕੇ ਸਾਰੇ ਉਤਰੀ ਅਮਰੀਕਾ, ਯੂਰਪ ਅਤੇ ਮੱਧ ਪੂਰਬ ਤੱਕ ਫੈਲੇ ਹੋਏ ਹਨ। ਉਸ ਨੇ ਖਾਸ ਸਿਆਸੀ ਰਸੂਖ ਬਣਾ ਲਿਆ ਅਤੇ ਆਪਣੇ ਚੇਲਿਆਂ ਨੂੰ ਕਿਸੇ ਇੱਕ ਜਾਂ ਦੂਜੀ ਪਾਰਟੀ ਨੂੰ ਵੋਟ ਪਾਉਣ ਦੇ ਹੁਕਮ ਜਾਰੀ ਕਰਨ ਲਈ ਮਸ਼ਹੂਰ ਰਿਹਾ।

ਉਸ ਦਾ ਪਤਨ 2002 ਵਿਚ ਇੱਕ ਔਰਤ ਚੇਲੀ ਵੱਲੋਂ ਇੱਕ ਗੁੰਮਨਾਮ ਚਿੱਠੀ ਜਨਤਕ ਕਰਨ ਨਾਲ ਸ਼ੁਰੂ ਹੋਇਆ ਜਿਸ ਵਿਚ ਉਸ ਨੇ ਰਾਮ ਰਹੀਮ 'ਤੇ ਉਸ ਨਾਲ ਜਬਰ ਜਨਾਹ ਕਰਨ ਦਾ ਦੋਸ਼ ਲਾਇਆ। ਇਹ ਸਪੱਸ਼ਟ ਕਰਦਿਆਂ ਕਿ ਸੰਸਾਰ ਉਨ੍ਹਾਂ ਨੂੰ 'ਬ੍ਰਹਮਚਾਰੀ ਚੇਲੀਆਂ' ਸਮਝਦਾ ਹੈ, ਉਸ ਨੇ ਵਰਨਣ ਕੀਤਾ ਕਿ ਕਿਵੇਂ ਰਾਮ ਰਹੀਮ ਨੇ ਇੱਕ ਰਾਤ ਉਸ ਨੂੰ ਆਪਣੇ ਸੌਣ ਕਮਰੇ ਵਿਚ ਆਉਣ ਦਾ ਹੁਕਮ ਕੀਤਾ ਅਤੇ ਜਬਰ ਜਨਾਹ ਕਰਨ ਲਈ ਵਧਿਆ। ਕੁੜੀ ਵੱਲੋਂ ਵਿਰੋਧ ਕਰਨ 'ਤੇ ਉਸ ਨੇ ਕਿਹਾ, "ਇਸ ਵਿਚ ਕੋਈ ਸ਼ੱਕ ਨਹੀਂ ਕਿ ਮੈਂ ਪਰਮਾਤਮਾ ਹਾਂ।" ਇਸ ਤੋਂ ਵੀ ਅੱਗੇ, ਉਸ ਨੇ ਆਪਣੀ ਸਿਆਸੀ ਤਾਕਤ ਦੀ ਮਿਸਾਲ ਦਿੱਤੀ ਜਿਸ ਸਦਕਾ ਉਹ ਅਪਰਾਧ ਕਰਨ 'ਤੇ ਵੀ ਸਾਫ ਨਿਕਲ ਸਕਦਾ ਹੈ। ਪੀੜਿਤ ਔਰਤ ਅਨੁਸਾਰ ਉਸ ਨੇ ਉਸ (ਪੀੜਿਤ) ਨੂੰ ਦੱਸਿਆ, "ਸਰਕਾਰਾਂ ਵਿਚ ਮੇਰਾ ਬੇਹੱਦ ਰਸੂਖ ਹੈ। ਪੰਜਾਬ ਅਤੇ ਹਰਿਆਣੇ ਦੇ ਮੁੱਖ ਮੰਤਰੀ, ਅਤੇ ਕੇਂਦਰੀ ਮੰਤਰੀ ਮੇਰੇ ਪੈਰ ਛੂੰਹਦੇ ਹਨ। ਸਿਆਸਤਦਾਨ ਮੇਰੇ ਕੋਲੋਂ ਮਦਦ ਅਤੇ ਪੈਸਾ ਲੈਂਦੇ ਹਨ। ਉਹ ਮੇਰੇ ਖਿਲਾਫ ਕੋਈ ਕਾਰਵਾਈ ਨਹੀਂ ਕਰ ਸਕਦੇ।"

ਰਾਮ ਰਹੀਮ ਦਾ ਮਾਣ ਉਸ ਦੀ ਗਿਰਾਵਟ ਤੋਂ ਪਹਿਲਾ ਚਲਾ ਗਿਆ। ਪੀੜਿਤ ਔਰਤ ਨੇ ਦਾਅਵਾ ਕੀਤਾ, "ਜੇ ਪ੍ਰੈਸ ਰਾਹੀਂ ਜਾਂ ਕਿਸੇ ਸਰਕਾਰੀ ਏਜੰਸੀ ਰਾਹੀਂ ਕੋਈ ਪੜਤਾਲ ਕੀਤੀ ਜਾਂਦੀ ਹੈ ਤਾਂ, 40 ਤੋਂ 45 ਕੁੜੀਆਂ, ਜੋ ਡੇਰੇ ਵਿਚ ਬੇਹੱਦ ਭੈ ਵਿਚ ਰਹਿ ਰਹੀਆਂ ਹਨ, ਜੇ ਉਨ੍ਹਾਂ ਨੂੰ ਭਰੋਸਾ ਦੁਆਇਆ ਜਾਵੇ, ਸੱਚ ਬਿਆਨਣ ਦੀਆਂ ਚਾਹਵਾਨ ਹਨ।" ਸਾਲਾਂ ਬਾਅਦ ਉਹ ਸਹੀ ਸਾਬਤ ਹੋਈ ਅਤੇ ਰਾਮ ਰਹੀਮ ਨੂੰ ਜੇਲ੍ਹ ਹੋ ਗਈ।

ਫਿਰ ਵੀ ਆਸਾ ਰਾਮ ਦੇ ਕੇਸ ਵਾਂਗ ਹੀ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਔਰਤਾਂ ਲਈ ਇਨਸਾਫ ਲੈਣ ਦੀ ਕੋਸ਼ਿਸ਼ ਵਿਚ ਹੋਰ ਵੀ ਵੱਧ ਖੂਨ-ਖਰਾਬਾ ਹੋਇਆ। ਰਾਮ ਰਹੀਮ 'ਤੇ ਦੋਸ਼ ਸਿੱਧ ਹੋ ਜਾਣ ਤੋਂ ਇੱਕ ਦਮ ਬਾਅਦ ਉਸ ਦੇ ਚੇਲਿਆਂ ਨੇ ਉਤਰੀ ਭਾਰਤ ਦੇ ਵੱਡੇ ਹਿੱਸਿਆਂ ਵਿਚ ਦੰਗੇ ਭੜਕਾ ਦਿੱਤੇ। ਦਰਜ਼ਨਾਂ ਬੰਦੇ ਮਾਰੇ ਗਏ।

ਇਸ ਤੋਂ ਵੀ ਵੱਧ, ਉਸ ਦਾ ਦੋਸ਼ ਸਾਬਤ ਹੋ ਜਾਣ ਨਾਲ ਉਸ ਦੀ ਪ੍ਰਸਿਧੀ ਤਬਾਹ ਨਹੀਂ ਹੋਈ। ਸਿਆਸਤਦਾਨਾਂ ਨੇ ਉਸ ਦੀ ਪਿੱਠ ਪੂਰਨੀ ਜਾਰੀ ਰੱਖੀ। ਮਿਸਾਲ ਵਜੋਂ ਬੀ. ਜੇ. ਪੀ. ਦੇ ਐਮ. ਪੀ. ਸਾਖਸ਼ੀ ਮਹਾਰਾਜ (ਜੋ ਸੰਯੋਗਵਸ ਉਨਾਓ ਚੋਣ ਖੇਤਰ ਦੀ ਪ੍ਰਤੀਨਿਧਤਾ ਕਰਦਾ ਹੈ, ਜੋ ਦੋਸ਼ੀ ਬਲਾਤਕਾਰੀ ਐਮ. ਪੀ. ਕੁਲਦੀਪ ਸਿੰਘ ਸੇਂਗਰ ਦੇ ਗੁਆਂਢ ਵਿਚ ਹੈ), ਨੇ ਰਾਮ ਰਹੀਮ ਨੂੰ ਉਸ 'ਤੇ ਦੋਸ਼ ਸਾਬਤ ਹੋ ਜਾਣ ਤੋਂ ਬਾਅਦ 'ਪਵਿੱਤਰ ਆਤਮਾ' ਕਿਹਾ ਅਤੇ ਐਲਾਨ ਕੀਤਾ, "ਇੱਕ ਲੜਕੀ ਨੇ ਸਰੀਰਕ ਸ਼ੋਸ਼ਣ ਦਾ ਦੋਸ਼ ਲਾਇਆ ਹੈ ਪ੍ਰੰਤੂ ਅੱਜ ਕਰੋੜਾਂ ਹੀ ਉਸ (ਰਾਮ ਰਹੀਮ) ਦੇ

(ਅਗਲੇ ਸਫੇ 'ਤੇ ਜਾਰੀ)


ਨਾਲ ਖੜ੍ਹੇ ਹਨ। ਸਹੀ ਕੌਣ ਹੈ? ਇੱਕ ਕਰੋੜ ਲੋਕ, ਜੋ ਬਾਬੇ ਦਾ ਸਮਰਥਨ ਕਰ ਰਹੇ ਹਨ ਜਾਂ ਉਹ ਕੁੜੀ ਜਿਸ ਦਾ ਜਬਰ ਜਨਾਹ ਹੋਇਆ?"

ਹੋਰ ਵੀ ਬਹੁਤ ਸਾਰੇ ਸੁਆਮੀ ਹਨ, ਜਿਨ੍ਹਾਂ 'ਤੇ ਦੋਸ਼ ਲੱਗੇ ਹਨ, ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਾਂ ਸਜ਼ਾ ਵੀ ਹੋਈ ਹੈ। 2017 ਵਿਚ ਸੁਆਮੀ ਇੱਛਾਧਾਰੀ ਭੀਮਾਨੰਦ ਇੱਕ ਵੇਸਵਾ ਅੱਡਾ ਚਲਾਉਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ। 2008 ਵਿਚ ਸੁਆਮੀ ਅੰਮ੍ਰਿਤ ਚੈਤੰਨਿਆ ਜਬਰ ਜਨਾਹ, ਬਾਲ ਸਰੀਰਕ ਸ਼ੋਸ਼ਣ ਅਤੇ ਨਾਬਾਲਗ ਕੁੜੀਆਂ ਦੀਆਂ ਅਸ਼ਲੀਲ ਫਿਲਮਾ ਬਣਾਉਣ ਲਈ ਗ੍ਰਿਫਤਾਰ ਕੀਤਾ ਗਿਆ। 1997 ਵਿਚ ਸੁਆਮੀ ਪ੍ਰੇਮਾਨੰਦ ਨੂੰ ਜਬਰ ਜਨਾਹ ਦੇ ਦੋਸ਼ ਵਿਚ, ਜਿਸ ਵਿਚ ਨਾਬਾਲਗ ਕੁੜੀਆਂ ਦਾ ਜਬਰ ਜਨਾਹ ਵੀ ਸ਼ਾਮਲ ਸੀ, ਅਕਸਰ ਇਸ ਬਹਾਨੇ ਨਾਲ ਕਿ ਉਸ ਨਾਲ ਸੰਭੋਗ ਕਰਨਾ 'ਪਰਮਾਤਮਾ ਦੀ ਸੇਵਾ ਹੈ', ਲਈ ਦੋਸ਼ੀ ਠਹਿਰਾਇਆ ਗਿਆ ਅਤੇ ਉਮਰ ਕੈਦ ਦੀ ਸਜ਼ਾ ਹੋਈ।

ਬੇਸ਼ੱਕ, ਨਾ ਕੇਵਲ ਸਰੀਰਕ ਸ਼ੋਸ਼ਣ ਦੇ ਦੋਸ਼ ਦੋਸ਼ੀਆਂ ਦੀ ਮਸ਼ਹੂਰੀ ਵਿਚ ਕੋਈ ਰਤਾ ਮਾਸਾ ਵੀ ਫਰਕ ਪਾਉਂਦੇ ਹਨ, ਬਲਕਿ ਦੋਸ਼ੀਆਂ ਨਾਲ ਵਰਤੋਂ ਵਿਹਾਰ ਵਾਰ ਵਾਰ ਨਾਇਕਾਂ, ਅਧਿਕਾਰੀਆਂ ਅਤੇ ਇੱਥੋਂ ਤੱਕ ਕਿ ਦੇਵਤਿਆਂ ਵਾਂਗ ਕੀਤਾ ਜਾਂਦਾ ਹੈ। ਕਈ ਵਾਰ ਉਨ੍ਹਾਂ ਦੀ ਬੁੱਤਾਂ ਦੇ ਰੂਪ ਵਿਚ ਯਾਦਗਾਰ ਬਣਾਈ ਜਾਂਦੀ ਹੈ। ਇਸ ਦੀ ਮੋਹਨਦਾਸ ਗਾਂਧੀ ਤੋਂ ਵੱਧ ਕੋਈ ਮਸ਼ਹੂਰ ਮਿਸਾਲ ਨਹੀਂ ਹੈ, ਜਿਸ ਦਾ ਉਪਨਾਮ 'ਮਹਾਤਮਾ' ਜਾਂ 'ਮਹਾਨ ਆਤਮਾ' ਹੈ।

ਭਾਰਤ ਵਿਚ ਔਰਤਾਂ ਦੇ ਸਰੀਰਕ ਸ਼ੋਸ਼ਣ ਦੇ ਸ਼ਿਕਾਰੀਆਂ ਨੂੰ ਸਿਆਸੀ ਅਤੇ ਧਾਰਮਕ ਤਾਕਤਾਂ ਦਾ ਸੁਮੇਲ ਕਿਵੇਂ ਸਜ਼ਾ ਤੋਂ ਮੁਕਤੀ ਦੁਆਉਂਦਾ ਹੈ, ਗਾਂਧੀ ਉਸ ਦੀ ਮਿਸਾਲ ਹੈ। ਉਸ ਨੂੰ ਭਾਰਤ ਦੀ ਆਜ਼ਾਦੀ ਦੀ ਲਹਿਰ ਵਿਚ ਉਸ ਦੀ ਭੂਮਿਕਾ ਕਾਰਨ 'ਭਾਰਤ ਦਾ ਪਿਤਾ' ਕਰਕੇ ਜਾਣਿਆ ਜਾਂਦਾ ਹੈ, ਉਸ ਨੂੰ ਅਹਿੰਸਾ ਦਾ ਸੰਸਾਰ ਦਾ ਪ੍ਰਮੁਖ ਪ੍ਰੇਰਕ ਵੀ ਮੰਨਿਆ ਜਾਂਦਾ ਹੈ। ਫਿਰ ਵੀ, ਬਿਸ਼ਪ ਦੀ ਤਰ੍ਹਾਂ ਕਿਸੇ ਨੇ ਵੀ ਕਦੇ ਉਸ ਦਾ ਵਿਰੋਧ ਨਹੀਂ ਕੀਤਾ, ਸੁਆਮੀਆਂ ਵਾਂਗ ਉਸ ਨੂੰ ਕਦੇ ਵੀ ਕਚਹਿਰੀਆਂ 'ਚ ਨਹੀਂ ਲਿਜਾਇਆ ਗਿਆ।

"ਇਹ ਬੜੀ ਅਲੌਕਿਕ ਗੱਲ ਹੈ ਕਿ ਉਹ ਗਾਂਧੀ ਵਰਗਾ ਕਿਵੇਂ ਹੈ।" ਬੈਨਰਜੀ ਨੇ ਟਿੱਪਣੀ ਕੀਤੀ ਹੈ। "ਮੈਂ ਭਾਰਤੀ ਅਧਿਆਤਮਕ ਨੇਤਾ ਆਸਾ ਰਾਮ ਦੀ ਗੱਲ ਕਰ ਰਹੀ ਹਾਂ।" ਸਮਾਨਤਾਵਾਂ ਦੀ ਪਰਖ ਕਰਦਿਆਂ, ਉਹ ਕਹਿੰਦੀ ਹੈ, "ਦੋਹਾਂ-ਗਾਂਧੀ ਅਤੇ ਆਸਾ ਰਾਮ ਨੇ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਬਣਾਏ, ਜਿਨ੍ਹਾਂ ਨੇ ਉਨ੍ਹਾਂ ਨੂੰ ਸੰਤ, ਅਧਿਆਤਮਕ 'ਮਾਰਗ ਦਰਸ਼ਕ', ਅਤੇ 'ਬਾਪੂ' ਜਾਂ 'ਪਿਤਾ' ਕਿਹਾ।" ਉਹ ਸਪੱਸ਼ਟ ਕਰਦੀ ਹੈ ਕਿ ਦੋਵੇਂ ਅਧਿਆਤਮਕ ਨੇਤਾ "ਸੰਭੋਗ ਜਾਂ ਸੰਭੋਗ ਦੀ ਇੱਛਾ ਨੂੰ 'ਪਾਪ' ਸਮਝਦੇ ਸੀ ਅਤੇ 'ਦੋਹਾਂ ਨੇ ਆਪਣੇ ਚੇਲਿਆਂ ਨੂੰ ਪਰਹੇਜ਼ ਅਤੇ ਸੰਭੋਗ ਦੀ ਇੱਛਾ ਨੂੰ ਕਾਬੂ ਵਿਚ ਰੱਖਣ ਨੂੰ 'ਸਵੈ-ਸੁਧੀਕਰਨ'



ਗੁਰਮੀਤ ਰਾਮ ਰਹੀਮ

ਦੀ ਇੱਕ ਕਿਸਮ ਵਜੋਂ ਲਿਆ।" ਇਸ ਤੋਂ ਵੀ ਵੱਧ, ਉਹ ਸਿੱਟਾ ਕੱਢਦੀ ਹੈ, "ਦੋਵੇਂ-ਗਾਂਧੀ ਅਤੇ ਆਸਾ ਰਾਮ, ਆਪ ਹੀ ਆਪਣੀਆਂ ਸਿੱਖਿਆਵਾਂ ਦੇ ਪਖੰਡੀ ਉਲੰਘਣ ਵਿਚ ਇੱਕ ਜਾਂ ਦੂਜੀ ਤਰ੍ਹਾਂ ਦੀ ਸੰਭੋਗੀ ਸੰਤੁਸ਼ਟੀ ਵਿਚ ਲਿਪਟੇ ਰਹੇ, ਇੱਥੋਂ ਤੱਕ ਕਿ ਇਸ ਦਾ ਨਤੀਜਾ ਉਨ੍ਹਾਂ ਦੇ ਆਪਣਿਆਂ ਦੀਆਂ ਕੁੜੀਆਂ ਤੇ ਔਰਤਾਂ ਦੇ ਸਰੀਰਕ ਸ਼ੋਸ਼ਣ ਵਿਚ ਨਿਕਲਿਆ।"

ਗਾਂਧੀ ਨੇ ਪ੍ਰਸਿੱਧ ਰੂਪ ਵਿਚ ਬ੍ਰਹਮਚਾਰੀ ਰਹਿਣ ਦੀ ਸਹੁੰ 1906 ਵਿਚ ਚੁੱਕੀ। 1944 ਤੱਕ, ਆਪਣੀ ਪਤਨੀ ਦੀ ਮੌਤ ਪਿੱਛੋਂ, ਉਸ ਨੇ ਅਭਿਆਨ ਸ਼ੁਰੂ ਕਰ ਦਿੱਤਾ, ਜਿਸ ਨੂੰ ਉਸ ਨੇ ਆਪਣੇ ਬ੍ਰਹਮਚਾਰੀ ਹੋਣ ਦੀ 'ਪ੍ਰੀਖਿਆ' ਦੇ 'ਪ੍ਰਯੋਗ' ਕਿਹਾ। ਸਭ ਤੋਂ ਘਿਨਾਉਣਾ, 75 ਸਾਲ ਦਾ ਬੁੱਢਾ ਗਾਂਧੀ ਆਪਣੀ 18 ਸਾਲ ਦੀ ਭਤੀਜ-ਪੋਤੀ ਮਨੂ ਨਾਲ ਨੰਗਾ ਸੁੱਤਾ, ਜੋ ਉਸ ਦੀ ਸਰਪ੍ਰਸਤੀ ਵਿਚ 12 ਸਾਲ ਦੀ ਉਮਰ ਵਿਚ ਆਈ ਸੀ। ਇਸ ਦੇ ਨਾਲ ਹੀ 18 ਸਾਲ ਦੀ ਆਭਾ ਨਾਲ ਵੀ, ਜੋ ਗਾਂਧੀ ਦੇ ਭਤੀਜ-ਪੋਤੇ ਦੀ ਪਤਨੀ ਸੀ।

ਰਾਮਚੰਦਰ ਗੁਹਾ ਨੇ ਪਿਛਲੇ 20 ਸਾਲ ਤਿੰਨ ਜਿਲਦਾਂ ਵਿਚ ਗਾਂਧੀ ਦੀ ਜੀਵਨੀ ਲਿਖਣ ਵਿਚ ਖਰਚ ਕੀਤੇ ਹਨ। ਉਹ ਇਸ ਅਧਿਆਤਮਕ ਨੇਤਾ ਨੂੰ 'ਬਹੁਤ ਹੀ ਮਹਾਨ ਆਧੁਨਿਕ ਭਾਰਤੀ' ਕਹਿੰਦਾ ਹੈ। ਫਿਰ ਵੀ, ਗਾਂਧੀ ਦੇ 'ਪ੍ਰਯੋਗਾਂ' 'ਤੇ ਪ੍ਰਤੀਕ੍ਰਿਆ ਕਰਦਿਆਂ ਗੁਹਾ ਕਹਿੰਦਾ ਹੈ, "ਇਹ ਬਹੁਤ ਹੀ ਅਜੀਬ ਸੀ।" ਸਮਝਾਉਣ ਦੀ ਮੰਗ ਕਰਦਿਆਂ ਕਿ ਕਿਉਂ ਬੁੱਢੇ ਆਦਮੀ ਨੇ ਆਪਣੀਆਂ ਜੁਆਨ ਔਰਤ ਰਿਸ਼ਤੇਦਾਰਾਂ ਨੂੰ, ਨੰਗਿਆਂ ਆਪਣਾ ਬਿਸਤਰ ਸਾਂਝਾ ਕਰਨ ਲਈ ਕਿਹਾ? ਗੁਹਾ ਕਹਿੰਦਾ ਹੈ, "ਉਹ ਇਕੱਲਾ ਸੀ, ਕਲਮੁਕੱਲਾ, ਬਿਨਾ ਕਿਸੇ ਮਾਰਗ ਦਰਸ਼ਕ ਦੇ।"

ਗਾਂਧੀ ਆਪ ਵੱਖਰਾ ਸਪੱਸ਼ਟੀਕਰਨ ਦਿੰਦਾ ਹੈ। ਉਹ ਦੋਸ਼ ਨੂੰ ਨਕਾਰਦਾ ਨਹੀਂ। ਬਜਾਇ ਇਸ ਦੇ, ਉਹ ਇਸ ਨੂੰ ਆਪਣੀ ਨੈਤਿਕ ਜਿੰਮੇਵਾਰੀ ਵਜੋਂ ਚਿਤਰਦਾ ਹੈ ਅਤੇ ਆਪਣੇ-ਆਪ ਨੂੰ (ਸਰੀਰਕ ਸ਼ੋਸ਼ਕਾਂ ਦੀ ਹਰ ਥਾਂ ਇਹੀ ਰਵਾਇਤ ਹੈ) ਇੱਕ ਸ਼ਹੀਦ ਦੇ ਤੌਰ 'ਤੇ ਪੇਸ਼ ਕਰਦਾ ਹੈ। "ਮਨੂ ਗਾਂਧੀ, ਮੇਰੀ ਪੋਤੀ ਜਿਵੇਂ ਅਸੀਂ ਖੂਨ ਦੇ ਰਿਸ਼ਤਿਆਂ ਨੂੰ ਮੰਨਦੇ ਹਾਂ, ਮੇਰੇ ਨਾਲ ਬਿਸਤਰ ਸਾਂਝਾ ਕਰਦੀ ਹੈ," ਗਾਂਧੀ ਨੇ ਕਿਹਾ ਹੈ। "ਮਨੂ ਨਾਲ ਸੌਣਾ ਮੇਰੇ ਯੱਗ (ਬਲੀਦਾਨ) ਦਾ ਅਨਿੱਖੜ ਅੰਗ ਹੈ।"


ਜਿਹੜਾ ਯੱਗ (ਬਲੀਦਾਨ) ਉਹ ਕਰ ਰਿਹਾ ਸੀ, ਉਸ ਦੀ ਵਿਆਖਿਆ ਕਰਦਿਆਂ, ਉਸ ਨੇ ਲਿਖਿਆ ਹੈ, "ਮਨੂ ਦਾ ਮੇਰੇ ਨਾਲ ਸੌਣਾ ਧਰਮ (ਫਰਜ਼) ਦੀ ਗੱਲ ਹੈ, ਮੈਂ ਇਸ ਸੰਕਲਪ ਤੋਂ ਇਹ ਸਬਕ ਸਿੱਖਿਆ ਹੈ ਕਿ ਇੱਕ ਵਿਅਕਤੀ ਲਈ ਜੋ ਧਰਮ ਦੀ ਗੱਲ ਹੈ, ਉਸ ਨੂੰ ਆਪਣੇ ਪਿਆਰਿਆਂ ਦੇ ਪ੍ਰੇਮ ਦੀ ਖਾਤਰ ਜਾਂ ਕਿਸੇ ਦੇ ਭੈ ਦੇ ਕਾਰਨ ਛੱਡ ਨਹੀਂ ਸਕਦਾ। ਜੇ ਇਸ ਕਿਸਮ ਦੀ ਹਾਲਤ ਵਿਚ, ਮੈਂ ਦੋਸਤਾਂ ਦੇ ਝੂਠੇ ਸਤਿਕਾਰ ਜਾਂ ਡਰ ਜਾਂ ਪ੍ਰੇਮ ਖਾਤਰ ਉਸ ਨੂੰ ਤਿਆਗ ਦਿੰਦਾ ਹਾਂ, ਜਿਸ ਵਿਚ ਮੈਂ ਵਿਸ਼ਵਾਸ ਕਰਦਾ ਹਾਂ ਕਿ ਮੇਰਾ ਧਰਮ ਹੈ, ਮੇਰਾ ਯੱਗ ਅਧੂਰਾ ਰਹਿ ਜਾਵੇਗਾ।"

ਮਨੂ ਨਾਲ ਆਪਣੇ ਪ੍ਰਯੋਗ ਨੂੰ ਵਾਜਬ ਠਹਿਰਾਉਂਦਿਆਂ, ਉਸ ਨੇ ਉਸ ਨੂੰ ਦੱਸਿਆ, "ਸਾਨੂੰ ਆਪਣੀ ਪਵਿੱਤਰਤਾ ਨੂੰ ਅੰਤਮ ਪ੍ਰੀਖਿਆ 'ਤੇ ਪਾਉਣਾ ਚਾਹੀਦਾ ਹੈ, ਤਾਂਕਿ ਸਾਨੂੰ ਪਤਾ ਲੱਗੇ ਕਿ ਅਸੀਂ ਸਭ ਤੋਂ ਪਵਿੱਤਰ ਯੱਗ ਕਰ ਰਹੇ ਹਾਂ ਅਤੇ ਸਾਨੂੰ ਦੋਹਾਂ ਨੂੰ ਹੁਣ ਨੰਗੇ ਸੌਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ।" ਬੇਸ਼ੱਕ, ਜਾਹਰਾ ਤੌਰ 'ਤੇ ਉਸ ਦੀ ਪ੍ਰੀਖਿਆ ਫੇਲ੍ਹ ਹੋ ਗਈ।

ਜੀਵਨੀ ਲੇਖਕ ਜੂਸਿਫ ਲੈਲੀਵੈਲਡ ਅਨੁਸਾਰ ਗਾਂਧੀ ਨੇ ਇੱਕ ਹੋਰ ਔਰਤ ਨੂੰ ਭੇਦ ਦੱਸਿਆ ਕਿ ਮਨੂ ਨਾਲ ਸੌਂਦਿਆਂ "ਮੇਰੀਆਂ ਪੂਰੀਆਂ ਕੋਸ਼ਿਸ਼ਾਂ ਦੇ ਬਾਵਜੂਦ, ਮੈਂ ਸਰੀਰਕ ਤੌਰ 'ਤੇ ਉਤੇਜਿਤ ਰਿਹਾ। ਇਹ ਪੂਰੀ ਤਰ੍ਹਾਂ ਇੱਕ ਅਜੀਬ ਅਤੇ ਸ਼ਰਮਨਾਕ ਪ੍ਰਯੋਗ ਸੀ।"

ਜੇ ਗਾਂਧੀ ਦਾ ਤਜਰਬਾ ਸੰਭਾਵਤ ਇੱਛਤ ਨਤੀਜੇ ਪੈਦਾ ਕਰ ਵੀ ਦਿੰਦਾ, ਬੈਨਰਜੀ ਨੇ ਫਿਰ ਵੀ ਅਸਹਿਮਤ ਹੀ ਹੋਈ ਰਹਿਣਾ ਸੀ। ਜਿਵੇਂ ਕਿ ਉਹ ਕਹਿੰਦੀ ਹੈ, "ਮੈਂ ਗਾਂਧੀ ਨੂੰ ਯੌਨ ਸ਼ਿਕਾਰੀ ਦੀ ਇੱਕ ਉਤਮ ਮਿਸਾਲ ਵਜੋਂ ਦੇਖਿਆ ਹੈ, ਇੱਕ ਆਦਮੀ, ਜੋ ਆਪਣੇ ਰੁਤਬੇ ਅਤੇ ਤਾਕਤ ਦੀ ਵਰਤੋਂ ਉਨ੍ਹਾਂ ਲੋਕਾਂ ਨਾਲ ਛਲ ਕਰਨ ਅਤੇ ਸਰੀਰਕ ਸ਼ੋਸ਼ਣ ਲਈ ਕਰਦਾ ਹੈ, ਜਿਨ੍ਹਾਂ 'ਤੇ ਉਸ ਦਾ ਸਿੱਧਾ ਅਖਤਿਆਰ ਹੈ।"

ਬੈਨਰਜੀ ਗਾਂਧੀ ਦੇ ਚੇਲਿਆਂ ਨੂੰ ਦੁਰਉਪਯੋਗ ਲਈ ਦੋਸ਼ੀ ਮੰਨਦੀ ਹੈ ਅਤੇ ਸੋਚਦੀ ਹੈ ਕਿ ਗਾਂਧੀ ਨੂੰ ਇੱਕ ਆਦਰਸ਼ ਵੱਜੋਂ ਨਹੀਂ, ਬਲਕਿ ਸੰਸਾਰ ਲਈ ਇੱਕ ਚਿਤਾਵਨੀ ਵਜੋਂ ਲੈਣਾ ਚਾਹੀਦਾ ਹੈ। ਬੈਨਰਜੀ ਐਲਾਨ ਕਰਦੀ ਹੈ, "ਅਗਵਾਈ ਕਰਨ ਦੀ ਸਥਿਤੀ ਵਿਚ ਬੈਠੇ ਆਦਮੀ ਕਮਜ਼ੋਰ ਕੁੜੀਆਂ ਅਤੇ ਔਰਤਾਂ ਨੂੰ ਸਰੀਰਕ ਸ਼ੋਸ਼ਣ ਦਾ ਸ਼ਿਕਾਰ



ਮਹਾਤਮਾ ਗਾਂਧੀ

ਬਣਾ ਸਕਦੇ ਹਨ ਕਿਉਂਕਿ ਜੋ ਲੋਕ ਉਨ੍ਹਾਂ ਦੀ ਅਗਵਾਈ ਦਾ ਸਤਿਕਾਰ ਕਰਦੇ ਹਨ, ਉਹ ਅਜਿਹਾ ਕਰਨ ਦੀ ਜਗ੍ਹਾ ਵੀ ਬਣਾਉਂਦੇ ਹਨ ਅਤੇ ਉਨ੍ਹਾਂ ਨੂੰ ਤਾਕਤ ਵੀ ਦਿੰਦੇ ਹਨ।"

ਮੁੱਕਦੀ ਗੱਲ, ਉਹ ਦਲੀਲ ਦਿੰਦੀ ਹੈ, "ਅਸੀਂ ਸਭ ਉਨ੍ਹਾਂ ਆਦਮੀਆਂ ਦੀ ਨਾਇਨਸਾਫੀ/ਧੱਕੇ ਲਈ ਜਿੰਮੇਵਾਰ ਹਾਂ, ਜਿਨ੍ਹਾਂ ਨੂੰ ਅਸੀਂ ਰੁਤਬਿਆਂ 'ਤੇ ਬਿਰਾਜਮਾਨ ਕਰਦੇ ਹਾਂ।"

ਗਾਂਧੀ ਨੂੰ ਉਸ ਦੇ ਕਾਰਜਾਂ ਲਈ ਕਦੇ ਵੀ ਜਿੰਮੇਵਾਰ ਨਹੀਂ ਠਹਿਰਾਇਆ ਗਿਆ। ਜ਼ਿਆਦਾ ਆਧੁਨਿਕ ਭਾਰਤੀ ਆਗੂਆਂ ਨੂੰ ਬੇਸ਼ੱਕ ਜਿੰਮੇਵਾਰ ਠਹਿਰਾਇਆ ਗਿਆ ਹੈ। ਰਾਮ ਰਹੀਮ ਨੂੰ ਠਹਿਰਾਇਆ ਗਿਆ। ਇਸੇ ਤਰ੍ਹਾਂ ਆਸਾ ਰਾਮ ਨੂੰ ਵੀ। ਸ਼ਾਇਦ ਸਾਂਝੀ ਰਾਮ ਅਤੇ ਕੁਲਦੀਪ ਸਿੰਘ ਸੇਂਗਰ ਵੀ ਜਿੰਮੇਵਾਰੀ ਦਾ ਸਾਹਮਣਾ ਕਰਨਗੇ। ਆਸ ਦੀ ਇੱਕ ਕਿਰਨ ਵਿਚ ਬਿਸ਼ਪ ਫਰੈਂਕੋ ਮੁਲੱਕਲ ਨੂੰ ਵੀ ਇਨਸਾਫ ਦੇ ਤਰਾਜੂ ਵਿਚ ਤੋਲਿਆ ਜਾ ਰਿਹਾ ਹੈ।

20 ਸਤੰਬਰ ਨੂੰ ਵੈਟੀਕਨ ਨੇ ਆਖਰ ਮੁਲੱਕਲ ਨੂੰ ਉਸ ਦੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ। ਅੰਤ ਵਿਚ 21 ਸਤੰਬਰ ਨੂੰ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਉਸ ਦੀ ਗ੍ਰਿਫਤਾਰੀ, 24 ਜੂਨ ਨੂੰ ਦੋਸ਼ ਦਾਖਲ ਕਰਵਾਏ ਜਾਣ ਤੋਂ ਤਿੰਨ ਮਹੀਨੇ ਬਾਅਦ ਹੋਈ, ਪ੍ਰੰਤੂ ਫਿਰ ਵੀ ਹੋ ਤਾਂ ਗਈ।

ਜੇ ਏਨੇ ਸਾਲਾਂ ਦੇ ਹੋਰ ਕੇਸ ਕੋਈ ਸਬੂਤ ਹਨ, ਬੇਸ਼ੱਕ, ਕੋਚੀ ਵਿਖੇ 8 ਸਤੰਬਰ ਤੋਂ, ਜੋ ਸਾਧਵੀਆਂ ਵਿਰੋਧ ਕਰ ਰਹੀਆਂ ਹਨ, ਉਨ੍ਹਾਂ ਨੂੰ ਆਪਣੀਆਂ ਮੰਗਾਂ ਬਦਲਣੀਆਂ ਪੈ ਸਕਦੀਆਂ ਹਨ। ਗ੍ਰਿਫਤਾਰੀ ਹੋ ਗਈ ਹੈ ਪ੍ਰੰਤੂ ਮੁਲੱਕਲ ਨੂੰ ਚਰਚ ਦੇ ਪਾਦਰੀਪਣ ਤੋਂ ਨਹੀਂ ਹਟਾਇਆ ਗਿਆ। ਜੇ ਉਸ ਨੂੰ ਪਾਦਰੀਪਣ ਤੋਂ ਹਟਾ ਵੀ ਦਿੱਤਾ ਗਿਆ, ਜੇਲ੍ਹ ਦਾ ਰਸਤਾ ਫਿਰ ਵੀ ਬਹੁਤ ਦੂਰ ਹੈ।

ਬਿਸ਼ਪ ਅਤੇ ਸਾਧਵੀ ਦਾ ਕੇਸ, ਜੇ ਹੋਰ ਕੁਝ ਨਹੀਂ, ਸੰਸਾਰ ਨੂੰ ਡਾ. ਭੀਮਾ ਰਾਓ ਅੰਬੇਦਕਰ ਦੇ ਸ਼ਬਦ ਜ਼ਰੂਰ ਯਾਦ ਕਰਾਉਂਦਾ ਹੈ। ਇੱਕ ਵਕੀਲ ਅਤੇ ਬੁੱਧੀਜੀਵੀ, ਜੋ ਖਾਸ ਕਰਕੇ ਭਾਰਤ ਦੇ ਦੱਬੇ-ਕੁਚਲੇ ਭਾਈਚਾਰਿਆਂ ਦੇ ਹੱਕਾਂ ਦੇ ਮੁਦੱਈ ਵਜੋਂ ਪ੍ਰਸਿੱਧ ਹੈ, ਅੰਬੇਦਕਰ ਨੇ ਟਿੱਪਣੀ ਕੀਤੀ, "ਮੈਂ ਕਿਸੇ ਵੀ ਭਾਈਚਾਰੇ ਦੀ ਤਰੱਕੀ ਉਸ ਦਰਜੇ ਤੋਂ ਮਾਪਦਾ ਹਾਂ, ਜੋ ਉਸ ਦੀਆਂ ਔਰਤਾਂ ਨੇ ਪ੍ਰਾਪਤ ਕੀਤਾ ਹੈ।"


ਆਧੁਨਿਕ ਭਾਰਤ ਦੇ ਸੰਦਰਭ ਵਿਚ ਇਹ ਇੱਕ ਆਸ਼ਾਵਾਦੀ ਵਿਚਾਰ ਹੈ। ਪੱਛਮ ਤੋਂ ਪੂਰਬ ਤੱਕ ਅਣਗਿਣਤ ਅਧਿਆਤਮਕ ਨੇਤਾ ਆਪਣੇ ਸਮੂਹਾਂ ਦਾ ਸ਼ੋਸ਼ਣ ਕਰ ਰਹੇ ਹਨ। ਪ੍ਰਮੁੱਖ ਸਿਆਸਤਦਾਨ ਇਨ੍ਹਾਂ ਮੁਜ਼ਰਿਮਾਂ ਸਾਹਮਣੇ ਝੁਕਣ ਅਤੇ ਦੰਡੌਤ ਕਰਨ ਦੀ ਸ਼ੇਖੀ ਮਾਰਦੇ ਹਨ। ਫਿਰ ਵੀ, ਇੱਕ ਤੋਂ ਬਾਅਦ ਦੂਜਾ, ਉਨ੍ਹਾਂ ਦੇ ਪੀੜਤ ਸੰਸਾਰ ਵਿਚ ਸਭ ਤੋਂ ਵੱਧ ਤਾਕਤਵਰ ਲੋਕਾਂ ਨੂੰ ਵੰਗਾਰਨ ਲਈ ਅੱਗੇ ਆ ਰਹੇ ਹਨ, ਘੋਸ਼ਣਾ ਕਰਦੇ ਹੋਏ, "ਇਹ ਬੰਦ ਹੋਵੇਗਾ। ਅਸੀਂ ਪੀੜਤ ਨਹੀਂ ਹਾਂ। ਅਸੀਂ ਜਿਉਂਦੇ ਬਚ ਗਏ ਹਾਂ।"

ਇਹ ਜਿਉਂਦੇ ਬਚ ਗਏ ਲੋਕ ਸਨਮਾਨਜਨਕ ਹਨ, ਅਸਲੀ ਨਾਇਕ, ਅਸਲੀ ਮਹਾਤਮਾ, ਜੇ ਨਾਮ ਨਹੀਂ ਤਾਂ ਉਨ੍ਹਾਂ ਦੀਆਂ ਕਹਾਣੀਆਂ ਦਾ ਜ਼ਿਕਰ, ਇਤਿਹਾਸ ਵਿਚ ਜਰੂਰ ਹੋਣਾ ਚਾਹੀਦਾ ਹੈ।

*(ਸਮਾਪਤ)*

# ਭੁੱਖ ਦੇ ਮਾਰੇ ਲੋਕਾਂ ਨੂੰ ਧਰਮ ਦਾ ਝੰਡਾ ਚੁਕਾਉਣ ਲੱਗੀ ਹੈ ਭਾਜਪਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਅਗਲੀਆਂ ਲੋਕ ਸਭਾ ਚੋਣਾਂ ਹੋਣ ਵਿਚ ਬਹੁਤਾ ਸਮਾਂ ਨਹੀਂ ਰਹਿ ਗਿਆ। ਮਿਥੇ ਸਮੇਂ ਮੁਤਾਬਕ ਤਾਂ ਫਰਵਰੀ ਵਿਚ ਇਸ ਦਾ ਨੋਟੀਫਿਕੇਸ਼ਨ ਜਾਰੀ ਹੋਣਾ ਅਤੇ ਉਸੇ ਦਿਨ ਤੋਂ ਕੁਝ ਰਾਜਾਂ ਵਿਚ ਚੋਣ ਜ਼ਾਬਤਾ ਲਾਗੂ ਕਰ ਦਿੱਤਾ ਜਾਣਾ ਬਣਦਾ ਹੈ। ਉਸ ਹਿਸਾਬ ਨਾਲ ਸਰਗਰਮੀ ਚੱਲ ਪਈ ਨਜ਼ਰ ਆਉਂਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਟੀਮ ਇਸ ਵਕਤ ਅਗਲੀਆਂ ਚੋਣਾਂ ਲਈ ਸਮੁੱਚਾ ਹੋਮ-ਵਰਕ ਕਰਨ ਤੇ ਅਜੇ ਤੱਕ ਅੜੇ ਹੋਏ ਲੁਕਵੇਂ ਏਜੰਡੇ ਨੂੰ ਲਾਗੂ ਕਰਨ ਦੇ ਗੇਅਰ ਵਿਚ ਪੈ ਚੁਕੀ ਹੈ। ਕਾਂਗਰਸ ਪਾਰਟੀ ਦਾ ਕੋੜਮਾ ਅਜੇ ਤੱਕ ਵੀ ਅੱਕੀਂ-ਪਲਾਹੀਂ ਹੱਥ ਮਾਰਦਾ ਫਿਰ ਰਿਹਾ ਹੈ। ਉਨ੍ਹਾਂ ਦਾ ਪ੍ਰਧਾਨ ਰਾਹੁਲ ਗਾਂਧੀ ਪਹਿਲਾਂ ਤੋਂ ਸਿਆਣਾ ਹੋ ਕੇ ਵੀ ਅਜੇ ਸਥਿਤੀ ਦੇ ਹਾਣ ਦਾ ਸਾਬਤ ਨਹੀਂ ਹੋ ਰਿਹਾ।

ਜਿੱਥੋਂ ਤੱਕ ਨਵੇਂ ਸਾਲ ਵਿਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵੱਲੋਂ ਲੁਕਵਾਂ ਏਜੰਡਾ ਲਾਗੂ ਕਰਨ ਦੀ ਗੱਲ ਹੈ, ਉਸ ਵਿਚ ਇਸ ਵੇਲੇ ਸਭ ਤੋਂ ਵੱਡਾ ਕੰਮ ਸ਼ਹਿਰਾਂ ਦੇ ਨਾਂਵਾਂ ਦੇ ਬਹਾਨੇ ਹਿੰਦੂਕਰਨ ਦੀ ਉਹ ਲਹਿਰ ਸਿਰੇ ਉਤੇ ਪੁਚਾਉਣ ਵਾਲਾ ਹੈ, ਜੋ ਇੱਕ ਵਾਰੀ ਚੱਲ ਪਿਆ ਤਾਂ ਚੋਣਾਂ ਵਿਚ ਵਰਤਿਆ ਜਾ ਸਕਦਾ ਹੈ। ਉਤਰ ਪ੍ਰਦੇਸ਼ ਦੇ ਅਲਾਹਾਬਾਦ ਦਾ ਨਾਂ ਬਦਲ ਕੇ ਪ੍ਰਯਾਗਰਾਜ ਕੀਤੇ ਜਾਣ ਨਾਲ ਖੇਡ ਸ਼ੁਰੂ ਹੋਈ ਤੇ ਫੈਜ਼ਾਬਾਦ ਜ਼ਿਲੇ ਦਾ ਨਾਂ ਬਦਲ ਕੇ ਅਯੁੱਧਿਆ ਕਰਨ ਤੱਕ ਪਹੁੰਚ ਗਈ। ਅਯੁੱਧਿਆ ਭਾਰਤੀ ਜਨਤਾ ਪਾਰਟੀ ਵਾਲਿਆਂ ਦੀ ਚੋਣ ਉਠਾਣ ਦਾ ਉਸ ਵੇਲੇ ਤੋਂ ਮੁੱਖ ਕੇਂਦਰ ਬਣਿਆ ਰਿਹਾ ਹੈ, ਜਦੋਂ ਰਾਜੀਵ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਹੂੰਝਾ ਫੇਰਨ ਵਿਚ ਸਫਲ ਰਹੀ ਸੀ ਤੇ ਭਾਜਪਾ ਨੂੰ ਸਿਰਫ ਦੋ ਸੀਟਾਂ ਮਿਲੀਆਂ ਸਨ। ਉਸ ਪਿੱਛੋਂ ਭਾਜਪਾ ਨੇ ਬਾਬਰੀ ਮਸਜਿਦ ਢਾਹੁਣ ਤੇ ਰਾਮ ਮੰਦਿਰ ਬਣਾਉਣ ਲਈ ਰਾਮ-ਰੱਥ ਤੋਰਿਆ ਤਾਂ ਸਿੱਟੇ ਵਜੋਂ ਦੂਜੀ ਵਾਰੀ 86 ਸੀਟਾਂ ਅਤੇ ਤੀਜੀ ਵਾਰੀ 119 ਜਿੱਤਣ ਮਗਰੋਂ ਚੌਥੀ ਵਾਰੀ 182 ਸੀਟਾਂ ਜਿੱਤ ਕੇ ਪਹਿਲੀ ਵਾਰੀ 13 ਦਿਨ ਇਸ ਦੇਸ਼ ਦੀ ਸਰਕਾਰ ਸਾਂਭਣ ਤੱਕ



ਏਕਲਵਿਆ ਵਲੋਂ ਗੁਰੂ ਦਰੋਣਾਚਾਰੀਆ ਦਾ ਮਿੱਟੀ ਦਾ ਬੁੱਤ ਬਣਾਏ ਜਾਣ ਦਾ ਇਕ ਚਿੱਤਰ

ਦੀ ਮੱਲ ਮਾਰਨ ਜੋਗੀ ਹੋ ਗਈ ਸੀ। ਉਦੋਂ ਤੋਂ ਉਸ ਦੀ ਰਾਜਨੀਤੀ ਅਯੁੱਧਿਆ ਦੁਆਲੇ ਘੁੰਮਦੀ ਹੈ।

ਫੈਜ਼ਾਬਾਦ ਜ਼ਿਲਾ ਬਹੁਤ ਪੁਰਾਣਾ ਸੀ ਤੇ ਅਯੁੱਧਿਆ ਉਸ ਜ਼ਿਲੇ ਦਾ ਸਭ ਤੋਂ ਵੱਡਾ ਕਸਬਾ ਸੀ, ਜਿੱਥੇ ਪਿਛਲੇ ਹਫਤੇ ਉਤਰ ਪ੍ਰਦੇਸ਼ ਦੇ ਭਾਜਪਾ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੀ ਸਰਕਾਰ ਨੇ ਪਲਟੀ ਮਾਰ ਕੇ ਅਯੁੱਧਿਆ ਨੂੰ ਜ਼ਿਲਾ ਬਣਾਇਆ ਤੇ ਉਸ ਕਸਬੇ ਤੋਂ ਵੱਡੇ ਸ਼ਹਿਰ ਫੈਜ਼ਾਬਾਦ ਨੂੰ ਉਸ ਦਾ ਹਿੱਸਾ ਬਣਾਉਣ ਦਾ ਐਲਾਨ ਕਰ ਦਿੱਤਾ। ਅਸੀਂ ਬਹੁਤ ਸਾਰੇ ਲੋਕਾਂ ਬਾਰੇ ਇਹ ਗੱਲ ਜਾਣਦੇ ਹਾਂ ਕਿ ਉਹ ਭਾਜਪਾ ਸਰਕਾਰ ਖਿਲਾਫ ਹਨ, ਪਰ ਅਯੁੱਧਿਆ ਮਾਮਲੇ ਵਿਚ ਉਸ ਦੇ ਨਾਲ ਖੜੋ ਜਾਂਦੇ ਹਨ।

ਇਨ੍ਹਾਂ ਦੋਹਾਂ ਸ਼ਹਿਰਾਂ ਦੇ ਨਾਂ ਬਦਲਣ ਨਾਲ ਇੱਕ ਤਜਰਬਾ ਕੀਤਾ ਗਿਆ ਹੈ, ਜਿਸ ਦਾ ਵਿਰੋਧ ਹੋਣ ਦੀ ਥਾਂ ਮੋਟੇ ਤੌਰ 'ਤੇ ਲੋਕਾਂ ਨੇ ਜਿਸ ਤਰ੍ਹਾਂ ਚੁੱਪ ਕਰ ਕੇ ਹਜ਼ਮ ਕਰ ਲਿਆ, ਉਸ ਨਾਲ ਕਈ ਹੋਰ ਥਾਂਵਾਂ ਤੋਂ ਇਹ ਮੰਗ ਉਠਣ ਲੱਗ ਪਈ ਹੈ। ਇਸ ਵਕਤ ਸਭ ਤੋਂ ਉਭਰਵੀਂ ਮੰਗ ਗੁਜਰਾਤ ਦੇ ਸਭ ਤੋਂ ਵੱਡੇ ਸ਼ਹਿਰ ਅਹਿਮਦਾਬਾਦ ਦਾ ਨਾਂ ਬਦਲਣ ਅਤੇ ਇਸ ਦਾ ਨਵਾਂ ਨਾਂ ਕਰਨਾਵਤੀ ਰੱਖਣ ਲਈ ਹੋਈ ਹੈ। ਉਥੇ ਰਾਜ ਸਰਕਾਰ ਇਸ ਨੂੰ ਛੇਤੀ ਸਿਰੇ ਚਾੜ੍ਹਨ ਲਈ ਤਿਆਰ ਹੋਈ ਪਈ ਹੈ ਤੇ ਸ਼ਾਇਦ ਇਸ ਹਫਤੇ ਇਹ ਕੰਮ ਹੋ ਵੀ ਜਾਵੇਗਾ।

ਇਸ ਦੌਰਾਨ ਮੁਜ਼ੱਫਰਨਗਰ ਦੇ ਦੰਗਿਆਂ ਵੇਲੇ ਸਭ ਤੋਂ ਵੱਧ ਬਦਨਾਮੀ ਖੱਟਣ ਵਾਲਾ ਅਤੇ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਨਰਿੰਦਰ ਮੋਦੀ ਦੇ ਮੰਚ ਉਤੇ ਝਲਕ ਦਿਖਾ ਚੁਕਾ ਭਾਜਪਾ ਵਿਧਾਇਕ ਸੰਗੀਤ ਸੋਮ ਵੀ ਝੰਡਾ ਚੁੱਕ ਖੜੋਤਾ ਹੈ। ਉਹ ਜਿਸ ਸਰਧਨਾ ਵਿਧਾਨ ਸਭਾ ਹਲਕੇ ਦਾ ਵਿਧਾਇਕ ਹੈ, ਉਸ ਦਾ ਨਵਾਂ ਨਾਂ ਲਕਸ਼ਮੀ ਨਗਰ ਰੱਖਣ ਦੀ ਮੰਗ ਉਠਾਈ ਗਈ ਹੈ। ਆਗਰੇ ਵਿਚ ਭਾਜਪਾ ਵਿਧਾਇਕ ਜਗਨ ਪ੍ਰਸਾਦ ਗਰਗ ਕਹਿੰਦਾ ਹੈ ਕਿ ਇਸ ਦਾ ਨਵਾਂ ਨਾਂ ਅਗਰਾਵਾਨ ਰੱਖਣਾ ਚਾਹੀਦਾ ਹੈ। ਉਤਰ ਪ੍ਰਦੇਸ਼ ਦੇ ਅਲੀਗੜ੍ਹ ਨੂੰ ਹਰੀਨਗਰ ਬਣਾਉਣ ਦੀ ਮੰਗ ਵੀ ਉਠ ਪਈ ਹੈ। ਇੱਕ ਹੋਰ ਭਾਜਪਾ ਵਿਧਾਇਕ ਨੇ ਮੰਗ ਕਰ ਦਿੱਤੀ ਹੈ ਕਿ ਬਸਤੀ ਸ਼ਹਿਰ ਦਾ ਨਾਂ ਵੀ ਬਦਲ ਕੇ ਰਿਸ਼ੀ ਵਾਸ਼ਿਸ਼ਟ ਦੇ ਨਾਂ ਉਤੇ ਵਾਸ਼ਿਸ਼ਟ ਨਗਰ ਰੱਖ ਦੇਣਾ ਬਣਦਾ ਹੈ। ਇਹ ਅਸਲ ਵਿਚ ਮੰਗਾਂ ਦੀ ਇੱਕ ਲੰਮੀ-ਚੌੜੀ ਲੜੀ ਹੈ। ਇਸ ਦਾ ਸਬੰਧ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਨਾਲ ਹੈ।

ਉਂਜ ਸਾਡੇ ਲੋਕ ਬੜੀ ਛੋਟੀ ਯਾਦਦਾਸ਼ਤ ਵਾਲੇ ਹਨ। ਹਾਲੇ ਚਾਰ ਸਾਲ ਨਹੀਂ ਹੋਏ, ਜਦੋਂ ਹਰਿਆਣਾ ਵਿਚ ਭਾਜਪਾ ਸਰਕਾਰ ਬਣਦੇ ਸਾਰ ਗੁੜਗਾਉਂ ਦਾ ਨਾਂ ਬਦਲ ਕੇ 'ਗੁਰੂ ਗ੍ਰਾਮ' ਰੱਖਿਆ ਗਿਆ ਸੀ। ਪੁੱਛਣ ਉਤੇ ਦੱਸਿਆ ਗਿਆ ਕਿ ਕੌਰਵਾਂ ਤੇ ਪਾਂਡਵਾਂ ਨੂੰ ਤੀਰਅੰਦਾਜ਼ੀ ਦੀ ਸਿੱਖਿਆ ਦੇਣ ਵਾਲੇ ਪ੍ਰਸਿੱਧ ਗੁਰੂ ਦਰੋਣਾਚਾਰੀਆ ਦਾ ਆਸ਼ਰਮ ਇਸ ਥਾਂ ਹੁੰਦਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਭਾਰਤ ਦੀ ਵਿਰਾਸਤ ਵਿਚ ਗੁਰੂ ਦਰੋਣਾਚਾਰੀਆ ਦੀ ਬਹੁਤ ਵੱਡੀ ਦੇਣ ਹੋਣ ਕਰ ਕੇ ਉਸ ਦਾ ਨਾਂ ਇਸ ਸ਼ਹਿਰ ਨਾਲ ਜੋੜ ਦਿੱਤਾ ਗਿਆ ਹੈ।

ਇਹ ਗੱਲ ਮੰਨ ਲਈ ਜਾਵੇ ਤਾਂ ਸਵਾਲ ਉਠਦਾ ਹੈ ਕਿ ਜਿਸ ਗੁਰੂ ਦਰੋਣਾਚਾਰੀਆ ਦੀ ਏਨੀ ਮਹਿਮਾ ਦੱਸੀ ਜਾਂਦੀ ਹੈ, ਉਸ ਕੋਲ ਦਲਿਤ ਪਰਿਵਾਰ ਦਾ ਬੱਚਾ ਏਕਲਵਿਆ ਵੀ ਗਿਆ ਸੀ ਤੇ ਅਰਜ਼ ਕੀਤੀ ਸੀ ਕਿ 100 ਅਤੇ 5 ਨੌਜਵਾਨ ਮਿਲਾ ਕੇ ਜਿੱਥੇ 105 ਨੂੰ ਸਿੱਖਾ ਰਹੇ ਹੋ, ਗਰੀਬੜੇ ਨੂੰ ਵੀ ਨਾਲ ਸਿਖਾਈ ਜਾਓ। ਮਹਾਨ ਦੱਸੇ ਜਾਂਦੇ ਇਸ ਗੁਰੂ ਨੇ ਉਸ ਨੂੰ ਝਿੜਕ ਕੇ ਭਜਾ ਦਿੱਤਾ ਸੀ। ਉਸ ਬੱਚੇ ਦੀ ਦੀਨਗੀ ਦੀ ਹੱਦ ਕਿ ਉਸ ਨੇ ਬਾਹਰ ਜਾ ਕੇ ਇਸੇ ਗੁਰੂ ਦਰੋਣਾਚਾਰੀਆ ਦੀ ਮਿੱਟੀ ਦੀ ਮੂਰਤੀ ਬਣਾਈ ਤੇ ਉਸ ਨੂੰ ਪ੍ਰਣਾਮ ਕਰਨ ਪਿੱਛੋਂ ਤੀਰ ਚਲਾਉਣ ਦੀ ਪ੍ਰੈਕਟਿਸ ਕਰਨ ਲੱਗ ਪਿਆ। ਜਿਸ ਦਿਨ ਅਰਜਨ ਦੇ ਮੁਕਾਬਲੇ ਉਸ ਦੀ ਤੀਰ ਅੰਦਾਜ਼ੀ ਕਲਾ ਵਧੇਰੇ ਤਿੱਖੀ ਵੇਖੀ ਤਾਂ ਗੁਰੂ ਦਰੋਣਾਚਾਰੀਆ ਨੇ ਉਸ ਦੇ ਗੁਰੂ ਬਾਰੇ ਪੁੱਛ ਲਿਆ ਤੇ ਜਦੋਂ ਮੁੰਡੇ ਨੇ ਦੱਸਿਆ ਕਿ ਗੁਰੂ ਉਹ ਦਰੋਣਾਚਾਰੀਆ ਨੂੰ ਹੀ ਮੰਨ ਕੇ ਸਿੱਖਦਾ ਰਿਹਾ ਹੈ ਤਾਂ ਦਰੋਣਾਚਾਰੀਆ ਨੂੰ ਇਸ ਨਾਲ ਖੁਸ਼ੀ ਨਹੀਂ ਸੀ ਹੋਈ, ਈਰਖਾ ਜਾਗ ਪਈ ਸੀ। ਉਸ ਨੇ ਮੁੰਡੇ ਨੂੰ ਕਿਹਾ ਕਿ ਜੇ ਮੈਨੂੰ ਗੁਰੂ ਮੰਨਿਆ ਹੈ ਤਾਂ ਮੇਰੀ ਗੁਰੂ-ਦਕਸ਼ਿਣਾ ਦੇਣੀ ਪਵੇਗੀ। ਮੁੰਡੇ ਨੇ ਗੁਰੂ-ਦਕਸ਼ਿਣਾ ਪੁੱਛ ਲਈ। ਅੱਗੋਂ ਗੁਰੂ ਨੇ ਉਸ ਦਾ ਅੰਗੂਠਾ ਮੰਗ ਲਿਆ, ਜਿਸ ਬਿਨਾ ਉਹ ਮੁੰਡਾ ਤੀਰ ਨਹੀਂ ਸੀ ਚਲਾ ਸਕਦਾ। ਬੱਚੇ ਦੀ ਹਿੰਮਤ ਵੇਖੋ ਕਿ ਉਸ ਨੇ ਗੁਰੂ ਦੇ ਕਹੇ ਉਤੇ ਆਪਣਾ ਸੱਜਾ ਅੰਗੂਠਾ ਵੀ ਵੱਢ ਕੇ ਫੜਾ ਦਿੱਤਾ ਸੀ। ਚੇਲਾ ਆਪਣੇ ਵਿਸ਼ਵਾਸ ਦਾ ਪੂਰਾ ਨਿਕਲਿਆ ਤੇ ਗੁਰੂ ਨੇ ਕੂਟਨੀਤੀ ਨੂੰ ਵੀ ਦਾਗ ਲਾ ਦਿੱਤਾ। ਉਸ ਗੁਰੂ ਦੇ ਨਾਂ ਦਾ ਸ਼ਹਿਰ ਹੋ ਗਿਆ।

ਭਾਜਪਾ ਦੇ ਕਿਸੇ ਆਗੂ ਨੂੰ ਇਹ ਖਿਆਲ ਨਹੀਂ ਆਇਆ ਕਿ ਗੁਰੂ ਦਰੋਣਾਚਾਰੀਆ ਦੇ ਨਾਂ ਦਾ ਸ਼ਹਿਰ ਬਣਾ ਦਿੱਤਾ ਤਾਂ ਗਰੀਬ ਬੱਚੇ ਦੇ ਨਾਂ ਦਾ ਕੋਈ ਚੌਕ ਹੀ ਬਣਾ ਦੇਈਏ। ਇਹੋ ਤਾਂ ਵੱਡਾ ਪੇਚ ਹੈ, ਭਾਜਪਾ ਦੀ ਰਾਜਨੀਤੀ ਦਾ। ਜੀ ਹਾਂ, ਇਹੋ ਵੱਡਾ ਤੇ ਸ਼ਾਇਦ ਸਭ ਤੋਂ ਵੱਡਾ ਪੇਚ ਹੈ, ਭਾਜਪਾ ਦੀ ਉਸ ਰਾਜਨੀਤੀ ਦਾ, ਜਿਸ ਨੂੰ ਮੂਹਰੇ ਰੱਖ ਕੇ ਉਹ ਸ਼ਹਿਰਾਂ ਦੇ ਨਾਂ ਬਦਲ ਕੇ ਭੁੱਖ ਦੇ ਮਾਰੇ ਲੋਕਾਂ ਨੂੰ ਧੱਕੇ ਨਾਲ ਧਰਮ ਦਾ ਝੰਡਾ ਚੁਕਾਉਣ ਤੁਰੀ ਹੋਈ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 17 ਨਵੰਬਰ 2018*

## ਬਾਦਲ, ਸਿੱਖ ਸਿਆਸਤ ਤੇ ਸ਼੍ਰੋਮਣੀ ਕਮੇਟੀ

ਮੰਗਲਵਾਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਲਾਨਾ ਇਜਲਾਸ ਦੌਰਾਨ ਇਕ ਵਾਰ ਫਿਰ ਲਫਾਫਾ ਕਲਚਰ ਦਾ ਹੀ ਬੋਲਬਾਲਾ ਰਿਹਾ ਅਤੇ ਗੋਬਿੰਦ ਸਿੰਘ ਲੌਂਗੋਵਾਲ ਨੂੰ ਇਕ ਸਾਲ ਲਈ ਮੁੜ ਪ੍ਰਧਾਨ ਚੁਣ ਲਿਆ ਗਿਆ। ਉਂਜ, ਇਸ ਵਾਰ ਪਹਿਲੀਆਂ ਚੋਣਾਂ ਨਾਲੋਂ ਵੱਧ ਵਧੀਕੀ ਸਾਹਮਣੇ ਆਈ ਹੈ। ਐਤਕੀਂ ਅਸਲ ਵਿਚ ਬੇਅਦਬੀ ਦੀਆਂ ਘਟਨਾਵਾਂ ਖਿਲਾਫ ਲੱਗੇ ਬਰਗਾੜੀ ਇਨਸਾਫ ਮੋਰਚੇ ਕਾਰਨ ਸ਼੍ਰੋਮਣੀ ਕਮੇਟੀ ਉਤੇ ਕਬਜ਼ਾ ਕਰੀ ਬੈਠੇ ਬਾਦਲਾਂ ਉਤੇ ਦਬਾਅ ਕੁਝ ਵਧੇਰੇ ਹੀ ਸੀ ਪਰ ਜਿਸ ਢੰਗ ਨਾਲ ਇਜਲਾਸ ਦੀ ਕਾਰਵਾਈ ਚਲਾਈ ਗਈ, ਉਸ ਤੋਂ ਜ਼ਾਹਰ ਸੀ ਕਿ ਸਭ ਕੁਝ ਮਿਥ ਕੇ ਕੀਤਾ ਗਿਆ। ਇਸ ਨਾਲ ਸ਼੍ਰੋਮਣੀ ਕਮੇਟੀ ਉਤੇ ਬਾਦਲਾਂ ਦਾ ਕਬਜ਼ਾ ਤਾਂ ਬਰਕਰਾਰ ਹੀ ਰਿਹਾ (ਉਂਜ ਵੀ ਇਸ ਨੂੰ ਕੋਈ ਵੱਡੀ ਚੁਣੌਤੀ ਦਰਪੇਸ਼ ਵੀ ਨਹੀਂ ਸੀ) ਪਰ ਇਜਲਾਸ ਦੌਰਾਨ ਜਮਹੂਰੀਅਤ ਬੁਰੀ ਤਰ੍ਹਾਂ ਲਤਾੜ ਦਿੱਤੀ ਗਈ। ਉਥੇ ਆਗੂ ਮਾਸਟਰ ਤਾਰਾ ਸਿੰਘ ਦੀ ਦੋਹਤੀ ਨਾਲ ਜੋ ਵਿਹਾਰ ਕੀਤਾ ਗਿਆ, ਉਹ ਸ਼ਾਇਦ ਚਿਰਾਂ ਤੱਕ ਭੁਲਾਇਆ ਨਾ ਜਾ ਸਕੇ। ਉਨ੍ਹਾਂ ਇਜਲਾਸ ਦੌਰਾਨ ਕੁਝ ਮੁੱਦੇ ਉਠਾਉਣ ਦਾ ਯਤਨ ਕੀਤਾ। ਇਨ੍ਹਾਂ ਮੁੱਦਿਆਂ ਵਿਚ ਏਅਰ ਇੰਡੀਆ ਦੀ ਉਡਾਣ ਦੌਰਾਨ ਛੋਟੀ ਕਿਰਪਾਨ ਉਤੇ ਵੀ ਇਤਰਾਜ਼ ਕਰਨ ਅਤੇ ਉਘੇ ਇਤਿਹਾਸਕਾਰ ਪ੍ਰੋਫੈਸਰ ਕਿਰਪਾਲ ਸਿੰਘ ਨੂੰ ਡੇਢ ਦਹਾਕੇ ਪੁਰਾਣੇ ਪ੍ਰਾਜੈਕਟ ਤੋਂ ਲਾਂਭੇ ਕਰਨ ਦੇ ਮੁੱਦੇ ਸ਼ਾਮਲ ਸਨ ਪਰ ਉਨ੍ਹਾਂ ਨੂੰ ਬੋਲਣ ਤੋਂ ਰੋਕਣ ਦਾ ਯਤਨ ਕੀਤਾ ਗਿਆ, ਫਿਰ ਉਨ੍ਹਾਂ ਤੋਂ ਮਾਈਕ ਖੋਹ ਲਿਆ ਅਤੇ ਮਾਈਕ ਦੀ ਆਵਾਜ਼ ਵੀ ਬੰਦ ਕਰ ਦਿੱਤੀ ਗਈ। ਜਦੋਂ ਉਹ ਫਿਰ ਵੀ ਬੋਲਦੇ ਰਹੇ ਤਾਂ ਰੌਲਾ ਪਾ ਕੇ ਉਨ੍ਹਾਂ ਨੂੰ ਵਾਕਆਊਟ ਲਈ ਮਜਬੂਰ ਕਰ ਦਿੱਤਾ ਗਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਿਛਲੇ ਕੁਝ ਦਿਨਾਂ ਤੋਂ ਜਿਸ ਢੰਗ ਨਾਲ ਕਾਰਵਾਈਆਂ ਕਰ ਰਹੇ ਸਨ, ਉਸ ਤੋਂ ਸਪਸ਼ਟ ਹੋ ਗਿਆ ਸੀ ਕਿ ਸ਼੍ਰੋਮਣੀ ਕਮੇਟੀ ਇਜਲਾਸ ਦੌਰਾਨ ਉਨ੍ਹਾਂ ਦਾ ਰੁਖ ਕੀ ਹੋਵੇਗਾ ਪਰ ਵਿਰੋਧੀ ਧਿਰ ਇਕ ਵਾਰ ਫਿਰ ਇਸ ਮਾਮਲੇ ਵਿਚ ਕੋਈ ਰਣਨੀਤੀ ਨਹੀਂ ਉਲੀਕ ਸਕੀ। ਇਸ ਨੇ ਸਗੋਂ ਇਜਲਾਸ ਵਿਚੋਂ ਵਾਕਆਊਟ ਕਰ ਦਿੱਤਾ ਅਤੇ ਇਸ ਨਾਲ ਬਾਦਲਾਂ ਦਾ ਕੰਮ ਸਗੋਂ ਹੋਰ ਸੌਖਾ ਹੋ ਗਿਆ। ਦਰਅਸਲ, ਬਾਦਲ ਸਿੱਖ ਸਿਆਸਤ ਉਤੇ ਕਾਬਜ਼ ਹੀ ਇਸ ਕਰਕੇ ਹੋਏ ਹਨ, ਕਿਉਂਕਿ ਉਨ੍ਹਾਂ ਦੇ ਵਿਰੋਧੀ ਉਨ੍ਹਾਂ ਖਿਲਾਫ ਕੋਈ ਠੁੱਕਦਾਰ ਰਣਨੀਤੀ ਹੀ ਨਹੀਂ ਘੜ ਸਕੇ। ਸਿੱਟੇ ਵਜੋਂ ਭਾਰੂ ਧਿਰ ਨੂੰ ਹਰ ਵਾਰ ਆਪਣੀ ਮਨਮਰਜ਼ੀ ਕਰਨ ਦਾ ਮੌਕਾ ਮਿਲ ਜਾਂਦਾ ਹੈ।

ਬਰਗਾੜੀ ਇਨਸਾਫ ਮੋਰਚੇ ਨੇ ਸਿੱਖ ਸਿਆਸਤ ਵਿਚ ਨਵੀਂ ਰੂਹ ਫੂਕਣ ਦੀ ਆਸ ਜਗਾਈ ਸੀ। ਇਸ ਸਰਗਰਮੀ ਦੌਰਾਨ ਸਿਆਸਤ ਵਿਚ ਤੀਜੀ ਧਿਰ ਵਿਚ ਪੰਥਕ ਸਫਾਂ ਦੇ ਨਿੱਗਰ ਯੋਗਦਾਨ ਬਾਰੇ ਵੀ ਕਿਆਸਆਰਾਈਆਂ ਹੋਣ ਲੱਗ ਪਈਆਂ ਸਨ ਪਰ ਸ਼੍ਰੋਮਣੀ ਕਮੇਟੀ ਦੇ ਇਜਲਾਸ ਨੇ ਇਕ ਵਾਰ ਫਿਰ ਦਰਸਾ ਦਿੱਤਾ ਕਿ ਬਾਦਲਾਂ ਨਾਲ ਵਕਤੀ ਸਰਗਰਮੀ ਨਾਲ ਲੋਹਾ ਨਹੀਂ ਲਿਆ ਜਾ ਸਕਦਾ। ਦਸ ਸਾਲ ਸੱਤਾ ਵਿਚ ਰਹਿਣ ਕਾਰਨ ਸਿਆਸਤ ਦੇ ਹਰ ਪੌਡੇ ਉਤੇ ਅਕਾਲੀ ਦਲ ਦਾ ਪੱਖ ਭਾਰੂ ਪਿਆ ਹੋਇਆ ਹੈ। ਇਹੀ ਨਹੀਂ, ਸਮੁੱਚੇ ਪੰਜਾਬ ਵਿਚ ਪਾਰਟੀ ਦਾ ਬਾਕਾਇਦਾ ਢਾਂਚਾ ਹੈ। ਅੱਜ ਭਾਵੇਂ ਬਾਦਲਾਂ ਨੂੰ ਹਰ ਪਾਸਿਓਂ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਉਸ ਦਾ ਇਹ ਢਾਂਚਾ ਜਿਉਂ ਦਾ ਤਿਉਂ ਬਰਕਰਾਰ ਹੈ। ਇਸ ਨੁਕਤੇ ਨੂੰ ਸਹੀ ਪ੍ਰਸੰਗ ਨਾਲ ਸਮਝਣ ਲਈ ਆਮ ਆਦਮੀ ਪਾਰਟੀ ਦੀ ਸਿਆਸਤ ਉਤੇ ਨਿਗ੍ਹਾ ਮਾਰਨੀ ਪਵੇਗੀ। ਇਸ ਪਾਰਟੀ ਨੇ ਇੰਨੇ ਸਾਲਾਂ ਦੌਰਾਨ ਆਪਣਾ ਜਥੇਬੰਦਕ ਢਾਂਚਾ ਕਾਇਮ ਨਹੀਂ ਕੀਤਾ ਅਤੇ ਇਸ ਪਾਰਟੀ ਨੂੰ ਪੈਰ-ਪੈਰ 'ਤੇ ਪਛਾੜ ਖਾਣੀ ਪਈ ਹੈ, ਹਾਲਾਂਕਿ ਅਕਾਲੀ ਦਲ ਅਤੇ ਕਾਂਗਰਸ ਦੀਆਂ ਨੀਤੀਆਂ ਤੋਂ ਅੱਕ ਕੇ ਪੰਜਾਬ ਦੇ ਬਹੁਤ ਲੋਕਾਂ ਨੇ ਇਸ ਪਾਰਟੀ ਨੂੰ ਹੁੰਗਾਰਾ ਭਰਿਆ ਸੀ। ਇਸੇ ਕਰਕੇ ਜਥੇਬੰਦਕ ਢਾਚੇ ਦੀ ਅਣਹੋਂਦ ਅਤੇ ਲੋਕਾਂ ਦੇ ਭਰਪੂਰ ਹੁੰਗਾਰੇ ਦੇ ਬਾਵਜੂਦ ਇਹ ਪਾਰਟੀ ਸੂਬੇ ਦੀ ਸਿਆਸਤ ਵਿਚ ਉਹ ਤਬਦੀਲੀ ਨਹੀਂ ਲਿਆ ਸਕੀ ਜਿਸ ਦੀ ਆਸ ਕੀਤੀ ਜਾ ਰਹੀ ਹੈ। ਇਸ ਪੱਖ ਤੋਂ ਜੇ ਬਾਦਲ ਵਿਰੋਧੀ ਪੰਥਕ ਸਫਾ ਦੀ ਹੋਂਦ ਉਤੇ ਵਿਚਾਰ ਕੀਤੀ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਦੀ ਸਰਗਰਮੀ ਤਾਂ ਆਮ ਆਦਮੀ ਪਾਰਟੀ ਨੂੰ ਮਿਲੇ ਹੁੰਗਾਰੇ ਦਾ ਪਾਸਕੂੰ ਵੀ ਨਹੀਂ ਹੈ। ਗੱਲ ਵਿਚਲੀ ਇਹ ਵੀ ਹੈ ਕਿ ਬਰਗਾੜੀ ਇਨਸਾਫ ਮੋਰਚੇ ਨੂੰ ਮਿਲੇ ਆਪ-ਮੁਹਾਰੇ ਹੁੰਗਾਰੇ ਨੂੰ ਇਹ ਪੰਥਕ ਧਿਰਾਂ ਆਪਣੇ ਪੱਖ ਵਿਚ ਖੜ੍ਹਾ ਕਰਨ ਵਿਚ ਨਾਕਾਮ ਰਹੀਆਂ ਹਨ। ਇਸ ਨਾਕਾਮੀ ਵਿਚ ਸਭ ਤੋਂ ਵੱਡਾ ਪੱਖ ਕਿਸੇ ਲੀਡਰਸ਼ਿਪ ਦਾ ਠੋਕ-ਵਜਾ ਕੇ ਸਾਹਮਣੇ ਨਾ ਆਉਣਾ ਵੀ ਹੈ। ਇਸੇ ਕਰਕੇ ਬਾਦਲ ਹਰ ਵਾਰ ਹਾਰ ਕੇ ਵੀ ਜਿੱਤ ਜਾਂਦੇ ਹਨ ਅਤੇ ਪੰਥਕ ਸਫਾ ਦੇ ਪੱਲੇ ਪਛਾੜ ਪੈਂਦੀ ਹੈ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਹੈ। ਅਜੇ ਵੀ ਲੋਕਾਂ ਦਾ ਬਾਦਲਾਂ ਅਤੇ ਕਾਂਗਰਸ ਖਿਲਾਫ ਰੋਹ ਅਤੇ ਰੋਸਾ ਬਰਕਰਾਰ ਹੈ। ਹੁਣ ਮਸਲਾ ਸਿਰਫ ਭਰੋਸੇਯੋਗ ਲੀਡਰਸ਼ਿਪ ਦੇ ਉਭਾਰ ਦਾ ਹੈ। ਜਿੰਨੀ ਦੇਰ ਕੋਈ ਭਰੋਸੇਯੋਗ ਲੀਡਰਸ਼ਿਪ ਅੱਗੇ ਨਹੀਂ ਆਉਂਦੀ, ਓਨੀ ਦੇਰ ਬਾਦਲਾਂ ਨੂੰ ਪਛਾੜਨਾ ਮੁਸ਼ਕਿਲ ਹੈ। ਇਸ ਮਾਮਲੇ ਵਿਚ ਇਕ ਹੀ ਕਿਲੇ 'ਤੇ ਖਲੋ ਕੇ ਲੜਾਈ ਲੜੀ ਜਾਣੀ ਚਾਹੀਦੀ ਹੈ, ਉਹ ਹੈ ਜਮਹੂਰੀ ਕਦਰਾਂ-ਕੀਮਤਾਂ ਦੀ ਬਹਾਲੀ ਦੀ ਲੜਾਈ। ਸ਼੍ਰੋਮਣੀ ਅਕਾਲੀ ਦਾ ਆਪਣਾ ਸ਼ਾਨਾਂਮੱਤਾ ਇਤਿਹਾਸ ਰਿਹਾ ਹੈ। ਹੁਣ ਜੇ ਬਾਦਲਾਂ ਨੇ ਇਸ ਪਾਰਟੀ ਨੂੰ ਆਪਣੀ ਜਾਇਦਾਦ ਵਿਚ ਤਬਦੀਲ ਕਰ ਲਿਆ ਹੈ ਤਾਂ ਸਿਰਫ ਇਸ ਕਰਕੇ ਕਿਉਂਕਿ ਇਸ ਦੇ ਬਹੁਤੇ ਲੀਡਰ ਆਪਣੇ ਨਿੱਜੀ ਅਤੇ ਵਕਤੀ ਫਾਇਦਿਆਂ ਲਈ ਜਮਹੂਰੀਅਤ ਦਾ ਝੰਡਾ ਬੁਲੰਦ ਰੱਖਣ ਵਿਚ ਨਾਕਾਮ ਰਹੇ ਹਨ। ਜਮਹੂਰੀਅਤ ਦੀ ਇਹ ਲੜਾਈ ਨਵੇਂ ਸਿਰਿਓਂ ਸ਼ੁਰੂ ਕਰਨੀ ਪੈਣੀ ਹੈ ਅਤੇ ਇਕ ਗੱਲ ਹੋਰ ਸਾਫ ਹੋਣੀ ਚਾਹੀਦੀ ਹੈ ਕਿ ਤੁਰੰਤ ਨਤੀਜੇ ਮਿਲਣ ਦੀ ਆਸ ਉਕਾ ਹੀ ਨਹੀਂ ਰੱਖਣੀ ਚਾਹੀਦੀ। ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਦਾ ਵੱਕਾਰ ਬਹਾਲ ਲਈ ਹੋਰ ਕੋਈ ਰਾਹ ਨਹੀਂ ਬਚਿਆ ਹੈ। ਪੰਥਕ ਸਫਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

*ਅੱਡੇ ਮੂੰਹ ਵਿਚ ਚੋਗਾ?*

ਜਾਗ ਪਊ ਜ਼ਮੀਰ ਹੁਣ ਮੈਂਬਰਾਂ ਦੀ, ਪੂਰੀ ਹੋਈ ਨਾ ਸਿੱਖਾਂ ਦੀ ਆਸ ਯਾਰੋ।
ਕੌਮੀ ਭਾਵਨਾ ਹੋਵੇ ਨਾ ਦਿਲਾਂ ਅੰਦਰ, ਬੰਦਾ ਹੁੰਦਾ ਏ ਜਿਉਂਦੀ ਹੀ ਲਾਸ਼ ਯਾਰੋ।
ਹੋਇਆ ਅਸਰ ਨਾ ਭੋਰਾ ਵੀ ਲਾਹਨਤਾਂ ਦਾ, ਰਹਿ ਗਈ ਮੂੰਹਾਂ ਦੇ ਵਿਚ ਹੀ ਕਾਸ਼ ਯਾਰੋ।
ਸਾਥ ਛੱਡ ਕੇ ਗੁਰੂ ਕੇ ਲਾਲੋਆਂ ਦਾ, ਮਲਿਕ ਭਾਗੋ ਦੇ ਬਣ ਗਏ ਦਾਸ ਯਾਰੋ।
ਦਿੱਤਾ ਦੱਸ ਕਿ 'ਬੰਦੇ ਦੇ ਸਿੱਖ' ਹਾਂ ਜੀ, ਪੰਚ ਪ੍ਰਧਾਨੀ ਨੂੰ ਚਿਰਾਂ ਦੇ ਛੱਡਿਆ ਨੇ।
ਤੇਜਾ ਸਿੰਘ ਸਮੁੰਦਰੀ ਹਾਲ ਅੰਦਰ, ਚੋਗਾ ਚੁਗ ਲਿਆ ਫੇਰ ਮੂੰਹ ਅੱਡਿਆ ਨੇ!

# ਪੰਜਾਬ ਤੇ ਪਰਵਾਸ: ਕੁਝ ਵਿਚਾਰ

*ਪਰਵਾਸ ਅਤੇ ਮਨੁੱਖ ਦਾ ਮੁੱਢ-ਕਦੀਮ ਦਾ ਰਿਸ਼ਤਾ ਰਿਹਾ ਹੈ। ਹੋਰ ਭਾਈਚਾਰਿਆਂ ਵਾਂਗ ਪੰਜਾਬੀ ਵੀ ਆਪਣੀਆਂ ਲੋੜਾਂ-ਥੁੜ੍ਹਾਂ ਪੂਰੀਆਂ ਕਰਨ ਅਤੇ ਜਗਿਆਸਾ ਵਜੋਂ ਹੋਰ ਥਾਂਈਂ ਪਰਵਾਸ ਕਰਦੇ ਰਹੇ ਹਨ। 20ਵੀਂ ਸਦੀ ਦੇ ਮੁਢਲੇ ਸਾਲਾਂ ਦੌਰਾਨ ਹੋਏ ਪਰਵਾਸ ਨੇ ਸੰਸਾਰ ਨੂੰ 'ਗਦਰ' ਵਰਗੀ ਨਿੱਗਰ ਸੋਚ ਵਾਲੀ ਲਹਿਰ ਦਿੱਤੀ ਜਿਸ ਦੀ ਗੂੰਜ ਅੱਜ ਵੀ ਗਾਹੇ-ਬਗਾਹੇ ਪੈਂਦੀ ਰਹਿੰਦੀ ਹੈ ਪਰ ਪੰਜਾਬ ਤੋਂ ਅੱਜ ਕੱਲ੍ਹ ਜੋ ਪਰਵਾਸ ਹੋ ਰਿਹਾ ਹੈ, ਉਹ ਫਿਕਰ ਵਧਾ ਰਿਹਾ ਹੈ। ਅੱਜ ਦਾ ਪੰਜਾਬੀ ਨੌਜਵਾਨ ਇਸ ਕਰਕੇ ਪਰਵਾਸ ਕਰ ਰਿਹਾ ਹੈ ਕਿਉਂਕਿ ਉਸ ਨੂੰ ਆਪਣੀ ਜੰਮਣ ਭੋਇੰ 'ਤੇ ਆਪਣਾ ਭਵਿੱਖ ਧੁੰਦਲਾ ਦਿਸ ਰਿਹਾ ਹੈ। ਪੰਜਾਬ ਅਤੇ ਪਰਵਾਸ ਦੇ ਇਨ੍ਹਾਂ ਹਾਲਾਤ ਬਾਰੇ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਸਵਰਾਜਬੀਰ ਨੇ ਅਹਿਮ ਟਿੱਪਣੀ ਕੀਤੀ ਹੈ, ਜੋ ਅਸੀਂ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ*

ਇਸ ਸਾਲ ਪੰਜਾਬ ਦੇ ਡੇਢ ਤੋਂ ਦੋ ਲੱਖ ਦੇ ਕਰੀਬ ਵਿਦਿਆਰਥੀ ਵਿਦੇਸ਼ਾਂ ਵਿਚ ਪੜ੍ਹਾਈ ਕਰਨ ਲਈ ਕੈਨੇਡਾ ਅਤੇ ਹੋਰ ਮੁਲਕਾਂ ਵਿਚ ਚਲੇ ਗਏ ਹਨ। ਕੁਝ ਅੰਦਾਜ਼ਿਆਂ ਅਨੁਸਾਰ ਇਨ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ 'ਤੇ ਪਹਿਲੇ ਸਾਲ ਲਗਭਗ 27 ਹਜ਼ਾਰ ਕਰੋੜ ਰੁਪਏ ਖਰਚ ਹੋਣਗੇ। ਕੈਨੇਡਾ ਨੇ ਅਜਿਹੇ ਵਿਦਿਆਰਥੀਆਂ ਲਈ ਆਪਣੇ ਦਰਵਾਜ਼ੇ ਪੂਰੀ ਤਰ੍ਹਾਂ ਖੋਲ੍ਹ ਦਿੱਤੇ ਹਨ ਤੇ ਬਹੁਗਿਣਤੀ ਕੈਨੇਡਾ ਗਈ ਹੈ ਜਦੋਂਕਿ ਬਾਕੀ ਦੇ ਆਸਟਰੇਲੀਆ, ਨਿਊਜ਼ੀਲੈਂਡ, ਅਮਰੀਕਾ ਤੇ ਇੰਗਲੈਂਡ। ਪਹਿਲਾਂ ਵਿਦਿਆਰਥੀ ਗਰੈਜੂਏਸ਼ਨ ਤੋਂ ਬਾਅਦ ਪੋਸਟ-ਗਰੈਜੂਏਸ਼ਨ ਦੀ ਪੜ੍ਹਾਈ ਲਈ ਬਾਹਰ ਜਾਂਦੇ ਸਨ ਪਰ ਇਸ ਵਾਰ ਵੱਧ ਗਿਣਤੀ ਵਿਚ ਅੰਡਰ-ਗਰੈਜੂਏਟ ਪੜ੍ਹਾਈ



**ਸਵਰਾਜਬੀਰ**
ਫੋਨ: +91-98560-02003

ਲਈ ਬਾਹਰ ਗਏ ਹਨ। ਕੁਝ ਸਮਾਂ ਪਹਿਲਾਂ ਪੰਜਾਬ ਦੇ ਤਕਨੀਕੀ ਵਿੱਦਿਆ ਦੇ ਮੰਤਰੀ ਨੇ ਕਿਹਾ ਸੀ ਕਿ ਸਰਕਾਰ ਇਸ ਗੱਲ ਲਈ ਪ੍ਰਤੀਬੱਧ ਹੈ ਕਿ ਉਹ ਸੂਬੇ ਵਿਚ ਰੁਜ਼ਗਾਰ ਦੇ ਹੋਰ ਵੱਧ ਮੌਕੇ ਮੁਹੱਈਆ ਕਰੇਗੀ ਅਤੇ ਵਿਦਿਆਰਥੀਆਂ ਨੂੰ ਪਰਵਾਸ ਦੇ ਜੰਜਾਲ ਵਿਚ ਨਹੀਂ ਫਸਣਾ ਚਾਹੀਦਾ। ਕਾਂਗਰਸ ਸਰਕਾਰ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ 'ਹਰ ਘਰ ਵਿਚ ਇਕ ਨੌਕਰੀ' ਦਾ ਵਾਅਦਾ ਵੀ ਕੀਤਾ ਸੀ।

ਹੁਣ ਪੰਜਾਬ ਦੇ ਸਿੱਖਿਆ ਵਿਭਾਗ ਨੇ ਅਜਿਹਾ ਪ੍ਰੋਗਰਾਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ ਜਿਸ ਦਾ ਪੂਰਾ ਨਾਂ ਇਨਟਰੈਕਟਿਵ ਇੰਗਲਿਸ਼ ਲੈਂਗੁਏਜ ਟੀਚਿੰਗ ਫਾਰ ਸਟੂਡੈਂਟਸ (ਆਈ.ਈ.ਐਲ.ਟੀ.ਐਸ.) ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਦਾ ਸੰਖੇਪ ਰੂਪ ਆਈਲੈੱਟਸ (ਆਈ.ਈ.ਐਲ.ਟੀ.ਐਸ.) ਉਸ ਇਮਤਿਹਾਨ ਦੇ ਸੰਖੇਪ ਰੂਪ ਨਾਲ ਮਿਲਦਾ ਹੈ ਜੋ ਬੱਚਿਆਂ ਨੂੰ ਕੈਨੇਡਾ ਤੇ ਹੋਰ ਦੇਸ਼ਾਂ ਵਿਚ ਦੇਣ ਲਈ ਜਾਣਾ ਪੈਂਦਾ ਹੈ, ਭਾਵ ਇੰਟਰਨੈਸ਼ਨਲ ਇੰਗਲਿਸ਼ ਲੈਂਗੁਏਜ ਟੈਸਟਿੰਗ ਸਿਸਟਮ (ਆਈ.ਈ.ਐਲ.ਟੀ.ਐਸ.)। ਸਿੱਖਿਆ ਵਿਭਾਗ ਦੇ ਬੁਲਾਰੇ ਨੇ ਕਿਹਾ ਹੈ ਕਿ ਸਰਕਾਰੀ ਸਕੀਮ ਦਾ ਮੰਤਵ ਬੱਚਿਆਂ ਨੂੰ ਬਾਹਰ ਜਾਣ ਲਈ ਉਤਸ਼ਾਹਿਤ ਕਰਨਾ ਨਹੀਂ ਸਗੋਂ ਉਨ੍ਹਾਂ ਦੀ ਅੰਗਰੇਜ਼ੀ ਸੁਧਾਰਨਾ ਹੈ। ਸੋਚਣ ਵਾਲੀ ਗੱਲ ਹੈ ਕਿ ਇਨ੍ਹਾਂ ਦੋਵਾਂ ਦੇ ਨਾਂ ਇਕੋ ਜਿਹੇ ਕਿਉਂ ਰੱਖੇ ਗਏ? ਕੀ ਇਹ ਚੇਤਨ ਤੌਰ 'ਤੇ ਕੀਤਾ ਗਿਆ ਜਾਂ ਅਚੇਤ ਹੀ। ਫਰਾਇਡ ਦੇ ਨਜ਼ਰੀਏ ਤੋਂ ਸੋਚੀਏ ਤਾਂ ਸਾਡੇ ਚੇਤਨ ਜਾਂ ਅਵਚੇਤਨ ਤੌਰ 'ਤੇ ਕੀਤੇ ਕੰਮਾਂ ਪਿੱਛੇ ਸਾਡਾ ਅਵਚੇਤਨ ਹੀ ਕੰਮ ਕਰਦਾ ਹੈ। ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਕਿ ਇਸ ਸਕੀਮ ਨਾਲ ਵਿਦਿਆਰਥੀਆਂ ਦੀ ਅੰਗਰੇਜ਼ੀ ਦਾ ਗਿਆਨ ਸੁਧਰੇਗਾ ਤੇ ਉਹ ਆਈਲੈੱਟਸ (ਇੰਟਰਨੈਸ਼ਨਲ ਇੰਗਲਿਸ਼ ਲੈਂਗੁਏਜ ਟੈਸਟਿੰਗ ਸਿਸਟਮ) ਵਿਚ ਚੰਗੇ ਬੈਂਡ ਪ੍ਰਾਪਤ ਕਰ ਸਕਣਗੇ।

ਅਸਲੀਅਤ ਇਹ ਹੈ ਕਿ ਪੰਜਾਬ ਵਿਚ ਰੁਜ਼ਗਾਰ ਦੇ ਜੋ ਮੌਕੇ ਪੈਦਾ ਕੀਤੇ ਗਏ ਹਨ, ਉਹ ਨਾਕਾਫੀ ਹਨ, ਵਾਅਦਿਆਂ ਦੇ ਨੇੜੇ ਤੇੜੇ ਵੀ ਨਹੀਂ। ਪੰਜਾਬ ਵਿਚ ਸਨਅਤਾਂ ਲਾਉਣ ਲਈ ਕਈ ਯੋਜਨਾਵਾਂ ਉਲੀਕੀਆਂ ਗਈਆਂ, ਸਹਿਮਤੀ ਪੱਤਰਾਂ 'ਤੇ ਦਸਤਖ਼ਤ ਹੋਏ ਪਰ ਅਮਲੀ ਤੌਰ 'ਤੇ ਕੁਝ ਜ਼ਿਆਦਾ ਨਹੀਂ ਹੋਇਆ। ਵਿੱਦਿਅਕ ਢਾਂਚੇ ਨੂੰ ਸੁਧਾਰਨ ਲਈ ਜਿਹੜਾ ਬਜਟ ਦੇਣ ਦਾ ਵਾਅਦਾ ਕੀਤਾ ਗਿਆ ਸੀ, ਉਹ ਵੀ ਪੂਰਾ ਨਹੀਂ ਹੋਇਆ ਸਗੋਂ ਅਧਿਆਪਕਾਂ ਨੂੰ ਪੱਕੇ ਹੋਣ ਲਈ ਤਨਖ਼ਾਹ ਘਟਾਉਣ ਲਈ ਸਹਿਮਤ ਹੋਣ ਲਈ ਕਿਹਾ ਗਿਆ ਹੈ। ਵਿੱਦਿਆ ਦੇ ਪੱਧਰ ਦਾ ਇਹ ਹਾਲ ਹੈ ਕਿ ਪਿੰਡਾਂ ਵਿਚ ਪੜ੍ਹੇ ਹੋਏ ਨੌਜਵਾਨਾਂ ਦੇ ਪਿੜ ਪੱਲੇ ਤਾਂ ਕੁਝ ਵੀ ਨਹੀਂ। ਪੰਜਾਬ ਵਿਚ ਖੁੱਲ੍ਹੇ ਬਹੁਤ ਸਾਰੇ ਇੰਜੀਨੀਅਰਿੰਗ ਕਾਲਜਾਂ ਵਿਚ ਬਹੁਗਿਣਤੀ ਵਿਚ ਸੀਟਾਂ ਖਾਲੀ ਰਹਿ ਗਈਆਂ ਹਨ ਤੇ ਕਈ ਕਾਲਜ ਬੰਦ ਹੋ ਗਏ ਹਨ ਜਾਂ ਬੰਦ ਹੋਣ ਦੀ ਕਗਾਰ 'ਤੇ ਹਨ। ਦੂਸਰੇ ਪਾਸੇ ਆਮ ਕਾਰਵਿਹਾਰ ਅਤੇ ਪ੍ਰਸ਼ਾਸਨ ਵਿਚ ਰਿਸ਼ਵਤ, ਕੁਨਬਾਪ੍ਰਸਤੀ, ਗਲੀ ਮੁਹੱਲਿਆਂ ਵਿਚ ਗੁੰਡਾਗਰਦੀ, ਪ੍ਰਸ਼ਾਸਨ ਦਾ ਬੇਵਾਸਤਾ ਅਤੇ ਉਦਾਸੀਨਤਾ ਵਾਲਾ ਵਿਹਾਰ ਅਤੇ ਪੁਲਿਸ ਦਾ ਅਮਾਨਵੀ ਤੇ ਕਈ ਵਾਰ ਤਸ਼ੱਦਦੀ ਰੂਪ ਮਾਪਿਆਂ ਨੂੰ ਇਹ ਸੋਚਣ ਲਈ ਮਜਬੂਰ ਕਰਦੇ ਹਨ ਕਿ ਪੰਜਾਬ ਵਿਚ ਉਨ੍ਹਾਂ ਦੇ ਬੱਚਿਆਂ ਦਾ ਕੋਈ ਭਵਿਖ ਨਹੀਂ ਹੈ। ਮਾਪੇ ਇਹ ਗੱਲ ਆਮ ਕਰਦੇ ਹਨ ਕਿ ਅਸੀਂ ਤਾਂ ਜਿੱਦਾਂ ਕਿੱਦਾਂ ਇਸ ਭ੍ਰਿਸ਼ਟ ਸਮਾਜ ਅਤੇ ਰਾਜ-ਪ੍ਰਬੰਧ ਵਿਚ ਗੁਜ਼ਾਰਾ ਕਰ ਲਿਆ ਪਰ ਸਾਡੇ ਧੀਆਂ-ਪੁੱਤਰਾਂ ਦਾ ਗੁਜ਼ਾਰਾ ਇੱਥੇ ਨਹੀਂ ਹੋਣਾ। ਇਸ ਆਪੋਧਾਪੀ ਦੇ ਸ਼ਿਕਾਰ ਹੋਏ ਨੌਜਵਾਨ ਵਿਦੇਸ਼ਾਂ ਵਿਚ ਜਾਣਾ ਲੋਚਦੇ ਹਨ ਅਤੇ ਮਾਂ-ਪਿਓ ਵੀ ਉਨ੍ਹਾਂ ਨੂੰ ਘੱਲਣ ਲਈ ਕਾਹਲੇ ਹਨ। ਵਿਆਹਾਂ ਲਈ ਦਿੱਤੇ ਜਾਂਦੇ ਇਸ਼ਤਿਹਾਰਾਂ ਵਿਚ ਕਿਹਾ ਜਾ ਰਿਹਾ ਹੈ ਕਿ ਜੇ ਲੜਕੀ ਦੇ ਆਈਲੈੱਟਸ ਸਕੋਰ ਛੇ ਤੋਂ ਵੱਧ ਹੋਣ ਤਾਂ ਵਿਆਹ ਦਾ ਖਰਚ ਵੀ ਮੁੰਡੇ ਦੇ ਪਰਿਵਾਰ ਵਲੋਂ ਕੀਤਾ ਜਾਏਗਾ। ਇਸ ਤਰ੍ਹਾਂ ਨੌਜਵਾਨ ਲਗਾਤਾਰ ਬੇਚੈਨੀ ਤੇ ਬੇਗਾਨਗੀ ਦੇ ਮਾਹੌਲ ਵਿਚੋਂ ਗੁਜ਼ਰ ਰਹੇ ਹਨ। ਕਾਂਗਰਸ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਖ਼ੁਦ ਕਿਹਾ ਸੀ, "ਅੱਜ ਪੰਜਾਬ ਇਤਿਹਾਸ ਦੇ ਸਭ ਤੋਂ ਮਾੜੇ ਦੌਰ ਵਿਚੋਂ ਗੁਜ਼ਰ ਰਿਹਾ ਹੈ।" ਤੀਹ ਕੁ ਸਾਲ ਪਹਿਲਾਂ ਪੰਜਾਬੀ ਸ਼ਾਇਰ ਅਮਰਜੀਤ ਚੰਦਨ ਨੇ ਪੰਜਾਬ ਦੇ ਲੈਂਡਸਕੇਪ ਨੂੰ "ਹਿੰਸਕ, ਸਪਾਟ, ਕੋਝਾ, ਕਲੇਸ਼ ਭਰਿਆ ਤੇ ਪ੍ਰੀਤ ਵਿਹੂਣਾ" ਕਿਹਾ ਸੀ। ਹੁਣ ਵਾਲਾ ਲੈਂਡਸਕੇਪ ਉਸ ਤੋਂ ਵੀ ਡਰਾਵਣਾ ਹੈ।

ਪੰਜਾਬ ਸਰਕਾਰ ਵਲੋਂ ਆਈਲੈੱਟਸ ਦਾ ਆਪਣਾ ਪ੍ਰੋਗਰਾਮ ਸ਼ੁਰੂ ਕਰਨਾ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਸਰਕਾਰ ਸਿੱਧੇ/ਅਸਿੱਧੇ ਰੂਪ ਵਿਚ ਇਹ ਸਵੀਕਾਰ ਕਰ ਚੁੱਕੀ ਹੈ ਕਿ ਪੰਜਾਬ ਦੇ ਲੋਕਾਂ ਦਾ ਭਵਿਖ ਪਰਵਾਸ ਵਿਚ ਹੀ ਪਿਆ ਹੈ। ਇਸ ਤੋਂ ਪਹਿਲਾਂ ਵਾਲੀ ਸਰਕਾਰ ਨੇ ਵੀ 2014 ਵਿਚ ਕੁਝ ਅਧਿਆਪਕਾਂ ਨੂੰ ਆਈਲੈੱਟਸ ਦੀ ਕੋਚਿੰਗ ਲੈਣ ਲਈ ਕੈਨੇਡਾ ਭੇਜਿਆ ਸੀ ਤੇ ਹੁਣ ਉਹ ਹੋਰ ਅਧਿਆਪਕਾਂ ਨੂੰ ਸਿਖਲਾਈ ਦੇਣਗੇ ਕਿ ਉਹ ਵਿਦਿਆਰਥੀਆਂ ਨੂੰ ਨਵੇਂ ਪ੍ਰੋਗਰਾਮ ਰਾਹੀਂ ਸਿੱਖਿਆ ਕਿਵੇਂ ਦੇਣ। ਇਸ ਤਰ੍ਹਾਂ ਪੰਜਾਬ ਦੀਆਂ ਦੋਵੇਂ ਮੁੱਖ ਸਿਆਸੀ ਪਾਰਟੀਆਂ ਦੀ ਸਿੱਧੇ/ਅਸਿੱਧੇ ਤੌਰ 'ਤੇ ਸਹਿਮਤੀ ਹੈ ਕਿ ਪੰਜਾਬ ਦੇ ਨੌਜਵਾਨਾਂ ਦੀ ਜ਼ਿੰਦਗੀ ਦੀ ਤਰੱਕੀ ਕਰਨ ਦਾ ਰਾਹ ਸਿਰਫ ਵਿਦੇਸ਼ਾਂ ਵਿਚ ਜਾ ਕੇ ਕਮਾਈ ਕਰਨਾ ਰਹਿ ਗਿਆ ਹੈ। ਸਿਆਸੀ ਜਮਾਤਾਂ ਕਈ ਵਾਰੀ ਪਰਵਾਸ ਦੀ ਇਸ ਲੋਚਾ ਨੂੰ ਪੰਜਾਬੀ ਬੰਦੇ ਦੀ ਨਵੇਂ ਕੰਮ ਕਰਨ ਦੀ ਊਰਜਾ ਨਾਲ ਜੋੜ ਕੇ ਵੇਖਦੀਆਂ ਹਨ ਪਰ ਆਪਣੀ ਚੋਣ ਰਾਹੀਂ ਕੀਤਾ ਗਿਆ। ਪਰਵਾਸ ਅਤੇ ਲਾਚਾਰੀ ਵਿਚ ਕੀਤੇ ਗਏ ਪਰਵਾਸ ਵਿਚ ਬਹੁਤ ਫਰਕ ਹੁੰਦਾ ਹੈ। ਅੱਜ ਪੰਜਾਬੀ ਨੌਜਵਾਨ ਇਸ ਲਈ ਪਰਵਾਸ ਕਰ ਰਿਹਾ ਹੈ ਕਿ ਏਥੇ ਉਹਦੇ ਜੀਣ ਥੀਣ ਦੇ ਰਾਹ ਬਿਲਕੁਲ ਸੁੰਗੜ ਚੁੱਕੇ ਹਨ। 20ਵੀਂ ਸਦੀ ਦੀ ਸ਼ੁਰੂਆਤ ਵਿਚ ਜਦ ਪੰਜਾਬੀਆਂ ਨੇ ਕੈਨੇਡਾ ਤੇ ਅਮਰੀਕਾ ਵੱਲ ਪਰਵਾਸ ਕੀਤਾ ਤਾਂ ਉਨ੍ਹਾਂ ਨੂੰ ਸਮਝ ਪਈ ਕਿ ਆਜ਼ਾਦ ਬੰਦੇ ਤੇ ਗੁਲਾਮ ਬੰਦੇ ਦੀ ਹੈਸੀਅਤ ਵਿਚ ਕੀ ਫਰਕ ਹੁੰਦਾ ਹੈ ਤੇ ਉਸ ਦੀ ਇਸ ਆਤਮ-ਸਮਝ ਦੀਆਂ ਗੂੰਜਾਂ ਪੰਜਾਬ ਨੇ ਗਦਰ ਪਾਰਟੀ ਦੇ ਰੂਪ ਵਿਚ ਸੁਣੀਆਂ। ਹੁਣ ਇਹੋ ਜਿਹੀ ਕੋਈ ਗੂੰਜ ਸੁਣਾਈ ਨਹੀਂ ਦਿੰਦੀ। ਹਾਲਤ ਆਸਹੀਣੀ ਹੈ ਅਤੇ ਲੋਕਾਂ ਨੂੰ ਲੱਗਦਾ ਹੈ ਕਿ ਏਥੇ ਹਜ਼ਾਰ ਤਰ੍ਹਾਂ ਦੀਆਂ ਜ਼ਿੱਲਤਾਂ ਦਾ ਸਾਹਮਣਾ ਕਰਨਾ ਪੈਣਾ ਹੈ ਅਤੇ ਏਥੇ ਆਦਰਯੋਗ ਜੀਵਨ ਜਿਊਣਾ ਸੰਭਵ ਨਹੀਂ।

ਡੇਢ ਲੱਖ ਬੱਚਿਆਂ ਦੇ ਬਾਹਰ ਪੜ੍ਹਨ ਜਾਣ ਦਾ ਮਤਲਬ ਇਹ ਹੈ ਕਿ ਪੰਜਾਬ ਦੇ ਡੇਢ ਲੱਖ ਪਰਿਵਾਰ ਉਨ੍ਹਾਂ ਦੀ ਪੜ੍ਹਾਈ ਲਈ ਅਗਲੇ ਤਿੰਨ ਸਾਲਾਂ ਲਈ ਪੈਸੇ ਦਾ ਪ੍ਰਬੰਧ ਕਰਨਗੇ ਜੋ ਫੀਸਾਂ ਅਤੇ ਰਹਿਣ-ਸਹਿਣ ਲਈ ਹੋਣ ਵਾਲੇ ਖਰਚਿਆਂ ਵਜੋਂ ਵਿਦੇਸ਼ਾਂ ਵਿਚ ਜਾਏਗਾ। ਉਹ ਇਹ ਪ੍ਰਬੰਧ ਕਿੱਦਾਂ ਕਰਨਗੇ? ਆਪਣੇ ਵਸੀਲਿਆਂ ਰਾਹੀਂ, ਕਰਜ਼ੇ ਲੈ ਕੇ ਜਾਂ ਜ਼ਮੀਨ ਵੇਚ ਕੇ। ਮੁੱਕਦੀ ਗੱਲ, ਪੰਜਾਬ ਦੇ ਡੇਢ ਲੱਖ ਪਰਿਵਾਰਾਂ ਵਲੋਂ ਕੀਤੀ ਗਈ ਮਿਹਨਤ ਮੁਸ਼ੱਕਤ ਦਾ ਪੈਸਾ ਕੈਨੇਡਾ ਤੇ ਹੋਰ ਦੇਸ਼ਾਂ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਵਰਤਿਆ ਜਾਏਗਾ। ਵਿਦਵਾਨਾਂ ਦੀ ਰਾਏ ਹੈ ਕਿ ਅਗਲੇ ਸਾਲ ਇਹ ਗਿਣਤੀ ਹੋਰ ਵਧੇਗੀ ਤੇ ਇਸ ਤਰ੍ਹਾਂ ਲੱਖਾਂ ਪੰਜਾਬੀ ਪਰਿਵਾਰ ਆਪਣੇ ਪੇਟ ਕੱਟ ਕੇ ਵਿਕਸਿਤ ਦੇਸ਼ਾਂ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਦੀ ਮਜਬੂਰੀ ਵਿਚ ਫਸਿਣਗੇ।

ਦੂਸਰੇ ਪਾਸੇ ਸਰਕਾਰੀ ਨੀਤੀਆਂ, ਮੰਤਰੀਆਂ ਅਤੇ ਅਧਿਕਾਰੀਆਂ ਦੇ ਰਵੱਈਏ ਵਿਚ ਉਹ ਪਹਿਲਕਦਮੀ ਨਜ਼ਰ ਨਹੀਂ ਆਉਂਦੀ ਜਿਸ ਤੋਂ ਲੱਗਦਾ ਹੋਵੇ ਕਿ ਉਹ ਪੰਜਾਬ ਦੇ ਭਵਿਖ ਪ੍ਰਤੀ ਚਿੰਤਤ ਹਨ ਅਤੇ ਉਨ੍ਹਾਂ ਦੀ ਪੰਜਾਬ ਪ੍ਰਤੀ ਪ੍ਰਤੀਬੱਧਤਾ ਡੂੰਘੀ ਤੇ ਲੋਕਾਂ ਦੇ ਦੁੱਖਾਂ ਦਾ ਨਿਵਾਰਣ ਕਰਨ ਵਾਲੀ ਹੈ। ਇਹ ਸਭ ਕੁਝ ਪੰਜਾਬੀਆਂ ਅੰਦਰ ਪੰਜਾਬ ਪ੍ਰਤੀ ਇਕ ਤਰ੍ਹਾਂ ਦੀ ਸਨਕੀ ਭਾਵਨਾ ਪੈਦਾ ਕਰ ਰਿਹਾ ਹੈ। ਪੰਜਾਬ ਨੂੰ ਗੁਰੂਆਂ-ਪੀਰਾਂ ਦੀ ਧਰਤੀ ਕਹਿ ਕੇ ਵਡਿਆਉਣਾ ਸਿਰਫ ਭਾਈਚਾਰੇ ਵਿਚ ਬਹਿ ਕੇ ਕਰਨ ਵਾਲੀਆਂ ਗੱਲਾਂ ਹੋ ਗਈਆਂ ਹਨ ਜਦੋਂਕਿ ਹਰ ਕੋਈ ਪੰਜਾਬ ਨੂੰ ਛੱਡ ਕੇ ਬਾਹਰ ਚਲੇ ਜਾਣ ਲਈ ਕਾਹਲਾ ਹੈ। ਇਸ ਵਿਚ ਨਿਮਨ ਤੇ ਮੱਧ ਵਰਗ ਦੇ ਲੋਕਾਂ ਦੇ ਬੱਚੇ ਹੀ ਨਹੀਂ ਸਗੋਂ ਸਮਾਜ ਦੇ ਉਚ ਵਰਗ ਦੇ ਲੋਕਾਂ ਨਾਲ ਸਬੰਧਿਤ ਵਰਗਾਂ ਦੇ ਬੱਚੇ ਵੀ ਸ਼ਾਮਲ ਹਨ। ਪੰਜਾਬ ਦੇ ਭਵਿਖ ਪ੍ਰਤੀ ਪੰਜਾਬੀਆਂ ਦੀ ਇਹ ਬੇਵਿਸਾਹੀ ਬੜੀ ਚਿੰਤਾ ਤੇ ਫਿਕਰ ਵਾਲਾ ਵਿਸ਼ਾ ਹੈ।

ਪੰਜਾਬੀ ਨੌਜਵਾਨ ਇਹੋ ਜਿਹੀ ਹਾਲਤ ਵਿਚ ਨਹੀਂ ਕਿ ਉਹ ਮੌਜੂਦਾ ਹਾਲਾਤ ਖਿਲਾਫ ਕੋਈ ਸੰਘਰਸ਼ ਕਰ ਸਕਣ। ਉਹ ਆਪਣੇ ਮਾਪਿਆਂ ਦੇ ਸਿਰ ਚੜ੍ਹੇ ਕਰਜ਼ਿਆਂ ਤੇ ਆਪਣੀ ਆਤਮ ਪੀੜਾ ਦੇ ਦੌਰ 'ਚੋਂ ਗੁਜ਼ਰ ਰਹੇ ਹਨ। ਉਨ੍ਹਾਂ ਦੀ ਸੋਚ-ਸਮਝ ਦੇ ਪਸਾਰ ਪੰਜਾਬ ਨੂੰ ਅਗਾਂਹ ਲਿਜਾਣ ਵੱਲ ਨਹੀਂ ਸਗੋਂ ਪੰਜਾਬ ਤੋਂ ਦੂਰ ਭੱਜਣ ਵਾਲੇ ਹਨ। ਇਸ ਦੇ ਨਾਲ ਨਾਲ ਸਿਆਸਤਦਾਨ ਪੰਜਾਬੀਆਂ ਨੂੰ ਜਜ਼ਬਿਆਂ ਦੀ ਸਿਆਸਤ ਦੀ ਦਲਦਲ ਵਿਚ ਧੱਕਣ 'ਤੇ ਉਤਾਰੂ ਹਨ ਜਿਸ ਕਾਰਨ ਪੰਜਾਬ ਤੇ ਪੰਜਾਬੀਅਤ ਦੇ ਜਿਸਮ 'ਤੇ ਹੋਰ ਡੂੰਘੇ ਫੱਟ ਲੱਗ ਸਕਦੇ ਹਨ, ਖਾਸ ਕਰਕੇ ਨੌਜਵਾਨਾਂ ਦੀ ਮਾਨਸਿਕਤਾ 'ਤੇ। ਜੇ ਕਿਤੇ ਆਸ ਦੀਆਂ ਚਿਣਗਾਂ ਦਿਖਾਈ ਦਿੰਦੀਆਂ ਹਨ ਤਾਂ ਉਹ ਹਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਹੁਣੇ ਹੁਣੇ ਹੋਈਆਂ ਵਿਦਿਆਰਥੀ ਚੋਣਾਂ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਚੱਲਿਆ ਵਿਦਿਆਰਥਣਾਂ ਦਾ ਸੰਘਰਸ਼, ਕਿਸਾਨ ਅੰਦੋਲਨ ਤੇ ਇਨ੍ਹਾਂ ਵਿਚ ਔਰਤਾਂ ਦੀ ਸ਼ਮੂਲੀਅਤ, ਖੇਡਾਂ ਦੇ ਖੇਤਰ ਵਿਚ ਪੰਜਾਬੀਆਂ ਦਾ ਉਭਾਰ ਪਰ ਇਹ ਯਤਨ ਬੜੇ ਸੀਮਤ ਪਸਾਰਾਂ ਵਾਲੇ ਹਨ।

ਪੰਜਾਬ ਦੀਆਂ ਸਮੱਸਿਆਵਾਂ ਦਾ ਹੱਲ ਆਈਲੈੱਟਸ ਵਰਗੀਆਂ ਸਕੀਮਾਂ ਜਾਰੀ ਕਰਕੇ ਨਹੀਂ ਲੱਭਣਾ ਸਗੋਂ ਸਰਕਾਰ ਤੇ ਸਰਕਾਰੀ ਢਾਂਚੇ ਨੂੰ ਇਹੋ ਜਿਹੀ ਪ੍ਰਤੀਬੱਧਤਾ ਦਿਖਾਉਣੀ ਪਵੇਗੀ ਜਿਸ ਨਾਲ ਵਿੱਦਿਅਕ ਢਾਂਚੇ ਵਿਚ ਸੁਧਾਰ ਹੋਵੇ ਅਤੇ ਏਥੇ ਰੁਜ਼ਗਾਰ ਦੇ ਮੌਕੇ ਵਧਣ। ਇਸ ਦੇ ਨਾਲ ਨਾਲ ਪੰਜਾਬੀ ਸਮਾਜ ਨੂੰ ਵੀ ਆਪਣੇ ਅੰਦਰ ਡੂੰਘੀ ਅੰਤਰ-ਝਾਤ ਮਾਰਨ ਦੀ ਜ਼ਰੂਰਤ ਹੈ ਤਾਂ ਕਿ ਪਰਵਾਸ ਦਾ ਹੜ੍ਹ ਰੁਕ ਸਕੇ।

# ਰਾਸ਼ਟਰਵਾਦ, ਫਰਜ਼ੀ ਖਬਰਾਂ ਅਤੇ ਬੀ.ਬੀ.ਸੀ. ਦੀ ਖੋਜ

***ਪਿਛਲੇ ਕੁਝ ਸਾਲਾਂ ਤੋਂ ਫਰਜ਼ੀ ਖਬਰਾਂ (ਫੇਕ ਨਿਊਜ਼) ਐਨੀ ਵੱਡੀ ਮੁਸੀਬਤ ਬਣ ਕੇ ਉਭਰੀਆਂ ਹਨ ਕਿ ਇਸ ਕਾਰਨ ਲੋਕਾਂ ਦੀਆਂ ਹੱਤਿਆਵਾਂ, ਹਿੰਸਾ, ਦੰਗੇ ਅਤੇ ਅੱਗਜ਼ਨੀ ਦੇ ਹੌਲਨਾਕ ਕਾਂਡ ਵਾਪਰਦੇ ਹਨ। ਆਲਮੀ ਪੱਧਰ ਦੀ ਨਿਊਜ਼ ਸੰਸਥਾ ਬੀ.ਬੀ.ਸੀ. ਨੇ ਫੇਕ ਨਿਊਜ਼ ਖਿਲਾਫ ਵਿਸ਼ੇਸ਼ ਮੁਹਿੰਮ ਚਲਾਈ ਹੈ। ਇਸ ਤਹਿਤ 12 ਨਵੰਬਰ ਨੂੰ ਲਖਨਊ ਤੋਂ ਇਲਾਵਾ ਮੁਲਕ ਦੇ ਛੇ ਹੋਰ ਮੁੱਖ ਸ਼ਹਿਰਾਂ ਵਿਚ ਵਿਸ਼ੇਸ਼ ਪ੍ਰੋਗਰਾਮ ਕੀਤੇ ਗਏ ਜਿਨ੍ਹਾਂ ਵਿਚ ਸਰਕਾਰੀ ਨੁਮਾਇੰਦਿਆਂ, ਆਗੂਆਂ, ਪੁਲਿਸ, ਮੀਡੀਆ, ਸਾਈਬਰ ਮਾਹਰਾਂ, ਫੇਕ ਨਿਊਜ਼ ਦਾ ਸ਼ਿਕਾਰ ਹੋਏ ਲੋਕਾਂ ਸਮੇਤ ਇਸ ਵਰਤਾਰੇ ਨਾਲ ਸਰੋਕਾਰ ਰੱਖਣ ਵਾਲਿਆਂ ਨੂੰ ਸ਼ਾਮਲ ਕੀਤਾ ਗਿਆ। ਬੀ.ਬੀ.ਸੀ. ਵਲੋਂ ਮੁਹੱਈਆ ਕਰਵਾਈ ਇਹ ਜਾਣਕਾਰੀ ਅਸੀਂ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ (ਫੋਨ: +91-94634-74342) ਨੇ ਕੀਤਾ ਹੈ। -ਸੰਪਾਦਕ***

ਤੁਹਾਡੇ ਫੋਨ ਦੇ ਵੱਟਸਐਪ ਗਰੁਪ ਵਿਚ ਵੀ ਐਸੇ ਮੈਸੇਜ ਆਉਂਦੇ ਹੋਣਗੇ- "ਸਾਰੇ ਭਾਰਤੀਆਂ ਨੂੰ ਵਧਾਈ! ਯੂਨੈਸਕੋ ਨੇ ਭਾਰਤੀ ਕਰੰਸੀ ਨੂੰ ਸਰਵ-ਸ੍ਰੇਸ਼ਟ ਕਰੰਸੀ ਐਲਾਨਿਆ ਹੈ ਜੋ ਸਾਰੇ ਭਾਰਤੀ ਲੋਕਾਂ ਲਈ ਮਾਣ ਵਾਲੀ ਗੱਲ ਹੈ।" ਇਹ ਮੈਸੇਜ ਅਤੇ ਇਸ ਤਰ੍ਹਾਂ ਦੇ ਕਈ ਹੋਰ ਮੈਸੇਜ ਫੇਕ ਹੁੰਦੇ ਹਨ ਲੇਕਿਨ ਉਨ੍ਹਾਂ ਨੂੰ ਅੱਗੇ ਸਾਂਝੇ ਕਰਨ ਵਾਲੇ ਲੋਕ ਸੋਚਦੇ ਹਨ ਕਿ ਉਹ 'ਰਾਸ਼ਟਰ ਉਸਾਰੀ' ਵਿਚ ਆਪਣੀ ਭੂਮਿਕਾ ਨਿਭਾ ਰਹੇ ਹਨ।

ਬੀ.ਬੀ.ਸੀ. ਦੀ ਨਵੀਂ ਖੋਜ ਵਿਚ ਇਹ ਖੁਲਾਸਾ ਕੀਤਾ ਗਿਆ ਹੈ ਕਿ ਲੋਕ 'ਰਾਸ਼ਟਰ ਉਸਾਰੀ' ਦੀ ਭਾਵਨਾ ਨਾਲ ਰਾਸ਼ਟਰਵਾਦੀ ਸੰਦੇਸ਼ਾਂ ਵਾਲੀਆਂ ਫੇਕ ਨਿਊਜ਼ ਸਾਂਝੀਆਂ ਕਰ ਰਹੇ ਹਨ। ਖਬਰਾਂ ਨਾਲ ਜੁੜੇ ਤੱਥਾਂ ਦੀ ਜਾਂਚ ਦੀ ਜ਼ਰੂਰਤ

> **ਰਿਪੋਰਟ ਦੇ ਮੁੱਖ ਨੁਕਤੇ**
>
> **ਬੀ.ਬੀ.ਸੀ. ਨੇ ਭਾਰਤ, ਕੀਨੀਆ ਅਤੇ ਨਾਈਜੀਰੀਆ ਵਿਚ ਵਿਆਪਕ ਖੋਜ ਕੀਤੀ ਹੈ।**
>
> **ਇਹ ਰਿਪੋਰਟ ਵਿਸਤਾਰ ਨਾਲ ਸਮਝਾਉਂਦੀ ਹੈ ਕਿ ਕਿਵੇਂ ਇਨਕ੍ਰਿਪਟਿਡ ਚੈਟ ਐਪਸ ਵਿਚ ਫੇਨ ਨਿਊਜ਼ ਫੈਲ ਰਹੀਆਂ ਹਨ।**
>
> **ਖਬਰਾਂ ਨੂੰ ਸਾਂਝਾ ਕਰਨ ਵਿਚ ਭਾਵਨਾਤਮਕ ਪਹਿਲੂ ਦਾ ਵੱਡਾ ਯੋਗਦਾਨ ਹੈ।**

ਉਪਰ ਰਾਸ਼ਟਰੀ ਪਛਾਣ ਭਾਰੂ ਪੈ ਰਹੀ ਹੈ। #BeyondFakeNews ਗ਼ਲਤ ਸੂਚਨਾਵਾਂ ਫੈਲਾਉਣ ਖਿਲਾਫ ਕੌਮਾਂਤਰੀ ਪਹਿਲ ਹੈ। ਇਸ ਖੋਜ ਵਿਚ ਟਵਿਟਰ ਉਪਰ ਮੌਜੂਦ ਕਈ ਨੈਟਵਰਕਾਂ ਦਾ ਅਧਿਐਨ ਕੀਤਾ ਗਿਆ ਅਤੇ ਇਸ ਦਾ ਵੀ ਵਿਸ਼ਲੇਸ਼ਣ ਕੀਤਾ ਗਿਆ ਹੈ ਕਿ ਇਨਕ੍ਰਿਪਟਿਡ ਮੈਸੇਜਿੰਗ ਐਪਸ ਨਾਲ ਲੋਕ ਕਿਸ ਤਰ੍ਹਾਂ ਦੇ ਸੰਦੇਸ਼ ਫੈਲਾ ਰਹੇ ਹਨ। ਬੀ.ਬੀ.ਸੀ. ਦੀ ਇਸ ਖੋਜ ਵਿਚ ਮਦਦ ਕਰਨ ਲਈ ਕੁਝ ਮੋਬਾਈਲ ਵਰਤੋਂਕਾਰਾਂ ਨੇ ਆਪਣੇ ਫੋਨ ਦੀ ਐਕਸੈੱਸ ਦਿੱਤੀ। ਇਹ ਰਿਸਰਚ ਬੀ.ਬੀ.ਸੀ. ਦੇ Beyond Fake News ਪ੍ਰੋਜੈਕਟ ਤਹਿਤ ਕੀਤੀ ਗਈ ਹੈ ਜੋ ਗ਼ਲਤ ਸੂਚਨਾਵਾਂ ਦੇ ਖਿਲਾਫ ਕੌਮਾਂਤਰੀ ਪਹਿਲ ਹੈ।

ਇਸ ਖੋਜ ਨਾਲ ਪਤਾ ਚੱਲਿਆ ਕਿ ਭਾਰਤ ਵਿਚ ਲੋਕ ਉਸ ਤਰ੍ਹਾਂ ਦੇ ਸੰਦੇਸ਼ ਸ਼ੇਅਰ ਕਰਨ ਵਿਚ ਝਿਜਕ ਮਹਿਸੂਸ ਕਰਦੇ ਹਨ ਜੋ ਉਨ੍ਹਾਂ ਮੁਤਾਬਿਕ ਹਿੰਸਾ ਪੈਦਾ ਕਰ ਸਕਦੇ ਹਨ। ਲੇਕਿਨ ਇਹੀ ਲੋਕ ਰਾਸ਼ਟਰਵਾਦੀ ਸੰਦੇਸ਼ ਸਾਂਝਾ ਕਰਨਾ ਆਪਣਾ ਫਰਜ਼ ਸਮਝਦੇ ਹਨ। ਭਾਰਤ ਦੀ ਤਰੱਕੀ, ਹਿੰਦੂ ਸ਼ਕਤੀ ਅਤੇ ਹਿੰਦੂਆਂ ਦੀ ਖੁੱਸ ਗਈ ਸ਼ਾਨ ਦੀ ਮੁੜ ਬਹਾਲੀ ਨਾਲ ਜੁੜੇ ਸੰਦੇਸ਼, ਤੱਥਾਂ ਦੀ ਜਾਂਚ ਕੀਤੇ ਬਿਨਾਂ ਹੀ ਵੱਡੀ ਤਾਦਾਦ ਵਿਚ ਅੱਗੇ ਸਾਂਝੇ ਕੀਤੇ ਜਾ ਰਹੇ ਹਨ। ਐਸੇ ਸੰਦੇਸ਼ਾਂ ਨੂੰ ਭੇਜਣ ਵਾਲਿਆਂ ਨੂੰ ਲੱਗਦਾ ਹੈ ਕਿ ਉਹ ਰਾਸ਼ਟਰ ਉਸਾਰੀ ਵਿਚ ਹਿੱਸਾ ਪਾ ਰਹੇ ਹਨ।

ਕੀਨੀਆ ਅਤੇ ਨਾਈਜੀਰੀਆ ਵਿਚ ਵੀ ਫੇਕ ਨਿਊਜ਼ ਫੈਲਾਉਣ ਪਿੱਛੇ ਲੋਕਾਂ ਦੀ 'ਫਰਜ਼ ਦੀ ਭਾਵਨਾ' ਸਾਹਮਣੇ ਆਈ ਹੈ, ਲੇਕਿਨ ਇਨ੍ਹਾਂ ਦੋਨਾਂ ਮੁਲਕਾਂ ਵਿਚ ਰਾਸ਼ਟਰ ਉਸਾਰੀ ਦੀ ਭਾਵਨਾ ਦੀ ਬਜਾਏ ਬ੍ਰੇਕਿੰਗ ਨਿਊਜ਼ ਸਾਂਝੀ ਕਰਨ ਦੀ ਭਾਵਨਾ ਜ਼ਿਆਦਾ ਹੁੰਦੀ ਹੈ ਤਾਂ ਕਿ ਕਿਤੇ ਜੇ ਉਹ ਖਬਰ ਸੱਚੀ ਹੋਈ ਤਾਂ ਉਹ ਉਨ੍ਹਾਂ ਦੇ ਨੈੱਟਵਰਕ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਸੂਚਨਾਵਾਂ ਨੂੰ ਹਰ ਕਿਸੇ ਤਕ ਪਹੁੰਚਾਉਣ ਦੀ ਭਾਵਨਾ ਇਥੇ ਨਜ਼ਰ ਆਉਂਦੀ ਹੈ। ਸੰਦੇਸ਼ ਅੱਗੇ ਸਾਂਝੇ ਕਰਨਾ ਫਰਜ਼ ਸਮਝਿਆ ਜਾ ਰਿਹਾ ਹੈ।

ਫੇਕ ਨਿਊਜ਼ ਜਾਂ ਬਿਨਾ ਜਾਂਚੇ-ਪਰਖੇ ਖਬਰਾਂ ਨੂੰ ਅੱਗੇ ਸਾਂਝੀਆਂ ਕਰਨ ਵਾਲੇ ਲੋਕਾਂ ਦੀ ਨਜ਼ਰ ਵਿਚ ਮੈਸੇਜ ਜਾਂ ਖਬਰ ਦੇ ਸਰੋਤ ਨਾਲੋਂ ਜ਼ਿਆਦਾ ਅਹਿਮੀਅਤ ਇਸ ਗੱਲ ਦੀ ਹੈ ਕਿ ਉਸ ਨੂੰ ਉਨ੍ਹਾਂ ਤਕ ਕਿਸ ਨੇ ਭੇਜਿਆ ਹੈ। ਜੇ ਅੱਗੇ ਭੇਜਣ ਵਾਲਾ ਬੰਦਾ 'ਨਾਮਵਰ' ਹੈ ਤਾਂ ਉਹ ਜਾਂਚੇ-ਪਰਖੇ ਜਾਂ ਉਸ ਜਾਣਕਾਰੀ ਦੇ ਸਰੋਤ ਦਾ ਪਤਾ ਲਗਾਏ ਬਿਨਾਂ ਉਸ ਨੂੰ ਅੱਗੇ ਸਾਂਝਾ ਕਰਨ ਨੂੰ ਆਪਣਾ 'ਫਰਜ਼' ਸਮਝਦੇ ਹਨ। ਜਿਸ ਤਰ੍ਹਾਂ ਦੀਆਂ ਗ਼ਲਤ ਖਬਰਾਂ ਸਭ ਤੋਂ ਜ਼ਿਆਦਾ ਫੈਲਦੀਆਂ ਹਨ, ਉਨ੍ਹਾਂ ਵਿਚ ਸਭ ਤੋਂ ਜ਼ਿਆਦਾ ਇਸ ਤਰ੍ਹਾਂ ਦੀਆਂ ਖਬਰਾਂ ਸਾਹਮਣੇ ਆਉਂਦੀਆਂ ਹਨ ਜਿਵੇਂ, ਭਾਰਤ ਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ, ਹਿੰਦੂ ਧਰਮ ਮਹਾਨ ਸੀ ਅਤੇ ਹੁਣ ਉਸ ਨੂੰ ਦੁਬਾਰਾ ਮਹਾਨ ਬਣਾਉਣਾ ਹੈ, ਜਾਂ ਭਾਰਤ ਦਾ ਪੁਰਾਤਨ ਗਿਆਨ ਹਰ ਖੇਤਰ ਵਿਚ ਹੁਣ ਵੀ ਸਰਵ ਸ੍ਰੇਸ਼ਟ ਹੈ ਜਾਂ ਗਾਂ ਆਕਸੀਜਨ ਹੀ ਅੰਦਰ ਖਿੱਚਦੀ ਹੈ ਅਤੇ ਆਕਸੀਜਨ ਹੀ ਛੱਡਦੀ ਹੈ। ਐਸੀਆਂ ਖਬਰਾਂ ਨੂੰ ਲੋਕ ਹਜ਼ਾਰਾਂ ਦੀ ਤਾਦਾਦ ਵਿਚ ਰੋਜ਼ ਸ਼ੇਅਰ ਕਰਦੇ ਹਨ ਅਤੇ ਇਸ ਵਿਚ ਕੋਈ ਬੁਰਾਈ ਨਹੀਂ ਦੇਖਦੇ ਕਿ ਉਹ ਆਪਣੇ ਮਨ ਦੀ ਗੱਲ ਨੂੰ ਸਹੀ ਸਾਬਤ ਕਰਨ ਲਈ ਤੱਥਾਂ ਦਾ ਨਹੀਂ ਬਲਕਿ ਝੂਠ ਦਾ ਸਹਾਰਾ ਲੈ ਰਹੇ ਹਨ।




## ਮੁੱਖਧਾਰਾ ਮੀਡੀਆ ਦਾ ਅਕਸ

ਫੇਕ ਨਿਊਜ਼ ਫੈਲਾਉਣ ਵਿਚ ਮੁੱਖ ਧਾਰਾ ਦੇ ਮੀਡੀਆ ਨੂੰ ਵੀ ਜ਼ਿੰਮੇਦਾਰ ਪਾਇਆ ਗਿਆ ਹੈ। ਖੋਜ ਮੁਤਾਬਿਕ, ਇਸ ਸਮੱਸਿਆ ਨਾਲ ਨਜਿੱਠਣ ਵਿਚ ਮੀਡੀਆ ਇਸ ਲਈ ਬਹੁਤਾ ਕਾਰਗਰ ਨਹੀਂ ਹੋ ਰਿਹਾ ਕਿਉਂਕਿ ਉਸ ਦਾ ਆਪਣਾ ਹੀ ਅਕਸ ਬਹੁਤਾ ਮਜ਼ਬੂਤ ਨਹੀਂ ਹੈ। ਲੋਕਾਂ ਦਾ ਮੰਨਣਾ ਹੈ ਕਿ ਸਿਆਸੀ ਅਤੇ ਕਾਰੋਬਾਰੀ ਹਿਤਾਂ ਦੇ ਦਬਾਓ ਹੇਠ ਮੀਡੀਆ 'ਵਿਕ ਗਿਆ' ਹੈ।

ਬੀ.ਬੀ.ਸੀ. ਨੇ ਫੇਕ ਨਿਊਜ਼ ਫੈਲਾਉਣ ਵਾਲਿਆਂ ਦੇ ਵਿਚਾਰਧਾਰਕ ਰੁਝਾਨ ਦੀ ਟਵਿਟਰ ਉਪਰ 16 ਹਜ਼ਾਰ ਅਕਾਊਂਟ ਦੇ ਜ਼ਰੀਏ ਜਾਂਚ ਕੀਤੀ ਤਾਂ ਇਹ ਸਾਹਮਣੇ ਆਇਆ ਕਿ ਮੋਦੀ ਹਮਾਇਤੀਆਂ ਦੇ ਤਾਰ ਆਪਸ ਵਿਚ ਬਿਹਤਰ ਤਰੀਕੇ ਨਾਲ ਜੁੜੇ ਹੋਏ ਹਨ ਅਤੇ ਉਹ ਇਕ ਤਰ੍ਹਾਂ ਨਾਲ ਮਿਲ-ਜੁਲ ਕੇ ਮੁਹਿੰਮ ਵਾਂਗ ਕੰਮ ਕਰ ਰਹੇ ਹਨ। ਹਿੰਦੂਤਵ, ਰਾਸ਼ਟਰਵਾਦ, ਮੋਦੀ, ਸੈਨਾ, ਦੇਸ਼ ਭਗਤੀ, ਪਾਕਿਸਤਾਨ ਦਾ ਵਿਰੋਧ, ਘੱਟ ਗਿਣਤੀਆਂ ਨੂੰ ਦੋਸ਼ੀ ਠਹਿਰਾਉਣ ਵਾਲੇ ਅਕਾਊਂਟ ਆਪਸ ਵਿਚ ਇਕ-ਦੂਜੇ ਨਾਲ ਜੁੜੇ ਹੋਏ ਹਨ। ਉਹ ਖਾਸ ਤਰ੍ਹਾਂ ਨਾਲ ਸਰਗਰਮ ਰਹਿੰਦੇ ਹਨ, ਜਿਵੇਂ ਕੋਈ ਫਰਜ਼ ਪੂਰਾ ਕਰ ਰਹੇ ਹੋਣ। ਇਸ ਦੇ ਉਲਟ, ਵੰਡੇ ਹੋਏ ਸਮਾਜ ਵਿਚ ਇਨ੍ਹਾਂ ਦੇ ਵਿਰੋਧੀਆਂ ਦੀ ਵਿਚਾਰਧਾਰਾ ਵੱਖ-ਵੱਖ ਹੈ, ਜਦਕਿ ਮੋਦੀ ਜਾਂ ਹਿੰਦੂਤਵ ਦੀ ਸਿਆਸਤ ਦਾ ਵਿਰੋਧ ਉਨ੍ਹਾਂ ਨੂੰ ਆਪਸ ਵਿਚ ਜੋੜਦਾ ਹੈ। ਵੱਖੋ-ਵੱਖਰੇ ਵਿਚਾਰਾਂ ਕਾਰਨ ਮੋਦੀ ਵਿਰੋਧੀਆਂ ਦੀ ਆਵਾਜ਼ ਮੋਦੀ ਹਮਾਇਤੀਆਂ ਦੀ ਤਰ੍ਹਾਂ ਇਕਜੁੱਟ ਨਹੀਂ ਹੈ।

## ਵੱਟਸਐਪ 'ਤੇ ਹਿੰਦੂ ਰਾਸ਼ਟਰਵਾਦ

ਘੱਟੋ-ਘੱਟ ਇਹੀ ਤਸਵੀਰ ਵੱਟਸਐਪ ਉਪਰ ਵੀ ਉਭਰਦੀ ਹੈ। ਹਿੰਦੂ ਰਾਸ਼ਟਰਵਾਦ ਪ੍ਰਤੀ ਝੁਕਾਅ ਰੱਖਣ ਵਾਲੇ ਲੋਕਾਂ ਨੂੰ ਮੋਟੇ ਤੌਰ 'ਤੇ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ, ਪੁਰਾਤਨਪੰਥੀ ਹਿੰਦੂ ਜੋ ਕਿਸੇ ਵੀ ਤਰ੍ਹਾਂ ਦੇ ਸਮਾਜੀ ਬਦਲਾਓ ਦੇ ਵਿਰੋਧੀ ਹਨ। ਦੂਸਰਾ, ਅਗਾਂਹਵਧੂ ਹਿੰਦੂ ਜੋ ਅੰਨ੍ਹੇ ਭਗਤ ਨਹੀਂ ਹਨ, ਪਰ ਆਪਣੇ ਧਰਮ ਨੂੰ ਲੈ ਕੇ ਉਨ੍ਹਾਂ ਨੂੰ ਮਾਣ ਹੈ ਅਤੇ ਉਸੇ ਧਰਮ ਦਾ ਝੰਡਾ ਉਚਾ ਰੱਖਣ ਦੀ ਚਿੰਤਾ ਰਹਿੰਦੀ ਹੈ। ਇਹ ਦੋਨੋਂ ਵਰਗ ਮੋਦੀ ਨੂੰ ਆਪਣਾ ਆਗੂ ਮੰਨਦੇ ਹਨ। ਤੀਸਰਾ ਵਰਗ ਸਿੱਧੇ ਤੌਰ 'ਤੇ ਕੱਟੜਪੰਥੀ ਹੈ ਜੋ ਘੱਟ ਗਿਣਤੀਆਂ ਪ੍ਰਤੀ ਇੰਤਹਾ ਅਤੇ ਹਿੰਸਕ ਵਿਚਾਰਾਂ ਵਾਲਾ ਹੈ।

ਮੋਦੀ ਵਿਰੋਧੀ ਚਾਰ ਵਰਗਾਂ ਵਿਚ ਵੰਡੇ ਹੋਏ ਹਨ। ਇਕ ਵਰਗ ਨੋਟਬੰਦੀ, ਜੀਐਸਟੀ ਵਰਗੀਆਂ ਨੀਤੀਆਂ ਦਾ ਵਿਰੋਧ ਕਰਨ ਵਾਲਾ ਹੈ। ਦੂਸਰਾ ਵਰਗ ਘੱਟ ਗਿਣਤੀਆਂ ਦਾ ਹੈ ਜਿਸ ਦੇ ਵਿਰੋਧ ਦਾ ਕਾਰਨ ਇੰਤਹਾ ਹਿੰਦੂਤਵ ਦੀ ਸਿਆਸਤ ਹੈ। ਤੀਸਰਾ ਵਰਗ ਉਨ੍ਹਾਂ ਲੋਕਾਂ ਦਾ ਹੈ ਜਿਨ੍ਹਾਂ ਨੇ ਮੋਦੀ ਨੂੰ ਵੋਟ ਦਿੱਤੀ ਪਰ ਉਹ ਨਿਰਾਸ਼ ਹਨ। ਚੌਥਾ ਵਰਗ ਕਾਂਗਰਸ ਵਰਗੇ ਸਿਆਸੀ ਵਿਰੋਧੀਆਂ ਦਾ ਹੈ। ਮੋਦੀ ਵਿਰੋਧੀ ਸੋਸ਼ਲ ਮੀਡੀਆ ਉਪਰ ਵੀ ਉਸੇ ਤਰ੍ਹਾਂ ਖਿੰਡੇ ਹੋਏ ਨਜ਼ਰ ਆਉਂਦੇ ਹਨ, ਜਿਵੇਂ ਮੁਲਕ ਦੀ ਸਿਆਸਤ ਵਿਚ।

## ਟੀਮ ਵਾਂਗ ਕੰਮ ਕਰ ਰਹੇ ਹਨ ਮੋਦੀ ਹਮਾਇਤੀ

ਟਵਿਟਰ ਦੇ ਅੰਕੜਿਆਂ ਉਪਰ ਗਹਿਰਾਈ ਨਾਲ ਨਜ਼ਰ ਮਾਰਨ 'ਤੇ ਬੀ.ਬੀ.ਸੀ. ਦੀ ਖੋਜ ਟੀਮ ਨੇ ਦੇਖਿਆ ਕਿ ਟਵਿਟਰ ਉਪਰ ਮੋਦੀ ਹਮਾਇਤੀ ਸਰਗਰਮੀਆਂ ਵਿਚ ਲੱਗੇ ਲੋਕਾਂ ਅਤੇ ਫੇਕ ਨਿਊਜ਼ ਫੈਲਾਉਣ ਵਾਲੇ ਕੁਝ ਅਕਾਊਂਟਾਂ ਦੀਆਂ ਤਾਰਾਂ ਜੁੜੀਆਂ ਹੋਈਆਂ ਹਨ। ਉਹ ਸਮੂਹ ਵਾਂਗ ਕੰਮ ਕਰ ਕਰਦੇ ਹਨ। ਦੂਸਰੇ ਪਾਸੇ, ਮੋਦੀ ਵਿਰੋਧੀ ਸਮੂਹ ਵੀ ਫੇਕ ਨਿਊਜ਼ ਫੈਲਾਉਂਦਾ ਹੈ ਲੇਕਿਨ ਉਨ੍ਹਾਂ ਦੀ ਤਾਦਾਦ ਅਤੇ ਉਨ੍ਹਾਂ ਦੀ ਸਰਗਰਮੀ ਮੁਕਾਬਲਤਨ ਘੱਟ ਹੈ ਅਤੇ ਉਹ ਵਿਰੋਧੀ ਧਿਰ ਦੀ ਸਿਆਸੀ ਅਗਵਾਈ ਨਾਲ ਉਸ ਤਰ੍ਹਾਂ ਜੁੜੇ ਹੋਏ ਨਹੀਂ ਜਿਸ ਤਰ੍ਹਾਂ ਹਿੰਦੂਤਵ ਵਾਲੇ ਲੋਕ ਹਨ।

ਖੋਜ ਤੋਂ ਸਾਹਮਣੇ ਆਇਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਟਵਿਟਰ ਅਕਾਊਂਟ ਕੁਝ ਐਸੇ ਲੋਕਾਂ ਨੂੰ ਫਾਲੋ ਕਰਦਾ ਹੈ ਜੋ ਫੇਕ ਨਿਊਜ਼ ਫੈਲਾਉਂਦੇ ਹਨ। ਪ੍ਰਧਾਨ ਮੰਤਰੀ ਮੋਦੀ ਦਾ ਟਵਿਟਰ ਹੈਂਡਲ @narendramodi ਜਿੰਨੇ ਅਕਾਊਂਟ ਫਾਲੋ ਕਰਦਾ ਹੈ, ਉਨ੍ਹਾਂ ਵਿਚੋਂ 56.2% ਤਸਦੀਕਸ਼ੁਦਾ ਨਹੀਂ ਹਨ, ਯਾਨੀ ਇਹ ਉਹ ਲੋਕ ਹਨ ਜਿਨ੍ਹਾਂ ਦੀ ਭਰੋਸੇਯੋਗਤਾ ਉਪਰ ਟਵਿਟਰ ਨੇ ਨੀਲੇ ਨਿਸ਼ਾਨ ਵਾਲੀ ਮੋਹਰ ਲਗਾਈ ਹੋਈ ਹੈ, ਇਹ ਲੋਕ ਕੋਈ ਵੀ ਹੋ ਸਕਦੇ ਹਨ। ਇਨ੍ਹਾਂ ਬਿਨਾਂ ਤਸਦੀਕ ਅਕਾਊਂਟਾਂ ਵਿਚੋਂ 61% ਭਾਜਪਾ ਦਾ ਪ੍ਰਚਾਰ ਕਰਦੇ ਹਨ। ਇਹ ਅਕਾਊਂਟ ਭਾਜਪਾ ਦੇ ਨਜ਼ਰੀਏ ਨੂੰ ਟਵਿਟਰ ਉਪਰ ਪੇਸ਼ ਕਰਦੇ ਹਨ।

ਭਾਜਪਾ ਦਾ ਦਾਅਵਾ ਰਿਹਾ ਹੈ ਕਿ ਟਵਿਟਰ ਉਪਰ ਇਨ੍ਹਾਂ ਅਕਾਊਂਟ ਨੂੰ ਫਾਲੋ ਕਰਕੇ ਪ੍ਰਧਾਨ ਮੰਤਰੀ ਆਮ ਆਦਮੀ ਨਾਲ ਜੁੜਦੇ ਹਨ; ਹਾਲਾਂਕਿ ਇਹ ਅਕਾਊਂਟ ਕੋਈ ਮਾਮੂਲੀ ਨਹੀਂ ਹਨ। ਇਨ੍ਹਾਂ ਅਕਾਊਂਟ ਨਾਲ ਔਸਤ 25,370 ਲੋਕ ਜੁੜੇ ਹੋਏ ਹਨ ਅਤੇ ਇਨ੍ਹਾਂ ਨੇ 48,388 ਟਵੀਟ ਕੀਤੇ ਹਨ। ਪ੍ਰਧਾਨ ਮੰਤਰੀ ਇਨ੍ਹਾਂ ਅਕਾਊਂਟ ਨੂੰ ਫਾਲੋ ਕਰਕੇ ਉਨ੍ਹਾਂ ਨੂੰ ਇਕ ਤਰ੍ਹਾਂ ਦੀ ਮਾਨਤਾ ਦਿੰਦੇ ਹਨ, ਇਨ੍ਹਾਂ ਵਿਚੋਂ ਜ਼ਿਆਦਾਤਰ ਲੋਕ ਜਿਨ੍ਹਾਂ ਨੂੰ ਟਵਿਟਰ ਨੇ ਮਾਨਤਾ ਨਹੀਂ ਦਿੱਤੀ ਹੈ, ਉਹ ਆਪਣੀ ਜਾਣ-ਪਛਾਣ ਵਿਚ ਲਿਖਦੇ ਹਨ ਕਿ ਮੁਲਕ ਦਾ ਪ੍ਰਧਾਨ ਮੰਤਰੀ ਉਨ੍ਹਾਂ ਨੂੰ ਫਾਲੋ ਕਰਦਾ ਹੈ।

ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ 11% ਬਿਨਾਂ ਤਸਦੀਕ ਕੀਤੇ ਅਕਾਊਂਟ ਫਾਲੋ ਕਰਦੇ ਹਨ, ਉਥੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਮਾਮਲੇ ਵਿਚ ਇਹ ਅੰਕੜਾ 37.7% ਹੈ।

## ਫੇਕ ਨਿਊਜ਼ ਉਪਰ ਕੀ ਸੋਚਦਾ ਹੈ ਆਮ ਇਨਸਾਨ

ਬੀ.ਬੀ.ਸੀ. ਵਰਲਡ ਸਰਵਿਸ ਵਿਚ ਸਰੋਤਾ ਖੋਜ ਵਿਭਾਗ ਦੇ ਮੁਖੀ ਸ਼ਾਂਤਨੂੰ ਚਕਰਵਰਤੀ ਕਹਿੰਦੇ ਹਨ, "ਇਸ ਖੋਜ ਵਿਚ ਇਹੀ ਸਵਾਲ ਹੈ ਕਿ ਆਮ ਲੋਕ ਫੇਕ ਨਿਊਜ਼ ਨੂੰ ਅਗਾਂਹ ਸਾਂਝੀ ਕਿਉਂ ਕਰਦੇ ਹਨ, ਜਦਕਿ ਉਹ ਫੇਕ ਨਿਊਜ਼ ਫੈਲਾਉਣ ਬਾਰੇ ਫਿਕਰਮੰਦ ਹੋਣ ਦਾ ਦਾਅਵਾ ਕਰਦੇ ਹਨ। ਇਹ ਰਿਪੋਰਟ ਇਨ-ਡੈਪਥ ਕੁਆਲੀਟੇਟਿਵ ਅਤੇ ਐਥਨੋਗ੍ਰਾਫੀ ਦੀਆਂ ਤਕਨੀਕਾਂ ਦੇ ਨਾਲ-ਨਾਲ ਡਿਜੀਟਲ ਨੈੱਟਵਰਕ ਵਿਸ਼ਲੇਸ਼ਣ ਅਤੇ ਬਿੱਗ ਡੇਟਾ ਤਕਨੀਕ ਦੀ ਮਦਦ ਨਾਲ ਭਾਰਤ, ਕੀਨੀਆ ਅਤੇ ਨਾਈਜੀਰੀਆ ਵਿਚ ਕਈ ਤਰ੍ਹਾਂ ਨਾਲ ਫੇਕ ਨਿਊਜ਼ ਨੂੰ ਸਮਝਣ ਦਾ ਯਤਨ ਕਰਦੀ ਹੈ। ਇਨ੍ਹਾਂ ਮੁਲਕਾਂ ਵਿਚ ਫੇਕ ਨਿਊਜ਼ ਦੇ ਤਕਨੀਕ ਕੇਂਦਰਤ ਸਮਾਜਿਕ ਸਰੂਪ ਨੂੰ ਸਮਝਣ ਦੇ ਲਈ ਇਹ ਪਹਿਲਾ ਪ੍ਰੋਜੈਕਟ ਹੈ। ਮੈਂ ਉਮੀਦ ਕਰਦਾ ਹਾਂ ਕਿ ਇਸ ਖੋਜ ਵਿਚ ਸਾਹਮਣੇ ਆਈਆਂ ਜਾਣਕਾਰੀਆਂ ਫੇਕ ਨਿਊਜ਼ ਉਪਰ ਹੋਣ ਵਾਲੀਆਂ ਚਰਚਾਵਾਂ ਵਿਚ ਗਹਿਰਾਈ ਅਤੇ ਸਮਝ ਪੈਦਾ ਕਰਨਗੀਆਂ ਅਤੇ ਖੋਜਕਾਰ, ਵਿਸ਼ੇਲਸ਼ਕ, ਪੱਤਰਕਾਰ ਇਨ੍ਹਾਂ ਜਾਣਕਾਰੀਆਂ ਦਾ ਇਸਤੇਮਾਲ ਕਰ ਸਕਣਗੇ।"

ਬੀ.ਬੀ.ਸੀ. ਵਰਲਡ ਸਰਵਿਸ ਗਰੁੱਪ ਦੇ ਨਿਰਦੇਸ਼ਕ ਜੇਸੀ ਏਂਗਸ ਕਹਿੰਦੇ ਹਨ, "ਮੀਡੀਆ ਵਿਚ ਜ਼ਿਆਦਾਤਰ ਚਰਚਾ ਪੱਛਮੀ ਮੁਲਕਾਂ ਵਿਚ 'ਫੇਕ ਨਿਊਜ਼' ਉਪਰ ਹੀ ਹੋਈ ਹੈ, ਇਹ ਖੋਜ ਇਸ ਗੱਲ ਦਾ ਤਕੜਾ ਸਬੂਤ ਹੈ ਕਿ ਬਾਕੀ ਦੁਨੀਆਂ ਵਿਚ ਕਈ ਗੰਭੀਰ ਸਮੱਸਿਆਵਾਂ ਖੜ੍ਹੀਆਂ ਹੋ ਰਹੀਆਂ ਹਨ, ਜਿਥੇ ਸੋਸ਼ਲ ਮੀਡੀਆ ਉਪਰ ਖਬਰਾਂ ਸ਼ੇਅਰ ਕਰਦੇ ਵਕਤ ਰਾਸ਼ਟਰ ਉਸਾਰੀ ਦਾ ਵਿਚਾਰ ਸੱਚ ਉਪਰ ਭਾਰੂ ਪੈ ਰਿਹਾ ਹੈ। ਬੀ.ਬੀ.ਸੀ. ਦੀ Beyond Fake news ਪਹਿਲ ਗ਼ਲਤ ਸੂਚਨਾਵਾਂ ਦੇ ਫੈਲਾਓ ਨਾਲ ਨਜਿਠਣ ਵਿਚ ਸਾਡੀ ਵਚਨਬੱਧਤਾ ਵੱਲ ਅਹਿਮ ਕਦਮ ਹੈ। ਇਸ ਕੰਮ ਲਈ ਇਹ ਖੋਜ ਮਹੱਤਵਪੂਰਨ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ।"

ਫੇਸਬੁੱਕ, ਗੂਗਲ ਅਤੇ ਟਵਿਟਰ ਸੋਮਵਾਰ 12 ਨਵੰਬਰ ਨੂੰ ਆਪੋ-ਆਪਣੇ ਪਲੈਟਫਾਰਮਾਂ ਉਪਰ ਫੇਕ ਨਿਊਜ਼ ਦੇ ਬਾਰੇ ਚਰਚਾ ਕਰਨਗੇ। ਇਸ ਖੋਜ ਰਿਪੋਰਟ 'ਤੇ ਹੀ ਬੀ.ਬੀ.ਸੀ. ਨੇ ਸੋਮਵਾਰ ਨੂੰ ਹੀ ਦਿੱਲੀ ਸਣੇ ਮੁਲਕ ਦੇ 7 ਸ਼ਹਿਰਾਂ 'ਚ ਵੱਖ-ਵੱਖ ਭਾਸ਼ਾਵਾਂ ਵਿਚ ਚਰਚਾ ਕੀਤੀ ਹੈ।

---

# ਝੋਨੇ ਦਾ ਨਾਟਕ ਅਤੇ ਪੰਜਾਬ ਸਰਕਾਰ

ਕੁਲਜੀਤ ਬੈਂਸ

ਪੰਜਾਬ ਵਿਚ ਝੋਨਾ ਜਿੰਨਾ ਧਿਆਨ ਖਿੱਚਣ ਵਾਲਾ ਵਿਸ਼ਾ ਹੈ, ਓਨਾ ਹੀ ਇਹ ਨਿਤਾਣਾ ਹੈ। ਇਹ ਸੂਬੇ ਦੀ ਜ਼ਮੀਨ ਵਿਚੋਂ ਪਾਣੀ ਸੁਕਾਉਣ ਲਈ ਜ਼ਿੰਮੇਵਾਰ ਤਾਂ ਹੈ ਹੀ; ਇਸ ਨੇ ਕਿਸਾਨਾਂ ਨੂੰ ਵੀ ਮੁਕੰਮਲ ਰੂਪ ਵਿਚ ਸਮਝੋ ਕਾਬੂ ਕੀਤਾ ਹੋਇਆ ਹੈ; ਇਸ ਨੇ ਸੂਬਾ ਸਰਕਾਰ ਦੇ ਆਰਥਿਕ ਵਸੀਲੇ ਤਬਾਹ ਕਰ ਸੁੱਟੇ ਹਨ; ਤੇ ਹੁਣ ਇਹ ਕੇਂਦਰ ਦੇ ਖੁਰਾਕ ਅਰਥਚਾਰੇ ਨੂੰ ਵਾਢਾ ਲਾ ਰਿਹਾ ਹੈ। ਇਹ ਅਸਲ ਵਿਚ ਵਿਰੋਧਾਭਾਸਾਂ ਦੀ ਕਹਾਣੀ ਹੈ। ਇਹ ਸਭ ਤੋਂ ਪਸੰਦੀਦਾ ਫਸਲ ਹੋਣ ਕਾਰਨ ਇਸ ਦੇ ਭਾਅ ਵਿਚ ਸਭ ਤੋਂ ਵੱਡਾ ਵਾਧਾ ਕੀਤਾ ਜਾਂਦਾ ਹੈ। ਹੁਣ ਫਰਜ਼ੀ ਖਰੀਦ ਦੇ ਨਵੇਂ ਘਪਲੇ ਨੇ ਇਸ ਅੰਦਰਲੇ ਅਪਰਾਧਕ ਵਿਹਾਰ ਦੀ ਇਕ ਹੋਰ ਤਹਿ ਨੰਗੀ ਕਰ ਦਿੱਤੀ ਹੈ। ਇਸ ਘਪਲੇ ਬਾਰੇ ਜੋ ਤੱਥ ਨਸ਼ਰ ਹੋ ਰਹੇ ਹਨ, ਉਨ੍ਹਾਂ ਅਨੁਸਾਰ ਆੜ੍ਹਤੀਆਂ, ਮਿਲਰਾਂ ਤੇ ਸਰਕਾਰੀ ਅਫਸਰਾਂ/ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ ਖਰੀਦ ਏਜੰਸੀਆਂ ਰਾਹੀਂ ਫਸਲ ਦੀ ਫਰਜ਼ੀ ਖਰੀਦ ਦੇ ਵੇਰਵੇ ਆਨਲਾਈਨ ਨਸ਼ਰ ਕਰ ਦਿੱਤੇ ਗਏ। ਇਹ ਸਾਰਾ ਇੰਤਜ਼ਾਮ ਰਲ ਕੇ ਕੀਤਾ ਗਿਆ।

ਜਿਸ ਕੰਮ-ਧੰਦੇ ਵਿਚ ਪੈਸਾ ਜੁੜਿਆ ਹੈ, ਉਥੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਤਾਂ ਹੁੰਦਾ ਹੀ ਹੈ, ਝੋਨਾ ਇਸ ਦਾ ਸੌਖਾ ਸ਼ਿਕਾਰ ਹੈ। ਇਸ ਕੰਮ ਵਿਚ ਵੱਡੇ ਪੱਧਰ 'ਤੇ ਝੋਨਾ ਅਤੇ ਪੈਸਾ ਹੈ, ਇਸੇ ਤਰ੍ਹਾਂ ਆੜ੍ਹਤੀਆਂ ਤੋਂ ਲੈ ਕੇ ਖਰੀਦ ਅਫਸਰਾਂ ਤੇ ਮਿਲਰਾਂ ਸਮੇਤ ਏਜੰਸੀਆਂ ਦਾ ਪੂਰਾ ਝੁਰਮਟ ਹੈ। ਸਾਰੇ ਰਲ ਕੇ ਕਿਸਾਨ ਅਤੇ ਸਰਕਾਰ ਨੂੰ ਲੁੱਟ ਰਹੇ ਹਨ। ਭ੍ਰਿਸ਼ਟਾਚਾਰ ਦਾ ਸਭ ਤੋਂ ਵੱਡਾ ਸਰੋਤ ਅਤੇ ਕਿਸਾਨਾਂ ਦੇ ਦੁੱਖਾਂ ਦਾ ਕਾਰਨ ਆੜ੍ਹਤੀਆ ਹੈ। ਹਾਲਾਤ ਦਾ ਵਿਅੰਗ ਇਹ ਹੈ ਕਿ ਸਮੁੱਚੇ ਸਿਸਟਮ ਵਿਚ ਸਿਰਫ ਆੜ੍ਹਤੀਆ ਹੀ ਇਕੱਲੀ ਅਜਿਹੀ ਹਸਤੀ ਹੈ ਜੋ ਬੇਲੋੜੀ ਹੈ, ਫਿਰ ਵੀ ਇਹ ਖੁਦ ਨੂੰ ਇਸ ਤਰ੍ਹਾਂ ਪੇਸ਼ ਕਰਨ ਵਿਚ ਸਫਲ ਰਹੀ ਹੈ ਕਿ ਇਸ ਤੋਂ ਬਿਨਾਂ ਤਾਂ ਸਰ ਹੀ ਨਹੀਂ ਸਕਦਾ। ਤੇ ਇਨ੍ਹਾਂ ਆੜ੍ਹਤੀਆਂ ਨੂੰ ਸੂਬੇ ਵਿਚ ਸਰਕਾਰ ਦੀ ਖਾਮੋਸ਼ ਹਮਾਇਤ ਹਾਸਲ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਕਈ ਆੜ੍ਹਤੀਏ ਸਿਆਸਤ ਵਿਚ ਵੀ ਦਿਲਚਸਪੀ ਰੱਖਦੇ ਹਨ ਜਾਂ ਮੌਕੇ ਦੀ ਸੱਤਾਧਾਰੀ ਪਾਰਟੀ ਦੀਆਂ ਸਿਆਸੀ ਲੋੜਾਂ ਲਈ ਪੈਸੇ ਦਾ ਇੰਤਜ਼ਾਮ ਕਰਦੇ ਹਨ।

ਐਤਕੀਂ ਝੋਨੇ ਦੇ ਸੀਜ਼ਨ ਤੋਂ ਹੀ ਸਪਸ਼ਟ ਹੈ ਕਿ ਸਮੁੱਚੀ ਖੇਤੀ ਨੀਤੀ ਨੂੰ ਕਿਸ ਤਰ੍ਹਾਂ ਘੁੰਡੀਆਂ ਪਈਆਂ ਹੋਈਆਂ ਹਨ। ਸਰਕਾਰ ਦੇ ਖਾਸ, ਉਚੇਚੇ ਅਤੇ ਬਾ-ਮਕਸਦ ਦਖਲ ਨਾਲ ਐਤਕੀਂ ਖਰੀਫ ਸੀਜ਼ਨ ਕਿਸਾਨਾਂ ਲਈ ਬਹੁਤ ਮੁਸ਼ਕਿਲ ਹੋ ਨਿਬੜਿਆ। ਇਹ ਕਹਾਣੀ ਪਾਣੀ ਬਚਾਉਣ ਦੇ ਹੋਕੇ ਨਾਲ ਝੋਨਾ ਲਾਉਣ ਦੀ ਲੇਟ ਆਗਿਆ ਦੇਣ ਨਾਲ ਆਰੰਭ ਹੋਈ। ਬਹੁਤ ਸਾਰੇ ਕਿਸਾਨ ਘੱਟ ਸਮੇਂ ਵਿਚ ਪੱਕਣ ਵਾਲੀ ਫਸਲ ਦੇ ਬੀਜ ਹਾਸਲ ਨਹੀਂ ਕਰ ਸਕੇ। ਫਿਰ ਪਰਾਲੀ ਨਾ ਸਾੜਨ ਦੀ ਜਾਇਜ਼ ਮੰਗ ਆ ਗਈ ਅਤੇ ਇਸ 'ਤੇ ਲਗਾਤਾਰ ਰੱਫੜ ਚੱਲਿਆ। ਇਸ ਨਾਲ ਕਿਸਾਨ ਬੜੇ ਔਖੇ ਹੋਏ ਅਤੇ ਇਨ੍ਹਾਂ ਵਿਚੋਂ ਬਹੁਤੇ ਅਜੇ ਵੀ ਅਗਲੀ ਫਸਲ ਕਣਕ ਦੀ ਬਿਜਾਈ ਲਈ ਜੂਝ ਰਹੇ ਹਨ ਤਾਂ ਕਿ ਉਨ੍ਹਾਂ ਦਾ ਹੋਰ ਨੁਕਸਾਨ ਨਾ ਹੋਵੇ। ਝੋਨੇ ਦੀ ਲੇਟ ਲੁਆਈ ਕਾਰਨ ਹੁਣ ਨਮੀ ਦੀ ਸਮੱਸਿਆ ਨੇ ਆਣ ਘੇਰਿਆ ਹੈ। ਖਰੀਦ ਏਜੰਸੀਆਂ ਨਮੀ ਵਾਲਾ ਝੋਨਾ ਖਰੀਦਣਾ ਨਹੀਂ ਚਾਹੁੰਦੀਆਂ ਜਿਸ ਕਾਰਨ ਕਿਸਾਨਾਂ ਨੂੰ ਸੜਕਾਂ ਉਤੇ ਆਉਣਾ ਪਿਆ।

ਇਹ ਕਿਸਾਨਾਂ ਦੇ ਦੁਖੜੇ ਹਨ। ਝੋਨੇ ਕਰਕੇ ਸੂਬਾ ਅਤੇ ਕੇਂਦਰ ਸਰਕਾਰਾਂ ਦੀ ਹਾਲਤ ਹੋਰ ਵੀ ਖਰਾਬ ਹੋ ਸਕਦੀ ਹੈ। ਪੰਜਾਬ ਹਰ ਮਹੀਨੇ ਕੇਂਦਰ ਨੂੰ 200 ਕਰੋੜ ਰੁਪਏ ਅਦਾ ਕਰ ਰਿਹਾ ਹੈ। ਇਹ 'ਗਾਇਬ ਹੋਏ ਝੋਨੇ' ਵਾਲੇ ਖਾਤੇ ਦਾ ਬਕਾਇਆ (ਵਿਆਜ ਸਮੇਤ) ਹੈ। ਇਹ ਸਾਰੀ ਖਰੀਦ ਅਕਾਲੀ-ਭਾਜਪਾ ਗੱਠਜੋੜ ਦੇ ਰਾਜ ਦੌਰਾਨ ਹੋਈ ਸੀ। ਹੁਣ ਜਿਹੜਾ ਘਪਲਾ ਉਜਾਗਰ ਹੋਇਆ ਹੈ, ਉਸ ਵਿਚ ਗਾਇਬ ਝੋਨੇ ਬਾਰੇ ਵੀ ਕੁਝ ਕੁ ਸੂਹ ਮਿਲ ਸਕਦੀ ਹੈ। ਇਹ ਸ਼ਾਇਦ ਕਦੀ ਖਰੀਦਿਆ ਹੀ ਨਾ ਗਿਆ ਹੋਵੇ ਅਤੇ ਅਦਾਇਗੀ ਕਰ ਦਿੱਤੀ ਗਈ ਹੋਵੇ।

ਝੋਨੇ ਕਾਰਨ ਪੰਜਾਬ ਦੇ ਧਰਤੀ ਹੇਠਲੇ ਪਾਣੀ ਦਾ ਪੱਧਰ ਹੇਠਾਂ ਜਾਣ ਦੇ ਨਤੀਜੇ ਅਤੇ ਟਿਊਬਵੈੱਲਾਂ ਦੇ ਬਿੱਲ ਸਰਕਾਰ ਵੱਲੋਂ ਅਦਾ ਕਰਨ ਦੇ ਦੋ ਤੱਥ ਜੱਗ ਜ਼ਾਹਿਰ ਹਨ। ਦਿਮਾਗ ਸੁੰਨ ਕਰ ਦੇਣ ਵਾਲਾ ਇਕ ਤੱਥ ਇਹ ਵੀ ਹੈ ਕਿ ਐਤਕੀਂ ਝੋਨੇ ਦੇ ਭਾਅ ਵਿਚ ਸਭ ਤੋਂ ਵੱਧ ਵਾਧਾ ਕੀਤਾ ਗਿਆ ਹੈ। ਇਸ ਵਾਧੇ ਬਾਰੇ ਨਾ ਸੂਬਾ ਸਰਕਾਰ ਅਤੇ ਨਾ ਕਿਸਾਨ ਕੋਈ ਉਜਰ ਨਹੀਂ ਕਰਨਗੇ। ਖਰੀਦ ਕੀਮਤਾਂ ਨੇ ਬਿਨਾਂ ਸ਼ੱਕ ਕੇਂਦਰ ਦੇ ਵਿਤੀ ਵਸੀਲੇ ਵੀ ਉਲਟ-ਪੁਲਟ ਕੀਤੇ ਹਨ। ਇਸੇ ਕਰਕੇ ਹੁਣ ਇਹ ਆਪਣੀਆਂ ਵਿਕਾਸ ਯੋਜਨਾਵਾਂ ਲਈ ਇਧਰ-ਉਧਰ ਹੱਥ-ਪੈਰ ਮਾਰ ਰਹੀ ਹੈ।

ਹੁਣ ਪੰਜਾਬ ਦੇ ਵਿਦਵਾਨਾਂ, ਸਿਆਸੀ ਲੀਡਰਸ਼ਿਪ, ਇਥੋਂ ਤੱਕ ਕਿ ਕਿਸਾਨਾਂ ਦੀ ਲੀਡਰਸ਼ਿਪ ਤੇ ਨੌਕਰਸ਼ਾਹਾਂ ਨੂੰ ਵੀ ਆਪੋ-ਆਪਣੇ ਸਿਰ ਸ਼ਰਮ ਨਾਲ ਝੁਕਾ ਲੈਣੇ ਚਾਹੀਦੇ ਹਨ, ਕਿਉਂਕਿ ਇਨ੍ਹਾਂ ਕਰਕੇ ਸੂਬੇ ਦਾ ਖੇਤੀ ਅਰਥਚਾਰਾ ਨਾਜ਼ੁਕ ਹਾਲਤ ਵਿਚ ਹੀ ਨਹੀਂ ਪੁੱਜਾ ਸਗੋਂ ਇਹ ਲੋਕ ਅਜੇ ਵੀ ਉਸੇ ਪਾਸੇ ਲੱਗੇ ਹੋਏ ਹਨ।

# ਆਮਦਨ ਤੇ ਖਰਚ ਵਿਚਲੇ ਪਾੜੇ ਨੇ ਕਰਵਾਏ ਕੈਪਟਨ ਸਰਕਾਰ ਦੇ ਹੱਥ ਖੜ੍ਹੇ

**ਚੰਡੀਗੜ੍ਹ:** ਕੈਪਟਨ ਸਰਕਾਰ ਸੱਤਾ ਸੰਭਾਲਣ ਤੋਂ ਬਾਅਦ ਲਗਾਤਾਰ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰਦੀ ਆ ਰਹੀ ਹੈ। ਸਰਕਾਰ ਵੱਲੋਂ ਸੱਤਾ ਸੰਭਾਲਣ ਤੋਂ ਬਾਅਦ ਚੁੱਕੇ ਗਏ ਕੁਝ ਕਦਮਾਂ ਦੇ ਬਾਵਜੂਦ ਰਾਜ ਦੀ ਵਿੱਤੀ ਦਸ਼ਾ ਸੁਧਰਨ ਦਾ ਨਾਮ ਨਹੀਂ ਲੈ ਰਹੀ, ਜਿਸ ਕਾਰਨ ਰਾਜ ਸਰਕਾਰ ਮੁਲਾਜ਼ਮਾਂ ਨੂੰ ਡੀ.ਏ. ਦੇਣ ਤੋਂ ਇਲਾਵਾ ਉਨ੍ਹਾਂ ਦੇ ਪੁਰਾਣੇ ਬਕਾਏ ਵੀ ਅਦਾ ਨਹੀਂ ਕਰ ਸਕੀ। ਮੌਜੂਦਾ ਸਰਕਾਰ ਹਾਲਾਂਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਪੈਨਸ਼ਨਰਾਂ ਦੀਆਂ ਪੈਨਸ਼ਨਾਂ ਤੇ ਮੈਡੀਕਲ ਬਿੱਲਾਂ ਆਦਿ ਦੀਆਂ ਅਦਾਇਗੀਆਂ ਯਕੀਨੀ ਬਣਾਉਣ ਵਿਚ ਭਾਵੇਂ ਕਾਮਯਾਬ ਹੋ ਗਈ ਹੈ, ਪਰ 7 ਮਹੀਨੇ ਲੰਘਣ ਪਿਛੋਂ ਵੀ ਸਰਕਾਰ ਆਪਣੀ ਸਾਲਾਨਾ ਯੋਜਨਾ 'ਤੇ ਹੁਣ ਤੱਕ 33.56 ਫੀਸਦੀ ਵਿੱਤੀ ਸਾਧਨ ਜੁਟਾ ਸਕੀ ਹੈ, ਜੋ ਮਗਰਲੇ ਸਾਲ ਨਾਲੋਂ ਵੀ ਕੋਈ 2 ਫੀਸਦੀ ਘੱਟ ਹੈ।

ਸੂਚਨਾ ਅਨੁਸਾਰ ਰਾਜ ਦੇ ਵਿੱਤ ਵਿਭਾਗ ਵੱਲੋਂ ਵੱਖ-ਵੱਖ ਵਿਭਾਗਾਂ ਨੂੰ ਆਪਣੀ ਆਮਦਨ ਵਧਾਉਣ ਲਈ ਲਗਾਤਾਰ ਜ਼ੋਰ ਦਿੱਤਾ ਜਾ ਰਿਹਾ ਹੈ, ਪਰ ਵਿਭਾਗਾਂ ਦੀ ਆਮਦਨੀ ਵਿਚ ਕੋਈ ਵਾਧਾ ਸਾਹਮਣੇ ਨਹੀਂ ਆ ਰਿਹਾ। ਸਰਕਾਰ ਦੀਵਾਲੀ ਮੌਕੇ ਆਪਣੇ ਮੁਲਾਜ਼ਮਾਂ ਨੂੰ ਡੀ.ਏ. ਦੀ ਕਿਸ਼ਤ ਜਾਰੀ ਕਰਨਾ ਚਾਹੁੰਦੀ ਸੀ, ਪਰ ਮੁੱਖ ਮੰਤਰੀ ਸਕੱਤਰੇਤ ਦੀ ਇਸ ਤਜਵੀਜ਼ ਨੂੰ ਵਿੱਤ ਵਿਭਾਗ ਵੱਲੋਂ ਇਸ ਲਈ ਪ੍ਰਵਾਨ ਨਹੀਂ ਕੀਤਾ ਗਿਆ ਕਿਉਂਕਿ ਇਸ ਲਈ 600 ਕਰੋੜ ਰੁਪਏ ਲੋੜੀਂਦੇ ਸਨ। ਸੂਚਨਾ ਅਨੁਸਾਰ ਵਿੱਤ ਵਿਭਾਗ ਵੱਲੋਂ ਵੱਖ-ਵੱਖ ਵਿਭਾਗਾਂ ਦੀ ਆਮਦਨ ਵਿਚ ਵਾਧੇ ਲਈ ਕੁਝ ਤਜਵੀਜ਼ਾਂ ਤਿਆਰ ਕੀਤੀਆਂ ਗਈਆਂ ਹਨ ਜਦਕਿ ਰਾਜ ਦੀ ਆਮਦਨ ਵਿਚ ਵਾਧੇ ਸਬੰਧੀ ਕੁਝ ਕਰ ਤਜਵੀਜ਼ਾਂ ਵੀ ਵਿਚਾਰ ਅਧੀਨ ਹਨ।

ਪ੍ਰਸ਼ਾਸਨਿਕ ਹਲਕਿਆਂ ਦਾ ਕਹਿਣਾ ਹੈ ਕਿ ਫਰਵਰੀ 2019 ਦੌਰਾਨ ਐਲਾਨੇ ਜਾਣ ਵਾਲੇ ਲੋਕ ਸਭਾ ਚੋਣਾਂ ਦੇ ਪ੍ਰੋਗਰਾਮ ਨੂੰ ਮੁੱਖ ਰੱਖ ਕੇ ਸਰਕਾਰ ਲਈ ਲੋਕਾਂ 'ਤੇ ਟੈਕਸਾਂ ਦਾ ਕੋਈ ਨਵਾਂ ਭਾਰ ਪਾਉਣਾ ਵੀ ਸੰਭਵ ਨਹੀਂ ਹੋਵੇਗਾ। ਦਿਲਚਸਪ ਗੱਲ ਇਹ ਹੈ ਕਿ ਰਾਜ ਵਿਚ ਵੱਖ-ਵੱਖ ਵਸਤਾਂ ਦੀ ਵਿਕਰੀ 'ਤੇ ਲੱਗਣ ਵਾਲੇ ਟੈਕਸਾਂ ਤੋਂ ਹੋਣ ਵਾਲੀ ਆਮਦਨ, ਜੋ ਮਈ 2018 ਦੌਰਾਨ 668 ਕਰੋੜ ਰੁਪਏ ਸੀ, ਸਤੰਬਰ ਵਿਚ ਵਧ ਕੇ 3020 ਕਰੋੜ ਤੱਕ ਪੁੱਜ ਗਈ, ਜਿਸ 'ਚ ਵੱਡਾ ਹਿੱਸਾ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ 'ਚ ਹੋਏ ਵਾਧੇ



ਦਾ ਸੀ, ਪਰ ਵਿੱਤ ਵਿਭਾਗ ਦੇ ਸੂਤਰਾਂ ਦਾ ਕਹਿਣਾ ਹੈ ਕਿ ਹੁਣ ਦੁਬਾਰਾ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿਚ ਹੋ ਰਹੀ ਕਮੀ ਕਾਰਨ ਉਕਤ ਆਮਦਨ ਵਿਚ ਵੀ ਕਮੀ ਆਵੇਗੀ। ਰਾਜਾਂ ਵਿਚ ਮਿਲ ਰਹੇ ਸਸਤੇ ਪੈਟਰੋਲ ਤੇ ਡੀਜ਼ਲ ਕਾਰਨ ਪੰਜਾਬ ਵਿਚ ਡੀਜ਼ਲ-ਪੈਟਰੋਲ ਦੀ ਵੱਡੇ ਪੱਧਰ 'ਤੇ ਤਸਕਰੀ ਹੋ ਰਹੀ ਹੈ।

ਰਾਜ ਵਿਚ ਨਾਨ ਟੈਕਸ ਆਮਦਨ, ਜੋ ਅਪਰੈਲ 2018 ਦੌਰਾਨ 722 ਕਰੋੜ ਸੀ, ਜੂਨ 'ਚ ਘਟ ਕੇ 20 ਕਰੋੜ ਰਹਿ ਗਈ ਜਦਕਿ ਜੁਲਾਈ ਵਿਚ ਇਹ ਆਮਦਨ 578 ਕਰੋੜ ਸੀ ਤੇ ਅਗਸਤ 'ਚ ਫਿਰ ਘਟ ਕੇ 187 ਕਰੋੜ ਤੇ ਸਤੰਬਰ ਵਿਚ 114 ਕਰੋੜ ਰੁਪਏ ਰਹਿ ਗਈ ਜਦਕਿ ਪਿਛਲੇ ਸਾਲ ਸਤੰਬਰ ਵਿਚ 599 ਕਰੋੜ ਸੀ। ਰਾਜ ਦੀ ਮਾੜੀ ਵਿੱਤੀ ਸਥਿਤੀ ਨੂੰ ਮੁੱਖ ਰੱਖ ਕੇ ਸਰਕਾਰ ਵੱਲੋਂ ਇਸ ਵਿੱਤੀ ਸਾਲ ਦੌਰਾਨ ਪਹਿਲੇ 6 ਮਹੀਨਿਆਂ ਵਿਚ 7516 ਕਰੋੜ ਦਾ ਕਰਜ਼ਾ ਚੁੱਕਿਆ ਗਿਆ ਜਦਕਿ ਪਿਛਲੇ ਸਾਲ ਪਹਿਲੇ 6 ਮਹੀਨਿਆਂ ਵਿਚ 4668 ਕਰੋੜ ਦਾ ਕਰਜ਼ਾ ਚੁੱਕਿਆ ਗਿਆ ਸੀ, ਪਰ ਇਸ ਸਾਲ ਪਹਿਲੇ 6 ਮਹੀਨਿਆਂ ਦੌਰਾਨ ਕੋਈ 2800 ਕਰੋੜ ਦਾ ਵਾਧੂ ਕਰਜ਼ਾ ਚੁੱਕਣ ਦੇ ਬਾਵਜੂਦ ਰਾਜ ਸਰਕਾਰ ਦੀ ਵਿੱਤੀ ਦਸ਼ਾ ਵਿਚ ਕੋਈ ਸੁਧਾਰ ਨਜ਼ਰ ਨਹੀਂ ਆ ਰਿਹਾ, ਜਿਸ ਕਾਰਨ ਸਰਕਾਰ ਲਈ ਆਖਰੀ 3-4 ਮਹੀਨਿਆਂ ਦੌਰਾਨ ਕਰਜ਼ਾ ਚੁੱਕਣ ਦੀ ਗੁੰਜਾਇਸ਼ ਵੀ ਘਟ ਜਾਵੇਗੀ ਤੇ ਸਰਕਾਰ ਨੂੰ ਸਖਤ ਵਿੱਤੀ ਸੰਕਟ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਰਾਜ ਸਰਕਾਰ ਦੇ ਸੂਤਰਾਂ ਦਾ ਮੰਨਣਾ ਹੈ ਕਿ ਮੌਜੂਦਾ ਵਿੱਤੀ ਸਥਿਤੀ ਨੂੰ ਮੁੱਖ ਰੱਖਦਿਆਂ ਰਾਜ ਸਰਕਾਰ ਲਈ ਸਮੁੱਚੇ ਸਾਲ ਦੌਰਾਨ ਆਪਣੀ ਸਾਲਾਨਾ ਯੋਜਨਾ ਲਈ 60 ਪ੍ਰਤੀਸ਼ਤ ਤੋਂ ਵੱਧ ਸਾਧਨ ਜੁਟਾ ਪਾਉਣਾ ਸੰਭਵ ਨਹੀਂ ਹੋਵੇਗਾ।

ਵਿੱਤ ਵਿਭਾਗ ਇਸ ਗੱਲ 'ਤੇ ਵੀ ਵਿਚਾਰ ਕਰ ਰਿਹਾ ਹੈ ਕਿ ਜੋ ਵਿਭਾਗ ਆਪਣੀ ਫਜ਼ੂਲ ਖਰਚੀ 'ਤੇ ਰੋਕ ਲਾਉਣ 'ਚ ਸਫਲ ਨਹੀਂ ਹੋ ਰਹੇ ਤੇ ਜੋ ਵਿਭਾਗ ਆਪਣੀ ਆਮਦਨ ਨੂੰ ਵਧਾਉਣ ਵੱਲ ਧਿਆਨ ਨਹੀਂ ਦੇ ਰਹੇ, ਉਨ੍ਹਾਂ ਨੂੰ ਪਹਿਲੀ ਜਨਵਰੀ ਤੋਂ ਆਮ ਖਰਚਿਆਂ ਲਈ ਵਿੱਤੀ ਰਾਸ਼ੀ ਜਾਰੀ ਕਰਨ 'ਤੇ ਰੋਕ ਲਾ ਦਿੱਤੀ ਜਾਵੇ ਤਾਂ ਜੋ ਉਹ ਖਰਚੇ ਘਟਾਉਣ ਤੇ ਆਮਦਨ ਵਧਾਉਣ ਵੱਲ ਧਿਆਨ ਦੇ ਸਕਣ। ਰਾਜ ਸਰਕਾਰ ਦੇ ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਵਿੱਤੀ ਹਾਲਤ ਵਿਚ ਸੁਧਾਰ ਨਹੀਂ ਹੁੰਦਾ ਤਾਂ ਸਰਕਾਰ ਲਈ ਫਰਵਰੀ ਤੇ ਮਾਰਚ ਮਹੀਨਿਆਂ ਲਈ ਤਨਖਾਹਾਂ ਸਮੇਂ ਸਿਰ ਦੇਣਾ ਵੀ ਮੁਸ਼ਕਲ ਬਣ ਸਕਦਾ ਹੈ।

# ਸਰਕਾਰ ਨੇ ਖਜ਼ਾਨਾ ਦਫਤਰਾਂ ਦੀਆਂ ਅਦਾਇਗੀਆਂ 'ਤੇ ਲਾਈ ਰੋਕ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੇ ਸਮੂਹ ਖਜ਼ਾਨਾ ਦਫਤਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਦਾਇਗੀ ਕਰਨ 'ਤੇ ਅਗਲੇ ਹੁਕਮਾਂ ਤੱਕ ਰੋਕ ਲਾ ਦਿੱਤੀ ਹੈ ਅਤੇ ਹਜ਼ਾਰਾਂ ਮੁਲਾਜ਼ਮਾਂ ਨੂੰ ਹਾਲੇ ਤੱਕ ਪਿਛਲੇ ਅਕਤੂਬਰ ਮਹੀਨੇ ਦੀਆਂ ਤਨਖਾਹਾਂ ਵੀ ਨਸੀਬ ਨਹੀਂ ਹੋਈਆਂ ਹਨ। ਇਸ ਸਥਿਤੀ ਕਾਰਨ ਸਰਕਾਰੀ ਹਲਕਿਆਂ ਵਿਚ ਹਲਚਲ ਮਚੀ ਪਈ ਹੈ ਪਰ ਸਰਕਾਰ ਖਾਮੋਸ਼ ਹੈ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨੇ ਸੂਬੇ ਦੇ ਸਮੂਹ ਖਜ਼ਾਨਾ ਦਫਤਰਾਂ ਨੂੰ ਅਗਲੇ ਹੁਕਮਾਂ ਤੱਕ ਕਿਸੇ ਤਰ੍ਹਾਂ ਦੀ ਅਦਾਇਗੀ ਨਾ ਕਰਨ ਦੇ ਜ਼ਬਾਨੀ ਫਰਮਾਨ ਜਾਰੀ ਕੀਤੇ ਹਨ, ਜਿਸ ਕਾਰਨ ਮੁਲਾਜ਼ਮ ਦੀਆਂ ਦੀਆਂ ਦੇਣਦਾਰੀਆਂ ਸਮੇਤ ਹੋਰ ਹਰੇਕ ਤਰ੍ਹਾਂ ਦੀਆਂ ਅਦਾਇਗੀਆਂ ਰੁਕ ਗਈਆਂ ਹਨ।

ਪਤਾ ਲੱਗਾ ਹੈ ਕਿ ਸਰਕਾਰ ਨੇ ਪਹਿਲਾਂ ਹੀ ਵਿੱਤੀ ਸੰਕਟ ਕਾਰਨ 15 ਜੁਲਾਈ ਤੋਂ ਹੀ ਜੀਪੀਫੰਡ ਅਡਵਾਂਸ ਸਮੇਤ ਕਈ ਤਰ੍ਹਾਂ ਦੀਆਂ ਅਦਾਇਗੀਆਂ ਉਪਰ ਰੋਕ ਲਾ ਦਿੱਤੀ ਸੀ। ਫਿਰ ਰਿਜ਼ਰਵ ਬੈਂਕ ਆਫ ਇੰਡੀਆ (ਆਰ.ਬੀ.ਆਈ.) ਵੱਲੋਂ ਮੁਲਾਜ਼ਮਾਂ ਦੀਆਂ ਅਕਤੂਬਰ ਮਹੀਨੇ ਦੀਆਂ ਇਕ ਨਵੰਬਰ ਤੋਂ ਜਾਰੀ ਕੀਤੀਆਂ ਤਨਖਾਹਾਂ ਦੌਰਾਨ ਤਕਨੀਕੀ ਗਲਤੀ ਕਾਰਨ ਹਜ਼ਾਰਾਂ ਮੁਲਾਜ਼ਮਾਂ ਦੀ ਡਬਲ ਤਨਖਾਹਾਂ ਉਨ੍ਹਾਂ ਦੇ ਬੈਂਕ ਖਾਤਿਆਂ ਵਿਚ ਜਮ੍ਹਾਂ ਹੋਣ ਕਾਰਨ ਸਥਿਤੀ ਬੜੀ ਰੋਚਕ ਬਣੀ ਪਈ ਹੈ। ਪਹਿਲਾਂ ਆਰ.ਬੀ.ਆਈ. ਵੱਲੋਂ ਜਿਹੜੇ ਮੁਲਾਜ਼ਮਾਂ ਦੀਆਂ ਡਬਲ ਤਨਖਾਹਾਂ ਰਿਲੀਜ਼ ਹੋ ਗਈਆਂ ਸਨ, ਉਨ੍ਹਾਂ ਦੇ ਬੈਂਕ ਖਾਤਿਆਂ ਨੂੰ ਹੋਲਡ ਕਰ ਕੇ ਸਮੂਹ ਵਿਭਾਗਾਂ ਦੇ ਡੀਡੀਓਜ਼ ਅਤੇ ਖਜ਼ਾਨਾ ਅਫਸਰਾਂ ਨੂੰ ਅਜਿਹੇ ਮੁਲਾਜ਼ਮਾਂ ਦੀ ਇਕ ਤਨਖਾਹ ਖਾਤਿਆਂ ਵਿਚੋਂ ਵਾਪਸ ਲੈਣ ਦੀ ਪ੍ਰਕਿਰਿਆ ਚਲਾਉਣ ਲਈ ਕਿਹਾ ਸੀ। ਜਦੋਂ ਇਹ ਪ੍ਰਕਿਰਿਆ ਸਫਲ ਨਾ ਹੋਈ ਅਤੇ ਅਜਿਹੇ ਮੁਲਾਜ਼ਮਾਂ ਦੀ ਪਛਾਣ ਕਰਨ ਵਿਚ ਦਿੱਕਤ ਆਈ ਤਾਂ ਕਾਹਲ ਵਿਚ ਸੂਬੇ ਦੇ ਸਮੂਹ ਮੁਲਾਜ਼ਮਾਂ ਦੀਆਂ ਤਨਖਾਹਾਂ ਹੋਲਡ ਕਰ ਦਿੱਤੀਆਂ ਗਈਆਂ ਸਨ, ਜਿਸ ਕਾਰਨ ਕੋਈ ਵੀ ਮੁਲਾਜ਼ਮ ਆਪਣੇ ਬੈਂਕ ਖਾਤਿਆਂ ਵਿਚੋਂ ਤਨਖਾਹਾਂ ਕਢਵਾਉਣ ਦੇ ਸਮਰਥ ਨਹੀਂ ਰਿਹਾ ਅਤੇ ਮੁਲਾਜ਼ਮਾਂ ਨੂੰ ਦੀਵਾਲੀ ਮੌਕੇ ਵੀ ਤਨਖਾਹਾਂ ਨਸੀਬ ਨਹੀਂ ਹੋਈਆਂ।

ਇਥੋਂ ਤੱਕ ਕਿ ਮੁਲਾਜ਼ਮਾਂ ਨੂੰ ਆਪਣੇ ਬੈਂਕ ਖਾਤਿਆਂ ਵਿਚੋਂ ਤਨਖਾਹਾਂ ਤੋਂ ਬਿਨਾਂ ਹੋਰ ਰਾਸ਼ੀ ਕਢਵਾਉਣ ਦਾ ਵੀ ਅਧਿਕਾਰ ਨਹੀਂ ਹੈ। ਜਿਸ ਕਾਰਨ ਇਸ ਵਾਰ ਮੁਲਾਜ਼ਮਾਂ ਦੀ ਦੀਵਾਲੀ ਵੀ ਸੁੱਕੀ ਰਹੀ ਹੈ ਕਿਉਂਕਿ ਖਜ਼ਾਨਾ ਦਫਤਰਾਂ ਦੇ ਅਧਿਕਾਰੀ ਇਹ ਕਹਿ ਕਿ ਪੱਲਾ ਝਾੜ ਰਹੇ ਹਨ ਕਿ ਤਨਖਾਹਾਂ ਰਿਲੀਜ਼ ਕਰਨ ਦੀ ਜ਼ਿੰਮੇਵਾਰੀ ਆਰ.ਬੀ.ਆਈ. ਦੀ ਹੈ। ਸੂਤਰਾਂ ਅਨੁਸਾਰ ਹੁਣ ਆਰ.ਬੀ.ਆਈ. ਨੇ ਮੁਲਾਜ਼ਮਾਂ ਦੇ ਬੈਂਕ ਖਾਤਿਆਂ ਵਿਚੋਂ ਤਨਖਾਹਾਂ ਰਿਲੀਜ਼ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ ਪਰ ਸਮੂਹ ਮੁਲਾਜ਼ਮਾਂ ਨੂੰ ਆਪਣੇ ਬੈਂਕ ਖਾਤਿਆਂ ਵਿਚੋਂ ਤਨਖਾਹਾਂ ਕਢਵਾਉਣ ਦੀ ਇਜਾਜ਼ਤ ਕਦੋਂ ਮਿਲੇਗੀ, ਇਸ ਦਾ ਜਵਾਬ ਕਿਸੇ ਕੋਲ ਨਹੀਂ ਹੈ। ਦੂਸਰੇ ਪਾਸੇ ਪੰਜਾਬ ਸਰਕਾਰ ਨੇ ਦੀਵਾਲੀ ਮੌਕੇ ਵੀ ਮੁਲਾਜ਼ਮਾਂ ਨੂੰ ਡੀਏ ਦੀ ਕਿਸ਼ਤ ਦੇਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਹੈ ਕਿ ਸਰਕਾਰ ਭਾਰੀ ਵਿੱਤੀ ਸੰਕਟ ਵਿਚ ਫਸੀ ਹੈ।

# ਕੇਜਰੀਵਾਲ ਤੇ ਅਮਾਨਤੁੱਲਾ ਖਿਲਾਫ ਐਫ. ਆਈ. ਆਰ. ਦਰਜ

**ਨਵੀਂ ਦਿੱਲੀ:** ਦਿੱਲੀ ਵਿਚ ਬਣਾਏ ਗਏ ਸਿਗਨੇਚਰ ਬ੍ਰਿਜ ਦੇ ਉਦਘਾਟਨੀ ਪ੍ਰੋਗਰਾਮ ਮੌਕੇ ਧੱਕਾਮੁੱਕੀ ਕਰਨ ਦੇ ਦੋਸ਼ ਵਿਚ ਸੰਸਦ ਮੈਂਬਰ ਤੇ ਦਿੱਲੀ ਭਾਜਪਾ ਦੇ ਪ੍ਰਧਾਨ ਮਨੋਜ ਤਿਵਾੜੀ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ 'ਆਪ' ਵਿਧਾਇਕ ਅਮਾਨਤੁੱਲਾ ਖਾਨ ਖਿਲਾਫ ਐਫ.ਆਈ.ਆਰ. ਦਰਜ ਕਰਾਈ ਹੈ।

ਦਿੱਲੀ ਪੁਲਿਸ ਨੇ ਤਿਵਾੜੀ ਦੀ ਸ਼ਿਕਾਇਤ 'ਤੇ ਐਫ.ਆਈ.ਆਰ. ਦਰਜ ਕੀਤੀ ਹੈ। ਦਿੱਲੀ ਪੁਲਿਸ ਕਰਾਈਮ ਬ੍ਰਾਂਚ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਛੇਤੀ ਹੀ ਵਿਧਾਇਕ ਅਮਾਨਤੁੱਲਾ ਖਾਨ ਪਾਸੋਂ ਪੁੱਛਗਿਛ ਕੀਤੀ ਜਾ ਸਕਦੀ ਹੈ। ਕੇਜਰੀਵਾਲ ਦੇ ਖਿਲਾਫ ਐਫ.ਆਈ.ਆਰ. ਦਰਜ ਕੀਤੇ ਜਾਣ ਤੋਂ ਬਾਅਦ 'ਆਪ' ਦੇ ਸੰਸਦ ਮੈਂਬਰ ਸੰਜੇ ਸਿੰਘ ਨੇ ਟਵੀਟ ਰਾਹੀਂ ਦੋਸ਼ ਲਾਇਆ ਕਿ ਦਿੱਲੀ ਪੁਲਿਸ ਨੇ ਆਪਣੀ ਜ਼ਮੀਰ ਨੂੰ ਵੇਚ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇ ਆਗੂਆਂ ਕੋਲੋਂ ਮਾਰ ਖਾਣ ਦੇ ਬਾਅਦ ਵੀ ਉਨ੍ਹਾਂ ਦੇ ਸਾਹਮਣੇ ਗੋਡੇ ਟੇਕਣ ਵਾਲੀ ਦਿੱਲੀ ਪੁਲਿਸ ਨੂੰ ਅਦਾਲਤ 'ਚ ਦੱਸਣਾ ਪਵੇਗਾ ਕਿ ਅਜਿਹੀਆਂ ਸੰਗੀਨ ਧਾਰਾਵਾਂ ਕਿਸ ਦੇ ਕਹਿਣ ਉਤੇ ਲਗਾਈਆਂ ਗਈਆਂ।

# ਮੋਦੀ ਵੱਲੋਂ ਵਾਰਾਨਸੀ 'ਚ 2413 ਕਰੋੜ ਦੇ ਪ੍ਰੋਜੈਕਟਾਂ ਦਾ ਉਦਘਾਟਨ

**ਵਾਰਾਨਸੀ/ਬਿਲਾਸਪੁਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਸੰਸਦੀ ਹਲਕੇ ਵਾਰਾਨਸੀ ਵਿਚ ਪਹਿਲੇ ਮਲਟੀ ਮਾਡਲ ਟਰਮੀਨਲ ਸਮੇਤ 2413 ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਟਰਮੀਨਲ ਦੇ ਲਾਭ ਦੱਸਦਿਆਂ ਉਨ੍ਹਾਂ ਕਿਹਾ ਕਿ ਇਕ ਜ਼ਮਾਨਾ ਸੀ, ਜਦੋਂ ਸਾਡੇ ਦੇਸ਼ ਦੀਆਂ ਨਦੀਆਂ ਵਿਚ ਵੱਡੇ-ਵੱਡੇ ਜਹਾਜ਼ ਚੱਲਦੇ ਸਨ, ਪਰ ਆਜ਼ਾਦੀ ਦੇ ਬਾਅਦ ਇਸ ਵੱਲ ਧਿਆਨ ਦੇਣ ਦੀ ਥਾਂ ਇਸ ਨੂੰ ਅਣਗੌਲਿਆ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇਸ਼ ਦੇ 100 ਤੋਂ ਵਧ ਕੌਮੀ ਜਲ ਮਾਰਗਾਂ 'ਤੇ ਕੰਮ ਕਰ ਰਹੀ ਹੈ। ਸ੍ਰੀ ਮੋਦੀ ਨੇ ਇਥੇ ਗੰਗਾ ਨਦੀ 'ਤੇ ਪਹਿਲੇ ਮਲਟੀ ਮਾਡਲ ਟਰਮੀਨਲ ਦਾ ਉਦਘਾਟਨ ਕੀਤਾ।

ਇਸ ਦੇ ਨਾਲ ਹੀ ਉਨ੍ਹਾਂ 34 ਕਿਲੋਮੀਟਰ ਲੰਬੀ ਵਾਰਾਨਸੀ ਰਿੰਗ ਰੋਡ ਅਤੇ ਬਾਬਤਪੁਰ ਵਾਰਾਨਸੀ ਸੜਕ ਦਾ ਵੀ ਉਦਘਾਟਨ ਕੀਤਾ। ਇਨ੍ਹਾਂ ਸੜਕਾਂ 'ਤੇ 1571 ਕਰੋੜ ਰੁਪਏ ਖਰਚ ਹੋਏ ਹਨ। ਉਨ੍ਹਾਂ ਵਾਰਾਨਸੀ ਵਿਚ 425.41 ਕਰੋੜ ਰੁਪਏ ਦੇ ਦੋ ਸੀਵਰੇਜ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਰਾਮ ਨਗਰ ਵਿਚ 72.91 ਕਰੋੜ ਦੇ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ, ਕੇਂਦਰੀ ਟਰਾਂਸਪੋਰਟ ਅਤੇ ਜਹਾਜ਼ਰਾਨੀ ਮੰਤਰੀ ਨਿਤਿਨ ਗਡਕਰੀ ਅਤੇ ਭਾਜਪਾ ਦੇ ਸੂਬਾਈ ਪ੍ਰਧਾਨ ਮਹਿੰਦਰ ਨਾਥ ਪਾਂਡੇ ਵੀ ਉਨ੍ਹਾਂ ਦੇ ਨਾਲ ਸਨ। ਇਸ ਦੌਰਾਨ ਬਿਲਾਸਪੁਰ ਵਿਚ ਕਾਂਗਰਸ ਪਾਰਟੀ, ਪ੍ਰਧਾਨ ਰਾਹੁਲ ਗਾਂਧੀ ਅਤੇ ਉਨ੍ਹਾਂ ਦੀ ਮਾਂ ਸੋਨੀਆ 'ਤੇ ਵਰ੍ਹਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਸਿਆਸਤ ਇਕ ਪਰਿਵਾਰ ਤੋਂ ਸ਼ੁਰੂ ਹੁੰਦੀ ਹੈ ਅਤੇ ਉਥੇ ਹੀ ਖਤਮ ਹੋ ਜਾਂਦੀ ਹੈ।

ਛੱਤੀਸਗੜ੍ਹ 'ਚ 20 ਨਵੰਬਰ ਨੂੰ ਵੋਟਾਂ ਦੇ



ਦੂਜੇ ਗੇੜ ਲਈ ਪ੍ਰਚਾਰ ਕਰਦਿਆਂ ਸ੍ਰੀ ਮੋਦੀ ਨੇ ਵਿਕਾਸ ਦੀ ਆਵਾਜ਼ ਬੁਲੰਦ ਕੀਤੀ ਅਤੇ ਕਿਹਾ ਕਿ ਕਾਂਗਰਸ ਦੇ ਸ਼ਾਸਨ ਦੌਰਾਨ ਵਿਕਾਸ ਦੀ ਰਫ਼ਤਾਰ ਭਾਜਪਾ ਦੇ ਸ਼ਾਸਨ ਨਾਲੋਂ ਬਹੁਤ ਧੀਮੀ ਰਹੀ।

ਪ੍ਰਧਾਨ ਮੰਤਰੀ ਨੇ ਕਿਹਾ, "ਮਾਂ ਅਤੇ ਪੁੱਤ ਦੀ ਜੋੜੀ ਜ਼ਮਾਨਤ 'ਤੇ ਬਾਹਰ ਹੈ। ਉਹ ਇਹ ਨਾ ਭੁੱਲਣ ਕੇ ਨੋਟਬੰਦੀ ਕਰਕੇ ਹੀ ਉਨ੍ਹਾਂ ਨੂੰ ਜ਼ਮਾਨਤ ਲੈਣੀ ਪਈ ਸੀ।" ਉਨ੍ਹਾਂ ਦਾਅਵਾ ਕੀਤਾ ਕਿ ਜਿਹੜਾ ਵਿਕਾਸ ਹੁਣ ਹੋਇਆ ਹੈ, ਉਹ ਰਾਹੁਲ ਗਾਂਧੀ ਦੀ ਅਗਵਾਈ ਹੇਠਲੀ ਪਾਰਟੀ ਦੇ ਸ਼ਾਸਨ ਦੌਰਾਨ 50 ਸਾਲਾਂ 'ਚ ਨਹੀਂ ਹੋਣਾ ਸੀ। ਉਨ੍ਹਾਂ ਕਿਹਾ ਕਿ ਛੱਤੀਸਗੜ੍ਹ ਚੋਣਾਂ ਲਈ ਕਾਂਗਰਸ ਵੱਲੋਂ ਜਾਰੀ 36 ਨੁਕਾਤੀ ਚੋਣ ਮਨੋਰਥ ਪੱਤਰ 'ਚ ਰਾਹੁਲ ਗਾਂਧੀ ਨੂੰ 150 ਵਾਰ 'ਸਰ' ਆਖਿਆ ਗਿਆ ਹੈ।

# ਪੰਜਾਬ ਦੇ ਪਾੜ੍ਹਿਆਂ ਨੇ ਵਿਦੇਸ਼ਾਂ ਵੱਲ ਘੱਤੀਆਂ ਵਹੀਰਾਂ

**ਚੰਡੀਗੜ੍ਹ:** ਪੰਜਾਬ ਦੇ ਪਾੜ੍ਹਿਆਂ ਨੇ ਵਿਦੇਸ਼ਾਂ ਵੱਲ ਵਹੀਰਾਂ ਘੱਤੀਆਂ ਹੋਈਆਂ ਹਨ। ਇਸ ਸਾਲ ਪੰਜਾਬ ਦੇ ਡੇਢ ਤੋਂ ਦੋ ਲੱਖ ਦੇ ਕਰੀਬ ਵਿਦਿਆਰਥੀ ਵਿਦੇਸ਼ਾਂ ਵਿਚ ਪੜ੍ਹਾਈ ਕਰਨ ਗਏ ਹਨ। ਇਨ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ 'ਤੇ ਪਹਿਲੇ ਸਾਲ ਲਗਭਗ 27 ਹਜ਼ਾਰ ਕਰੋੜ ਰੁਪਏ ਖਰਚ ਹੋਣਗੇ। ਕੈਨੇਡਾ ਨੇ ਅਜਿਹੇ ਵਿਦਿਆਰਥੀਆਂ ਲਈ ਆਪਣੇ ਦਰਵਾਜ਼ੇ ਪੂਰੀ ਤਰ੍ਹਾਂ ਖੋਲ੍ਹ ਦਿੱਤੇ ਹਨ, ਜਦੋਂ ਕਿ ਆਸਟਰੇਲੀਆ, ਨਿਊਜ਼ੀਲੈਂਡ, ਅਮਰੀਕਾ ਤੇ ਇੰਗਲੈਂਡ ਵਿਚ ਵੀ ਚੋਖੀ ਗਿਣਤੀ ਵਿਦਿਆਰਥੀ ਗਏ ਹਨ। ਪਹਿਲਾਂ ਵਿਦਿਆਰਥੀ ਗਰੈਜੂਏਸ਼ਨ ਤੋਂ ਬਾਅਦ ਪੋਸਟ-ਗਰੈਜੂਏਸ਼ਨ ਦੀ ਪੜ੍ਹਾਈ ਲਈ ਬਾਹਰ ਜਾਂਦੇ ਸਨ ਪਰ ਇਸ ਵਾਰ ਵੱਧ ਗਿਣਤੀ ਵਿਚ ਅੰਡਰ-ਗਰੈਜੂਏਟ ਪੜ੍ਹਾਈ ਲਈ ਬਾਹਰ ਗਏ ਹਨ।

ਅਸਲੀਅਤ ਇਹ ਹੈ ਕਿ ਪੰਜਾਬ ਵਿਚ ਰੁਜ਼ਗਾਰ ਦੇ ਜੋ ਮੌਕੇ ਪੈਦਾ ਕੀਤੇ ਗਏ ਹਨ, ਉਹ ਨਾਕਾਫੀ ਹਨ, ਵਾਅਦਿਆਂ ਦੇ ਨੇੜੇ ਤੇੜੇ ਵੀ ਨਹੀਂ। ਪੰਜਾਬ ਵਿਚ ਸਨਅਤਾਂ ਲਾਉਣ ਲਈ ਕਈ ਯੋਜਨਾਵਾਂ ਉਲੀਕੀਆਂ ਗਈਆਂ, ਸਹਿਮਤੀ ਪੱਤਰਾਂ 'ਤੇ ਦਸਤਖਤ ਹੋਏ ਪਰ ਅਮਲੀ ਤੌਰ ਉਤੇ ਕੁਝ ਜ਼ਿਆਦਾ ਨਹੀਂ ਹੋਇਆ। ਵਿੱਦਿਅਕ ਢਾਂਚੇ ਨੂੰ ਸੁਧਾਰਨ ਲਈ ਜਿਹੜਾ ਬਜਟ ਦੇਣ ਦਾ ਵਾਅਦਾ ਕੀਤਾ ਗਿਆ ਸੀ, ਉਹ ਵੀ ਪੂਰਾ ਨਹੀਂ ਹੋਇਆ। ਸਗੋਂ ਅਧਿਆਪਕਾਂ ਨੂੰ ਪੱਕੇ ਹੋਣ ਲਈ ਤਨਖਾਹ ਘਟਾਉਣ ਲਈ ਸਹਿਮਤ ਹੋਣ ਲਈ ਕਿਹਾ ਗਿਆ ਹੈ। ਵਿੱਦਿਆ ਦੇ ਪੱਧਰ ਦਾ ਇਹ ਹਾਲ ਹੈ ਕਿ ਪਿੰਡਾਂ ਵਿਚ ਪੜ੍ਹੇ ਹੋਏ ਨੌਜਵਾਨਾਂ ਦੇ ਪਿੜ ਪੱਲੇ ਤਾਂ ਕੁਝ ਵੀ ਨਹੀਂ। ਪੰਜਾਬ ਵਿਚ ਖੁੱਲ੍ਹੇ ਬਹੁਤ ਸਾਰੇ ਇੰਜੀਨੀਅਰਿੰਗ ਕਾਲਜਾਂ ਵਿਚ ਬਹੁਗਿਣਤੀ ਵਿਚ ਸੀਟਾਂ ਖਾਲੀ ਰਹਿ ਗਈਆਂ ਹਨ ਤੇ ਕਈ ਕਾਲਜ ਬੰਦ ਹੋ ਗਏ ਹਨ ਜਾਂ ਬੰਦ ਹੋਣ ਦੀ ਕਗਾਰ 'ਤੇ ਹਨ। ਹੁਣ ਹਾਲਾਤ ਇਹ ਹਨ ਕਿ ਵਿਆਹਾਂ ਲਈ ਦਿੱਤੇ ਜਾਂਦੇ ਇਸ਼ਤਿਹਾਰਾਂ ਵਿਚ ਕਿਹਾ ਜਾ ਰਿਹਾ ਹੈ ਕਿ ਜੇ ਲੜਕੀ ਦੇ ਆਈਲੈੱਟਸ ਸਕੋਰ ਛੇ ਤੋਂ ਵੱਧ ਹੋਣ ਤਾਂ ਵਿਆਹ ਦਾ ਖਰਚ ਵੀ ਮੁੰਡੇ ਦੇ ਪਰਿਵਾਰ ਵੱਲੋਂ ਕੀਤਾ ਜਾਏਗਾ।

ਇਸ ਤਰ੍ਹਾਂ ਨੌਜਵਾਨ ਲਗਾਤਾਰ ਬੇਚੈਨਗੀ ਤੇ ਬੇਗਾਨਗੀ ਦੇ ਮਾਹੌਲ ਵਿਚੋਂ ਗੁਜ਼ਰ ਰਹੇ ਹਨ। ਡੇਢ ਲੱਖ ਬੱਚਿਆਂ ਦੇ ਬਾਹਰ ਪੜ੍ਹਨ ਜਾਣ ਦਾ ਮਤਲਬ ਇਹ ਹੈ ਕਿ ਪੰਜਾਬ ਦੇ ਡੇਢ ਲੱਖ ਪਰਿਵਾਰ ਉਨ੍ਹਾਂ ਦੀ ਪੜ੍ਹਾਈ ਲਈ ਅਗਲੇ ਤਿੰਨ ਸਾਲਾਂ ਲਈ ਪੈਸੇ ਦਾ ਪ੍ਰਬੰਧ ਕਰਨਗੇ ਜੋ ਫੀਸਾਂ ਅਤੇ ਰਹਿਣ-ਸਹਿਣ ਲਈ ਹੋਣ ਵਾਲੇ ਖਰਚਿਆਂ ਵਜੋਂ ਵਿਦੇਸ਼ਾਂ ਵਿਚ ਜਾਏਗਾ। ਪੰਜਾਬ ਦੇ ਡੇਢ ਲੱਖ ਪਰਿਵਾਰਾਂ ਵੱਲੋਂ ਕੀਤੀ ਗਈ ਮਿਹਨਤ ਮੁਸ਼ੱਕਤ ਦਾ ਪੈਸਾ ਕੈਨੇਡਾ ਤੇ ਹੋਰ ਦੇਸ਼ਾਂ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਵਰਤਿਆ ਜਾਏਗਾ। ਵਿਦਵਾਨਾਂ ਦੀ ਰਾਏ ਹੈ ਕਿ ਅਗਲੇ ਸਾਲ ਇਹ ਗਿਣਤੀ ਹੋਰ ਵਧੇਗੀ ਤੇ ਇਸ ਤਰ੍ਹਾਂ ਲੱਖਾਂ ਪੰਜਾਬੀ ਪਰਿਵਾਰ ਆਪਣੇ ਪੇਟ ਕੱਟ ਕੇ ਵਿਕਸਿਤ ਦੇਸ਼ਾਂ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਦੀ ਮਜਬੂਰੀ ਵਿਚ ਪਿਸਣਗੇ। ਦੂਜੇ ਪਾਸੇ ਸਰਕਾਰੀ ਨੀਤੀਆਂ, ਮੰਤਰੀਆਂ ਅਤੇ ਅਧਿਕਾਰੀਆਂ ਦੇ ਰਵੱਈਏ ਵਿਚ ਉਹ ਪਹਿਲਕਦਮੀ ਨਜ਼ਰ ਨਹੀਂ ਆਉਂਦੀ ਜਿਸ ਤੋਂ ਲੱਗਦਾ ਹੋਵੇ ਕਿ ਉਹ ਪੰਜਾਬ ਦੇ ਭਵਿੱਖ ਪ੍ਰਤੀ ਚਿੰਤਤ ਹਨ ਅਤੇ ਉਨ੍ਹਾਂ ਦੀ ਪੰਜਾਬ ਪ੍ਰਤੀ ਪ੍ਰਤੀਬੱਧਤਾ ਡੂੰਘੀ ਤੇ ਲੋਕਾਂ ਦੇ ਦੁੱਖਾਂ ਦਾ ਨਿਵਾਰਣ ਕਰਨ ਵਾਲੀ ਹੈ।

## ਕੈਪਟਨ ਵੱਲੋਂ ਜਾਅਲੀ ਏਜੰਟਾਂ ਨੂੰ ਠੱਲ੍ਹ ਪਾਉਣ ਲਈ ਹੁਕਮ

**ਚੰਡੀਗੜ੍ਹ:** ਜਾਅਲੀ ਟ੍ਰੈਵਲ ਏਜੰਟਾਂ ਤੇ ਵਿਦੇਸ਼ਾਂ 'ਚ ਰੋਜ਼ਗਾਰ ਮੁਹੱਈਆ ਕਰਵਾਉਣ ਵਾਲੀਆਂ ਏਜੰਸੀਆਂ ਵਿਰੁੱਧ ਸਰਕਾਰ ਦੀ ਤਿੱਖੀ ਮੁਹਿੰਮ ਦੇ ਹਿੱਸੇ ਵਜੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੜ੍ਹਾਈ ਜਾਂ ਰੋਜ਼ਗਾਰ ਲਈ ਵਿਦੇਸ਼ ਜਾਣ ਦੀ ਇੱਛਾ ਰੱਖਣ ਵਾਲੇ ਨੌਜਵਾਨਾਂ ਨੂੰ ਸੁਵਿਧਾ ਪ੍ਰਦਾਨ ਕਰਨ ਲਈ ਰੂਪ ਰੇਖਾ ਤਿਆਰ ਕਰਨ ਵਾਸਤੇ ਅੰਤਰਰਾਸ਼ਟਰੀ ਪੱਧਰ ਦੇ ਸਲਾਹਕਾਰ ਜਾਂ ਏਜੰਸੀ ਦੀਆਂ ਸੇਵਾਵਾਂ ਲੈਣ ਲਈ ਰੋਜ਼ਗਾਰ ਉਤਪਤੀ ਵਿਭਾਗ ਨੂੰ ਨਿਰਦੇਸ਼ ਦਿੱਤੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਦੁਨੀਆਂ ਭਰ ਦੇ ਵਿਸ਼ਵ ਪੱਧਰੀ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਵਧੀਆ ਪੜ੍ਹਾਈ ਦੀਆਂ ਸੰਭਾਵਨਾਵਾਂ ਦੇ ਨਾਲ-ਨਾਲ ਨੌਜਵਾਨਾਂ ਦੀ ਵਿੱਦਿਅਕ ਯੋਗਤਾ ਅਨੁਸਾਰ ਵਿਦੇਸ਼ਾਂ 'ਚ ਨੌਕਰੀਆਂ ਦੀ ਸ਼ਨਾਖਤ ਦਾ ਖਾਕਾ ਤਿਆਰ ਕਰਨ ਵਾਸਤੇ ਵੀ ਵਿਸ਼ਵ ਪੱਧਰ ਦੇ ਸਲਾਹਕਾਰ ਜਾਂ ਏਜੰਸੀ ਦੀਆਂ ਸੇਵਾਵਾਂ ਲੈਣ ਦਾ ਸੁਝਾਅ ਦਿੱਤਾ।

# ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੀ ਯਾਦ 'ਚ ਸਮਾਗਮ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਸੱਦੇ 'ਤੇ ਇਕੱਤਰ ਹੋਏ ਸੈਂਕੜੇ ਲੋਕਾਂ ਨੇ ਛੋਟੀ ਉਮਰ ਵਿਚ ਵੱਡੀ ਘਾਲਣਾ ਕਰਨ ਵਾਲੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਨਾਲ ਫਾਂਸੀ ਦਾ ਰੱਸਾ ਚੁੰਮ ਕੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀ ਦੇਣ ਵਾਲੇ ਸ਼ਹੀਦਾਂ-ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ, ਸੁਰੈਣ ਸਿੰਘ ਵੱਡਾ ਗਿੱਲਵਾਲੀ, ਸੁਰੈਣ ਸਿੰਘ ਛੋਟਾ ਗਿੱਲਵਾਲੀ, ਜਗਤ ਸਿੰਘ ਸੁਰ ਸਿੰਘ, ਹਰਨਾਮ ਸਿੰਘ ਸਿਆਲਕੋਟ ਅਤੇ ਬਖਸ਼ੀਸ਼ ਸਿੰਘ ਗਿੱਲਵਾਲੀ ਨੂੰ ਸ਼ਰਧਾਜਲੀ ਭੇਟ ਕੀਤੀ ਗਈ।

ਯਾਦ ਰਹੇ, ਦੇਸ਼ ਦੀ ਆਜ਼ਾਦੀ ਦਾ ਟੀਚਾ ਲੈ ਕੇ ਤੁਰੇ ਇਨ੍ਹਾਂ ਮਰਜੀਵੜਿਆਂ ਨੂੰ 16 ਨਵੰਬਰ 1915 ਨੂੰ ਲਾਹੌਰ ਜੇਲ੍ਹ ਵਿਚ ਫਾਂਸ਼ੀ ਦਿੱਤੀ ਗਈ ਸੀ। ਪ੍ਰੋਗਰਾਮ ਇਥੇ ਇੰਡੀਆ ਓਵਨ ਰੈਸਟੋਰੈਂਟ ਦੇ ਹਾਲ ਵਿਚ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਇਆ।

ਪ੍ਰੋਗਰਾਮ ਦੀ ਸ਼ੁਰੂਆਤ ਸਟੇਜ ਸਕੱਤਰ ਹਰਜਿੰਦਰ ਢੇਸੀ ਨੇ ਸਭਨਾਂ ਨੂੰ ਜੀ ਆਇਆਂ ਕਹਿੰਦਿਆਂ ਆਪਣੀ ਇਕ ਕਵਿਤਾ 'ਕਿਰਦਾਰ' ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰ ਕੇ ਕੀਤੀ। ਲਾਲ ਚੰਦ ਯਮਲਾ ਫਾਊਂਡੇਸ਼ਨ ਦੇ ਬਾਨੀ ਰਾਜਿੰਦਰ ਬਰਾੜ ਨੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਇਕ ਗੀਤ ਪੇਸ਼ ਕਰ ਕੇ ਪ੍ਰੋਗਰਾਮ ਦੀ ਸੁਰੀਲੀ ਸ਼ੁਰੂਆਤ ਕੀਤੀ। ਲਛਮਣ ਸਿੰਘ ਰਾਠੌਰ ਨੇ ਸ਼ਹੀਦ ਕਰਤਾਰ ਸਿੰਘ ਬਾਰੇ ਇਕ ਕਵਿਤਾ ਸੁਣਾਈ, ਹਰਿੰਦਰ ਮੰਢਾਲੀ ਨੇ ਵੀ ਇਕ ਕਵਿਤਾ ਨਾਲ ਸ਼ਰਧਾਂਜਲੀ ਭੇਟ ਕੀਤੀ। ਸੰਤੋਖ ਸਿੰਘ ਮਿਨਹਾਸ ਨੇ ਵਿਚਾਰ ਪੇਸ਼ ਕਰਦਿਆਂ ਲੋਕਾਂ ਵਿਚ ਧਾਰਮਕ ਅਤੇ ਜਾਤਾਂ ਦੇ ਆਧਾਰ 'ਤੇ ਡੂੰਘੀ ਹੋ ਰਹੀ ਵਿੱਥ 'ਤੇ ਫਿਕਰ ਜਾਹਰ ਕੀਤਾ।

ਹਰਜਿੰਦਰ ਕੰਗ ਨੇ ਅਜਿਹੇ ਪ੍ਰੋਗਰਾਮ ਕਰਦੇ ਰਹਿਣ ਦੀ ਮਹੱਤਤਾ ਵਲ ਧਿਆਨ ਦਿਵਾਇਆ। ਛੋਟੇ ਬੱਚਿਆਂ-ਸਿੰਮਵੀਰ ਹੇਅਰ, ਜੈਵੀਰ ਸਿੰਘ ਸਰਾਂ ਅਤੇ ਵਾਰਸ ਗਿੱਲ ਨੇ ਛੋਟੀਆਂ ਛੋਟੀਆਂ ਕਵਿਤਾਵਾਂ ਪੜ੍ਹੀਆਂ। ਆਂਚਲ ਹੇਅਰ ਨੇ ਇਕ ਬਹੁਤ ਹੀ ਪ੍ਰਭਾਵਸ਼ਾਲੀ ਗੀਤ ਪੜ੍ਹ ਕੇ ਸਭ ਨੂੰ ਪ੍ਰਭਾਵਿਤ ਕੀਤਾ।






ਫੋਰਮ ਦੇ ਸੀਨੀਅਰ ਮੈਂਬਰ ਗੁਰਦੀਪ ਸਿੰਘ ਅਣਖੀ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਤੇ ਹੋਰ ਗਦਰੀ ਸੂਰਬੀਰਾਂ ਦੀਆਂ ਕੁਰਬਾਨੀਆਂ ਤੇ ਝੱਲੇ ਅਕਹਿ ਦੁਖ ਯਾਦ ਕਰਦਿਆਂ ਲੋਕਾਂ ਨੂੰ ਭਾਈਚਾਰਕ ਏਕਤਾ ਬਣਾਈ ਰੱਖਣ ਅਤੇ ਉਸ ਆਜ਼ਾਦੀ ਦੀ ਰਾਖੀ ਕਰਨ ਦੀ ਅਪੀਲ ਕੀਤੀ, ਜਿਸ ਲਈ ਹਜ਼ਾਰਾਂ ਆਜ਼ਾਦੀ ਘੁਲਾਟੀਆਂ ਨੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ ਸੀ।

ਫਰਿਜ਼ਨੋ ਇਲਾਕੇ ਵਿਚ ਪਿਛਲੇ ਕਈ ਸਾਲਾਂ ਤੋਂ ਖੇਤੀ ਨਾਲ ਸਬੰਧਤ ਮਸਲਿਆਂ 'ਤੇ ਲੋਕਾਂ ਨੂੰ ਜਾਗਰੂਕ ਕਰਨ ਵਾਲੇ ਡਾ. ਅਰਜਨ ਸਿੰਘ ਜੋਸਨ ਅਤੇ ਕਹਾਣੀਕਾਰ ਕਰਮ ਸਿੰਘ ਮਾਨ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਲੇਖਕ ਅਤੇ ਪ੍ਰਕਾਸ਼ਕ ਸ਼ਤੀਸ ਗੁਲਾਟੀ ਨੇ ਕਿਤਾਬਾਂ ਦੀ ਇਕ ਪ੍ਰਦਰਸ਼ਨੀ ਲਾਈ। ਫੋਰਮ ਨੇ ਸਤੀਸ਼ ਗੁਲਾਟੀ ਦਾ ਉਨ੍ਹਾਂ ਦੀਆਂ ਸੇਵਾਵਾਂ ਲਈ ਸਨਮਾਨ ਕੀਤਾ।

ਸਟੇਜ ਐਂਕਰ ਅਤੇ ਟੀ. ਵੀ. ਕਲਾਕਾਰ ਗਿੱਲ ਪਰਦੀਪ ਵੀ ਕੁਲਵੰਤ ਧਾਲੀਆਂ ਦੇ ਨਾਲ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਏ। ਜੀ. ਐਚ. ਜੀ. ਡਾਂਸ ਐਂਡ ਸੰਗੀਤ ਅਕੈਡਮੀ ਵਲੋਂ ਉਦੇਦੀਪ ਸਿੱਧੂ ਆਪਣੇ ਹੋਰ ਸਾਥੀਆਂ ਨਾਲ ਭੰਗੜੇ ਦੀਆਂ ਦੋ ਟੀਮਾਂ ਲੈ ਕੇ ਆਏ, ਜਿਨ੍ਹਾਂ ਨੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਹੇਅਰ ਮੀਡੀਏ ਵਲੋਂ ਕੁਲਵੀਰ ਸਿੰਘ ਹੇਅਰ ਅਤੇ ਸਿਮਰਨ ਹੇਅਰ ਸ਼ਾਮਲ ਹੋਏ। ਡਾ. ਗੁਰੂਮੇਲ ਸਿੱਧੂ, ਚਰਨਜੀਤ ਸਿੰਘ ਬਾਠ, ਪਾਲ ਸਹੋਤਾ, ਰਾਣਾ ਗਿੱਲ, ਮੱਖਣ ਸਿੰਘ ਮਰਸਿਡ, ਪਸ਼ੌਰਾ ਸਿੰਘ ਢਿੱਲੋਂ, ਅਮਰੀਕ ਸਿੰਘ ਵਿਰਕ ਅਤੇ ਹੋਰ ਕਈ ਨਾਮਵਾਰ ਸ਼ਖਸੀਅਤਾਂ ਵੀ ਹਾਜ਼ਰ ਸਨ। ਪ੍ਰੋਗਰਾਮ ਦੀ ਫੋਟੋਗ੍ਰਾਫੀ ਏਬੀ 24 ਲਾਈਵ ਦੇ ਸੰਜੀਵ ਭਾਰਦਵਾਜ ਅਤੇ ਪੂਨਮ ਸ਼ਰਮਾ ਨੇ ਕੀਤੀ।

ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਜਨਰਲ ਸੈਕਟਰੀ ਸੁਰਿੰਦਰ ਮੰਢਾਲੀ ਨੇ ਸਰੋਤਿਆਂ ਤੇ ਸਹਾਇਕ ਜਥੇਬੰਦੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਫੋਰਮ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸਮਰਪਿਤ ਇਕ ਹੋਰ ਪ੍ਰੋਗਰਾਮ, ਜੋ 17 ਨਵੰਬਰ ਨੂੰ ਇਤਿਹਾਸਕ ਗਦਰ ਮੈਮੋਰੀਅਲ, ਸੈਨ ਫਰਾਂਸਿਸਕੋ ਵਿਚ ਕਰਵਾਇਆ ਜਾ ਰਿਹਾ ਹੈ, 'ਚ ਵੀ ਪਹੁੰਚਣ। ਉਨ੍ਹਾਂ ਦੱਸਿਆ ਕਿ ਪ੍ਰੋਗਰਾਮ ਲਈ ਫਰਿਜ਼ਨੋ ਤੋਂ ਇਕ ਬੱਸ 17 ਨਵੰਬਰ ਸਨਿਚਰਵਾਰ ਨੂੰ ਸਵੇਰੇ 8 ਵਜੇ ਚੱਲੇਗੀ। ਜਾਣ ਵਾਲੇ ਸੱਜਣ ਹਰਜਿੰਦਰ ਸਿੰਘ ਢੇਸੀ (ਫੋਨ: 559-618-0156) ਨਾਲ ਸੰਪਰਕ ਕਰ ਸਕਦੇ ਹਨ।

# ਲੋਕਾਂ ਨੂੰ ਪ੍ਰੇਸ਼ਾਨੀ ਤੇ ਆਰਥਿਕ ਮੰਦੀ ਦੇ ਸਿਵਾਏ ਕੁਝ ਨਾ ਦੇ ਸਕੀ ਨੋਟਬੰਦੀ

**ਨਵੀਂ ਦਿੱਲੀ:** ਨੋਟਬੰਦੀ ਦੇ ਦੋ ਸਾਲ ਪੂਰੇ ਹੋਣ 'ਤੇ ਪੂਰੇ ਦੇਸ਼ ਵਿਚ ਵਿਰੋਧੀ ਧਿਰਾਂ ਵੱਲੋਂ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ। 8 ਨਵੰਬਰ, 2016 ਦੀ ਰਾਤ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 500 ਤੇ 1000 ਰੁਪਏ ਦੇ ਨੋਟ ਬੰਦ ਕਰਨ ਦਾ ਐਲਾਨ ਕੀਤਾ ਸੀ। ਮੋਦੀ ਸਰਕਾਰ ਵੱਲੋਂ ਨੋਟਬੰਦੀ ਨੂੰ ਦੇਸ਼ ਦੇ ਹਿੱਤ ਵਿਚ ਪ੍ਰਚਾਰਿਆ ਗਿਆ ਸੀ ਪਰ ਅੱਜ ਇਸ ਐਲਾਨ ਨੂੰ ਦੋ ਸਾਲ ਹੋ ਗਏ ਹਨ ਤੇ ਇਸ ਦੇ ਨਫ਼ੇ-ਨੁਕਸਾਨ ਬਾਰੇ ਵੱਡੇ ਪੱਧਰ ਉਤੇ ਅੰਕੜੇ ਸਾਹਮਣੇ ਆ ਗਏ ਹਨ।

ਕੁੱਲ ਮਿਲਾ ਕੇ ਇਹ ਅੰਕੜੇ ਮੋਦੀ ਦੀ ਇਸ ਨੀਤੀ ਨੂੰ ਵੱਡੀ ਭੁੱਲ ਵਜੋਂ ਹੀ ਪੇਸ਼ ਕਰ ਰਹੇ ਹਨ, ਜਿਸ ਨੇ ਦੇਸ਼ ਦੀ ਅਰਥ ਵਿਵਸਥਾ ਨੂੰ ਹਿਲਾ ਕੇ ਰੱਖ ਦਿੱਤਾ। ਮੋਦੀ ਦਾ ਇਹ ਫੈਸਲਾ ਲੋਕਾਂ ਨੂੰ ਸਿਰਫ ਪਰੇਸ਼ਾਨੀ ਤੇ ਆਰਥਿਕ ਮੰਦਹਾਲੀ ਹੀ ਦੇ ਸਕਿਆ। ਪੈਸਾ ਲੈਣ ਲਈ ਬੈਂਕਾਂ ਅੱਗੇ ਲੰਮੀਆਂ ਕਤਾਰਾਂ ਲੱਗੀਆਂ ਸਨ ਤੇ ਸਵਾ ਸੌ ਦੇ ਕਰੀਬ ਲੋਕਾਂ ਦੀ ਮੌਤ ਹੋ ਗਈ। ਇਕ ਅੰਦਾਜ਼ੇ ਅਨੁਸਾਰ ਨੋਟਬੰਦੀ ਕਰ ਕੇ ਘੱਟੋ-ਘੱਟ 35 ਲੱਖ ਲੋਕਾਂ ਨੂੰ ਆਪਣੀਆਂ ਨੌਕਰੀਆਂ ਗੁਆਉਣੀਆਂ ਪਈਆਂ ਅਤੇ ਨਵੇਂ ਨੋਟ ਛਾਪਣ ਲਈ ਵੀ 8 ਹਜ਼ਾਰ ਕਰੋੜ ਰੁਪਏ ਖਰਚ ਕੀਤੇ ਗਏ ਸਨ। ਬੈਂਕਾਂ ਵਿਚ ਪੁਰਾਣੀ ਕਰੰਸੀ ਦੇ 16.99 ਲੱਖ ਕਰੋੜ ਰੁਪਏ ਦੇ ਨੋਟ ਵਾਪਸ ਆ ਗਏ ਸਨ। ਇਸ ਤਰ੍ਹਾਂ 99 ਫੀਸਦੀ ਤੋਂ ਉਪਰ ਬਾਜ਼ਾਰ ਵਿਚ ਗਏ ਨੋਟ ਵਾਪਸ ਆ ਗਏ ਸਨ।

ਮੱਧ ਵਰਗੀ ਅਤੇ ਗਰੀਬ ਲੋਕਾਂ ਨੂੰ ਇਹ ਪ੍ਰਭਾਵ ਦਿੱਤਾ ਗਿਆ ਸੀ ਕਿ ਇਸ ਦਾ ਹਰ ਪੱਖੋਂ ਅਮੀਰ ਲੋਕਾਂ ਦੇ ਕਾਲੇ ਧਨ 'ਤੇ ਅਸਰ ਹੋਵੇਗਾ ਪਰ ਅਮਲੀ ਰੂਪ ਵਿਚ ਅਜਿਹਾ ਕੁਝ ਹੋਇਆ ਨਜ਼ਰ ਨਹੀਂ ਆਇਆ। ਇਹ ਵੀ ਕਿਹਾ ਗਿਆ ਸੀ ਕਿ ਇਸ ਨਾਲ ਨਕਲੀ ਨੋਟ ਖਤਮ ਹੋ ਜਾਣਗੇ। ਅਤਿਵਾਦ ਅਤੇ ਨਕਸਲਵਾਦ ਨੂੰ ਵੱਡੀ ਸੱਟ ਲੱਗੇਗੀ। ਕਾਲਾ ਧਨ ਅਤੇ ਭ੍ਰਿਸ਼ਟਾਚਾਰ ਖਤਮ ਹੋ ਜਾਏਗਾ ਅਤੇ ਇਸ ਨਾਲ ਡਿਜੀਟਲ ਭੁਗਤਾਨ ਦਾ ਚਲਣ ਵੀ ਵਧੇਗਾ। ਵਿੱਤ ਮੰਤਰੀ ਨੇ ਨੋਟਬੰਦੀ ਨੂੰ ਹੁਣ ਵੀ ਠੀਕ ਦਰਸਾਉਂਦਿਆਂ ਇਹ ਕਿਹਾ ਹੈ ਕਿ ਹੁਣ ਵਧੇਰੇ ਲੋਕਾਂ ਨੇ ਆਮਦਨ ਕਰ ਦੇਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਮਈ 2014 ਵਿਚ ਉਨ੍ਹਾਂ ਦੀ ਸਰਕਾਰ ਬਣੀ ਸੀ ਤਾਂ ਉਦੋਂ ਕਰਦਾਤਾਵਾਂ ਦੀ ਗਿਣਤੀ 3.8 ਕਰੋੜ ਸੀ, ਜੋ ਹੁਣ ਵਧ ਕੇ 6.86 ਕਰੋੜ ਹੋ ਗਈ ਹੈ।

ਨੋਟਬੰਦੀ ਨੇ ਭਾਰਤੀ ਅਰਥਚਾਰੇ ਦੀ ਜੋ ਤਬਾਹੀ ਕੀਤੀ। ਇਸ ਵਿਚ ਛੋਟੇ ਤੇ ਮੱਧਵਰਗੀ ਸਨਅਤਕਾਰਾਂ ਤੇ ਵਪਾਰੀਆਂ ਨੂੰ ਸਭ ਤੋਂ ਜ਼ਿਆਦਾ ਨੁਕਸਾਨ ਉਠਾਉਣਾ ਪਿਆ। ਕੁਝ ਅਰਥ ਸ਼ਾਸਤਰੀਆਂ ਦਾ ਕਹਿਣਾ ਹੈ ਕਿ ਨੋਟਬੰਦੀ ਲਈ ਦੱਸੇ ਗਏ ਆਸ਼ਿਆਂ ਵਿਚੋਂ ਕਿਸੇ ਦੀ ਵੀ ਪੂਰਤੀ ਨਹੀਂ ਹੋਈ ਅਤੇ ਇਸ ਨੇ ਗਰੀਬ ਤਬਕੇ ਦਾ ਸਭ ਤੋਂ ਜ਼ਿਆਦਾ ਨੁਕਸਾਨ ਕੀਤਾ ਹੈ। ਵਰਲਡ ਬੈਂਕ ਦਾ ਅਧਿਐਨ ਦੱਸਦਾ ਹੈ ਕਿ ਦੇਸ਼ ਦੇ ਕੁਝ ਜ਼ਿਲ੍ਹਿਆਂ ਵਿਚ ਇਸ ਦੀ ਮਾਰ ਇੰਨੀ ਭਿਆਨਕ ਸੀ ਕਿ ਜੀ.ਡੀ.ਪੀ. ਦੀ ਦਰ 7.3 ਫੀਸਦੀ ਤੱਕ ਡਿੱਗੀ ਸੀ। ਨੋਟਬੰਦੀ ਕਰ ਕੇ ਮੱਧਵਰਗੀ ਤੇ ਛੋਟੇ ਵਪਾਰੀ ਅਤੇ ਸਨਅਤਕਾਰ ਮਾਨਸਿਕ ਰੂਪ ਵਿਚ ਇਸ ਗੱਲ ਤੋਂ ਉੱਭਰ ਨਹੀਂ ਸਕੇ ਕਿ ਉਹ ਆਪਣੇ ਵਪਾਰ ਤੇ ਸਨਅਤ ਉਸ ਤਰੀਕੇ ਨਾਲ ਕਿਵੇਂ ਚਲਾਉਣ ਜਿਸ ਨੂੰ ਸਰਕਾਰ ਰਸਮੀ (ਫਾਰਮਲ) ਸੈਕਟਰ ਕਹਿੰਦੀ ਹੈ।

## ਨੋਟਬੰਦੀ ਨੇ ਆਰਥਿਕ ਵਿਕਾਸ ਨੂੰ ਸੱਟ ਮਾਰੀ: ਰਾਜਨ

**ਵਾਸ਼ਿੰਗਟਨ:** ਨੋਟਬੰਦੀ ਅਤੇ ਵਸਤੂ ਤੇ ਸੇਵਾਵਾਂ ਟੈਕਸ (ਜੀ.ਐਸ.ਟੀ.) ਦੋ ਵੱਡੀਆਂ ਉਲਟ ਚੀਜ਼ਾਂ ਹੋਈਆਂ ਜਿਨ੍ਹਾਂ ਨਾਲ ਪਿਛਲੇ ਸਾਲ ਭਾਰਤ ਦੀ ਆਰਥਿਕ ਤਰੱਕੀ ਨੂੰ ਰੋਕ ਦਿੱਤਾ। ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਇਹ ਗੱਲ ਆਖਦਿਆਂ ਕਿਹਾ ਕਿ ਦੇਸ਼ਾਂ ਦੀਆਂ ਲੋੜਾਂ ਦੀ ਪੂਰਤੀ ਲਈ ਮੌਜੂਦਾ 7 ਫੀਸਦੀ ਵਿਕਾਸ ਦਰ ਕਾਫੀ ਨਹੀਂ।

ਰਘੂਰਾਮ ਰਾਜਨ ਨੇ ਕਿਹਾ ਕਿ ਇਨ੍ਹਾਂ ਦੋ ਵੱਡੀਆਂ ਚੀਜ਼ਾਂ ਵੱਲੋਂ ਸੱਟ ਮਾਰਨ ਤੋਂ ਪਹਿਲਾਂ ਚਾਰ ਸਾਲ 2012-2016 ਤੱਕ ਭਾਰਤ ਦੀ ਵਿਕਾਸ ਦਰ ਤੇਜ਼ ਸੀ।

## ਨਹੀਂ ਟੁੱਟਾ ਨਕਲੀ ਨੋਟਾਂ ਦਾ ਮਾਇਆ ਜਾਲ

**ਬਠਿੰਡਾ:** ਨੋਟਬੰਦੀ ਦੇ 2 ਸਾਲ ਬੀਤਣ ਬਾਅਦ ਵੀ ਨਕਲੀ ਨੋਟਾਂ ਦਾ ਮਾਇਆ ਜਾਲ ਨਹੀਂ ਟੁੱਟ ਸਕਿਆ। ਨੋਟਬੰਦੀ ਦੇ ਪਿੱਛੋਂ ਇਨ੍ਹਾਂ ਦੋ ਸਾਲਾਂ ਦੌਰਾਨ 12 ਲੱਖ 84 ਹਜ਼ਾਰ 856 ਨਕਲੀ ਨੋਟ ਬਰਾਮਦ ਕੀਤੇ ਗਏ ਹਨ, ਜਦਕਿ ਨੋਟਬੰਦੀ ਤੋਂ ਪਹਿਲਾਂ 2 ਸਾਲਾਂ ਦੌਰਾਨ ਫੜੇ ਗਏ ਨਕਲੀ ਨੋਟਾਂ ਦੀ ਗਿਣਤੀ 12 ਲੱਖ 27 ਹਜ਼ਾਰ 372 ਸੀ ਜੋ ਨੋਟਬੰਦੀ ਤੋਂ ਬਾਅਦ ਫੜੇ ਗਏ ਨੋਟਾਂ ਤੋਂ 57 ਹਜ਼ਾਰ 484 ਘੱਟ ਹਨ। ਕੇਂਦਰ ਸਰਕਾਰ ਨੇ ਨੋਟਬੰਦੀ ਕੀਤੇ ਜਾਣ ਪਿੱਛੇ ਕਾਲੇ ਧੰਨ 'ਤੇ ਰੋਕ ਲੱਗਣ, ਨਕਲੀ ਕਰੰਸੀ ਬੰਦ ਹੋਣ ਅਤੇ ਦਹਿਸ਼ਤਗਰਦਾਂ ਨੂੰ ਮਿਲ ਰਹੀ ਵਿੱਤੀ ਸਹਾਇਤਾ ਬੰਦ ਹੋਣ ਕਾਰਨ ਦਹਿਸ਼ਤਗਰਦੀ ਘਟਣ ਦੇ ਦਾਅਵੇ ਕੀਤੇ ਸਨ ਪਰ ਰਿਜ਼ਰਵ ਬੈਂਕ ਆਫ ਇੰਡੀਆ (ਆਰ.ਬੀ.ਆਈ.) ਦੀ ਅਧਿਕਾਰਤ ਸਾਈਟ 'ਤੇ ਉਪਲਬਧ ਉਕਤ ਅੰਕੜਿਆਂ ਨੇ ਕੇਂਦਰ ਸਰਕਾਰ ਦੇ ਨਕਲੀ ਕਰੰਸੀ ਨੂੰ ਰੋਕਣ ਵਾਲੇ ਦਾਅਵੇ ਦੀ ਫੂਕ ਕੱਢ ਦਿੱਤੀ ਹੈ।



# ਪਹਿਲੀ ਸੰਸਾਰ ਜੰਗ ਦੇ ਸ਼ਹੀਦ ਫੌਜੀਆਂ ਨੂੰ ਸਿਜਦਾ



**ਪੈਰਿਸ:** ਪਹਿਲੀ ਸੰਸਾਰ ਜੰਗ ਦੀ ਸਮਾਪਤੀ ਦੇ 100 ਵਰ੍ਹੇ ਮੁਕੰਮਲ ਹੋਣ ਉਤੇ ਪੈਰਿਸ 'ਚ ਭਾਰਤ ਦੇ ਉਪ ਰਾਸ਼ਟਰਪਤੀ ਐਮ ਵੈਂਕੇਈਆ ਨਾਇਡੂ ਸਮੇਤ ਕਈ ਹੋਰ ਮੁਲਕਾਂ ਦੇ ਆਗੂਆਂ ਨੇ ਸ਼ਹੀਦ ਫੌਜੀਆਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਜੰਗਾਂ ਦੇ ਖਾਤਮੇ ਦੀ ਵਕਾਲਤ ਕੀਤੀ। ਸਮਾਗਮ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ, ਰੂਸੀ ਹਮਰੁਤਬਾ ਵਲਾਦੀਮੀਰ ਪੂਤਿਨ ਅਤੇ ਫਰਾਂਸ ਦੇ ਇਮੈਨੁਅਲ ਮੈਕਰੋਂ ਸਮੇਤ ਹੋਰ ਕਈ ਆਗੂ ਹਾਜ਼ਰ ਰਹੇ।

ਚਾਰ ਸਾਲਾਂ ਤੱਕ ਚੱਲੀ ਜੰਗ ਦੌਰਾਨ 1.8 ਕਰੋੜ ਜਾਨਾਂ ਗਈਆਂ ਸਨ। ਅਣਪਛਾਤੇ ਫੌਜੀ ਦੇ ਮਕਬਰੇ 'ਤੇ ਮੈਕਰੋਂ, ਜਰਮਨ ਚਾਂਸਲਰ ਐਂਜਲਾ ਮਰਕਲ ਅਤੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਮੇਤ ਦਰਜਨਾਂ ਮੁਲਕਾਂ ਦੇ ਮੁਖੀਆਂ ਨੇ ਉਥੋਂ ਦਾ ਦੌਰਾ ਕੀਤਾ। ਫਰਾਂਸ ਅਤੇ ਭਾਈਵਾਲ ਮੁਲਕਾਂ ਦੇ ਸਾਬਕਾ ਫੌਜੀਆਂ ਸਮੇਤ 3400 ਤੋਂ ਵੱਧ ਵਿਅਕਤੀਆਂ ਨੂੰ ਸਮਾਗਮ ਲਈ ਉਚੇਚੇ ਤੌਰ ਉਤੇ ਸੱਦਾ ਦਿੱਤਾ ਗਿਆ ਸੀ। ਸਮਾਗਮ ਦੀ ਸ਼ੁਰੂਆਤ ਫਰਾਂਸ ਦੇ ਕੌਮੀ ਗੀਤ ਨਾਲ ਹੋਈ ਅਤੇ ਮੈਕਰੋਂ ਨੇ ਮਿਲਟਰੀ ਸਕੂਲਾਂ ਦੇ ਕੈਡਿਟਾਂ ਦਾ ਨਿਰੀਖਣ ਕੀਤਾ। ਫਰਾਂਸ 'ਚ ਜੰਮੇ ਚੀਨੀ ਅਮਰੀਕਨ ਵਾਇਲਨ ਵਾਦਕ ਯੋ-ਯੋ ਮਾ ਨੇ ਧੁਨ ਵਜਾਈ ਅਤੇ ਸਕੂਲੀ ਬੱਚਿਆਂ ਨੇ ਜੰਗ 'ਚ ਹਿੱਸਾ ਲੈਣ ਵਾਲੇ ਅੱਠ ਮੁਲਕਾਂ ਦੇ ਫੌਜੀਆਂ ਦੇ ਉਨ੍ਹਾਂ ਦੀ ਭਾਸ਼ਾ 'ਚ ਵੇਰਵੇ ਦਿੱਤੇ। ਟਰੰਪ ਅਤੇ ਪੂਤਿਨ ਵੱਖੋ ਵੱਖਰੇ ਸਮਾਗਮ ਵਾਲੀ ਥਾਂ ਉਤੇ ਪਹੁੰਚੇ। ਸਮਾਗਮ ਦੀ ਸ਼ੁਰੂਆਤ ਤੋਂ ਕੁਝ ਮਿੰਟ ਪਹਿਲਾਂ ਦੋ ਅਰਧ ਨਗਨ ਪ੍ਰਦਰਸ਼ਨਕਾਰੀਆਂ ਨੇ ਟਰੰਪ ਦੇ ਕਾਫਲੇ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਮਹਿਲਾ ਗਰੁੱਪ ਫੈਮੇਨ ਦੀਆਂ ਇਨ੍ਹਾਂ ਮਹਿਲਾਵਾਂ ਉਤੇ ਪੁਲਿਸ ਨੇ ਤੁਰਤ ਕਾਬੂ ਪਾ ਲਿਆ। ਪੂਤਿਨ ਸਭ ਤੋਂ ਅਖੀਰ 'ਚ ਮੈਕਰੋਂ ਦੀ ਪਤਨੀ ਬ੍ਰਿਗਿਟ ਨਾਲ ਆਪਣੀ ਸੀਟ ਉਤੇ ਬੈਠੇ।

ਉਧਰ, ਬ੍ਰਿਟੇਨ ਦੀ ਮਹਾਰਾਣੀ ਐਲਿਜ਼ਾਬੈੱਥ ਨੇ ਟੀਵੀ ਰਾਹੀਂ ਨਸ਼ਰ ਸੁਨੇਹੇ ਵਿਚ ਸ਼ਹੀਦ ਫੌਜੀਆਂ ਨੂੰ ਸ਼ਰਧਾਂਜਲੀ ਦਿੱਤੀ। ਪੋਪ ਫਰਾਂਸਿਸ ਨੇ ਵੈਟੀਕਨ 'ਚ ਕਿਹਾ ਕਿ ਪਹਿਲੀ ਸੰਸਾਰ ਜੰਗ ਚਿਤਾਵਨੀ ਹੋਣੀ ਚਾਹੀਦੀ ਸੀ ਪਰ ਇਸ ਨੂੰ ਅਣਗੌਲਿਆ ਕੀਤਾ ਗਿਆ ਅਤੇ ਜਾਪਦਾ ਹੈ ਕਿ ਅਸੀਂ ਉਨ੍ਹਾਂ ਤੋਂ ਕੁਝ ਨਹੀਂ ਸਿੱਖਿਆ। ਇਸ ਦੌਰਾਨ ਲਵਾਂਟੀ 'ਚ ਜੰਗਬੰਦੀ ਦਿਵਸ ਸਬੰਧੀ ਪਹਿਲੀ ਸੰਸਾਰ ਜੰਗ ਦੌਰਾਨ ਸ਼ਹੀਦ ਹੋਏ ਭਾਰਤੀ ਫੌਜੀਆਂ ਦੀ ਯਾਦ 'ਚ ਬਣਾਏ ਗਏ ਸੱਤ ਫੁੱਟ ਉਚੇ ਕਾਂਸੇ ਦੇ ਬੁੱਤ ਤੋਂ ਪਰਦਾ ਉਠਾਇਆ ਗਿਆ। ਇੰਟਰ-ਫੇਥ ਸ਼ਹੀਦੀ ਯਾਦਗਾਰ ਐਸੋਸੀਏਸ਼ਨ ਵੱਲੋਂ ਅਜਿਹੇ 57 ਬੁੱਤ ਲਗਾਉਣ ਦੀ ਯੋਜਨਾ ਬਣਾਈ ਗਈ ਹੈ। ਲਵਾਂਟੀ 'ਚ ਦੋ ਫੌਜੀਆਂ ਦੇ ਪਿੰਜਰ ਮਿਲਣ ਮਗਰੋਂ ਉਨ੍ਹਾਂ ਨੂੰ ਪਿਛਲੇ ਸਾਲ ਪੂਰੇ ਫੌਜੀ ਸਨਮਾਨਾਂ ਨਾਲ ਦਫਨਾਇਆ ਗਿਆ ਸੀ। ਇਹ ਫੌਜੀ 9ਵੀਂ ਰਾਇਲ ਗੜ੍ਹਵਾਲ ਰਾਈਫਲਜ਼ ਦੇ ਸਨ ਅਤੇ ਉਨ੍ਹਾਂ ਬ੍ਰਿਟੇਨ ਲਈ ਜੰਗ ਲੜੀ ਸੀ।

## 74 ਹਜ਼ਾਰ ਭਾਰਤੀ ਫੌਜੀ ਹੋਏ ਸਨ ਸ਼ਹੀਦ

**ਨਵੀਂ ਦਿੱਲੀ:** 100 ਸਾਲ ਪਹਿਲਾਂ '11 ਨਵੰਬਰ 1918' ਇਤਿਹਾਸ ਵਿਚ ਦਰਜ ਉਹ ਦਿਨ ਹੈ ਜਦੋਂ 4 ਸਾਲ ਤੱਕ ਦੁਨੀਆਂ ਨੂੰ ਹਿਲਾ ਕੇ ਰੱਖ ਦੇਣ ਵਾਲਾ ਪਹਿਲਾ ਵਿਸ਼ਵ ਯੁੱਧ ਖਤਮ ਹੋ ਗਿਆ ਸੀ। ਜਦੋਂ ਭਾਰਤ 'ਚ ਸਮੁੰਦਰ ਯਾਤਰਾ ਨੂੰ ਵੀ ਅਸ਼ੁੱਭ ਮੰਨਿਆ ਜਾਂਦਾ ਸੀ, ਉਸ ਸਮੇਂ ਕੁਝ ਹਜ਼ਾਰ ਨਹੀਂ ਬਲਕਿ ਪੂਰੇ 11 ਲੱਖ ਭਾਰਤੀ ਫੌਜੀ ਪਹਿਲੇ ਵਿਸ਼ਵ ਯੁੱਧ 'ਚ ਹਿੱਸਾ ਲੈ ਰਹੇ ਸਨ। ਇਨ੍ਹਾਂ ਫੌਜੀਆਂ ਨੇ ਸਮੁੰਦਰ ਪਾਰ ਹੋਰਾਂ ਦੇਸ਼ਾਂ 'ਚ ਵੀ ਆਪਣੀ ਬਹਾਦਰੀ ਦੇ ਜੌਹਰ ਦਿਖਾਏ। 4 ਸਾਲ ਤੱਕ ਚੱਲੇ ਇਸ ਵਿਸ਼ਵ ਯੁੱਧ 'ਚ ਕਰੀਬ 74 ਹਜ਼ਾਰ ਭਾਰਤੀ ਫੌਜੀ ਸ਼ਹੀਦ ਹੋਏ ਤੇ ਕਰੀਬ 70 ਹਜ਼ਾਰ ਜ਼ਖਮੀ ਹੋਏ। ਇਸ ਯੁੱਧ 'ਚ 13 ਲੱਖ ਭਾਰਤੀਆਂ ਨੇ ਹਿੱਸਾ ਲਿਆ ਸੀ।

## ਬਰਤਾਨੀਆ 'ਚ ਸਥਾਪਤ ਕੀਤਾ ਸਿੱਖ ਫੌਜੀ ਦਾ ਬੁੱਤ ਤੋੜਿਆ

**ਲੰਡਨ:** ਕੁਝ ਦਿਨ ਪਹਿਲਾਂ ਬਰਤਾਨੀਆ ਦੇ ਵੈਸਟ ਮਿਡਲੈਂਡਜ਼ ਇਲਾਕੇ ਦੇ ਸਮੈੱਥਵਿੱਕ ਟਾਊਨ ਵਿਚ ਪਹਿਲੀ ਸੰਸਾਰ ਜੰਗ ਦੀ ਯਾਦ 'ਚ ਸਥਾਪਤ ਕੀਤੇ ਗਏ ਸਿੱਖ ਫੌਜੀ ਦਾ ਬੁੱਤ ਕੁਝ ਸ਼ਰਾਰਤੀ ਤੱਤਾਂ ਨੇ ਤੋੜ ਦਿੱਤਾ ਹੈ। ਬਰਤਾਨੀਆ ਦੀ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਵਿਅਕਤੀ ਦੀ ਜਾਣਕਾਰੀ ਉਨ੍ਹਾਂ ਨੂੰ ਦਿੱਤੀ ਜਾਵੇ। ਵੈਸਟ ਮਿਡਲੈਂਡਜ਼ ਪੁਲਿਸ ਨੇ ਕਿਹਾ ਕਿ ਸਿੱਖ ਫੌਜੀ ਦੇ ਇਸ ਬੁੱਤ ਤੋਂ ਪਿਛਲੇ ਐਤਵਾਰ ਨੂੰ ਪਰਦਾ ਹਟਾਇਆ ਗਿਆ ਸੀ ਤੇ ਉਹ ਇਸ ਘਟਨਾ ਨੂੰ ਨਸਲੀ ਨਫਰਤ ਤਹਿਤ ਕੀਤੇ ਗਏ ਅਪਰਾਧ ਵਜੋਂ ਦੇਖ ਰਹੇ ਹਨ। ਸਾਰਜੈਂਟ ਬਿੱਲ ਗਿੱਲ ਨੇ ਕਿਹਾ ਕਿ ਉਹ ਸਮਝਦੇ ਹਨ ਕਿ ਇਸ ਘਟਨਾ ਨਾਲ ਸਿੱਖ ਭਾਈਚਾਰੇ ਨੂੰ ਕਿੰਨਾ ਦੁਖ ਪਹੁੰਚਿਆ ਹੋਵੇਗਾ। ਉਹ ਇਸ ਘਟਨਾ ਪਿਛਲੇ ਕਾਰਨਾਂ ਨੂੰ ਜਾਣਨ ਤੇ ਜ਼ਿੰਮੇਵਾਰ ਵਿਅਕਤੀਆਂ ਨੂੰ ਫੜਨ ਦੀ ਕੋਸ਼ਿਸ਼ ਕਰ ਰਹੇ ਹਨ।

## ਭਾਰਤ 'ਤੇ ਸਭ ਤੋਂ ਵੱਧ ਸਾਈਬਰ ਹਮਲੇ

**ਚੰਡੀਗੜ੍ਹ:** 2018 ਦੀ ਪਹਿਲੀ ਛਿਮਾਹੀ ਵਿਚ ਭਾਰਤ ਉਤੇ ਰੂਸ, ਅਮਰੀਕਾ, ਚੀਨ ਤੇ ਨੀਦਰਲੈਂਡ ਦੇਸ਼ਾਂ ਵਿਚੋਂ 6.95 ਲੱਖ ਸਾਈਬਰ ਹਮਲੇ ਕੀਤੇ ਗਏ। ਸਾਈਬਰ ਸਕਿਉਰਟੀ ਫਰਮ ਐਫ ਸਕਿਓਰ ਦੀ ਰਿਪੋਰਟ ਵਿਚ ਇਹ ਖੁਲਾਸਾ ਕੀਤਾ ਗਿਆ ਹੈ। ਇਸ ਦੌਰਾਨ ਭਾਰਤ ਵਿਚ ਬੈਠੇ ਹੈਕਰਾਂ ਨੇ ਵੀ ਆਸਟਰੇਲੀਆ, ਨੀਦਰਲੈਂਡ, ਯੂਕੇ,




ਜਾਪਾਨ ਤੇ ਯੂਕ੍ਰੇਨ ਵਰਗੇ ਦੇਸ਼ਾਂ 'ਤੇ ਸਾਈਬਰ ਹਮਲੇ ਕੀਤੇ। ਹਾਲਾਂਕਿ ਭਾਰਤ ਵੱਲੋਂ ਸਾਈਬਰ ਹਮਲਿਆਂ ਦੀ ਕੁੱਲ ਗਿਣਤੀ ਕਾਫੀ ਘੱਟ 73,482 ਰਹੀ।

ਭਾਰਤੀ ਸਰਵਰਾਂ ਉਤੇ ਸਭ ਤੋਂ ਵੱਧ ਸਾਈਬਰ ਹਮਲੇ ਰੂਸ (2,55,589) ਵੱਲੋਂ ਹੋਏ। ਇਸ ਤੋਂ ਬਾਅਦ ਅਮਰੀਕਾ (1,03,458), ਚੀਨ (42,544), ਨੀਦਰਲੈਂਡ (19,169) ਤੇ ਜਰਮਨੀ (15,530) ਟੌਪ-5 ਵਿਚ ਸ਼ਾਮਲ ਹਨ। ਇਨ੍ਹਾਂ ਇਕੱਲਿਆਂ ਦੇਸ਼ਾਂ ਵੱਲੋਂ ਭਾਰਤ ਉਤੇ 4.36 ਲੱਖ ਹਮਲੇ ਕੀਤੇ ਗਏ। 2018 ਦੀ ਪਹਿਲਾ ਛਿਮਾਹੀ ਵਿਚ ਭਾਰਤ 'ਤੇ ਕੁੱਲ ਸਾਈਬਰ ਹਮਲਿਆਂ ਦੀ ਗਿਣਤੀ 6 ਲੱਖ 95 ਹਜ਼ਾਰ ਰਹੀ। ਸਾਈਬਰ ਹਮਲਿਆਂ ਨੂੰ ਝੱਲਣ ਵਾਲੇ ਦੇਸ਼ਾਂ ਦੀ ਲਿਸਟ ਵਿਚ ਭਾਰਤ ਵਿਸ਼ਵ 'ਚ 21ਵੇਂ ਸਥਾਨ ਉਤੇ ਹੈ। ਦੂਜੇ ਪਾਸੇ ਭਾਰਤ ਵਿਚ ਬੈਠੇ ਹੈਕਰਾਂ ਨੇ ਆਸਟਰੇਲਿਆਈ ਸੰਸਥਾਵਾਂ ਉਤੇ ਸਭ ਤੋਂ ਜ਼ਿਆਦਾ 12,540 ਸਾਈਬਰ ਹਮਲੇ ਕੀਤੇ। ਇਸ ਤੋਂ ਬਾਅਦ ਨੀਦਰਲੈਂਡ 'ਤੇ 9,267, ਯੂਕੇ 'ਤੇ 6,347, ਜਾਪਾਨ 'ਤੇ 4701 ਤੇ ਯੂਕ੍ਰੇਨ 'ਤੇ 3708 ਸਾਈਬਰ ਹਮਲੇ ਕੀਤੇ ਗਏ। ਇਸ ਹਿਸਾਬ ਨਾਲ ਸਾਈਬਰ ਹਮਲਿਆਂ ਦੀ ਸ਼ੁਰੂਆਤ ਕਰਨ ਵਾਲੇ ਦੇਸ਼ਾਂ ਵਿਚ ਭਾਰਤ 13ਵੇਂ ਥਾਂ ਰਿਹਾ।

# ਪੰਜਾਬੀ ਕਿਸਾਨ ਪੀਟਰ ਢਿੱਲੋਂ ਕੈਨੇਡੀਅਨ ਐਗਰੀਕਲਚਰਲ ਹਾਲ ਆਫ ਫੇਮ 'ਚ ਸ਼ਾਮਲ

**ਟੋਰਾਂਟੋ:** ਕੈਨੇਡਾ ਦੇ ਵੱਡੇ ਕਰੈਨਬੈਰੀ ਉਤਪਾਦਕ ਸਿੱਖ ਕਿਸਾਨ ਨੇ ਕੈਨੇਡੀਅਨ



ਐਗਰੀਕਲਚਰਲ ਹਾਲ ਆਫ ਫੇਮ ਵਿਚ ਸ਼ਾਮਲ ਹੋ ਕੇ ਇਤਿਹਾਸ ਸਿਰਜਿਆ ਹੈ। ਉਹ ਮੁਲਕ ਦੇ ਸਭ ਤੋਂ ਵੱਡੇ ਕਰੈਨਬੈਰੀ ਉਤਪਾਦਕ ਹਨ। ਬ੍ਰਿਟਿਸ਼ ਕੋਲੰਬੀਆ ਅਧਾਰਤ ਪੀਟਰ ਢਿੱਲੋਂ ਘੱਟ ਗਿਣਤੀ ਭਾਈਚਾਰੇ 'ਚੋਂ ਪਹਿਲੇ ਵਿਅਕਤੀ ਹਨ ਜਿਨ੍ਹਾਂ ਨੇ ਖੇਤੀਬਾੜੀ ਅਤੇ ਐਗਰੋ ਫੂਡ ਵਪਾਰ ਵਿਚ ਵੱਡਾ ਮਾਅਰਕਾ ਮਾਰਨ ਵਾਲੇ ਕੈਨੇਡਿਆਈ ਲੋਕਾਂ ਵਿਚ ਥਾਂ ਬਣਾਈ ਹੈ। ਹਾਲ ਦੀ ਘੜੀ ਉਹ ਓਸ਼ਨ ਸਪਰੇਅ ਦੇ ਚੇਅਰਮੈਨ ਹਨ।

ਇਹ ਅਮਰੀਕਾ ਅਤੇ ਕੈਨੇਡਾ ਵਿਚ ਕਰੈਨਬੈਰੀ ਉਤਪਾਦਕਾਂ ਦੀ ਮਾਰਕੀਟਿੰਗ ਕੋਆਪ੍ਰੇਟਿਵ ਸੰਸਥਾ ਹੈ। ਉਨ੍ਹਾਂ 2014 ਵਿਚ ਸੰਸਥਾ ਦਾ ਪਹਿਲਾ ਏਸ਼ਿਆਈ ਚੇਅਰਮੈਨ ਬਣ ਕੇ ਪਿਛਲੀਆਂ ਸਾਰੀਆਂ ਰਵਾਇਤਾਂ ਨੂੰ ਤੋੜਿਆ ਸੀ। ਢਿੱਲੋਂ ਦਾ ਪੂਰਾ ਨਾਂ ਪੀਟਰ ਪਵਿੱਤਰ ਢਿੱਲੋਂ ਹੈ ਤੇ ਉਹ ਰਿਚਮੰਡ, ਬ੍ਰਿਟਿਸ਼ ਕੋਲੰਬੀਆ ਵਿਚ ਰਿਚਬੈਰੀ ਗਰੁੱਪ ਆਫ ਕੰਪਨੀਜ਼ ਦੇ ਨਾਂ ਨਾਲ ਕਰੈਨਬੈਰੀ ਦੀ ਖੇਤੀ ਕਰਦੇ ਹਨ। ਟੋਰਾਂਟੋ ਵਿਚ ਸਾਲਾਨਾ ਕੈਨੇਡੀਅਨ ਐਗਰੀਕਲਚਰਲ ਹਾਲ ਆਫ ਫੇਮ ਸਹੁੰ ਚੁੱਕ ਸਮਾਗਮ ਵਿਚ ਆਪਣੀ ਤਸਵੀਰ 'ਤੋਂ ਪਰਦਾ ਹਟਾਏ ਜਾਣ ਬਾਅਦ ਉਨ੍ਹਾਂ ਕਿਹਾ ਕਿ ਉਹ ਕੈਨੇਡਿਆਈ ਲੋਕਾਂ ਦੀ ਸੰਗਤ ਵਿਚ ਸ਼ਾਮਲ ਹੋ ਕੇ ਬਹੁਤ ਮਾਣ ਮਹਿਸੂਸ ਕਰ ਰਹੇ ਹਨ। ਇਹ ਉਨ੍ਹਾਂ ਲਈ ਬਹੁਤ ਮਾਣ ਵਾਲੀ ਗੱਲ ਹੈ।

ਜ਼ਿਕਰਯੋਗ ਹੈ ਕਿ ਉਨ੍ਹਾਂ ਦੇ ਪਿਤਾ ਰਛਪਾਲ ਸਿੰਘ ਢਿੱਲੋਂ 1950 ਵਿਚ ਹੁਸ਼ਿਆਰਪੁਰ ਦੇ ਪੰਡੋਰੀ ਪਿੰਡ 'ਚੋਂ ਕੈਨੇਡਾ ਆਏ ਸਨ ਅਤੇ ਉਹ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਵਿਚ ਸ਼ਾਮਲ ਹੋਣ ਵਾਲੇ ਪਹਿਲੇ ਭਾਰਤੀ-ਕੈਨੇਡਿਆਈ ਸਨ। ਸਾਲ 1981-82 ਵਿਚ ਉਨ੍ਹਾਂ ਕਰੈਨਬੈਰੀ ਦੀ ਖੇਤੀ ਲਈ ਸੇਵਾ ਮੁਕਤੀ ਲੈ ਲਈ ਸੀ। ਪੀਟਰ ਢਿੱਲੋਂ 1993 ਵਿਚ ਯੂਕੇ ਤੋਂ ਕਾਨੂੰਨ ਦੀ ਡਿਗਰੀ ਪੂਰੀ ਕਰਨ ਬਾਅਦ ਇਸ ਪਰਿਵਾਰਕ ਕਾਰੋਬਾਰ ਵਿਚ ਸ਼ਾਮਲ ਹੋਏ ਸਨ। ਹਾਲ ਦੀ ਘੜੀ ਉਨ੍ਹਾਂ ਕੋਲ 2000 ਏਕੜ ਜ਼ਮੀਨ ਹੈ। ਬੀਤੇ ਵਰ੍ਹੇ ਉਨ੍ਹਾਂ ਦੇ ਗਰੁੱਪ ਨੇ 20 ਮਿਲੀਅਨ ਪਾਊਂਡ ਕਰੈਨਬੈਰੀਜ਼ ਦਾ ਉਤਪਾਦਨ ਕੀਤਾ ਸੀ। ਓਸ਼ਨ ਸਪਰੇਅ ਦੇ ਚੇਅਰਮੈਨ ਵਜੋਂ ਉਨ੍ਹਾਂ ਕਿਹਾ ਕਿ ਉਹ ਭਾਰਤੀ ਬਾਜ਼ਾਰ ਵਿਚ ਦਾਖਲ ਹੋਣ ਦੀਆਂ ਸੰਭਾਵਨਾਵਾਂ ਤਲਾਸ਼ਣ ਲਈ ਇਥੇ ਆਏ ਹਨ। ਭਾਰਤ ਵਿਚ ਕਰੈਨਬੈਰੀ ਜੂਸ ਅਤੇ ਸੁੱਖੇ ਉਤਪਾਦਾਂ ਦੀ ਭਾਰੀ ਸੰਭਾਵਨਾਵਾਂ ਹਨ।

# ਪਾਕਿਸਤਾਨ 'ਚ 409 ਅਮਰੀਕੀ ਡਰੋਨ ਹਮਲਿਆਂ 'ਚ ਹੋਈਆਂ 2714 ਮੌਤਾਂ

**ਇਸਲਾਮਾਬਾਦ:** ਅਮਰੀਕਾ ਨੇ ਪਾਕਿਸਤਾਨ ਅੰਦਰ ਸ਼ੱਕੀ ਅਤਿਵਾਦੀਆਂ ਨੂੰ ਨਿਸ਼ਾਨਾ ਬਣਾ ਕੇ ਜਨਵਰੀ 2004 ਤੋਂ ਹੁਣ ਤੱਕ ਕੁੱਲ 409 ਡਰੋਨ ਹਮਲੇ ਕੀਤੇ ਹਨ, ਜਿਨ੍ਹਾਂ 'ਚ 2014 ਲੋਕ ਮਾਰੇ ਗਏ, ਜਦੋਂ ਕਿ 728 ਹੋਰ ਜ਼ਖਮੀ ਹੋ ਗਏ। ਮੀਡੀਆ ਰਿਪੋਰਟ ਅਨੁਸਾਰ ਸੀ. ਆਈ. ਏ. ਸੰਚਾਲਿਤ ਇਨ੍ਹਾਂ ਡਰੋਨਾਂ ਵੱਲੋਂ ਬਾਜੌਰ, ਬਾਨੂ, ਹਾਂਗੂ, ਖੈਬਰ, ਖੁਰਮ, ਮੋਹਮਾਂਦ, ਉਤਰੀ ਵਜ਼ੀਰਸਤਾਨ, ਨੁਸ਼ਕੀ, ਓਰਕਜ਼ੀ ਤੇ ਦੱਖਣੀ ਵਜ਼ੀਰਸਤਾਨ 'ਚ ਹਮਲੇ ਕੀਤੇ ਗਏ।



ਸਭ ਤੋਂ ਜ਼ਿਆਦਾ ਡਰੋਨ ਹਮਲੇ 2008 ਤੋਂ 2012 ਵਿਚਾਲੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਸ਼ਾਸਨਕਾਲ ਸਮੇਂ ਹੋਏ। ਨੈਸ਼ਨਲ ਕਾਊਂਟਰ ਟੈਰਰਿਜ਼ਮ ਅਥਾਰਟੀ (ਨਾਕਟਾ) ਦੇ ਸੂਤਰਾਂ ਦਾ ਹਵਾਲਾ ਦਿੰਦੇ ਹੋਏ ਮੀਡੀਆ ਰਿਪੋਰਟ 'ਚ ਲਿਖਿਆ ਹੈ ਕਿ ਇਸ ਸਮੇਂ ਦੌਰਾਨ 336 ਹਵਾਈ ਹਮਲੇ ਹੋਏ, ਜਿਨ੍ਹਾਂ 'ਚ 2282 ਲੋਕਾਂ ਦੀ ਜਾਨ ਗਈ ਤੇ 658 ਲੋਕ ਜ਼ਖਮੀ ਹੋਏ। ਅਧਿਕਾਰੀਆਂ ਨੇ ਦੱਸਿਆ ਕਿ ਇਕੱਲੇ 2010 'ਚ 117 ਹਮਲੇ ਹੋਏ ਜਿਨ੍ਹਾਂ ਵਿਚ 775 ਲੋਕ ਮਾਰੇ ਗਏ ਤੇ 193 ਜ਼ਖਮੀ ਹੋਏ। ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਰਾਜਕਾਲ ਸਮੇਂ 2013 ਤੋਂ 2018 ਤੱਕ 65 ਡਰੋਨ ਹਮਲੇ ਹੋਏ, ਇਨ੍ਹਾਂ 'ਚ 301 ਲੋਕ ਮਾਰੇ ਗਏ ਤੇ 70 ਜ਼ਖਮੀ ਹੋਏ। 2018 'ਚ 2 ਡਰੋਨ ਹਮਲੇ ਹੋਏ, ਜਿਸ 'ਚ ਇਕ ਵਿਅਕਤੀ ਮਾਰਿਆ ਗਿਆ ਤੇ ਇਕ ਹੋਰ ਜ਼ਖਮੀ ਹੋਇਆ।

ਅਤਿਵਾਦੀ ਸੰਗਠਨ ਤਹਿਰੀਕ ਏ ਤਾਲਿਬਾਨ ਦਾ ਚੋਟੀ ਦਾ ਆਗੂ ਪਾਕਿਸਤਾਨ 'ਚ ਅਜਿਹੇ ਹੀ ਡਰੋਨ ਹਮਲੇ 'ਚ ਮਾਰਿਆ ਗਿਆ ਸੀ। 2016 'ਚ ਅਜਿਹੇ ਹੀ ਹਮਲੇ ਵਿਚ ਤਾਲਿਬਾਨ ਮੁਖੀ ਮੁੱਲਾ ਅਖਤਰ ਮਨਸੂਰ ਮਾਰਿਆ ਗਿਆ। ਮੁੱਲਾ ਮਨਸੂਰ ਦੀ ਹੱਤਿਆ ਦੇ ਕੁਝ ਦਿਨ ਬਾਅਦ ਹੀ ਤਤਕਾਲੀ ਪਾਕਿਸਤਾਨ ਸੈਨਾ ਮੁਖੀ ਜਨਰਲ ਰਹੀਲ ਸ਼ਰੀਫ ਨੇ ਕਿਹਾ ਸੀ ਕਿ ਪਾਕਿਸਤਾਨ ਖੇਤਰ 'ਚ ਡਰੋਨ ਹਮਲੇ ਹੋਣਾ ਅਫਸੋਸਨਾਕ ਹੈ ਤੇ ਇਸ ਰੋਕਣਾ ਚਾਹੀਦਾ ਹੈ।

## ਕਾਰੋਬਾਰ ਵਧਾਉਣ 'ਚ ਔਰਤਾਂ ਦੀ ਝੰਡੀ, ਮਰਦਾਂ ਨੂੰ ਪਛਾੜਿਆ

**ਨਿਊ ਯਾਰਕ:** ਔਰਤਾਂ ਦੀ ਸ਼ਮੂਲੀਅਤ ਹਰ ਖੇਤਰ ਵਿਚ ਵਧ ਰਹੀ ਹੈ, ਪਰ ਇਕ ਖੇਤਰ ਅਜਿਹਾ ਹੈ ਜਿਥੇ ਔਰਤਾਂ ਨੇ ਮਰਦਾਂ ਨੂੰ ਵੱਡੇ ਫਰਕ ਨਾਲ ਪਛਾੜ ਦਿੱਤਾ ਹੈ। ਅਮਰੀਕਾ ਵਿਚ ਹਰ 10 ਵਿਚੋਂ ਚਾਰ ਵਪਾਰ ਜਾਂ ਤਾਂ ਔਰਤਾਂ ਵੱਲੋਂ ਚਲਾਏ ਜਾ ਰਹੇ ਹਨ ਤੇ ਜਾਂ ਇਨ੍ਹਾਂ ਕਾਰੋਬਾਰਾਂ ਵਿਚ ਬਹੁਗਿਣਤੀ ਵਿਚ ਔਰਤਾਂ ਕੰਮ ਕਰ ਰਹੀਆਂ ਹਨ।

ਕਾਰੋਬਾਰ ਉਤੇ ਔਰਤਾਂ ਦੀ ਮਲਕੀਅਤ ਸਬੰਧੀ ਅਮਰੀਕਨ ਐਕਸਪ੍ਰੈੱਸ ਦੀ ਰਿਪੋਰਟ ਮੁਤਾਬਕ ਸਾਲ 2007-18 ਦੇ ਦਹਾਕੇ ਵਿਚ ਔਰਤਾਂ ਵੱਲੋਂ ਸ਼ੁਰੂ ਕੀਤੇ ਬਿਜ਼ਨਸ 58 ਫੀਸਦੀ ਵਧੀ ਹੈ, ਜਦਕਿ ਇਸੇ ਸਮੇਂ ਦੌਰਾਨ ਮਰਦਾਂ ਵੱਲੋਂ ਸ਼ੁਰੂ ਕੀਤੇ ਗਏ ਵਪਾਰ ਸਿਰਫ 12 ਫੀਸਦੀ ਹੀ ਤਰੱਕੀ ਕਰ ਸਕੇ ਹਨ। ਰਿਪੋਰਟ ਮੁਤਾਬਕ ਔਰਤਾਂ ਦੇ ਇੰਨੀ ਤੇਜ਼ੀ ਨਾਲ ਅੱਗੇ ਵਧਣ ਪਿਛੇ ਵੱਡਾ ਕਾਰਨ ਹੈ ਕਿ ਫੈਸਲੇ ਤੁਰਤ ਲੈ ਸਕਦੀਆਂ ਹਨ ਤੇ ਇਸੇ ਲਈ ਨਿਵੇਸ਼ਕ ਉਨ੍ਹਾਂ ਉਤੇ ਭਰੋਸਾ ਜਤਾਉਣ ਲੱਗਦੇ ਹਨ।

ਟਰਿੱਕ ਇਕੋਨੌਮਿਕਸ ਦੀ ਸੀਈਓ ਨਿੱਕੀ ਲਿਓਨਡੇਕਿਸ ਕਹਿੰਦੀ ਹੈ ਕਿ ਕਾਰੋਬਾਰੀ ਔਰਤਾਂ ਕਿਸੇ ਵੱਲੋਂ ਮਿਲੀ ਸਹਾਇਤਾ ਨੂੰ ਵਾਪਸ ਕਰਦੀਆਂ ਹਨ ਤੇ ਨਿਵੇਸ਼ਕਾਂ ਨੂੰ ਇਸੇ ਭਰੋਸੇ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ। 415 ਫਿੰਟਨੈਸ ਸਟੂਡੀਓ ਦੀਆਂ ਸੰਸਥਾਪਕ ਬੋਨੀ ਮਿਕੇਲੀ ਤੇ ਟ੍ਰੇਸੀ ਰੋਮਰ ਦੱਸਦੀ ਹੈ ਕਿ ਵਪਾਰ ਨੂੰ ਸ਼ੁਰੂ ਕਰਨ ਸਮੇਂ ਬੇਹੱਦ ਠਰ੍ਹੰਮੇ ਦੀ ਲੋੜ ਹੁੰਦੀ ਹੈ ਤੇ ਇਸ ਸਥਿਤੀ ਨੂੰ ਔਰਤਾਂ ਚੰਗੀ ਤਰ੍ਹਾਂ ਸੰਭਾਲ ਲੈਂਦੀਆਂ ਹਨ। ਇਸ ਲਿਹਾਜ਼ ਨਾਲ ਜੇਕਰ ਭਾਰਤ ਦੀ ਗੱਲ ਕੀਤੀ ਜਾਵੇ ਤਾਂ ਔਰਤਾਂ ਦੇ ਕਾਰੋਬਾਰੀ ਵਜੋਂ ਸਥਾਪਤ ਹੋਣ ਦੀ ਰਫਤਾਰ ਬੇਸ਼ੱਕ ਘੱਟ ਹੈ। ਨੈਸ਼ਨਲ ਸੈਂਪਲ ਸਰਵੇਖਣ ਮੁਤਾਬਕ ਸਿਰਫ 14 ਫੀਸਦੀ ਵਪਾਰ ਹੀ ਔਰਤਾਂ ਵੱਲੋਂ ਚਲਾਏ ਜਾ ਰਹੇ ਹਨ। ਹਾਲਾਂਕਿ, ਜਿਸ ਕਾਰੋਬਾਰ ਵਿਚ ਔਰਤਾਂ ਹਨ, ਉਸ ਨੂੰ ਉਹ ਪੂਰੀ ਤਨਦੇਹੀ ਨਾਲ ਚਲਾਉਂਦੀਆਂ ਹਨ। ਖੋਜ ਮੁਤਾਬਕ ਔਰਤਾਂ ਦੀ ਮਲਕੀਅਤ ਵਾਲੇ ਕਾਰੋਬਾਰਾਂ ਵਿਚੋਂ 80 ਫੀਸਦੀ ਵਪਾਰ ਉਨ੍ਹਾਂ ਆਪਣੇ ਪੈਸੇ ਨਾਲ ਖੜ੍ਹੇ ਕੀਤੇ ਹਨ।

ਸਿਹਤ ਸੰਭਾਲ

# 'ਉਠ ਨੀ ਹੁੰਦਾ ਆਪ, ਫਿੱਟੇ ਮੂੰਹ ਗੋਡਿਆਂ ਦਾ'

**ਸ਼ਿਕਾਗੋ (ਬਿਊਰੋ):** 'ਉਠ ਨੀ ਹੁੰਦਾ ਆਪ, ਫਿੱਟੇ ਮੂੰਹ ਗੋਡਿਆਂ ਦਾ' ਜਾਂ ਫਿਰ 'ਬਾਕੀ ਤਾਂ ਠੀਕ ਐ, ਖਸਮਾਂ ਨੂੰ ਖਾਣੇ ਗੋਡੇ ਨੀ ਚੱਲਦੇ', ਬਜ਼ੁਰਗਾਂ ਨੂੰ ਅਕਸਰ ਕਹਿੰਦਿਆਂ ਸੁਣਦੇ ਹਾਂ। ਕੈਨੇਡਾ ਦੀ ਗੱਲ ਮਸ਼ਹੂਰ ਹੈ ਕਿ ਕਿਸੇ ਨੇ ਪੁਛਿਆ, "ਐਨੀ ਦੇਰ ਤੋਂ ਕੈਨੇਡਾ ਆਏ ਹੋ, ਪੈਸੇ-ਪੂਸੇ



*ਡਾ. ਅੰਮ੍ਰਿਤਪਾਲ ਸਿੰਘ ਅਨੰਦ*

ਵੀ ਜੋੜੇ ਕਿ ਨਹੀਂ?" ਜਵਾਬ ਮਿਲਿਆ, "ਪੈਸੇ ਤਾਂ ਨੀ ਜੁੜੇ, ਗੋਡੇ ਜੁੜ ਗਏ।"

ਇਸ ਰੋਗ ਦੀ ਪਛਾਣ ਲਈ ਇਥੇ ਗੁਰਦੁਆਰਾ ਪੈਲਾਟਾਈਨ ਵਿਖੇ ਸਿੱਖ ਸੀਨੀਅਰ ਸਿਟੀਜ਼ਨਜ਼ ਦੀ ਮਾਸਿਕ ਇਕੱਤਰਤਾ 'ਚ ਡਾ. ਅੰਮ੍ਰਿਤਪਾਲ ਸਿੰਘ ਅਨੰਦ ਨੂੰ ਗੱਲਬਾਤ ਕਰਨ ਲਈ ਸੱਦਿਆ ਗਿਆ ਸੀ, ਜੋ ਗਠੀਏ (Rheumatoid Arthritis) ਦੇ ਮਾਹਿਰ ਹਨ ਅਤੇ Centegra North Western ਨਾਲ ਜੁੜੇ ਹੋਏ ਹਨ।

ਡਾ. ਅਨੰਦ ਅਨੁਸਾਰ ਰੀਹ ਦੀ ਬਿਮਾਰੀ ਦੇ ਮਾਹਿਰਾਂ ਦੀ ਘਾਟ ਹੈ, ਸੋ ਕਈ ਵਾਰ Physician Assistant ਜਾਂ Nurse Practitioner ਨਾਲ ਕੰਮ ਚਲਾਉਣਾ ਪੈਂਦਾ ਹੈ। ਇਸ ਬਿਮਾਰੀ ਦੇ ਮਾਹਿਰ ਇੰਨੇ ਮਸ਼ਰੂਫ ਹਨ ਕਿ ਉਨ੍ਹਾਂ ਤੋਂ ਵਕਤ ਲੈਣ ਲਈ ਵੀ ਤਿੰਨ-ਤਿੰਨ ਮਹੀਨੇ ਲੱਗ ਜਾਂਦੇ ਹਨ। ਡਾ. ਅਨੰਦ ਨੇ ਕਿਹਾ ਕਿ ਪਹਿਲਾਂ ਸੋਚ ਇਹ ਸੀ ਕਿ ਇਹ ਬਿਮਾਰੀ ਸਿਰਫ ਵਡੇਰੀ ਉਮਰ ਵਿਚ ਹੁੰਦੀ ਹੈ ਪਰ ਹੁਣ 40-50 ਸਾਲ ਦੀ ਉਮਰ ਵਾਲੇ ਵੀ ਤਕਲੀਫ ਵਿਚ ਹਨ। ਕਾਰਨ ਕੋਈ 50 ਬਿਮਾਰੀਆਂ ਹਨ ਜੋ ਇਸ ਨੂੰ ਸ਼ੁਰੂ ਕਰ ਦਿੰਦੀਆਂ ਹਨ। ਇਸ ਬਿਮਾਰੀ 'ਤੇ ਕਾਬੂ ਪਾਇਆ ਜਾ ਸਕਦਾ ਹੈ, ਮੇਟਿਆ ਨਹੀਂ ਜਾ ਸਕਦਾ। ਕੈਂਸਰ,



ਵਾਧੂ ਭਾਰ, ਏਡਜ਼ ਤੇ ਜੋੜ, ਹੱਡੀਆਂ ਜਾਂ ਪੱਠਿਆਂ 'ਤੇ ਅਸਰ ਕਰਦੇ ਹਨ।

ਇਸ ਬਿਮਾਰੀ ਦੀ ਪਛਾਣ ਕਰਨ ਲਈ ਡੂੰਘੀ ਪਰਿਵਾਰਕ ਪਿਛੋਕੜ ਦਾ ਪਤਾ ਹੋਣਾ ਜ਼ਰੂਰੀ ਹੈ। ਪਛਾਣ ਲਈ ਪਹਿਲਾਂ ਪ੍ਰਾਇਮਰੀ ਡਾਕਟਰ ਨੂੰ ਮਿਲਣਾ ਜ਼ਰੂਰੀ ਹੈ। ਉਹ ਐਕਸ-ਰੇ, ਸੀਟੀ ਸਕੈਨ, ਐਮ. ਆਰ. ਆਈ., ਅਲਟਰਾ ਸਾਊਂਡ, ਲੈਬ ਟੈਸਟ ਕਰਵਾਏਗਾ। ਅੱਜ ਕੱਲ੍ਹ ਨਵਾਂ ਟੈਸਟ ਆਇਆ ਹੈ, Dual Energy CT Scan, ਇਹ ਵਧੇਰੇ ਲਾਹੇਵੰਦ ਹੈ। ਟੈਸਟ ਮਹਿੰਗੇ ਤਾਂ ਹਨ ਪਰ ਆਮ ਤੌਰ 'ਤੇ ਮੈਡੀਕੇਅਰ ਤੇ ਹੋਰ ਬੀਮਾ ਕੰਪਨੀਆਂ ਖਰਚ ਦੇ ਦਿੰਦੀਆਂ ਹਨ।

ਉਨ੍ਹਾਂ ਦੱਸਿਆ ਕਿ ਇਹ ਬਿਮਾਰੀ ਹੱਥ, ਪੈਰ ਜਾਂ ਕਮਰ ਤੋਂ ਸ਼ੁਰੂ ਹੋ ਸਕਦੀ ਹੈ। ਜੇ ਸਵੇਰੇ ਕਮਰ ਦਰਦ ਅੱਧੇ ਘੰਟੇ ਤੋਂ ਵੱਧ ਰਹਿੰਦਾ ਹੈ ਤਾਂ ਜ਼ਰੂਰ ਡਾਕਟਰ ਨੂੰ ਮਿਲਣਾ ਚਾਹੀਦਾ ਹੈ। ਕਈ ਵਾਰ ਰੋਗ ਪਛਾਣਨ ਲਈ ਇਕ ਤੋਂ ਵੱਧ ਡਾਕਟਰਾਂ ਨੂੰ ਵੀ ਮਿਲਣਾ ਪੈ ਸਕਦਾ ਹੈ। ਔਰਤਾਂ ਨੂੰ ਮਾਹਵਾਰੀ ਖਤਮ ਹੋਣ ਤੋਂ ਬਾਅਦ ਵੱਧ ਤਕਲੀਫ ਹੁੰਦੀ ਹੈ। ਜੇ ਅੱਖਾਂ ਤੇ ਮੂੰਹ ਲੋੜ ਤੋਂ ਵੱਧ ਖੁਸ਼ਕ ਰਹਿੰਦੇ ਹਨ ਤਾਂ ਡਾਕਟਰ ਦਾ ਮਸ਼ਵਰਾ ਲੈਣਾ ਚਾਹੀਦਾ ਹੈ। ਗੋਡਿਆਂ ਵਿਚ ਪਾਣੀ ਉਤਰ ਆਉਂਦਾ ਹੈ, ਜਿਸ ਨੂੰ ਟੀਕੇ ਨਾਲ ਕੱਢਿਆ ਜਾ ਸਕਦਾ ਹੈ। ਦਵਾਈਆਂ ਦੇ ਕੇ ਪਾਣੀ ਸੁਕਾਇਆ ਜਾ ਸਕਦਾ ਹੈ ਪਰ ਹਰ ਦਵਾਈ ਦੇ ਭੈੜੇ ਅਸਰ ਹੁੰਦੇ ਹਨ। ਕਈ ਦਵਾਈਆਂ ਜਿਗਰ ਤੇ ਗੁਰਦਿਆਂ 'ਤੇ ਮਾੜਾ ਅਸਰ ਕਰਦੀਆਂ ਹਨ, ਇਸ ਲਈ ਵਧੇਰੇ ਸਮੇਂ ਤੱਕ ਲਈ ਜਾਣ ਵਾਲੀ ਕੋਈ ਵੀ ਦਵਾਈ ਡਾਕਟਰ



ਦੀ ਸਲਾਹ ਤੋਂ ਬਿਨਾ ਨਹੀਂ ਲੈਣੀ ਚਾਹੀਦੀ। ਕਈ ਵਾਰ ਹੱਡੀਆਂ ਲੋੜੋਂ ਵੱਧ ਵਧ ਜਾਂਦੀਆਂ ਹਨ। ਕੁਝ ਤਾਂ ਅਪ੍ਰੇਸ਼ਨ ਨਾਲ ਕੱਟੀਆਂ ਜਾ ਸਕਦੀਆਂ ਹਨ ਤੇ ਕਈਆਂ ਦਾ ਇਲਾਜ ਦਵਾਈਆਂ ਅਤੇ ਕਸਰਤ ਹੀ ਹੈ। ਕਈ ਦਵਾਈਆਂ ਤਾਂ ਦੋ-ਦੋ ਮਹੀਨੇ ਬਾਅਦ ਹੀ ਆਪਣਾ ਅਸਰ ਦਿਖਾਉਂਦੀਆਂ ਹਨ। ਅੱਜ ਕੱਲ੍ਹ ਏ. ਐਨ. ਏ. ਅਤੇ ਆਰ. ਐਫ. ਵਰਗੇ ਟੈਸਟ ਕਰਕੇ ਨਵੀਆਂ ਦਵਾਈਆਂ ਨਾਲ ਵਧੇਰੇ ਕਾਮਯਾਬੀ ਮਿਲ ਰਹੀ ਹੈ। ਡਾ. ਅਨੰਦ ਨੇ ਦੱਸਿਆ ਕਿ ਇਲਾਜ ਲਈ ਕਈ ਵਾਰ Targeted Therapy ਵੀ ਕੀਤੀ ਜਾਂਦੀ ਹੈ। ਮਰੀਜ਼ਾਂ ਨੂੰ ਚਾਹੀਦਾ ਹੈ ਕਿ ਨਸ਼ੇ ਵਾਲੀਆਂ ਦਵਾਈਆਂ ਲਗਾਤਾਰ ਨਾ ਲੈਣ। ਇਸੇ ਤਰ੍ਹਾਂ ਸਟੀਰੌਇਡ (Steroid) ਵੀ ਬਹੁਤੀ ਦੇਰ ਨਹੀਂ ਲੈਣੇ ਚਾਹੀਦੇ। ਸਾਡਾ ਸਰੀਰ ਵੀ ਸਟੀਰੌਇਡ ਬਣਾਉਂਦਾ ਹੈ। ਬਹੁਤੀ ਦੇਰ ਬਾਜ਼ਾਰੀ ਸਟੀਰੌਇਡ ਲੈਣ ਨਾਲ ਸਰੀਰ ਸਟੀਰੌਇਡ ਬਣਾਉਣੇ ਬੰਦ ਕਰ ਦਿੰਦਾ ਹੈ।

ਕੁਝ ਲੋਕਾਂ ਨੂੰ Gluten Free ਖੁਰਾਕ ਤੇ ਜਾਣ ਨਾਲ ਆਰਾਮ ਮਿਲਦਾ ਹੈ। ਰੀਹ ਦੀ ਬਿਮਾਰੀ ਪੁਰਾਣੀਆਂ ਚੋਟਾਂ ਲਗਣ ਨਾਲ ਵੀ ਸ਼ੁਰੂ ਹੋ ਜਾਂਦੀ ਹੈ; ਜਿਵੇਂ ਉਲਟੀਆਂ-ਸਿੱਧੀਆਂ ਛਾਲਾਂ ਲਾਉਣ ਨਾਲ ਜਾਂ ਖਿਡਾਰੀਆਂ-ਪਹਿਲਵਾਨਾਂ ਦੇ ਦਾਅ-ਪੇਚਾਂ ਕਾਰਨ। ਗੋਡਿਆਂ ਦੇ ਦਰਦ ਤੋਂ ਆਰਾਮ ਅੱਧੀਆਂ ਬੈਠਕਾਂ ਲਾਉਣ ਨਾਲ ਕਾਫੀ ਹੱਦ ਤੱਕ ਆ ਸਕਦਾ ਹੈ। ਕਸਰਤ ਦਿਨੇ 10-12 ਵਾਰ ਕੀਤੀ ਜਾਵੇ। ਜੇ ਜੋੜ 'ਤੇ ਪਹਿਲਾਂ ਹੀ ਸੋਜ਼ਿਸ਼ ਹੈ ਤਾਂ ਗਰਮਾਇਸ਼ ਦੀ ਥਾਂ ਬਰਫ ਰੱਖਣੀ ਚਾਹੀਦੀ ਹੈ। ਅੱਜ ਕੱਲ੍ਹ ਅਪ੍ਰੇਸ਼ਨ ਦੌਰਾਨ ਪੂਰਾ ਜੋੜ ਨਾ ਬਦਲ ਕੇ ਘੱਟ ਵੀ ਬਦਲਿਆ ਜਾ ਸਕਦਾ ਹੈ। ਸਟੈਮ ਸੈਲ ਬਹੁਤਾ ਕਾਮਯਾਬ ਨਹੀਂ, ਉਸ ਦੇ ਵੀ ਮਾੜੇ ਅਸਰ ਹੋ ਸਕਦੇ ਹਨ।

ਡਾ. ਅਨੰਦ ਨੇ ਹੋਰ ਦੱਸਿਆ ਕਿ ਕਈਆਂ ਦੇ ਪੈਰਾਂ ਥੱਲੇ ਸੋਜ਼ਿਸ਼ ਹੋ ਜਾਂਦੀ ਹੈ, ਉਨ੍ਹਾਂ ਨੂੰ ਪੈਰਾਂ ਦੀ ਕਸਰਤ ਦਿਨ ਵਿਚ ਦੋ-ਤਿੰਨ ਵਾਰ ਕਰਨੀ ਚਾਹੀਦੀ ਹੈ। ਸਸਤੇ ਜੁੱਤੇ ਵੀ ਨੁਕਸਾਨ ਕਰਦੇ ਹਨ। ਜੁੱਤੇ ਉਹ ਲੈਣੇ ਚਾਹੀਦੇ ਹਨ, ਜੋ ਸਰੀਰ 'ਤੇ ਲਗਣ ਵਾਲੇ ਝਟਕੇ ਨੂੰ ਰੋਕ ਸਕਣ। ਠੰਢ ਵਿਚ ਸਰੀਰ ਨੂੰ ਢਕ ਕੇ ਰੱਖਣਾ ਚਾਹੀਦਾ ਹੈ ਤੇ ਸਰੀਰ ਨੂੰ ਹਿਲਾਉਂਦੇ ਰਹਿਣ ਨਾਲ ਹੀ ਦੁੱਖ ਰਹਿਤ ਰੱਖਿਆ ਜਾ ਸਕਦਾ ਹੈ।

ਡਾ. ਅੰਮ੍ਰਿਤਪਾਲ ਸਿੰਘ ਅਨੰਦ ਐਤਵਾਰ ਨੂੰ ਗੁਰਦੁਆਰਾ ਪੈਲਾਟਾਈਨ ਵਿਚ ਮੁਫਤ ਸੇਵਾ ਵੀ ਮੁਹੱਈਆ ਕਰਦੇ ਹਨ। ਕਮਿਊਨਿਟੀ ਦੀ ਚੜ੍ਹਦੀ ਕਲਾ ਲਈ ਚੱਲਦੇ ਕਾਰਜਾਂ ਵਿਚ ਵੀ ਹਿੱਸਾ ਲੈਂਦੇ ਰਹਿੰਦੇ ਹਨ।

LOOKING FOR THE LOWEST FARES ?
BOOK INTERNATIONAL FLIGHTS, HOTELS, CARS
Price From Chicago To Delhi
Starts from - $ 847
For Other Cities Of The World
Please visit : www.univtravel.com
or Call Us @ 1-888-584-0439
Office Opened 24 x 7
UNIVERSAL TRAVEL
email - utravel@univtravel.com



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA(367-7252)
www.RajaSweets.com

# ਸੰਤ ਰਾਮ ਉਦਾਸੀ

# ਕ੍ਰਾਂਤੀ ਲਈ ਬਲਦਾ ਕਣ ਕਣ

ਕਲਾ ਪਰਿਕਰਮਾ

ਜੇ. ਬੀ. ਸੇਖੋਂ

ਅਜਮੇਰ ਸਿੱਧੂ ਸਿਰਜਣਾ ਦੀ ਊਰਜਾ ਨਾਲ ਭਰਿਆ ਲੇਖਕ ਹੈ। ਉਹ ਸਮਕਾਲ ਦੀ ਪੰਜਾਬੀ ਕਹਾਣੀ ਦਾ ਅਹਿਮ ਹਸਤਾਖਰ ਹੈ ਪਰ ਇਸ ਦੇ ਨਾਲ ਨਾਲ ਉਹ ਇਤਿਹਾਸ ਦੀ ਗਹਿਰ ਵਿਚ ਗੁਆ ਦਿੱਤੇ ਗਏ ਨਾਇਕਾਂ ਦੇ ਲੋਕ ਮੁਕਤੀ ਲਈ ਲੜੇ ਘੋਲਾਂ ਦੀ ਸਾਂਭ-ਸੰਭਾਲ ਵੀ ਕਰ ਰਿਹਾ ਹੈ। ਮਸ਼ਹੂਰ ਗਦਰੀ ਤੇ ਨਕਸਲੀ ਆਗੂ ਬਾਬਾ ਬੂਝਾ ਸਿੰਘ ਬਾਰੇ ਲਿਖੀ ਪੁਸਤਕ ਉਸ ਦੀ ਇਸੇ ਘਾਲਣਾ ਦਾ ਸਿੱਟਾ ਹੈ, ਜਿਸ ਨੂੰ ਅੰਗਰੇਜ਼ੀ ਵਿਚ ਅਨੁਵਾਦ ਹੋ ਕੇ ਵੱਡੇ ਪਾਠਕ ਵਰਗ ਤਕ ਪੁੱਜਣ ਦਾ ਮਾਣ ਵੀ ਮਿਲਿਆ ਹੈ। ਸਾਹਿਤਕ ਪੱਤਰਕਾਰੀ ਵਿਚ ਉਹ 'ਰਾਗ' ਮੈਗਜ਼ੀਨ ਦੇ ਸੰਪਾਦਕ ਵਜੋਂ ਕਾਰਜਸ਼ੀਲ ਹੈ। ਸੰਪਾਦਨਾ ਦੇ ਖੇਤਰ ਵਿਚ ਉਹ ਸੰਤ ਰਾਮ ਉਦਾਸੀ ਅਤੇ ਅਵਤਾਰ ਸਿੰਘ ਪਾਸ਼ ਦੇ ਜੀਵਨ, ਸ਼ਖਸੀਅਤ ਅਤੇ ਸਾਹਿਤਕ ਯੋਗਦਾਨ ਪ੍ਰਤੀ ਅਹਿਮ ਪੁਸਤਕਾਂ ਪੇਸ਼ ਕਰ ਚੁਕਾ ਹੈ।

ਵਿਚਾਰ ਅਧੀਨ ਪੁਸਤਕ 'ਕ੍ਰਾਂਤੀ ਲਈ ਬਲਦਾ ਕਣ ਕਣ: ਸੰਤ ਰਾਮ ਉਦਾਸੀ' (ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ) ਵੀ ਉਸ ਵੱਲੋਂ ਸੰਪਾਦਿਤ ਕੀਤੀ ਪੁਸਤਕ ਹੈ, ਜਿਸ ਵਿਚ ਜੁਝਾਰਵਾਦੀ ਕਾਵਿ ਪਰੰਪਰਾ ਦੇ ਅਹਿਮ ਕਵੀ ਸੰਤ ਰਾਮ ਉਦਾਸੀ ਦੇ ਜੀਵਨ ਸਰੋਕਾਰ, ਵਿਚਾਰਧਾਰਾ ਅਤੇ ਕਾਵਿ ਯੋਗਦਾਨ ਨੂੰ ਕਈ ਕੋਣਾਂ ਤੋਂ ਪੇਸ਼ ਕੀਤਾ ਗਿਆ ਹੈ। ਕਿਤਾਬ ਦੇ ਸੱਤ ਭਾਗ ਬਣਾ ਕੇ ਸੰਪਾਦਕ ਨੇ ਆਪਣੀ ਸੰਪਾਦਨ ਕਲਾ ਦਾ ਨਮੂਨਾ ਪੇਸ਼ ਕੀਤਾ ਹੈ, ਜਿਨ੍ਹਾਂ ਵਿਚ ਇਕ ਭਾਗ ਸੰਤ ਰਾਮ ਉਦਾਸੀ ਦੇ ਪਰਿਵਾਰਕ ਮੈਂਬਰਾਂ, ਲਹਿਰ ਵਿਚਲੇ ਸਾਥੀਆਂ ਅਤੇ ਉਦਾਸੀ ਦੇ ਨਾਲ ਵਿਚਰੀਆਂ ਹੋਰ ਸ਼ਖਸੀਅਤਾਂ ਦੀਆਂ ਲਿਖਤਾਂ ਨਾਲ ਸਬੰਧਤ ਹੈ। ਇਨ੍ਹਾਂ ਲਿਖਤਾਂ ਨੂੰ ਪੜ੍ਹ ਕੇ ਸੰਤ ਰਾਮ ਉਦਾਸੀ ਬਣਨ ਦੀ ਸਮੁੱਚੀ ਪ੍ਰਕ੍ਰਿਆ ਨੂੰ ਸਮਝਿਆ ਜਾ ਸਕਦਾ ਹੈ ਪਰ ਨਾਲ ਹੀ ਉਸ ਵਿਵਸਥਾ ਬਾਰੇ ਵੀ ਸਮਝ ਬਣਾਈ ਜਾ ਸਕਦੀ ਹੈ, ਜੋ ਨਾਬਰ ਹੋਈਆਂ ਆਵਾਜ਼ਾਂ ਨੂੰ ਮੌਨ ਕਰਨ ਲਈ ਵੱਖੋ ਵੱਖਰੇ ਹੱਥਕੰਡੇ ਅਪਨਾਉਂਦੀ ਹੈ। ਇਹ ਕਾਂਡ ਸੰਤ ਰਾਮ ਉਦਾਸੀ ਨਾਲ ਜੁੜੀਆਂ ਕਈ ਮਿੱਥਾਂ ਦਾ ਭੰਜਨ ਵੀ ਕਰਦਾ ਹੈ, ਜਿਵੇਂ ਉਦਾਸੀ ਦਾ ਲਾਲ ਕਿਲ੍ਹੇ 'ਤੇ ਕਵਿਤਾ ਪੇਸ਼ ਕਰਨਾ, ਉਸ ਦਾ ਸਿੱਕਿਆਂ ਨਾਲ ਤੋਲਾ ਕਰਨਾ, ਸ਼ਰਾਬ ਪੀਣਾ ਆਦਿ। ਇਸ ਕਾਂਡ ਦੇ ਨਾਲ-ਨਾਲ ਕਿਤਾਬ ਦੀ ਭੂਮਿਕਾ ਵਿਚ ਅਜਮੇਰ ਸਿੱਧੂ ਨੇ ਵੀ ਇਨ੍ਹਾਂ ਮਿੱਥਾਂ ਬਾਰੇ ਸੰਵਾਦ ਰਚਾ ਕੇ ਸਿੱਧ ਕੀਤਾ ਹੈ ਕਿ ਕਮਿਊਨਿਸਟ ਗਰੁਪਾਂ ਅਤੇ ਸਮਕਾਲੀ ਵਿਚਾਰਧਾਰਾ ਦੇ ਆਗੂਆਂ ਨੇ ਜਿੰਨਾ ਕੁ ਕੰਮ ਸਟੇਟ ਵਿਰੁਧ ਕੀਤਾ ਹੈ, ਓਨਾ ਕੰਮ ਇਕ-ਦੂਜੇ ਨੂੰ ਭੰਡਣ ਦਾ ਵੀ ਕੀਤਾ ਹੈ। ਇਸ ਵਿਵਸਥਾ ਵਿਚ ਉਦਾਸੀ ਨੂੰ ਸਭ ਤੋਂ ਜ਼ਿਆਦਾ ਪੀਸਿਆ ਗਿਆ ਅਤੇ ਉਸ ਦੀ ਵਿਚਾਰਧਾਰਾ ਦੀ ਆਪੋ-ਆਪਣੇ ਹਿਤਾਂ ਲਈ ਚੀਰ-ਫਾੜ ਕੀਤੀ ਗਈ। ਇਸੇ ਕਰਕੇ ਉਦਾਸੀ ਇਨਕਲਾਬੀ ਸ਼ਾਇਰਾਂ ਵਾਂਗ ਆਪਣੀ ਜ਼ਿੰਦਗੀ ਜਿਉਂਦਾ ਰਿਹਾ, ਪਰ ਉਸ ਦੀ ਮੌਤ ਇਨਕਲਾਬੀਆਂ ਵਾਂਗ ਨਹੀਂ ਹੋਈ ਸਗੋਂ ਉਸ ਦੀ ਮੌਤ ਪਿਛੋਂ ਉਸ ਦੀ ਕਵਿਤਾ ਦੇ ਮਨਭਾਉਂਦੇ ਪ੍ਰਸੰਗ ਆਪੋ-ਆਪਣੀ ਵਿਆਖਿਆ ਕਰਕੇ ਪੇਸ਼ ਕੀਤੇ ਜਾਂਦੇ ਰਹੇ। ਕੋਈ ਉਦਾਸੀ ਨੂੰ ਸ਼ੁੱਧ ਕਾਮਰੇਡ ਕਹਿੰਦਾ ਰਿਹਾ, ਕੋਈ ਸਿੱਖ ਸਰੋਕਾਰਾਂ ਵਾਲਾ ਕਵੀ ਅਤੇ ਕਿਸੇ ਨੇ ਉਸ ਨੂੰ ਦਲਿਤ ਕਵੀ ਵਜੋਂ ਪਰਿਭਾਸ਼ਤ ਕੀਤਾ।




ਅਸਲ ਵਿਚ ਉਦਾਸੀ ਸੱਤਾ ਵਲੋਂ ਮੌਨ ਕਰਕੇ ਸੁੱਟੀ ਧਿਰ ਦਾ ਤਰਜਮਾਨ ਸੀ। ਉਸ ਦੀ ਜ਼ਿੰਦਗੀ ਅਤੇ ਕਵਿਤਾ ਸ਼ਬਦ ਤੋਂ ਕਰਮ ਦੀ ਯਾਤਰਾ ਵਾਲੀ ਸੀ। ਉਸ ਦੀ ਕਵਿਤਾ ਨੇ ਰਵਾਇਤੀ ਕਾਵਿ ਸ਼ਾਸਤਰ ਦਾ ਹੀ ਭੰਜਨ ਨਹੀਂ ਕੀਤਾ ਸਗੋਂ ਕਵੀ ਦੀ ਵਿਹਾਰਕ ਤੌਰ 'ਤੇ ਸਮਾਜਕ ਭੂਮਿਕਾ ਬਾਰੇ ਵੀ ਨਵੀਂ ਲੀਹ ਪਾਈ। ਉਹ ਕਵਿਤਾ ਦੁਆਰਾ ਜ਼ਿੰਦਗੀ ਜਿਉਣ ਦਾ ਫਲਸਫਾ ਦੇਣ ਵਾਲਾ ਕਵੀ ਹੋਇਆ ਹੈ, ਜਿਸ ਉਤੇ ਸੱਤਾ ਦੇ ਕੀਤੇ ਜਬਰ ਨੇ ਉਸ ਨੂੰ ਲੋਕ ਕਵੀ ਬਣਾ ਦਿੱਤਾ। ਇਹ ਸਰੋਕਾਰ ਕਿਤਾਬ ਦਾ ਹਿੱਸਾ ਬਣੇ ਹਨ ਅਤੇ ਉਦਾਸੀ ਦੇ ਪਰਿਵਾਰਕ ਮੈਂਬਰਾਂ, ਮਿੱਤਰਾਂ ਅਤੇ ਸਮਕਾਲੀ ਲੇਖਕਾਂ ਨੇ ਉਸ ਬਾਰੇ ਖੁੱਲ੍ਹ ਕੇ ਲਿਖ ਕੇ ਸੰਤ ਰਾਮ ਉਦਾਸੀ ਬਣਨ ਦੀ ਸਮੁੱਚੀ ਸਿਰਜਣ ਪ੍ਰਕ੍ਰਿਆ ਪੇਸ਼ ਕੀਤੀ ਹੈ।

ਕਿਤਾਬ ਦਾ ਇਕ ਭਾਗ ਸੰਤ ਰਾਮ ਉਦਾਸੀ ਦੇ ਸਮਕਾਲ ਵਿਚ ਵਿਚਰੇ ਸਾਹਿਤਕਾਰਾਂ ਵਲੋਂ ਉਸ ਦੀਆਂ ਲਿਖਤਾਂ ਬਾਰੇ ਕੀਤੀ ਆਲੋਚਨਾ ਦਾ ਹੈ। ਇਸ ਅੰਦਰ ਆਲੋਚਨਾ ਵਾਲੀ ਬੌਧਿਕਤਾ ਵੀ ਹੈ ਅਤੇ ਸ਼ਬਦ ਚਿੱਤਰਾਂ ਵਾਲੀ ਭਾਵੁਕਤਾ ਵੀ। ਇਹ ਭਾਗ ਉਦਾਸੀ ਦੀ ਆਵਾਜ਼, ਉਸ ਦੀ ਗੀਤਕਾਰੀ, ਕਾਵਿ ਸੰਵੇਦਨਾ ਤੋਂ ਫੈਲ ਕੇ ਉਸ ਦੇ ਸੁੱਖਾਂ-ਦੁੱਖਾਂ, ਦਰਦਾਂ, ਸੁਪਨਿਆਂ ਅਤੇ ਸੰਘਰਸ਼ਾਂ ਦੇ ਅੰਗ-ਸੰਗ ਹੈ। ਪਰਿਵਾਰ ਦੇ ਸੰਗੀ ਸਾਥੀਆਂ ਨਾਲ ਕੀਤਾ ਬਾਇਸਕੋਪ ਇਸ ਕਿਤਾਬ ਦਾ ਅਹਿਮ ਹਾਸਲ ਹੈ, ਜਿਸ ਵਿਚ ਦਰਸ਼ਨ ਸਿੰਘ ਖਟਕੜ, ਬਾਰੂ ਸਤਵਰਗ, ਸਰਦਾਰਾ ਸਿੰਘ ਮਾਹਲ, ਸੁਖਦਰਸ਼ਨ ਨੱਤ, ਬਿੱਕਰ ਸਿੰਘ ਕੰਮੇਆਣਾ, ਇਕਬਾਲ ਕੌਰ ਉਦਾਸੀ, ਮਨਦੀਪ ਆਦਿ ਦੀਆਂ ਲਿਖਤਾਂ ਸ਼ਾਮਲ ਹਨ। ਇਨ੍ਹਾਂ ਰਾਹੀਂ ਉਦਾਸੀ ਦੇ ਜੀਵਨ ਪ੍ਰਸੰਗ ਅਤੇ ਵਿਚਾਰਧਾਰਾਈ ਪ੍ਰਸੰਗ ਨੂੰ ਹੋਰ ਗੰਭੀਰਤਾ ਨਾਲ ਸਮਝਿਆ ਜਾ ਸਕਦਾ ਹੈ। ਉਦਾਸੀ ਨਾਲ ਸਮੇਂ ਸਮੇਂ 'ਤੇ ਲੇਖਕਾਂ ਵਲੋਂ ਕੀਤੀਆਂ ਮੁਲਾਕਾਤਾਂ ਰਾਹੀਂ ਉਦਾਸੀ ਦੀ ਵਿਚਾਰਧਾਰਕ ਸਪਸ਼ਟਤਾ ਅਤੇ ਸਮਾਜਕ ਪ੍ਰਤੀਬੱਧਤਾ ਪੂਰੇ ਜੋਬਨ 'ਤੇ ਪੇਸ਼ ਹੋਈ ਹੈ। ਇਹ ਮੁਲਾਕਾਤਾਂ ਬਹੁਤ ਗੰਭੀਰ ਹਨ ਅਤੇ ਕਮਿਊਨਿਸਟਾਂ ਦੇ ਕਿਰਦਾਰ ਅਤੇ ਕਮਿਊਨਿਸਟ ਚਿੰਤਨ ਬਾਰੇ ਅਹਿਮ ਸਵਾਲਾਂ ਨਾਲ ਭਰੀਆਂ ਹਨ। ਇਨ੍ਹਾਂ ਨਾਲ ਕਮਿਊਨਿਸਟ ਲਹਿਰ ਦੇ ਉਤਰਾ-ਚੜ੍ਹਾ, ਅੰਤਰ-ਵਿਰੋਧ ਅਤੇ ਸੱਤਾ ਨਾਲ ਵਿਰੋਧ ਤੇ ਸਾਂਝ ਦੀ ਸਮਾਨੰਤਰ ਸੁਰ ਵੀ ਪਛਾਣੀ ਜਾ ਸਕਦੀ ਹੈ। ਮੁਲਾਕਾਤਾਂ ਸਿੱਧ ਕਰਦੀਆਂ ਹਨ ਕਿ ਸੱਤਾ ਕਿਵੇਂ ਵਿਰੋਧ ਕਰਦੀਆਂ ਜਾਪਦੀਆਂ ਧਿਰਾਂ ਨੂੰ ਆਪਣੇ ਮੁਫਾਦ ਲਈ ਵਰਤ ਜਾਂਦੀ ਹੈ ਅਤੇ ਕਈ ਵਾਰ ਇਸ ਦਾ ਪਤਾ ਸੰਘਰਸ਼ ਕਰਦੀਆਂ ਧਿਰਾਂ ਅਤੇ ਰੌਸ਼ਨ ਦਿਮਾਗ ਲੋਕਾਂ ਨੂੰ ਵੀ ਨਹੀਂ ਲੱਗਦਾ।

ਕਿਤਾਬ ਵਿਚ ਸੰਤ ਰਾਮ ਉਦਾਸੀ ਨੂੰ ਕਾਵਿ ਸ਼ਰਧਾਂਜਲੀ ਵਾਲੀਆਂ ਲਿਖਤਾਂ ਵੀ ਹਨ। ਉਸ ਬਾਰੇ ਵੱਖ-ਵੱਖ ਯੂਨੀਵਰਸਿਟੀਆਂ ਵਿਚ ਹੋਏ ਖੋਜ ਕਾਰਜਾਂ ਦਾ ਵੇਰਵਾ ਵੀ ਦਰਜ ਹੈ। ਇਸ ਦੇ ਨਾਲ ਨਾਲ ਉਦਾਸੀ ਦੇ ਪਿੰਡ ਰਾਏਸਰ ਦਾ ਮੌਖਿਕ ਇਤਿਹਾਸ, ਉਸ ਦਾ ਰਚਨਾ ਸੰਸਾਰ, ਸਿਲੇਬਸਾਂ ਵਿਚ ਸੰਤ ਰਾਮ ਉਦਾਸੀ ਆਦਿ ਵੇਰਵੇ ਵੀ ਦਰਜ ਹਨ।

ਕੁਲ ਮਿਲਾ ਕੇ ਅਜਮੇਰ ਸਿੱਧੂ ਵਲੋਂ ਸੰਪਾਦਿਤ ਇਹ ਕਿਤਾਬ ਸੰਤ ਰਾਮ ਉਦਾਸੀ ਬਾਰੇ ਗਹਿਰ ਗੰਭੀਰ ਅਤੇ ਬੌਧਿਕ ਪੱਖ ਤੋਂ ਉਤਮ ਕਾਰਜ ਕਰ ਕੇ ਵੱਖਰੇ ਦਸਤਾਵੇਜ਼ ਵਜੋਂ ਪਛਾਣ ਬਣਾਉਣ ਦੇ ਸਮਰੱਥ ਹੈ। ਉਦਾਸੀ ਬਾਰੇ ਮੌਖਿਕ ਤੌਰ 'ਤੇ ਤੁਰੀਆਂ ਆ ਰਹੀਆਂ ਮਿੱਥਾਂ, ਉਦਾਸੀ ਨੂੰ ਵੱਖ-ਵੱਖ ਧਿਰਾਂ ਵੱਲੋਂ 'ਆਪੋ ਆਪਣਾ' ਸਿੱਧ ਕਰਨ ਦੇ ਲਿਖਤੀ ਉਪਰਾਲਿਆਂ ਦਾ ਤੱਤਾ ਪ੍ਰਤੀਕਰਮ ਦੇਣ ਜਾਂ ਵਿਰੋਧ ਕਰਨ ਵਾਲੀ ਸੁਰ ਤੋਂ ਇਹ ਕਿਤਾਬ ਦੂਰ ਹੈ। ਇਸ ਕਰਕੇ ਵੀ ਕਿਤਾਬ ਪੜ੍ਹਨ ਯੋਗ ਬਣੀ ਹੋਈ ਹੈ। ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਪਾਸ਼ ਵਰਗੇ ਜੁਝਾਰਵਾਦੀਆਂ ਦੀ ਕਵਿਤਾ ਦਾ ਲੋਕ ਪ੍ਰਵਾਨ ਹੋਣਾ ਇਨ੍ਹਾਂ ਦੀ ਅਮਲੀ ਕੁਰਬਾਨੀ ਕਰਕੇ ਹੈ। ਇਹ ਲਫਜ਼ਾਂ ਤੋਂ ਕਰਮ ਤਕ ਦੇ ਪਾਂਧੀ ਹਨ। ਇਨ੍ਹਾਂ ਦੇ ਸੰਘਰਸ਼ ਅਤੇ ਵਿਚਾਰਧਾਰਾ ਨੂੰ ਵੱਖ-ਵੱਖ ਸਿਰਿਆਂ ਤੋਂ ਪਰਿਭਾਸ਼ਤ ਕਰਨ ਵਾਲਾ ਵਰਤਾਰਾ ਸੱਤਾ ਲਈ ਸਭ ਤੋਂ ਵੱਧ ਲਾਭਕਾਰੀ ਸਿੱਧ ਹੁੰਦਾ ਹੈ। ਇਸ ਕੋਣ ਤੋਂ ਵਿਚਾਰਿਆਂ ਸਿੱਧੂ ਦੀ ਇਸ ਕਿਤਾਬ ਦਾ ਸਵਾਗਤ ਕਰਨਾ ਬਣਦਾ ਹੈ। ਅੱਜ ਦੇ ਜ਼ੁਬਾਨਬੰਦੀ ਵਾਲੇ ਦੌਰ ਵਿਚ ਅਜਿਹੀਆਂ ਕਿਤਾਬਾਂ ਦੀ ਸਾਰਥਕਤਾ ਹੋਰ ਵੀ ਜ਼ਿਆਦਾ ਗੂੜ੍ਹੀ ਹੁੰਦੀ ਹੈ।



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 24 ਨਵੰਬਰ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-352



***ਫੁੱਲ ਦੇਖ ਕੇ ਫੁੱਲਾਂ ਵਾਂਗੂੰ ਖਿੜਿਆ ਪਿਆਰਾ ਫੁੱਲ***
***ਦੇਖ ਕੇ ਸੱਜਣੋ ਬੱਚਿਆਂ ਤਾਈਂ ਦੁੱਖ ਜਾਂਦੇ ਨੇ ਭੁੱਲ!***

## ਕੈਪਸ਼ਨ ਮੁਕਾਬਲਾ-350



ਮਾਂ ਬਾਪੂ ਟੁਰ ਗਏ ਕੰਮੀਂ
ਨੰਨ੍ਹੀ ਨੂੰ ਜ਼ਿੰਮੇਵਾਰੀ ਦੇ ਮੋਟੀ।
ਛਿਟੀਆਂ ਡਾਹ ਤਾਅਵੇ ਚੁੱਲ੍ਹਾ
ਨਿੱਕੇ ਹੱਥੀਂ ਬਣਾਵੇ ਰੋਟੀ।
ਪੇੜਾ ਰੱਖ ਕੇ ਚੱਕਲੇ ਉਤੇ
ਵੇਲਣੇ ਨਾਲ ਵਧਾਵੇ ਰੋਟੀ।
ਸੁਘੜ ਸਿਆਣੀ ਛੋਟੀ ਉਮਰੇ
ਰਾੜ੍ਹ ਕੇ ਛਾਬੇ ਪਾਵੇ ਰੋਟੀ।
***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਮੰਮੀ ਨੂੰ ਤਾਂ ਕੰਮ ਬੜੇ ਨੇ
ਮੈਂ ਵੀ ਭੋਰਾ ਹੱਥ ਵਟਾਵਾਂ।
ਹੌਲੀ ਹੌਲੀ ਗੋਲ ਬਣ ਜਾਊ
ਵਿੰਗੀ ਟੇਢੀ ਲਾਹੀ ਜਾਵਾਂ।
ਸਿੱਖਿਆ ਤੇਰੇ ਕੰਮ ਆਊਗਾ
ਮੰਮੀ ਦੇ ਮੈਂ ਬੋਲ ਪੁਗਾਵਾਂ।
***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਭਾਸਦੀ ਰਹੀ ਬੱਚੀ ਜੰਮਣ ਤੋਂ ਵੀ
ਕਿੰਜ ਰੋਟੀ-ਟੁੱਕ ਬਣਦਾ।
ਜਿੰਨੀ ਨਿੱਕੀ ਉਨੀ ਤਿੱਖੀ
ਗੁੰਨ ਆਟਾ, ਬਣਾ ਪੇੜੇ
ਵੇਲ ਵੇਲ ਗੋਲ ਰੋਟੀਆਂ ਚੱਕਲੇ 'ਤੇ
ਝੋਕ ਬਾਲਣ ਚੁੱਲ੍ਹੇ 'ਚ
ਰਾੜ੍ਹ ਰੋਟੀਆਂ, ਤਵੇ 'ਤੇ
ਹੈਰਾਨ ਕਰ ਦਿੱਤਾ ਸਭ ਨੂੰ
ਇਕ ਨਹੀਂ ਸਾਰੀ ਤੌਣ ਪਕਾ ਦਿੱਤੀ।
***-ਦਰਸ਼ਨਪਾਲ ਦੋਸਾਂਝ***

---

ਦਾਨੀ-ਸਾਨੀ ਬਣ ਕੇ ਗੁੱਡੋ
ਰੋਟੀ ਰਹੀ ਹੈ ਵੇਲ।
ਚੱਕਲਾ, ਵੇਲਣਾ, ਆਟਾ ਸਭ ਕੁਝ
ਉਸ ਨੂੰ ਜਾਪੇ ਖੇਲ੍ਹ।
***-ਦਵਿੰਦਰ ਕੌਰ***

---

ਨਾ ਮੈਂ ਪੱਥਰ, ਨਾ ਚਿੜੀ ਕਹਾਵਾਂ।
ਮੈਂ ਕਲਪਨਾ ਚਾਵਲਾ, ਉਡਾਰੀਆਂ ਲਾਵਾਂ।
ਵਿਚ ਮੈਦਾਨੇ ਜੰਗ ਦੇ, ਮੈਂ ਝਾਂਸੀ ਰਾਣੀ।
ਚੁੱਲ੍ਹੇ ਚੌਂਕੇ ਵਿਚ, ਮੈਂ ਹਾਂ ਧੀ ਸਿਆਣੀ।
***-ਗੁਰਦੇਵ ਸਿੰਘ ਢਪਾਲੀ, ਬਠਿੰਡਾ***
***ਫੋਨ: 91-94176-49275***

---

ਤੇਰਾ ਭਾਣਾ ਮੀਠਾ ਲਾਗੇ
ਕਹਿੰਦੇ ਲੋਕ ਸਿਆਣੇ।
ਪਰ ਭਾਣਾ ਮੰਨਣਾ ਡਾਢਾ ਔਖਾ
ਜਿਸ ਤਨ ਲਾਗੀ ਸੋਈ ਜਾਣੇ।
ਮਾਪਿਆਂ ਬਾਝੋਂ ਕੋਈ ਨਾ ਪੁੱਛਦਾ
ਰੁਲ ਜਾਂਦੀ ਜਿੰਦ ਨਿਆਣੀ।
ਹੱਥੋਂ ਟੁੱਕ ਕਾਂ ਖੋਹ ਲੈ ਜਾਂਦੇ
ਅਕਹਿ ਇਹ ਦਰਦ ਕਹਾਣੀ।
***-ਮਨਦੀਪ ਸਿੰਘ ਸਿੱਧੂ***

---

ਲਿਆ ਬੇਬੇ ਮੈਂ ਰੋਟੀ ਵੇਲਾਂ
ਤੂੰ ਤਵੇ 'ਤੇ ਪਾ ਦਈਂ।
ਛੱਡ 84 ਦੀਆਂ ਹੁਣ ਗੱਲਾਂ
ਹੋਰ, ਨਾ ਘਬਰਾਈਂ।
ਬਾਪੂ, ਵੀਰਾ ਮਾਰ ਦਿੱਤੇ
(ਪਰ) ਮੈਂ ਤੇ ਹਾਲੇ ਜਿੰਦਾਂ।
ਬੇਸਹਾਰਾ ਤੋਂ ਸਾਹਣੀ ਬਣਾ ਦੂੰ
ਕੰਮ ਕਰੂੰ ਮੈਂ ਇੱਦਾਂ।
***-ਠਾਕਰ ਸਿੰਘ ਬਸਾਤੀ, ਸ਼ਿਕਾਗੋ***

# ਐਡਵੋਕੇਟ ਗੁਰਮੀਤ ਸ਼ੁਗਲੀ ਦੀ ਗੰਭੀਰ ਲਿਖਤ

ਜਾਣ-ਪਛਾਣ

ਗਦਰੀ ਬਾਬਿਆਂ ਦੀ ਯਾਦ 'ਚ ਹੋ ਰਹੇ ਇਕ ਸਮਾਗਮ 'ਚ ਲੈਨਿਨ ਕੱਟ ਦਾਹੜੀ ਵਾਲਾ ਬੰਦਾ ਸਟੇਜ 'ਤੇ ਬੈਠਾ ਦੇਖਿਆ। ਚਿਹਰੇ ਦੀ ਗੰਭੀਰਤਾ ਦੱਸ ਰਹੀ ਸੀ ਕਿ ਇਸ ਅੰਦਰ ਚਿੰਤਨ ਦਾ ਕੋਈ ਦਰਿਆ ਵਗ ਰਿਹਾ ਹੈ। ਜਦੋਂ ਸਟੇਜ ਸੈਕਟਰੀ ਨੇ ਪੇਸ਼ ਕਰਨ ਲਈ ਉਸ ਦਾ ਨਾਂ ਲਿਆ ਐਡਵੋਕੇਟ ਗੁਰਮੀਤ ਸ਼ੁਗਲੀ, ਤਾਂ ਮੇਰਾ ਭਰਮ-ਭੁਲੇਖਾ ਦੂਰ ਹੁੰਦਾ ਜਾਪਿਆ। ਜਿਸ ਦਾ ਨਾਂ ਹੀ 'ਸ਼ੁਗਲੀ' ਹੈ,



**ਸੁਰਿੰਦਰ ਸੋਹਲ**


ਮੈਂ ਉਸ ਬਾਰੇ ਏਨਾ ਗਹਿਰਾ ਕਿਵੇਂ ਸੋਚ ਲਿਆ?

ਉਹ ਸਟੇਜ ਵੱਲ ਵਧ ਰਿਹਾ ਸੀ ਤੇ ਮੈਂ ਸੋਚ ਰਿਹਾ ਸਾਂ, ਇਹ ਬੰਦਾ ਸਟੇਜ 'ਤੇ ਜਾਏਗਾ, ਦੋ ਚਾਰ-ਮਿੰਟ 'ਸ਼ੁਗਲ' ਮਾਰੇਗਾ, ਗੰਭੀਰ ਭਾਸ਼ਣ ਸੁਣ-ਸੁਣ ਕੇ ਨਿੱਸਲ ਹੋਏ ਸਰੋਤੇ ਖਿੜ-ਖਿੜ ਹੱਸਣਗੇ, ਮੌਰ ਸਿੱਧੇ ਕਰਨਗੇ ਤੇ ਇਹ ਵਕਤਾ ਆਪਣੀ ਸ਼ੁਰਲੀ ਚਲਾ ਕੇ ਤੁਰਦਾ ਬਣੇਗਾ।

ਪਰ ਸ਼ੁਗਲੀ ਨੇ ਗੱਲ ਹੀ ਇਥੋਂ ਸ਼ੁਰੂ ਕੀਤੀ, "ਦੋਸਤੋ ਸੋਚਣ ਵਾਲੀ ਗੱਲ ਇਹ ਐ, ਬਈ ਭਗਤ ਸਿੰਘ ਦੇ ਹੱਥੋਂ ਕਿਤਾਬ ਖੋਹ ਕੇ ਪਿਸਤੌਲ ਫੜ੍ਹਾਇਆ ਕਿਹਨੇ? ਭਗਤ ਸਿੰਘ ਨੇ ਤਾਂ ਸਾਰੀ ਉਮਰ ਕਿਤਾਬ ਛੱਡੀ ਨਹੀਂ, ਫਾਂਸੀ ਲੱਗਣ ਤੱਕ ਵੀ ਨਹੀਂ ਛੱਡੀ। ਉਸ ਨੇ ਗੋਲੀ ਜ਼ਿੰਦਗੀ 'ਚ ਸਿਰਫ ਇਕ ਵਾਰ ਚਲਾਈ; ਤੇ ਪਿਸਤੌਲ ਉਸ ਦੇ ਹੱਥ ਹਮੇਸ਼ਾ ਲਈ ਆ ਗਿਆ।"

ਉਦੋਂ ਤੱਕ ਮੈਨੂੰ ਵੀ ਪਤਾ ਨਹੀਂ ਸੀ ਕਿ ਭਗਤ ਸਿੰਘ ਨੇ ਜੀਵਨ 'ਚ ਗੋਲੀ ਸਿਰਫ ਇਕ ਵਾਰ ਚਲਾਈ ਸੀ। ਸ਼ੁਗਲੀ ਸਟੇਜ ਤੋਂ ਬੋਲੀ ਜਾ ਰਿਹਾ ਸੀ, "ਸਾਨੂੰ ਇਹ ਗੱਲ ਲੋਕਾਂ ਨੂੰ ਦੱਸਣੀ ਚਾਹੀਦੀ ਹੈ। ਭਗਤ ਸਿੰਘ ਦੇ ਪਿਸਤੌਲ ਦੀ ਨਹੀਂ, ਉਸ ਦੇ ਵਿਚਾਰਾਂ ਦੀ ਚਰਚਾ ਕਰਨੀ ਚਾਹੀਦੀ ਹੈ।" ਸ਼ੁਗਲੀ ਏਨਾ ਗੰਭੀਰ ਹੋਏਗਾ, ਮੈਂ ਤਾਂ ਸੋਚ ਵੀ ਨਹੀਂ ਸੀ ਸਕਦਾ। ਆਪਣੇ ਵਿਸ਼ੇ ਤੇ ਵਿਚਾਰਧਾਰਾ ਪ੍ਰਤੀ ਉਸ ਦੀ ਸਪੱਸ਼ਟਤਾ ਗੂੜ੍ਹਾ ਪ੍ਰਭਾਵ ਛੱਡ ਰਹੀ ਸੀ।

ਐਡਵੋਕੇਟ ਗੁਰਮੀਤ ਸ਼ੁਗਲੀ ਨਾਲ ਮੈਂ ਪੰਦਰਾਂ ਮਿੰਟ ਵੀ ਬਿਤਾਏ ਹਨ ਅਤੇ ਪੰਜ-ਪੰਜ ਘੰਟੇ ਦਾ ਕਾਰ 'ਚ ਸਫਰ ਵੀ ਕੀਤਾ ਹੈ। ਕਮਾਲ




ਦੀ ਗੱਲ ਹੈ ਕਿ ਉਸ ਕੋਲ ਪੰਦਰਾਂ ਮਿੰਟਾਂ 'ਚ ਗੱਲ ਸਮੇਟਣ ਦੀ ਕਲਾ ਵੀ ਹੈ ਅਤੇ ਪੰਜ-ਪੰਜ ਘੰਟੇ ਮਾਹੌਲ ਨੂੰ ਖੁਸ਼ਗਵਾਰ ਬਣਾਈ ਰੱਖਣ ਦਾ ਹੁਨਰ ਵੀ।

ਜ਼ਿਲ੍ਹਾ ਜਲੰਧਰ ਦੇ ਪਿੰਡ ਮੰਡ ਮੌੜ 1947 ਵਿਚ ਉਸ ਦਾ ਜਨਮ ਹੋਇਆ। ਸਾਰੀ ਉਮਰ ਉਸ ਨੇ ਸੰਘਰਸ਼ 'ਚ ਲੰਘਾਈ। 1965 'ਚ 'ਟੀਚਰ ਟਰੇਨਿੰਗ' ਦਾ ਕੋਰਸ ਕਰ ਕੇ ਉਹ ਸਕੂਲ ਮਾਸਟਰ ਬਣ ਗਿਆ। ਨਾਲ ਦੀ ਨਾਲ ਈਵਨਿੰਗ ਕਾਲਜ, ਜਲੰਧਰ 'ਚ ਪਰੈਪ 'ਚ ਦਾਖਲ ਹੋ ਗਿਆ। ਦਿਨੇ ਪੜ੍ਹਾਉਂਦਾ, ਸ਼ਾਮ ਨੂੰ ਪੜ੍ਹਦਾ। ਇੰਜ 1971 'ਚ ਬੀ. ਏ. ਕਰ ਲਈ। ਫਿਰ ਪੱਤਰ-ਵਿਹਾਰ ਰਾਹੀਂ ਰਾਜਨੀਤੀ ਸ਼ਾਸਤਰ ਦੀ ਐਮ. ਏ. ਕਰ ਲਈ। ਉਸ ਪਿਛੋਂ ਗਿਆਨੀ ਪਾਸ ਕਰ ਕੇ ਐਮ. ਏ. ਪੰਜਾਬੀ ਵੀ ਕਰ ਲਈ।

ਹੌਲੀ-ਹੌਲੀ ਪੌੜੀਆਂ ਚੜ੍ਹਦੇ ਗੁਰਮੀਤ ਸ਼ੁਗਲੀ ਨੂੰ ਪਤਾ ਹੀ ਨਾ ਲੱਗਾ, ਕਦੋਂ ਉਸ ਨੇ ਵਕਾਲਤ ਪਾਸ ਕਰ ਕੇ ਜਲੰਧਰ ਕਚਹਿਰੀਆਂ 'ਚ ਆਪਣਾ ਮੇਜ਼ ਤੇ ਕੁਰਸੀਆਂ ਸੰਗਲ ਨਾਲ ਬੰਨ੍ਹ ਲਏ।

ਨਾ ਸਿਰਫ ਆਪ ਵਕਾਲਤ ਪਾਸ ਕੀਤੀ, ਸਗੋਂ ਦੋਵੇਂ ਬੇਟੇ ਵੀ ਵਕੀਲ ਬਣਾਏ। ਇਕ ਵਾਰ ਇਕ ਬੰਦਾ ਪੰਜਾਬ 'ਚ ਪੈਟਰੋਲ ਪੰਪ 'ਤੇ ਤੇਲ ਪਾਉਂਦਾ ਸੀ। ਜਦੋਂ ਸ਼ੁਗਲੀ ਨੂੰ ਉਸ ਦੀ ਪੜ੍ਹਾਈ ਦਾ ਪਤਾ ਲੱਗਾ ਤਾਂ ਉਸ ਨੂੰ ਕਹਿਣ ਲੱਗਾ, "ਛੱਡ ਤੇਲ ਪਾਉਣਾ। ਆ ਤੈਨੂੰ ਵਕਾਲਤ ਕਰਾ ਦਿਆਂ।" ਤੇ ਉਹ ਬੰਦਾ ਵੀ ਵਕੀਲ ਬਣ ਗਿਆ।

ਨਿੱਕੇ-ਨਿੱਕੇ ਸ਼ੁਗਲ ਕਰਨ ਦੀ ਆਦਤ ਉਸ ਨੂੰ ਬਚਪਨ ਤੋਂ ਹੀ ਸੀ। ਫਿਰ ਸ਼ੁਗਲੀ ਉਸ ਦਾ ਤਖੱਲਸ ਨਹੀਂ, ਪਛਾਣ ਹੀ ਬਣ ਗਿਆ।

ਕੁਝ ਮਹੀਨੇ ਪਹਿਲਾਂ ਉਸ ਦੀ ਕਿਤਾਬ ਛਪੀ ਸੀ, 'ਕਾਨੂੰਨੀ ਨੁਕਤੇ ਤੇ ਆਮ ਆਦਮੀ।' ਇਹ ਕਿਤਾਬ ਦੇਖ ਕੇ ਮੈਨੂੰ ਬੱਸਾਂ 'ਚ ਵਿਕਦੀ ਕਿਤਾਬ 'ਘਰ ਦਾ ਵੈਦ' ਦੀ ਯਾਦ ਆ ਜਾਂਦੀ ਹੈ। ਉਸ ਕਿਤਾਬ ਵਿਚ ਘਰੇਲੂ ਟੋਟਕਿਆਂ ਨਾਲ ਦੰਦ-ਦਾੜ੍ਹ ਦਾ ਦਰਦ, ਸਿਰ-ਦਰਦ, ਬੁਖਾਰ, ਜ਼ੁਕਾਮ ਆਦਿ ਸਾਰੇ ਰੋਗਾਂ ਦਾ ਇਲਾਜ ਸਸਤਾ ਤੇ ਸੌਖਾ ਦੱਸਿਆ ਹੁੰਦਾ ਹੈ।

ਸ਼ੁਗਲੀ ਦੀ ਕਿਤਾਬ ਵਿਚ ਕਰੀਬ 54 ਲੇਖ ਹਨ, ਜਿਨ੍ਹਾਂ ਵਿਚ ਆਮ ਬੰਦੇ ਦੇ ਜੀਵਨ ਵਿਚ ਘਟਣ ਵਾਲੀਆਂ ਘਟਨਾਵਾਂ ਨੂੰ ਕਾਨੂੰਨੀ ਨੁਕਤਾ ਨਿਗਾਹ ਤੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਕੇਸ 'ਚ ਵਰਤੇ ਜਾਣ ਵਾਲੇ ਨੁਕਤਿਆਂ ਨੂੰ ਆਮ ਬੰਦੇ ਦੀ ਬੋਲੀ 'ਚ ਹੀ ਸਮਝਾਇਆ ਗਿਆ ਹੈ। ਕਿਤਾਬ ਪੜ੍ਹ ਕੇ ਸਾਧਾਰਨ ਬੰਦਾ ਵੀ ਅੱਧਾ ਵਕੀਲ ਬਣ ਜਾਂਦਾ ਹੈ। ਇਸ ਕਿਤਾਬ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਪਹਿਲੀ ਗੱਲ ਤਾਂ ਬੰਦਾ ਗਲਤ ਕੰਮ ਕਰਨ ਬਾਰੇ ਸੋਚਦਾ ਹੀ ਨਹੀਂ। ਜੇ ਮਜਬੂਰੀ ਵਸ ਉਸ ਤੋਂ ਕੋਈ ਅਜਿਹਾ ਕੰਮ ਹੋ ਵੀ ਜਾਂਦਾ ਹੈ ਤਾਂ ਅਦਾਲਤੀ ਲੜਾਈ ਲੜਨ ਲਈ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਹੈ, ਉਸ ਦੀ ਸੋਝੀ ਹੋ ਜਾਂਦੀ ਹੈ।

ਜਿਵੇਂ ਕਿਸੇ ਜ਼ਮਾਨੇ 'ਚ ਯੂਨੀਵਰਸਿਟੀਆਂ ਨੇ ਮਨੋ-ਵਿਗਿਆਨ, ਸਮਾਜ-ਵਿਗਿਆਨ ਆਦਿ ਵਿਸ਼ਿਆਂ ਨਾਲ ਸਬੰਧਤ ਕਿਤਾਬਾਂ ਪੰਜਾਬੀ 'ਚ ਲਿਆਉਣ ਦਾ ਉਪਰਾਲਾ ਕੀਤਾ ਸੀ, ਸ਼ੁਗਲੀ ਦੀ ਇਹ ਕਿਤਾਬ ਵੀ ਉਹੋ ਜਿਹਾ ਹੀ ਉਪਰਾਲਾ ਹੈ। ਦੂਜੇ ਸ਼ਬਦਾਂ 'ਚ, ਜੋ ਕੰਮ ਯੂਨੀਵਰਸਿਟੀਆਂ ਨੂੰ ਕਰਨਾ ਚਾਹੀਦਾ ਸੀ, ਸ਼ੁਗਲੀ ਨੇ ਸ਼ੁਗਲ-ਸ਼ੁਗਲ 'ਚ ਹੀ ਕਰ ਦਿੱਤਾ ਹੈ।

ਗੁਰਮੀਤ ਸ਼ੁਗਲੀ ਅਖਬਾਰ 'ਨਵਾਂ ਜ਼ਮਾਨਾ' ਚਲਾ ਰਹੀ ਸੰਸਥਾ 'ਅਰਜਨ ਸਿੰਘ ਗੜਗੱਜ ਫਾਊਂਡੇਸ਼ਨ' ਦਾ ਸਕੱਤਰ ਹੈ। ਉਸ ਦੇ ਲੇਖ ਅਖਬਾਰ 'ਚ ਅਕਸਰ ਛਪਦੇ ਰਹਿੰਦੇ ਹਨ। ਉਹ ਪਾਠਕ ਨੂੰ ਸਾਹਮਣੇ ਰੱਖ ਕੇ ਲਿਖਦਾ ਹੈ। ਇਸੇ ਕਰਕੇ ਉਸ ਦੇ ਲੇਖ ਸੰਖੇਪ ਤਾਂ ਹੁੰਦੇ ਹੀ ਹਨ, ਉਨ੍ਹਾਂ ਦੀ ਭਾਸ਼ਾ ਵੀ ਅਤਿ ਸਰਲ ਹੁੰਦੀ ਹੈ। ਉਸ ਦਾ ਕਾਲਮ 'ਸੁਲਘਦੇ ਮਸਲੇ' ਲਗਾਤਾਰ ਨਵਾਂ ਜ਼ਮਾਨਾ 'ਚ ਛਪਦਾ ਰਿਹਾ ਹੈ, ਜਿਸ ਦੀ ਪਾਠਕਾਂ ਵਲੋਂ ਭਰਪੂਰ ਸ਼ਲਾਘਾ ਕੀਤੀ ਜਾਂਦੀ ਰਹੀ ਹੈ।

ਗੁਰਮੀਤ ਸ਼ੁਗਲੀ ਕੋਲ ਗਰੀਨ ਕਾਰਡ ਹੈ। ਉਹ ਛੇ ਮਹੀਨੇ ਇੰਡੀਆ ਰਹਿੰਦਾ ਹੈ, ਛੇ ਮਹੀਨੇ ਆਪਣੇ ਛੋਟੇ ਬੇਟੇ ਰਮਨ ਮੰਡ ਕੋਲ ਨਿਊ ਯਾਰਕ। ਮਗਰੋਂ ਵਕਾਲਤ ਦਾ ਦਫਤਰ ਉਸ ਦਾ ਐਡਵੋਕੇਟ ਬੇਟਾ ਰਜਿੰਦਰ ਮੰਡ ਸੰਭਾਲਦਾ ਹੈ।

ਗੁਰਮੀਤ ਸ਼ੁਗਲੀ ਬਹੁਤ ਗੰਭੀਰ ਹੈ, ਪਰ ਜਦੋਂ ਉਹ ਮਹਿਫਿਲ 'ਚ ਯਾਰਾਂ ਨਾਲ ਖੁੱਲ੍ਹਦਾ ਜਾਂਦਾ ਹੈ ਤਾਂ ਲਤੀਫੇਬਾਜ਼ੀ ਨਾਲ ਮਹਿਫਿਲ ਲੁੱਟ ਲੈਂਦਾ ਹੈ। ਅਜਿਹੇ ਮਿਹਨਤੀ, ਸਾਫ-ਗੋਅ, ਉਦਮੀ ਅਤੇ ਪ੍ਰੇਰਨਾ ਦੇ ਸਰੋਤ ਬੰਦਿਆਂ ਦੀ ਸਮਾਜ ਨੂੰ ਬਹੁਤ ਲੋੜ ਹੈ।



*(ਖੱਬਿਓਂ ਸੱਜੇ) ਗੁਰਮੀਤ ਸ਼ੁਗਲੀ, ਸੰਗੀਤ ਨੂੰ ਸਮਰਪਿਤ ਸ਼ਖਸੀਅਤ ਰੀਟਾ ਕੋਹਲੀ, ਪਾਕਿਸਤਾਨ ਵਸਦੀ ਉਰਦੂ-ਪੰਜਾਬੀ ਦੀ ਪ੍ਰਸਿੱਧ ਸ਼ਾਇਰਾ ਰਖਸ਼ੰਦਾ ਨਵੀਦ ਅਤੇ ਨਿਊ ਯਾਰਕ ਵਸਦੇ ਉਰਦੂ ਦੇ ਪ੍ਰਸਿੱਧ ਸ਼ਾਇਰ ਮਾਮੂਨ ਏਮਨ।*

---

# ਪੰਜਾਬ, ਪਟੇਲ ਅਤੇ ਛੋਟੂ ਰਾਮ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਬੀਤੇ ਹਫਤੇ ਦੋ ਗੱਲਾਂ ਦੀ ਖੂਬ ਚਰਚਾ ਰਹੀ। ਗੁਜਰਾਤ ਵਿਚ ਭਾਰਤ ਦੇ ਪਹਿਲੇ ਡਿਪਟੀ ਪ੍ਰਧਾਨ ਮੰਤਰੀ ਸਰਦਾਰ ਪਟੇਲ ਦੇ 182 ਫੁੱਟ ਉਚੇ ਬੁੱਤ ਅਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨੂੰ ਬਣਦਾ ਸਥਾਨ ਨਾ ਦਿੱਤੇ ਜਾਣ ਦੀ। 31 ਅਕਤੂਬਰ ਸਰਦਾਰ ਪਟੇਲ ਦਾ ਜਨਮ ਦਿਨ ਸੀ ਤੇ ਪਹਿਲੀ ਨਵੰਬਰ ਪੰਜਾਬੀ ਸੂਬੇ ਦੇ ਹੋਂਦ ਵਿਚ ਆਉਣ ਦਾ ਦਿਨ।

ਪਹਿਲਾਂ ਪੰਜਾਬ ਦੀ ਗੱਲ ਕਰਦੇ ਹਾਂ। ਸੰਨ ਸੰਤਾਲੀ ਦੀ ਦੇਸ਼ ਵੰਡ ਤੋਂ ਪਹਿਲਾਂ ਦੇ ਪੰਜਾਬ



*ਛੋਟੂ ਰਾਮ*

ਵਿਚ ਪਾਕਿਸਤਾਨੀ ਪੰਜਾਬ ਹੀ ਨਹੀਂ, ਅੱਜ ਵਾਲਾ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵੀ ਸ਼ਾਮਲ ਸਨ। ਗੋਰੀ ਸਰਕਾਰ ਗਰਮੀ ਦੀ ਰੁੱਤੇ ਆਪਣਾ ਰਾਜ ਕਾਜ ਸ਼ਿਮਲਾ (ਹਿਮਾਚਲ) ਵਿਚ ਬੈਠ ਕੇ ਚਲਾਉਂਦੀ ਸੀ। ਉਦੋਂ ਹਿੰਦੁਸਤਾਨ ਵਿਚ ਪਾਕਿਸਤਾਨ ਤੇ ਬੰਗਲਾ ਦੇਸ਼ ਵੀ ਸ਼ਾਮਲ ਸਨ। ਸਾਰੇ ਦੇ ਸਾਰੇ।

ਅਜੋਕਾ ਪੰਜਾਬ ਕਿੰਨਾ ਛੋਟਾ ਹੈ, ਸਭ ਜਾਣਦੇ ਹਨ। ਇਸ ਦੇ ਹੋਂਦ ਵਿਚ ਆਉਣ ਨਾਲ ਪੰਜਾਬੀ ਭਾਸ਼ਾ ਦੀ ਸਰਦਾਰੀ ਕਿੰਨੀ ਕੁ ਹੈ, ਉਹ ਵੀ ਦੱਸਣ ਦੀ ਲੋੜ ਨਹੀਂ। ਲੋੜ ਹੈ ਤਾਂ ਪੰਜਾਬ ਦਿਵਸ ਮਨਾਉਣ ਦੀ, ਖਾਸ ਕਰਕੇ ਚੰਡੀਗੜ੍ਹ ਵਿਚ, ਜਿੱਥੇ ਇਸ ਨੂੰ ਇਸ ਦਾ ਬਣਦਾ ਸਥਾਨ ਨਹੀਂ ਮਿਲ ਰਿਹਾ। ਦਿਨ ਦੇ ਦਿਨ। ਪਹਿਲੀ ਨਵੰਬਰ ਨੂੰ ਜਾਂ ਉਸ ਤੋਂ ਥੋੜ੍ਹਾ ਅੱਗੇ-ਪਿੱਛੇ।

ਪਹਿਲੀ ਨਵੰਬਰ ਨੂੰ ਪੰਜਾਬ ਦੀ ਸਿਰਮੌਰ




ਕਲਾ ਸੰਸਥਾ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਸਰੋਕਾਰਾਂ ਨੂੰ ਮੁੱਖ ਰੱਖ ਕੇ ਅਜੋਕੇ ਚਿੰਤਕ ਅਮਰਜੀਤ ਸਿੰਘ ਗਰੇਵਾਲ ਦਾ ਕੁੰਜੀਵਤ ਭਾਸ਼ਣ ਕਰਵਾਇਆ। ਸਰੋਤਿਆਂ ਨੇ ਪੰਜਾਬ ਦੀ ਜਵਾਨੀ ਦੇ ਨਸ਼ਿਆਂ ਦਾ ਸ਼ਿਕਾਰ ਹੋ ਕੇ ਬਦਫੈਲੀਆਂ ਵਲ ਵਧਣ ਜਾਂ ਆਪਣੀ ਜਨਮ ਭੂਮੀ ਛੱਡ ਕੇ ਵਿਦੇਸ਼ਾਂ ਨੂੰ ਲਾਈ ਦੌੜ ਦੇ ਦੁੱਖ ਸੁਣੇ। ਇਹ ਵੀ ਕਿ ਸਮੇਂ ਦੀਆਂ ਸਰਕਾਰਾਂ ਦਾ ਇਸ ਪਾਸੇ ਕੋਈ ਧਿਆਨ ਨਹੀਂ।

ਰਸਾਲਾ 'ਹੁਣ' ਨੇ ਵੀ ਆਪਣਾ ਸਾਲਾਨਾ ਉਤਸਵ ਮਨਾਉਂਦੇ ਸਮੇਂ ਰਾਜਨੀਤੀ ਅਧਿਐਨ ਦੇ ਮਾਹਰ ਪ੍ਰੋ. ਭੁਪਿੰਦਰ ਬਰਾੜ ਨੂੰ ਅਜੋਕੇ ਪੰਜਾਬ ਵਿਚ ਬੁਧੀਜੀਵੀਆਂ ਦੇ ਯੋਗਦਾਨ ਦੀ ਲੋੜ ਉਤੇ ਚਾਨਣ ਪਾਉਣ ਦੀ ਬੇਨਤੀ ਕੀਤੀ। ਵਿਚਾਰ-ਚਰਚਾ ਤੋਂ ਪਿੱਛੋਂ ਨਤੀਜਾ ਇਹ ਨਿਕਲਿਆ ਕਿ ਨਵੀਂ ਪਨੀਰੀ ਰਾਹ ਦਸੇਰਾ ਬਣ ਸਕਦੀ ਹੈ, ਪਰ ਨਵੀਂ ਪਨੀਰੀ ਨੂੰ ਰਾਹ ਪਾਉਣ ਦਾ ਕੰਮ ਕੌਣ ਕਰੇ? ਇਹ ਜਰੂਰ ਮੰਨਿਆ ਗਿਆ ਕਿ ਇਹ ਰੋਗ ਕੇਵਲ ਸਰਕਾਰ ਦੇ ਵੱਸ ਦਾ ਨਹੀਂ।

ਇਸੇ ਤਰ੍ਹਾਂ ਚੰਡੀਗੜ੍ਹ ਪੰਜਾਬੀ ਮੰਚ ਦੇ ਸੱਦੇ ਉਤੇ ਪੰਜਾਬੀ ਹਿਤੈਸ਼ੀਆਂ ਨੇ ਮਿਲ ਕੇ ਚੰਡੀਗੜ੍ਹ (ਯੂ. ਟੀ.) ਦੇ ਸਥਾਪਨਾ ਦਿਵਸ ਨੂੰ ਕਾਲੇ ਦਿਵਸ ਵਜੋਂ ਮਨਾ ਕੇ ਰੋਸ ਮਾਰਚ ਕੀਤਾ। ਜਾਪਦਾ ਹੈ, ਚੰਡੀਗੜ੍ਹ ਵਿਚ ਭਾਸ਼ਾ ਦੀ ਮੰਗ ਵੀ ਅਗਲੇ ਸਾਲ ਦੇ ਪੰਜਾਬੀ ਦਿਵਸ 'ਤੇ ਜਾ ਪਈ ਹੈ। ਜੇ ਧਿਆਨ ਦੇਈਏ ਤਾਂ ਅਸਲ ਮਸਲਾ ਪੰਜਾਬ ਨੂੰ ਲੱਗੇ ਖੋਰੇ ਦਾ ਹੈ, ਜੋ ਨਿੱਕੇ ਤੋਂ ਨਿੱਕਾ ਹੁੰਦਾ ਜਾ ਰਿਹਾ ਹੈ। ਜੇ ਇਹ ਖੋਰਾ ਨਾ ਲਗਦਾ ਤਾਂ ਗੁਜਰਾਤ ਵਾਸੀ ਮਾਇਅਧਾਰੀ ਹੋਣ ਦੇ ਬਾਵਜੂਦ ਅਖੰਡ ਪੰਜਾਬ ਨੂੰ ਮਾਤ ਨਹੀਂ ਸਨ ਪਾ ਸਕਦੇ। ਸਭ ਤੋਂ ਉਚੀ ਮੂਰਤੀ ਜਾਂ ਬੁੱਤ ਸਰ ਛੋਟੂ ਰਾਮ ਦਾ ਬਣਦਾ ਸੀ, ਸਰਦਾਰ ਪਟੇਲ ਦਾ ਨਹੀਂ।

ਛੋਟੂ ਰਾਮ ਨੇ ਗੋਰੀ ਸਰਕਾਰ ਤੋਂ ਨਵਾਂ ਕਾਨੂੰਨ ਬਣਵਾ ਕੇ 1930ਵਿਆਂ ਵਿਚ ਉਨ੍ਹਾਂ ਗਰੀਬ ਕਿਸਾਨਾਂ ਨੂੰ ਸ਼ਾਹੂਕਾਰਾਂ ਦੇ ਪੰਜੇ ਵਿਚੋਂ ਕਢਵਾਇਆ, ਜੋ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਲਈ ਪੈਸੇ ਲੈਣ ਸਮੇਂ ਆਪਣੀ ਜੱਦੀ ਜਮੀਨ ਸ਼ਾਹੂਕਾਰਾਂ ਕੋਲ ਗਹਿਣੇ ਧਰੀ ਬੈਠੇ ਸਨ। ਨਵੇਂ ਕਾਨੂੰਨ ਅਨੁਸਾਰ ਜਿਨ੍ਹਾਂ ਸ਼ਾਹੂਕਾਰਾਂ ਨੂੰ ਗਹਿਣੇ ਰੂਪੀ ਭੂਮੀ ਦਾ ਲਾਭ ਲੈਂਦਿਆਂ ਵੀਹ ਸਾਲ ਤੋਂ ਵਧ ਹੋ ਗਏ ਸਨ, ਉਨ੍ਹਾਂ ਕੋਲ ਗਹਿਣੇ ਪਈ ਭੂਮੀ ਰਾਤੋ ਰਾਤ ਜੱਦੀ ਮਾਲਕਾਂ ਕੋਲ ਚਲੀ ਗਈ



*ਸਰਦਾਰ ਪਟੇਲ ਦਾ 182 ਫੁੱਟ ਉਚਾ ਬੁੱਤ*

ਸੀ। ਇਸ ਨੂੰ ਵੀਹ ਸਾਲਾ ਕਾਨੂੰਨ ਦੀ ਮਾਰ ਹੇਠ ਆਉਣਾ ਕਹਿੰਦੇ ਸਨ।

ਮੈਂ ਆਪਣੇ ਬਚਪਨ ਵਿਚ ਉਸ ਕਾਨੂੰਨ ਦੀ ਲਪੇਟ ਵਿਚ ਆਏ ਸ਼ਾਹੂਕਾਰਾਂ ਦੇ ਪੈਰਾਂ ਥਲਿਉਂ ਧਰਤੀ ਨਿਕਲਣ ਉਤੇ ਉਨ੍ਹਾਂ ਦੀ ਪ੍ਰੇਸ਼ਾਨੀ ਦੇਖ ਚੁਕਾ ਹਾਂ। ਉਨ੍ਹਾਂ ਨੂੰ ਸੱਚ ਮੁੱਚ ਦੇ ਪਾਗਲ ਹੁੰਦਿਆਂ ਵੀ। ਹੋਣੇ ਵੀ ਚਾਹੀਦੇ ਸਨ। ਉਨ੍ਹਾਂ ਨੇ ਸੂਦਖੋਰੀ ਨਾਲ ਛੋਟੀ ਕਿਰਸਾਣੀ ਦਾ ਸੱਤਿਆਨਾਸ ਕਰ ਛੱਡਿਆ ਸੀ।

ਕੀ ਸਰਦਾਰ ਪਟੇਲ ਨੇ ਵੀ ਏਡਾ ਵੱਡਾ ਕਾਰਨਾਮਾ ਕੀਤਾ ਸੀ, ਜਿਸ ਦੀ 182 ਫੁੱਟ ਉਚੀ ਮੂਰਤੀ ਹੋਂਦ ਵਿਚ ਆਈ ਹੈ? ਸਰ ਛੋਟੂ ਰਾਮ ਨੇ ਇਹ ਕੰਮ ਬਰਤਾਨਵੀ ਰਾਜ ਸਮੇਂ ਕੀਤਾ ਸੀ। ਇਸ ਪੱਖ ਤੋਂ ਗੁਜਰਾਤ ਵਾਸੀਆਂ ਦਾ ਪੰਜਾਬ ਨੂੰ ਮਾਤ ਪਾਉਣ ਦਾ ਜੇ ਕੋਈ ਕਾਰਨ ਹੈ ਤਾਂ ਕੇਵਲ ਇਹ ਕਿ ਸਰ ਛੋਟੂ ਰਾਮ ਵਾਲਾ ਪੰਜਾਬ ਖੇਰੂੰ ਖੇਰੂੰ ਹੋ ਚੁਕਾ ਹੈ, ਟੁਕੜੇ ਦਰ ਟੁਕੜੇ। ਇਸ ਦਾ ਅਸਰ ਪੰਜਾਬੀ ਭਾਸ਼ਾ ਉਤੇ ਵੀ ਪਿਆ। ਅਬ ਪਛਤਾਏ ਕਿਆ ਹੋਤ ਜਬ ਚਿੜੀਆ ਚੁਗ ਗਈ ਖੇਤ।

**ਅੰਤਿਕਾ: ਹਜਾਰਾ ਸਿੰਘ ਮੁਸਤਾਕ**

ਤੇਰੇ ਗਲ ਜਿੱਤ ਦੇ ਹਾਰ ਪਏ
ਮੇਰੇ ਸਿਰ ਇਸ ਦਾ ਸਿਹਰਾ ਹੈ,
ਤੂੰ ਹਾਰ ਕੇ ਬਾਜ਼ੀ ਜਿੱਤੀ ਹੈ
ਮੈਂ ਜਿੱਤ ਕੇ ਬਾਜ਼ੀ ਹਾਰੀ ਏ।

# ਦਿੱਲੀ ਵਿਚ ਧੂੰਆਂਖੀ ਧੁੰਦ ਦੀ ਸਮੱਸਿਆ

**ਡਾ. ਗੁਰਿੰਦਰ ਕੌਰ***
ਫੋਨ: 424-362-8759

ਦੇਸ਼ ਦੀ ਰਾਜਧਾਨੀ ਦਿੱਲੀ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਰਦੀਆਂ ਸ਼ੁਰੂ ਹੁੰਦਿਆਂ ਹੀ ਧੂੰਆਂਖੀ ਧੁੰਦ ਦੀ ਲਪੇਟ ਵਿਚ ਆ ਗਈ ਹੈ ਅਤੇ ਲਗਭਗ ਪਿਛਲੇ ਇਕ ਮਹੀਨੇ ਤੋਂ ਹਵਾ ਦੇ ਇਸ ਖਤਰਨਾਕ ਪ੍ਰਦੂਸ਼ਣ ਨਾਲ ਜੂਝ ਰਹੀ ਹੈ। ਮੌਸਮ ਵਿਭਾਗ ਅਨੁਸਾਰ ਆਉਣ ਵਾਲੇ ਦਿਨਾਂ ਵਿਚ ਹਵਾ ਦੇ ਪ੍ਰਦੂਸ਼ਣ ਦੀ ਮਾਰ ਹੋਰ ਵੀ ਵਧ ਸਕਦੀ ਹੈ।

ਦੀਵਾਲੀ ਤੋਂ ਦੂਜੇ ਦਿਨ ਹਵਾ ਦੇ ਪ੍ਰਦੂਸ਼ਣ ਵਿਚ ਇੰਨਾ ਜ਼ਿਆਦਾ ਵਾਧਾ ਹੋ ਗਿਆ ਕਿ ਹਵਾ ਦਾ ਸ਼ੁਧਤਾ ਸੂਚਕ ਖਤਰਨਾਕ ਪੱਧਰ ਤੱਕ ਪਹੁੰਚ ਗਿਆ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਦੀਵਾਲੀ ਤੋਂ ਅਗਲੇ ਦਿਨ ਹਵਾ ਦੇ ਪ੍ਰਦੂਸ਼ਣ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ। ਸੁਪਰੀਮ ਕੋਰਟ ਦੇ ਆਦੇਸ਼ ਕਿ ਦਿੱਲੀ ਵਿਚ ਹਵਾ ਦੇ ਪ੍ਰਦੂਸ਼ਣ ਉਤੇ ਕਾਬੂ ਪਾਉਣ ਲਈ ਇਸ ਸਾਲ 'ਹਰੀ ਦੀਵਾਲੀ' ਮਨਾਈ ਜਾਵੇ ਜਿਸ ਲਈ ਰਸਾਇਣਾਂ ਤੋਂ ਬਿਨਾ ਪਟਾਕੇ ਸਿਰਫ ਦੋ ਘੰਟੇ ਚਲਾਉਣ ਲਈ ਕਿਹਾ ਗਿਆ ਸੀ, ਦੀਆਂ ਦਿੱਲੀ ਨਿਵਾਸੀਆਂ ਨੇ ਸ਼ੱਰੇਆਮ ਧੱਜੀਆਂ ਉਡਾ ਦਿੱਤੀਆਂ।

ਧੂੰਆਂਖੀ ਧੁੰਦ ਹਵਾ ਦੇ ਪ੍ਰਦੂਸ਼ਣ ਦੀ ਇਕ ਬਹੁਤ ਹੀ ਭਿਆਨਕ ਕਿਸਮ ਹੈ, ਜੋ ਮਨੁੱਖਾਂ, ਜੀਵ-ਜੰਤੂਆਂ ਅਤੇ ਹਰ ਤਰ੍ਹਾਂ ਦੀ ਬਨਸਪਤੀ ਲਈ ਹਾਨੀਕਾਰਕ ਹੈ। ਹਵਾ ਦੇ ਇਸ ਪ੍ਰਦੂਸ਼ਣ ਨਾਲ ਲੋਕ ਸਾਹ, ਚਮੜੀ, ਦਿਲ, ਫੇਫੜਿਆਂ ਅਤੇ ਅੱਖਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਦਾ ਸਭ ਤੋਂ ਵੱਧ ਅਸਰ ਬੱਚਿਆਂ, ਬਜ਼ੁਰਗਾਂ ਅਤੇ ਬਿਮਾਰਾਂ ਉਤੇ ਹੁੰਦਾ ਹੈ। ਹਵਾ ਦੇ ਪ੍ਰਦੂਸ਼ਣ ਕਾਰਨ ਪਾਰਦਰਸ਼ਤਾ ਵਿਚ ਵੀ ਕਾਫੀ ਕਮੀ ਆ ਜਾਂਦੀ ਹੈ, ਜਿਸ ਕਾਰਨ ਰੇਲ ਅਤੇ ਸੜਕ ਹਾਦਸੇ ਵਧ ਜਾਂਦੇ ਹਨ। ਸਵਾਲ ਹੈ, ਇਹ ਧੂੰਆਂਖੀ ਧੁੰਦ ਕੀ ਹੈ ਅਤੇ ਇਹ ਕਿਵੇਂ ਬਣਦੀ ਹੈ?

ਧੂੰਆਂਖੀ ਧੁੰਦ ਮਨੁੱਖੀ ਗਤੀਵਿਧੀਆਂ ਨਾਲ ਕੁਦਰਤੀ ਧੁੰਦ ਦਾ ਵਿਗੜਿਆ ਰੂਪ ਹੈ। ਇਹ ਦੋ ਤਰ੍ਹਾਂ ਨਾਲ ਬਣਦੀ ਹੈ। ਪਹਿਲੀ ਤਰ੍ਹਾਂ ਦੀ ਧੂੰਆਂਖੀ ਧੁੰਦ ਕੋਲਾ ਬਾਲਣ ਨਾਲ ਪੈਦਾ ਹੋਣ ਵਾਲੀਆਂ ਗੈਸਾਂ (ਸਲਫਰ ਡਾਇਆਕਸਾਈਡ ਅਤੇ ਨਾਈਟਰੋਜਨ-ਆਕਸਾਈਡ) ਦੇ ਧੁੰਦ ਨਾਲ ਮੇਲ ਤੋਂ ਬਣਦੀ ਹੈ, ਜਿਸ ਨੂੰ ਲੰਡਨ ਸਮੌਗ ਵੀ ਕਿਹਾ ਜਾਂਦਾ ਹੈ। ਦੂਜੀ ਤਰ੍ਹਾਂ ਦੀ ਧੂੰਆਂਖੀ ਧੁੰਦ ਨੂੰ ਫੋਟੋਕੈਮੀਕਲ ਸਮੌਗ ਜਾਂ ਲਾਸ ਏਂਜਲਸ ਸਮੌਗ ਕਿਹਾ ਜਾਂਦਾ ਹੈ, ਜੋ ਸੂਰਜ ਦੀ ਰੋਸ਼ਨੀ ਵਿਚ ਕਈ ਤਰ੍ਹਾਂ ਦੇ ਅੱਧ-ਸੜੇ ਅਤੇ ਅਣ-ਸੜੇ ਨਾਈਟਰੋਜਨ, ਸਲਫਰ ਅਤੇ ਹਾਈਡਰੋ ਕਾਰਬਨ ਦੇ ਕਣਾਂ ਨਾਲ ਰਸਾਇਣਕ ਪ੍ਰਤੀਕ੍ਰਿਆ ਹੋਣ ਨਾਲ ਬਣਦੀ ਹੈ। ਦੋਹਾਂ ਤਰ੍ਹਾਂ ਦੀ ਧੂੰਆਂਖੀ ਧੁੰਦ ਸਰਦੀਆਂ ਦੀ ਰੁੱਤ ਵਿਚ, ਖਾਸ ਸਥਾਨਕ ਅਤੇ ਮੌਸਮੀ ਹਾਲਤਾਂ (ਹਵਾ ਵਿਚ ਨਮੀ ਦੀ ਮਾਤਰਾ ਦਾ ਜ਼ਿਆਦਾ ਤੇ ਹਵਾ ਦਾ ਸਥਿਰ ਹੋਣਾ ਅਤੇ ਤਾਪਮਾਨ ਦਾ ਘੱਟ ਹੋਣਾ) ਵਿਚ ਬਣਦੀਆਂ ਹਨ। ਫੋਟੋਕੈਮੀਕਲ ਸਮੌਗ ਉਨ੍ਹਾਂ ਖੇਤਰਾਂ ਵਿਚ ਜ਼ਿਆਦਾ ਹੁੰਦੀ ਹੈ, ਜਿੱਥੇ ਮੋਟਰ-ਗੱਡੀਆਂ, ਸਨਅਤੀ ਇਕਾਈਆਂ ਅਤੇ ਇੰਜਣਾਂ ਦੀ ਗਿਣਤੀ ਵੱਧ ਹੁੰਦੀ ਹੈ। ਧੂੰਆਂਖੀ ਧੁੰਦ ਦੇ ਉਪਰੋਕਤ ਦੋਹਾਂ ਨਾਂਵਾਂ ਤੋਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਧੂੰਆਂਖੀ ਧੁੰਦ ਦਾ ਸੰਤਾਪ ਅਮਰੀਕਾ ਅਤੇ ਇੰਗਲੈਂਡ ਵਰਗੇ ਵਿਕਸਿਤ ਦੇਸ਼ਾਂ ਨੇ ਵੀ ਹੰਢਾਇਆ ਹੈ। ਇੰਗਲੈਂਡ ਵਿਚ ਤਾਂ ਸਾਲ 1952 ਵਿਚ ਦਸੰਬਰ ਮਹੀਨੇ ਲਗਾਤਾਰ ਇੱਕ ਹਫਤਾ ਧੂੰਆਂਖੀ ਧੁੰਦ ਪੈਂਦੀ ਰਹੀ ਜਿਸ ਨਾਲ ਸਾਹ ਘੁੱਟਣ ਨਾਲ 4000 ਲੋਕ ਇੱਕ ਹਫਤੇ 'ਚ ਹੀ ਮਰ ਗਏ ਅਤੇ ਕਰੀਬ 8000 ਵਿਅਕਤੀ ਤੇ ਇੰਨੀ ਗਿਣਤੀ 'ਚ ਜਾਨਵਰ ਅਗਲੇ ਕੁਝ ਹਫਤਿਆਂ ਵਿਚ ਇਸ ਜਹਾਨ ਨੂੰ ਅਲਵਿਦਾ ਕਹਿ ਗਏ।

ਇਸ ਤੋਂ ਇਲਾਵਾ ਸਾਲ 1930 ਵਿਚ ਬੈਲਜ਼ੀਅਮ ਵਿਚ 60, ਸਾਲ 1948 ਵਿਚ ਪੈਨਸਿਲਵੇਨੀਆ ਵਿਚ 20, ਨਿਊ ਯਾਰਕ ਵਿਚ ਸਾਲ 1953 ਵਿਚ 250, ਸਾਲ 1963 ਵਿਚ 200 ਅਤੇ 1966 ਵਿਚ 66 ਵਿਅਕਤੀਆਂ ਦੀ ਮੌਤ ਧੂੰਆਂਖੀ ਧੁੰਦ ਕਾਰਨ ਹੋ ਗਈ ਸੀ। ਇਨ੍ਹਾਂ ਘਟਨਾਵਾਂ ਤੋਂ ਤਾਂ ਲੱਗਦਾ ਹੈ ਕਿ ਕਿਸੇ ਸਮੇਂ ਵਿਕਸਿਤ ਦੇਸ਼ ਵੀ ਧੂੰਆਂਖੀ ਧੁੰਦ ਦੀ ਸਮੱਸਿਆ ਨਾਲ ਜੂਝਦੇ ਰਹੇ ਹਨ ਪਰ ਹੁਣ ਉਨ੍ਹਾਂ ਨੇ ਇਸ 'ਤੇ ਕਾਬੂ ਪਾ ਲਿਆ ਹੈ।

ਹੁਣ ਸਵਾਲ ਉਠਦਾ ਹੈ ਕਿ ਦਿੱਲੀ ਵਿਚ ਧੂੰਆਂਖੀ ਧੁੰਦ ਕਿਉਂ ਪੈਂਦੀ ਹੈ? ਦਿੱਲੀ ਵਿਚ ਇਹ ਕਿੱਥੋਂ ਆਉਂਦੀ ਹੈ? ਅਸਲ ਵਿਚ ਧੂੰਆਂਖੀ ਧੁੰਦ ਇਕੱਲੀ ਦਿੱਲੀ ਵਿਚ ਹੀ ਨਹੀਂ ਪੈਂਦੀ, ਸਰਦੀ ਰੁੱਤੇ ਲਗਭਗ ਸਾਰਾ ਉਤਰੀ ਭਾਰਤ ਹੀ ਇਸ ਦੀ ਲਪੇਟ ਵਿਚ ਆਇਆ ਰਹਿੰਦਾ ਹੈ। ਪਰ ਗੱਲ ਸਿਰਫ ਦਿੱਲੀ ਦੀ ਹੀ ਹੁੰਦੀ ਹੈ ਕਿਉਂਕਿ ਇਹ ਸ਼ਹਿਰ ਦੇਸ਼ ਦੀ ਰਾਜਧਾਨੀ ਹੈ। ਦੂਜਾ ਸਾਡੇ ਦੇਸ਼ ਦੇ ਨੇਤਾ ਇਸ ਸਮੱਸਿਆ ਦਾ ਹੱਲ ਲੱਭਣ ਦੀ ਥਾਂ ਇਸ 'ਤੇ ਸਿਆਸਤ ਕਰਨੀ ਸ਼ੁਰੂ ਕਰ ਦਿੰਦੇ ਹਨ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਕਹਿਣਾ ਹੈ ਕਿ ਦਿੱਲੀ ਵਿਚ ਹਵਾ ਦੇ ਵਧਦੇ ਪ੍ਰਦੂਸ਼ਣ ਅਤੇ ਧੂੰਆਂਖੀ ਧੁੰਦ ਦਾ ਮੁੱਖ ਕਾਰਨ ਪੰਜਾਬ ਅਤੇ ਹਰਿਆਣੇ 'ਚ ਝੋਨੇ ਦੀ ਰਹਿੰਦ ਖੂੰਹਦ ਨੂੰ ਅੱਗ ਲਾਏ ਜਾਣਾ ਹੀ ਹੈ, ਪਰ ਇਸ ਦਾ ਮੁੱਖ ਕਾਰਨ ਦਿੱਲੀ ਦਾ ਬੇਤਰਤੀਬਾ ਆਰਥਕ ਵਿਕਾਸ ਹੈ।

ਜੇ ਧਿਆਨ ਨਾਲ ਵਿਚਾਰਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਪਿਛਲੇ ਸਾਲਾਂ ਵਿਚ ਆਰਥਕ ਵਿਕਾਸ ਦੇ ਨਾਂ ਉਤੇ ਕਾਰਾਂ, ਮੋਟਰ ਗੱਡੀਆਂ, ਸਨਅਤੀ ਇਕਾਈਆਂ, ਨਿਰਮਾਣ ਕਾਰਜਾਂ ਆਦਿ ਵਿਚ ਬੇਸ਼ੁਮਾਰ ਵਾਧਾ ਹੋਇਆ ਹੈ। ਆਬਾਦੀ ਵਿਚ ਤੇਜ਼ੀ ਨਾਲ ਵਾਧਾ ਹੋਣ ਕਾਰਨ ਕੂੜੇ ਕਰਕਟ ਦੇ ਢੇਰਾਂ ਵਿਚ ਵੀ ਤੇਜ਼ੀ ਨਾਲ ਵਾਧਾ ਹੋਇਆ ਹੈ। ਕੇਂਦਰ ਵਲੋਂ ਚਲਾਏ ਜਾਂਦੇ ਸਿਸਟਮ ਆਫ ਏਅਰ ਕੁਆਲਟੀ ਐਂਡ ਵੈਦਰ ਫੋਰਕਾਸਟਿੰਗ ਐਂਡ ਰਿਸਰਚ (ਐਸ. ਏ. ਐਫ. ਆਰ.) ਦੇ ਨਿਰਦੇਸ਼ਕ ਗੁਫਚਾਨ ਬੇਗ ਨੇ ਕਿਹਾ ਹੈ ਕਿ ਮੌਸਮ ਵਿਚ ਤਬਦੀਲੀ ਆਉਣ ਕਾਰਨ ਤਾਪਮਾਨ ਲਗਾਤਾਰ ਘੱਟ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਮੌਨਸੂਨ ਪੌਣਾਂ ਦੇ ਜਾਣ ਵੇਲੇ ਹਵਾ ਵਿਚ ਨਮੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਅਤੇ ਹਵਾ ਦੀ ਗਤੀ ਧੀਮੀ ਹੋਣ ਕਾਰਨ ਹਵਾ ਵਿਚਲੀ ਧੂੜ, ਧੂੰਏਂ ਅਤੇ ਮਿੱਟੀ ਦੇ ਕਣ ਅਤੇ ਮੋਟਰ ਗੱਡੀਆਂ ਤੋਂ ਪੈਦਾ ਹੋਈਆਂ ਗੈਸਾਂ ਪ੍ਰਦੂਸ਼ਣ ਪਰਤ ਵਜੋਂ ਅਸਮਾਨ ਵਿਚ ਇਕੱਠੇ ਹੋ ਜਾਂਦੇ ਹਨ, ਜਿਸ ਕਾਰਨ ਹਵਾ ਦੀ ਸ਼ੁਧਤਾ ਦੀ ਗੁਣਵਤਾ ਗੜਬੜਾ ਜਾਂਦੀ ਹੈ ਅਤੇ ਦਿੱਲੀ ਧੂੰਆਂਖੀ ਧੁੰਦ ਦੀ ਲਪੇਟ ਵਿਚ ਆ ਜਾਂਦੀ ਹੈ। ਸੋ, ਦਿੱਲੀ ਵਿਚ ਵਧਦੇ ਹਵਾ ਦੇ ਪ੍ਰਦੂਸ਼ਣ ਦਾ ਇੱਕੋ ਇੱਕ ਕਾਰਨ ਨੇੜਲੇ ਰਾਜਾਂ ਤੋਂ ਆਉਂਦਾ ਪਰਾਲੀ ਧੂੰਆਂ ਹੀ ਨਹੀਂ ਹੈ, ਸਗੋਂ ਦਿੱਲੀ ਦੇ ਆਪਣੇ ਸਹੇੜੇ ਕਾਰਨ ਹਨ, ਜੋ ਸਾਰਾ ਸਾਲ ਹੀ ਦਿੱਲੀ ਦੀ ਹਵਾ ਨੂੰ ਪ੍ਰਦੂਸ਼ਿਤ ਕਰਦੇ ਰਹਿੰਦੇ ਹਨ।



ਸਭ ਤੋਂ ਪਹਿਲਾ ਕਾਰਨ ਦਿੱਲੀ ਵਿਚ ਤੇਜ਼ੀ ਨਾਲ ਵਧਦੀ ਗੱਡੀਆਂ ਦੀ ਗਿਣਤੀ ਹੈ। ਮਾਰਚ 2018 ਤੱਕ ਦਿੱਲੀ ਵਿਚ ਗੱਡੀਆਂ ਦੀ ਗਿਣਤੀ 1 ਕਰੋੜ ਦਾ ਅੰਕੜਾ ਪਾਰ ਕਰ ਗਈ ਸੀ ਅਤੇ ਇਸ ਤੋਂ ਇਲਾਵਾ 15 ਤੋਂ 20 ਲੱਖ ਵਾਹਨ ਨਾਲ ਵਾਲੇ ਰਾਜਾਂ ਤੋਂ ਹਰ ਰੋਜ਼ ਦਿੱਲੀ ਵਿਚ ਆਉਂਦੇ ਹਨ। ਇਸ ਤਰ੍ਹਾਂ ਹਰ ਰੋਜ਼ ਦਿੱਲੀ ਦੀਆਂ ਸੜਕਾਂ ਉਤੇ ਇਕ ਕਰੋੜ ਤੋਂ ਵੱਧ ਦੌੜਦੀਆਂ ਗੱਡੀਆਂ ਵਲੋਂ ਪੈਦਾ ਕੀਤੀਆਂ ਨਾਈਟਰੋਜਨ ਸਲਫਰ ਡਾਇਆਕਸਾਈਡ ਅਤੇ ਕਾਰਬਨ ਮੋਨੋਆਕਸਾਈਡ ਵਰਗੀਆਂ ਗੈਸਾਂ ਨਾਲ ਧੂੜ ਅਤੇ ਧੂੰਏਂ ਦੇ ਕਣ ਲਗਾਤਾਰ ਦਿੱਲੀ ਦੀ ਹਵਾ ਨੂੰ ਗੰਧਲਾ ਕਰਦੇ ਹਨ। ਸਾਲ 2012 ਵਿਚ ਜਦੋਂ ਦਿੱਲੀ 24 ਅਕਤੂਬਰ ਤੋਂ 9 ਨਵੰਬਰ ਤੱਕ ਧੂੰਆਂਖੀ ਧੁੰਦ ਦੀ ਮਾਰ ਝੱਲ ਰਹੀ ਸੀ, ਉਦੋਂ ਵੀ ਦਿੱਲੀ ਸਰਕਾਰ ਨੇ ਨੇੜਲੇ ਰਾਜਾਂ ਨੂੰ ਦਿੱਲੀ ਦੇ ਪ੍ਰਦੂਸ਼ਣ ਲਈ ਜ਼ਿੰਮੇਵਾਰ ਠਹਿਰਾਇਆ ਸੀ। ਉਦੋਂ ਵੀ ਮੌਸਮ ਵਿਭਾਗ ਅਤੇ ਸੈਂਟਰ ਫਾਰ ਸਾਇੰਸ ਐਂਡ ਇਨਫਰਮੈਂਟ ਨੇ ਆਪਣੀ ਇੱਕ ਖੋਜ ਦੇ ਆਧਾਰ ਉਤੇ ਦੱਸਿਆ ਸੀ ਕਿ ਦਿੱਲੀ ਵਿਚ 70 ਫੀਸਦੀ ਹਵਾ ਦਾ ਪ੍ਰਦੂਸ਼ਣ ਸਿਰਫ ਗੱਡੀਆਂ ਕਰਕੇ ਹੁੰਦਾ ਹੈ।

ਮੋਟਰ ਗੱਡੀਆਂ ਤੋਂ ਬਾਅਦ ਦੂਜਾ ਕਾਰਨ ਸਨਅਤੀ ਇਕਾਈਆਂ ਹਨ, ਜੋ ਹਰ ਰੋਜ਼ ਵਾਤਾਵਰਣ ਵਿਚ ਮਣਾਂ ਮੂੰਹੀ ਜ਼ਹਿਰਲੀਆਂ ਗੈਸਾਂ ਛੱਡਦੀਆਂ ਹਨ। ਆਈ. ਆਈ. ਟੀ. ਕਾਨ੍ਹਪੁਰ ਦੀ ਇੱਕ ਖੋਜ ਅਨੁਸਾਰ ਵੱਖ ਵੱਖ ਸਰੋਤਾਂ ਤੋਂ ਪੈਦਾ ਹੋਈ ਨਾਈਟਰੋਜਨ ਆਕਸਾਈਡ ਦਾ 98 ਫੀਸਦੀ ਅਤੇ 60 ਫੀਸਦੀ ਸਲਫਰ ਡਾਇਆਕਸਾਈਡ, 14 ਫੀਸਦੀ ਪੀ. ਐਮ. 10 ਅਤੇ 10 ਫੀਸਦੀ ਪੀ. ਐਮ. 2.5 ਹਿੱਸਾ ਇਕੱਲੀਆਂ ਉਦਯੋਗਿਕ ਇਕਾਈਆਂ ਹੀ ਛੱਡਦੀਆਂ ਹਨ। ਦਿੱਲੀ ਵਿਚ ਹਵਾ ਦੇ ਪ੍ਰਦੂਸ਼ਣ ਦਾ ਤੀਜਾ ਕਾਰਨ ਕੂੜੇ ਕਰਕਟ ਦੇ ਵੱਡੇ-ਵੱਡੇ ਢੇਰ ਹਨ, ਜਿਨ੍ਹਾਂ ਵਿਚ ਭਾਲਸਵਾ ਤੇ ਗਾਜੀਪੁਰ ਵਾਲੇ ਮੁੱਖ ਹਨ ਅਤੇ ਕੂੜੇ ਦੇ ਇਨ੍ਹਾਂ ਢੇਰਾਂ ਨੂੰ ਲਗਾਤਾਰ ਅੱਗ ਲੱਗੀ ਰਹਿੰਦੀ ਹੈ ਜਿਸ ਕਾਰਨ ਪ੍ਰਦੂਸ਼ਿਤ ਗੈਸਾਂ ਹਵਾ ਵਿਚ ਲਗਾਤਾਰ ਦਾਖਲ ਹੁੰਦੀਆਂ ਹਨ।

ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਕਿਸਾਨ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਮਜ਼ਬੂਰੀਵੱਸ ਲਾਉਂਦੇ ਹਨ ਕਿਉਂਕਿ ਉਨ੍ਹਾਂ ਕੋਲ ਇੰਨਾ ਪੈਸਾ ਨਹੀਂ ਕਿ ਉਹ ਮਸ਼ੀਨਰੀ ਨਾਲ ਇਸ ਨੂੰ ਸਮੇਟ ਸਕਣ। ਸਰਕਾਰ ਮਸ਼ੀਨਰੀ ਦੇਣ ਦਾ ਵਾਅਦਾ ਤਾਂ ਕਰ ਲੈਂਦੀ ਹੈ ਪਰ ਕਿਸਾਨਾਂ ਨੂੰ ਮੁਹੱਈਆਂ ਨਹੀਂ ਕਰਵਾਉਂਦੀ। ਦੂਜਾ ਅੱਗ ਲਾਉਣ ਨਾਲ ਧੂੰਆਂ ਅਤੇ ਪ੍ਰਦੂਸ਼ਿਤ ਗੈਸਾਂ ਪੈਦਾ ਤਾਂ ਹੁੰਦੀਆਂ ਹਨ ਪਰ ਉਨ੍ਹਾਂ ਦਾ ਪ੍ਰਭਾਵ ਸਿਰਫ ਸਾਲ ਵਿਚ 20-25 ਦਿਨ ਹੀ ਰਹਿੰਦਾ ਹੈ ਅਤੇ ਬਾਕੀ ਦਾ ਸਾਰਾ ਸਾਲ ਮੋਟਰ ਗੱਡੀਆਂ, ਸਨਅਤੀ ਇਕਾਈਆਂ ਅਤੇ ਸਦਾ ਧੁਖਦੇ ਕੂੜੇ ਦੇ ਢੇਰ ਹੀ ਦਿੱਲੀ ਦੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਦੇ ਰਹਿੰਦੇ ਹਨ। ਸਾਡੇ ਨੇਤਾਵਾਂ ਨੂੰ ਸਿਆਸਤ ਕਰਨ ਦੀ ਥਾਂ ਪ੍ਰਦੂਸ਼ਣ ਨੂੰ ਘਟਾਉਣ ਲਈ ਵਿਕਸਿਤ ਦੇਸ਼ਾਂ ਵਾਂਗ ਉਪਰਾਲੇ ਕਰਨੇ ਚਾਹੀਦੇ ਹਨ।

ਦਿੱਲੀ ਸਰਕਾਰ ਨੂੰ ਚਾਹੀਦਾ ਹੈ ਕਿ ਹਵਾ ਦੇ ਪ੍ਰਦੂਸ਼ਣ ਉਤੇ ਕਾਬੂ ਪਾਉਣ ਲਈ ਗੱਡੀਆਂ ਦੀ ਵਧਦੀ ਗਿਣਤੀ ਨੂੰ ਰੋਕਣ ਲਈ ਯੋਜਨਾਬੱਧ ਤਰੀਕੇ ਨਾਲ ਸਮਾਂ-ਬੱਧ ਉਪਰਾਲੇ ਕਰੇ। ਸਭ ਤੋਂ ਪਹਿਲਾਂ ਤਾਂ ਆਵਾਜਾਈ ਦੇ ਜਨਤਕ ਸਾਧਨਾਂ ਨੂੰ ਚੁਸਤ-ਦਰੁਸਤ ਕਰੇ। ਜਨਤਕ ਵਾਹਨਾਂ ਨੂੰ ਠੀਕ ਹਾਲਤ ਵਿਚ ਚਲਾਉਣਾ ਯਕੀਨੀ ਬਣਾਵੇ ਅਤੇ ਇਸ ਦੇ ਨਾਲ ਨਾਲ ਇਨ੍ਹਾਂ ਦੀ ਗਿਣਤੀ ਵਿਚ ਜਨਤਾ ਦੀ ਲੋੜ ਅਨੁਸਾਰ ਵਾਧਾ ਕਰੇ। ਜਨਤਕ ਗੱਡੀਆਂ ਦੀ ਪਹੁੰਚ ਸ਼ਹਿਰ ਦੇ ਕੋਨੇ-ਕੋਨੇ ਵਿਚ ਯਕੀਨੀ ਬਣਾਵੇ। ਇਸ ਤੋਂ ਇਲਾਵਾ ਚੀਨ ਵਾਂਗ ਨਿੱਜੀ ਵਾਹਨਾਂ ਦੀ ਖਰੀਦ ਨੂੰ ਘੱਟ ਕਰਨ ਲਈ ਸਾਲ ਭਰ ਲਈ ਵਾਹਨਾਂ ਦੀ ਖਰੀਦ ਲਈ ਇੱਕ ਨਿਸ਼ਚਿਤ ਕੋਟਾ ਨਿਰਧਾਰਤ ਕਰੇ। ਇਸ ਤੋਂ ਇਲਾਵਾ ਹਵਾ ਦੇ ਪ੍ਰਦੂਸ਼ਣ ਉਤੇ ਕਾਬੂ ਪਾਉਣ ਲਈ ਫਰਾਂਸ ਵਾਂਗ ਛੁੱਟੀ ਵਾਲੇ ਦਿਨ ਜਨਤਕ ਆਵਾਜਾਈ ਦੇ ਸਾਧਨ ਮੁਫਤ ਉਪਲਬਧ ਕਰਵਾਵੇ ਜਾਂ ਫੇਰ ਲੰਡਨ ਵਾਂਗ ਭੀੜ-ਭੜੱਕੇ ਵਾਲੇ ਖੇਤਰਾਂ ਵਿਚੋਂ ਲੰਘਣ ਵਾਲੇ ਨਿੱਜੀ ਵਾਹਨਾਂ ਉਤੇ ਭਾਰੀ ਫੀਸ ਅਤੇ ਇਨ੍ਹਾਂ ਥਾਂਵਾਂ ਉਤੇ ਗੱਡੀ ਖੜ੍ਹੀ ਕਰਨ ਲਈ ਜ਼ਿਆਦਾ ਪਾਰਕਿੰਗ ਫੀਸ ਲੈ ਕੇ ਵੀ ਵਾਹਨਾਂ ਦੀ ਵਧਦੀ ਗਿਣਤੀ ਉਤੇ ਕਾਬੂ ਪਾਇਆ ਜਾ ਸਕਦਾ ਹੈ। ਪੁਰਾਣੇ ਅਤੇ ਟੁੱਟੇ ਵਾਹਨਾਂ ਨੂੰ ਸੜਕ ਤੋਂ ਲਾਂਭੇ ਕਰ ਦੇਣਾ ਚਾਹੀਦਾ ਹੈ। ਪੈਦਲ ਚੱਲਣ ਅਤੇ ਸਾਈਕਲਾਂ ਦੀ ਵਰਤੋਂ ਕਰਨ ਵਾਲਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਸਨਅਤੀ ਇਕਾਈਆਂ ਵਿਚ ਵਾਤਾਵਰਣ ਸ਼ੁਧਤਾ ਯੰਤਰ ਲਾਉਣੇ ਯਕੀਨੀ ਬਣਾਏ ਜਾਣ। ਦਿੱਲੀ ਵਿਚ ਉਸਾਰੀ ਦਾ ਕੰਮ ਯੋਜਨਾਬੱਧ ਤੇ ਸੁਰੱਖਿਅਤ ਢੰਗਾਂ ਨਾਲ ਕਰਨਾ ਯਕੀਨੀ ਬਣਾਇਆ ਜਾਵੇ। ਇਸ ਤੋਂ ਬਿਨਾ ਕੂੜੇ ਦੇ ਢੇਰਾਂ ਨਾਲ ਨਜਿੱਠਣ ਲਈ ਸੁਰੱਖਿਅਤ ਵਿਗਿਆਨਕ ਢੰਗ ਅਪਨਾਏ ਜਾਣ।

---

***ਪ੍ਰੋਫੈਸਰ ਜਿਓਗਰਾਫੀ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**



# ਗਦਰੀ ਬਾਬਿਆਂ ਨੂੰ ਯਾਦ ਕਰਦਿਆਂ

ਗਦਰ ਲਹਿਰ ਦਾ ਇਤਿਹਾਸ ਜਾਣਨ ਪਿਛੋਂ ਦੋ ਨੁਕਤੇ ਉਭਰ ਕੇ ਸਾਹਮਣੇ ਆਉਂਦੇ ਹਨ। ਪਹਿਲਾ, ਨਿਰਾਦਰ ਸਹਿਣ ਤੋਂ ਇਨਕਾਰ। ਦੂਸਰਾ, ਵਿਦੇਸ਼ੀ ਆਪਣੇ ਦੇਸ਼ ਵਿਚ ਆਜ਼ਾਦੀ ਦਾ ਅਨੰਦ ਮਾਣ ਰਹੇ ਹਨ, ਆਜ਼ਾਦ ਹੋ ਕੇ ਅਸੀਂ ਅਜਿਹਾ ਸੁੱਖ ਕਿਉਂ ਨਹੀਂ ਮਾਣ ਸਕਦੇ।

ਇਹ ਦੋਵੇਂ ਨੁਕਤੇ, ਗਦਰੀ ਬਾਬਿਆਂ ਨੇ ਵਿਚਾਰ ਕੇ ਹਿੰਦੁਸਤਾਨੀਆਂ ਨੂੰ ਮਾਣ-ਮੱਤਾ ਜੀਵਨ ਜਿਉਣ ਦਾ ਦ੍ਰਿਸ਼ਟੀਕੋਣ ਦਿੱਤਾ ਸੀ। ਆਜ਼ਾਦੀ ਦੇ ਸੰਘਰਸ਼ ਦੇ ਪਹਿਲੇ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ 'ਚ 16 ਨਵੰਬਰ 1915 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ 103 ਸਾਲ ਪਹਿਲਾਂ ਗਦਰ ਪਾਰਟੀ ਦੇ ਛੋਟੀ ਉਮਰ ਦੇ ਜਰਨੈਲ:

1. ਸਰਦਾਰ ਕਰਤਾਰ ਸਿੰਘ ਸਰਾਭਾ
2. ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ
3. ਸਰਦਾਰ ਹਰਨਾਮ ਸਿੰਘ ਸਿਆਲਕੋਟੀ
4. ਸਰਦਾਰ ਜਗਤ ਸਿੰਘ ਸੂਰ ਸਿੰਘ
5. ਸਰਦਾਰ ਸੁਰੈਣ ਸਿੰਘ ਛੋਟਾ ਗਿੱਲਵਾਲੀ
6. ਸਰਦਾਰ ਸੁਰੈਣ ਸਿੰਘ ਵੱਡਾ ਗਿੱਲਵਾਲੀ
7. ਸਰਦਾਰ ਬਖਸ਼ੀਸ਼ ਸਿੰਘ ਗਿੱਲਵਾਲੀ

ਇਨ੍ਹਾਂ ਸੱਤ ਯੋਧਿਆਂ ਨੂੰ ਇੱਕੋ ਦਿਨ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਮਾਨਵਤਾ ਦੇ ਫਰਜ਼ ਨਿਭਾਉਂਦੇ ਹਰ ਇਨਸਾਨ ਨੂੰ ਚਾਹੀਦਾ ਹੈ ਕਿ ਗਦਰੀ ਸ਼ਹੀਦਾਂ ਨੂੰ ਯਾਦ ਕਰੀਏ ਤੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਦਾ ਸਮਾਜ ਉਸਾਰਨ ਲਈ ਯਤਨਸ਼ੀਲ ਹੋਈਏ।

ਧੰਨਵਾਦ।

**ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ**

**We have to take strong stand against the crimes of slavery committed against our people and if other countries enjoy independence why shouldn't we? Thoughts of Gadari Babe.**

1. S. Kartar Singh Srabha
2. Sh.Vishnu Ganesh Pingle
3. S. Harnam Singh Sialkoti
4. S. Jagat Singh (Sur Singh)
5. S. Surain Singh Younger
6. S. Surain Singh Older
7. S. Bakhshish Singh Gillwali

**All Seven Gadari Babe were Hunged on November 16, 1915 at Lahore Jail in first Lahore conspiracy case.**

**We should remember them.**

**Indo-American Heritage Foundation New York.**

# ਦਾਨ-ਦਾਨਾਈ

## ਕਣੀਆਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮਨੁੱਖੀ ਸੁਭਾਅ 'ਚ ਨਿੰਦਿਆ ਦੇ ਗੁਣ/ਔਗੁਣ ਦਾ ਵਿਸਥਾਰ ਵਿਚ ਚਿੰਤਨ ਕੀਤਾ ਸੀ। ਉਹ ਕਹਿੰਦੇ ਹਨ, "ਨਿੰਦਿਆ ਕੌੜੀ, ਕੁਸੈਲੀ ਤੇ ਤਿੱਖੀ ਵੀ ਹੁੰਦੀ। ਕਈ ਵਾਰ ਰੂਹ ਨੂੰ ਜਖਮੀ ਵੀ ਕਰਦੀ, ਪਰ ਬਹੁਤੀ ਵਾਰ ਇਹੀ ਨਿੰਦਿਆ ਮਨੁੱਖ ਨੂੰ ਤਰਾਸ਼ਦੀ, ਉਸ ਦੇ ਮਨ ਵਿਚੋਂ ਕੂੜ-ਕੁਸੱਤ ਦਾ ਮੁਲੰਮਾ ਉਤਾਰਦੀ, ਸੋਚ ਨੂੰ ਸੇਧ ਅਤੇ ਸਮਰਪਣ ਵੱਲ ਉਲਾਰਦੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਦਾਨ ਦੀ ਮਹਿਮਾ ਕੀਤੀ ਹੈ ਪਰ ਨਾਲ ਹੀ ਕਹਿੰਦੇ ਹਨ, "ਸੱਚੇ ਅਰਥਾਂ ਵਿਚ ਦਾਨੀ ਬਹੁਤ ਹੀ ਵਿਰਲੇ। ਅਜਿਹੇ ਦਾਨੀ ਜੋ ਸੱਜੇ ਹੱਥ ਨਾਲ ਕੁਝ ਦਿੰਦੇ ਪਰ ਖੱਬੇ ਹੱਥ ਨੂੰ ਪਤਾ ਨਹੀਂ ਲੱਗਦਾ। ਦਾਨ, ਜੋ ਉਨ੍ਹਾਂ ਦੇ ਨੈਣਾਂ ਵਿਚ ਵੀ ਨਜ਼ਰ ਨਹੀਂ ਆਉਂਦਾ ਅਤੇ ਜਿਸ ਦੀ ਖੁਦ ਨੂੰ ਵੀ ਸੂਹ ਨਹੀਂ ਹੁੰਦੀ।" ਉਹ ਆਖਦੇ ਹਨ, "ਦਾਨ ਹੀ ਦੇਣਾ ਏ ਤਾਂ ਕਿਸੇ ਨਿਆਸਰੇ ਨੂੰ ਆਸਰਾ ਦਿਓ। ਨਿਰਾਸ਼ ਵਿਅਕਤੀ ਦੇ ਪੱਲੇ ਵਿਚ ਆਸ ਦਾ ਸੰਧਾਰਾ ਪਾਓ। ਤਿੜਕੇ ਇਨਸਾਨ ਨੂੰ ਜੋੜਨ ਦੀ ਪਹਿਲ ਕਰੋ। ਕਮ-ਦਿਲਿਆਂ ਲਈ ਹੌਂਸਲਾ ਅਫਜਾਈ ਦਾ ਬੋਲ ਬੋਲੋ।" ਉਹ ਇਸ ਗੱਲ 'ਤੇ ਦੁੱਖ ਵੀ ਜਾਹਰ ਕਰਦੇ ਹਨ ਕਿ ਅੱਜ ਕੱਲ ਤਾਂ 'ਜੋਰੀਂ ਮੰਗੇ ਦਾਨ ਵੇ ਲਾਲੋ' ਦਾ ਹੋਕਰਾ ਹਰ ਹਿੱਕ ਵਿਚ ਜੰਮ ਚੁਕਾ ਏ। ਹੁਣ ਤਾਂ ਦਾਨ ਮੰਗਣ ਵਾਲੇ ਵੀ ਗੈਂਗ ਦਾ ਰੂਪ ਧਾਰ ਕੇ ਮਾਫੀਏ ਦੇ ਰੂਪ ਵਿਚ ਹਰ ਜਗਾ 'ਤੇ ਨਜ਼ਰ ਆਉਂਦੇ ਨੇ। -ਸੰਪਾਦਕ***

ਦਾਨ, ਸਭ ਤੋਂ ਉਤਮ ਕਾਰਜ। ਇਸ 'ਚੋਂ ਹੁੰਦਾ ਮਨੁੱਖਤਾ ਦਾ ਉਧਾਰ। ਮਾਨਵੀ ਬਿਰਤੀਆਂ ਵਾਲੇ ਲੋਕ ਨੇ ਇਸ 'ਚ ਸ਼ੁਮਾਰ। ਇਸ ਦੀ ਗੁਣਵਤਾ ਤੇ ਦਮਦਾਰੀ ਨਾਲ ਹੁੰਦਾ ਏ ਲੋੜਵੰਦਾਂ ਅਤੇ ਨਿਆਸਰਿਆਂ ਦਾ ਬੇੜਾ ਪਾਰ।

ਦਾਨ ਦੀ ਮਹਾਨਤਾ, ਗੁਰੂਆਂ ਦਾ ਸੁੱਚਮ-ਭਾਵੀ ਸੰਦੇਸ਼। ਇਸ ਦੀ ਉਤਮਤਾ ਤੇ ਉਚਮਤਾ ਨੂੰ ਭਾਗ ਲੱਗਦੇ ਜਦ ਇਹ ਭੁੱਖੇ ਪੇਟ ਲਈ ਟੁੱਕਰ, ਬੱਚੇ ਦੇ ਗਲ ਵਿਚ ਬਸਤਾ ਤੇ ਹੱਥ ਵਿਚ ਫੱਟੀ, ਕਰਾਹੁੰਦੇ ਜਖਮੀ ਦੇ ਜਖਮਾਂ ਲਈ ਮਰਹਮ ਬਣਦਾ। ਦਾਨ, ਦੁਖੀ ਦੀ ਪੀੜਾ ਨੂੰ ਅਹਿਸਤਾ-ਅਹਿਸਤਾ ਸਹਿਲਾਵੇ।

ਦਾਨ ਦੀ ਦਿਆਨਤਦਾਰੀ ਪੂਰਨ ਰੂਪ ਵਿਚ ਉਜਾਗਰ ਹੁੰਦੀ, ਜਦ ਇਸ ਨੂੰ ਰੂਹ ਵਾਲੇ ਲੋਕ ਰੂਹ ਨਾਲ ਕਰਦੇ। ਉਨ੍ਹਾਂ ਦੀ ਪਾਕੀਜ਼ਗੀ, ਪ੍ਰੇਰਨਾ ਅਤੇ ਪੂਰਣਤਾ, ਇਸ ਦੀ ਸਾਰਥਕਤਾ ਨੂੰ ਕਰਦੀ ਲਾ-ਜਵਾਬ ਅਤੇ ਉਨ੍ਹਾਂ ਦੀ ਕੀਰਤੀ ਬਣਦੀ, ਦੂਜਿਆਂ ਲਈ ਜਿਉਣ-ਅੰਦਾਜ਼।

ਦਾਨ ਕਈ ਰੂਪਾਂ ਤੇ ਧਰਾਤਲਾਂ 'ਚ ਦਿਤਾ ਜਾਂਦਾ। ਦਾਨ ਨੂੰ ਕਿਹੜੇ ਰੂਪ ਵਿਚ, ਕਿਸ ਨੂੰ, ਕਿਸ ਆਸ ਤੇ ਆਸ਼ੇ ਨੂੰ ਮੁੱਖ ਰੱਖ ਕੇ ਦੇਣਾ, ਇਹ ਸਭ ਤੋਂ ਅਹਿਮ। ਦਾਨ ਅਕਾਰਥ ਜਾਂਦਾ ਜਦ ਇਸ ਦੀ ਅਹਿਮੀਅਤ ਧੁੰਦਲੀ ਹੋ ਜਾਵੇ।

ਦਾਨੀ, ਕੁਝ ਦੇਣ ਵਾਲਾ, ਕੁਝ ਦੇਣ ਦੇ ਸਮਰੱਥ, ਆਪਣੀਆਂ ਦਾਤਾਂ ਨੂੰ ਵੰਡਣ ਵਿਚ ਰੁਚੀ ਅਤੇ ਇਸ 'ਚੋਂ ਕੁਝ ਪ੍ਰਾਪਤੀ ਦਾ ਅਹਿਸਾਸ ਮਨ 'ਚ ਉਪਜਾਉਣ ਦੀ ਖਾਹਸ਼। ਦਾਨੀ ਦੇ ਮਨ ਵਿਚ ਕੁਝ ਲੈਣ ਨਾਲੋਂ ਦੇਣ ਨੂੰ ਵੱਧ ਤਰਜ਼ੀਹ। ਦੇਣ ਵਿਚੋਂ ਦਾਨਾਈ ਦਾ ਮਨ ਵਿਚ ਵਾਸਾ ਅਤੇ ਸੁਚਾਰੂ ਕਾਰਜ ਦਾ ਧਰਵਾਸਾ।

ਦਾਨੀ ਤਾਂ ਹਰੇਕ ਹੀ ਬਣਨ ਨੂੰ ਕਾਹਲਾ ਅਤੇ ਆਪਣੀ ਦਾਨਾਈ ਨੂੰ ਜੱਗ ਵਿਚ ਫੈਲਾਉਣ ਲਈ ਉਤਾਵਲਾ। ਕਾਹਲ ਵਿਚੋਂ ਹੀ ਦਾਨ ਦੇ ਨਾਲ ਆਪਣੀ ਹਉਮੈ ਤੇ ਹੰਕਾਰ ਨੂੰ ਜਾਹਰ ਕਰਨ ਤੋਂ ਵੀ ਨਹੀਂ ਵਰਜਦਾ।


ਕੁਝ ਦੇਣ ਵਾਲੇ ਖੁਦ ਨੂੰ ਜਦ ਦਾਨੀ ਕਹਾਉਣ ਲੱਗ ਪੈਣ ਤਾਂ ਦਾਨ ਦੀ ਚੰਗਿਆਈ ਦੇ ਕੀ ਅਰਥ ਰਹਿ ਜਾਂਦੇ? ਉਹ ਖੁਦ ਨੂੰ ਰਿਜ਼ਕ-ਦਾਤਾ ਜਾਂ ਪ੍ਰਿਤਪਾਲਕ ਕਹਾਉਂਦੇ ਅਤੇ ਆਪਣੇ ਦਰਾਂ 'ਤੇ ਆਸ ਦੀ ਖੈਰਾਤ ਮੰਗਣ ਵਾਲਿਆਂ ਲਈ ਵੱਡੇ ਦਾਤੇ ਬਣ ਬਹਿੰਦੇ।

ਸੱਚੇ ਅਰਥਾਂ ਵਿਚ ਦਾਨੀ ਬਹੁਤ ਹੀ ਵਿਰਲੇ। ਅਜਿਹੇ ਦਾਨੀ ਜੋ ਸੱਜੇ ਹੱਥ ਨਾਲ ਕੁਝ ਦਿੰਦੇ ਪਰ ਖੱਬੇ ਹੱਥ ਨੂੰ ਪਤਾ ਨਹੀਂ ਲੱਗਦਾ। ਦਾਨ, ਜੋ ਉਨ੍ਹਾਂ ਦੇ ਨੈਣਾਂ ਵਿਚ ਵੀ ਨਜ਼ਰ ਨਹੀਂ ਆਉਂਦਾ ਅਤੇ ਜਿਸ ਦੀ ਖੁਦ ਨੂੰ ਵੀ ਸੂਹ ਨਹੀਂ ਹੁੰਦੀ।

ਲੋਕਾਂ ਦੇ ਸਮੂਹ ਵਿਚ ਮੰਗਿਆ ਜਾ ਰਿਹਾ ਦਾਨ। ਖੈਰਾਤ ਮੰਗਣ ਵਾਲਾ ਵੀ ਸਭ ਦੇ ਸਨਮੁੱਖ। ਦਾਨ ਲਈ ਵਾਰ-ਵਾਰ ਮਾਰੀ ਜਾ ਰਹੀ ਹਾਕ। ਕੀ ਇਹ ਦਾਨ ਦੀ ਆਤਮਾ ਨਾਲ ਮੇਲ ਖਾਂਦਾ ਏ? ਕੀ ਇਹ ਦਾਨ ਵਰਗੇ ਸੁੱਚੇ ਹਰਫ ਦੀ ਅਵੱਗਿਆ ਤਾਂ ਨਹੀਂ? ਕੀ ਦਾਨ ਲੈਣ ਵਾਲੇ ਨੂੰ ਜਾਣ-ਬੁੱਝ ਕੇ ਸਮਾਜਕ ਪੱਧਰ 'ਤੇ ਹੀਣਾ ਬਣਾਇਆ ਜਾ ਰਿਹਾ? ਕੀ ਉਹ ਸਮਾਜ ਵਿਚ ਅੱਖਾਂ ਉਚੀਆਂ ਕਰਕੇ ਜੀਅ ਸਕੇਗਾ? ਕੀ ਉਸ ਦੀ ਜਿਉਂਦੀ ਆਤਮਾ ਨੂੰ ਮਾਰ ਕੇ ਦਾਨ ਦੇਣ ਦਾ ਅਡੰਬਰ ਰਚਿਆ ਜਾ ਰਿਹਾ? ਕਿਥੇ ਗਈ ਸੰਵੇਦਨਾ ਅਤੇ ਮਨ ਦੀ ਸੂਖਮਤਾ ਕਿ ਬੰਦੇ ਨੂੰ ਸਰੀਰਕ ਰੂਪ ਨਾਲੋਂ ਆਤਮਕ ਰੂਪ ਵਿਚ ਮਾਰਨਾ ਸਭ ਤੋਂ ਸੌਖਾ ਅਤੇ ਸਦੀਵੀ ਹੁੰਦਾ? ਮਨੁੱਖ ਜਦ ਅੰਦਰੋਂ ਮਰ ਜਾਂਦਾ ਤਾਂ ਸਾਰੀ ਉਮਰ ਉਹ ਜਿਉਣ ਜੋਗਾ ਨਹੀਂ ਰਹਿੰਦਾ। ਉਸ ਦੀ ਸਿੱਸਕਦੀ ਜਿਉਣ-ਆਸ, ਸਾਹਾਂ ਦਾ ਸੋਗ ਬਣ ਜਾਂਦੀ ਏ। ਅਜਿਹੇ ਦਾਨ ਨੂੰ ਕਿਹੜੇ ਅਰਥਾਂ ਦੀ ਤਸ਼ਬੀਹ ਦੇਵੋਗੇ? ਇਸ 'ਚੋਂ ਕੀ ਤੇ ਕਿਹੜੀ ਪ੍ਰਾਪਤੀ ਦੀ ਤਮੰਨਾ ਮਨ ਵਿਚ ਪਾਲਦੇ ਨੇ? ਕੀ ਅਸੀਂ ਜਰਾ ਜਿੰਨੇ ਵੀ ਸੁਹਜਮਈ ਵਰਤਾਰੇ ਅਜਿਹੇ ਮੌਕਿਆਂ 'ਤੇ ਨਹੀਂ ਪ੍ਰਗਟਾਅ ਸਕਦੇ? ਦੌਲਤ, ਸ਼ੁਹਰਤ ਅਤੇ ਰੁਤਬਿਆਂ ਦੇ ਅੰਧਰਾਤੇ 'ਚ ਗੁੰਮ ਗਈ ਬੰਦਿਆਈ ਨੂੰ ਕੌਣ ਤਲਾਸ਼ੇ? ਕਿਹੜਾ ਹੈ ਜੋ ਸੰਵੇਦਨਾ ਦੀ ਤਲੀ 'ਤੇ ਭਾਵਨਾਵਾਂ ਦੀ ਸਰਘੀ ਨੂੰ ਕਿਆਸੇ ਤਾਂ ਕਿ ਮਰਨਊ ਜ਼ਿੰਦਗੀ ਦੇ ਮੁੱਖ 'ਤੇ ਉਪਜਣ ਹਾਸੇ?

ਦਾਨ, ਕੁਝ ਦੇਣ ਦਾ ਨਾਮ। ਇਹ ਧਨ, ਦੌਲਤ, ਰੋਟੀ ਜਾਂ ਸਿਰ ਦੀ ਛੱਤ ਤੋਂ ਇਲਾਵਾ ਵੀ ਬਹੁਤ ਕੁਝ ਹੁੰਦਾ। ਸੁਪਨਹੀਣ ਨੈਣਾਂ ਨੂੰ ਸੁਪਨੇ ਦਿਓ-ਕੁਝ ਬਣਨ ਦੇ, ਚੰਗੇਰਾ ਕਰਨ ਦੇ, ਸਮਿਆਂ ਦੀ ਵੱਖੀ 'ਚ ਸੂਰਜ ਧਰਨ ਦੇ ਅਤੇ ਹਨੇਰਿਆਂ 'ਚ ਲਿਪਟੇ ਆਲ੍ਹਿਆਂ 'ਚ ਦੀਵਾ ਡੰਗਣ ਦੇ। ਸੋਚ ਤੋਂ ਵਿਰਵੇ ਮਨਾਂ ਵਿਚ ਸੁਹਜ, ਸੋਚ ਅਤੇ ਸੰਵੇਦਨਾ ਦਾ ਸੁਨੇਹਾ ਦਿਓ ਤਾਂ ਕਿ ਉਨ੍ਹਾਂ ਦੀ ਮਨ-ਬੀਹੀ ਗੁਣਗੁਣਾਵੇ ਅਤੇ ਸੁਖਨ ਦੀ ਰਾਗਣੀ 'ਚ ਮਸਤਾਵੇ।

ਦਾਨ ਦੇਣਾ ਏ, ਤਨ ਦੇ ਲੰਗਾਰ ਲਈ ਕੱਜਣ ਬਣੋ, ਪੱਗ ਨੂੰ ਪਰਨਿਆਂ ਵਿਚ ਵੰਡ ਕੇ ਨੰਗੇ ਸਿਰਾਂ ਨੂੰ ਕੱਜੋ। ਇਸ ਨਾਲ ਅਸੀਂ ਖੁਦ ਦਾ ਹੀ ਨੰਗੇਜ਼ ਤੇ ਕੁਹਝ ਹੀ ਨਹੀਂ ਢੱਕਾਂਗੇ ਸਗੋਂ ਸਮਾਜਕ ਵਰਤਾਰੇ ਅਤੇ ਮੌਜੂਦਾ ਅਹਿਲਕਾਰਾਂ ਦੇ ਹਾਬੜਪੁਣੇ ਨੂੰ ਠੱਲ ਸਕਾਂਗੇ, ਜੋ ਇਸ ਨੰਗੇਜ਼ ਵਿਚੋਂ ਹੀ ਜਿਸਮਾਂ ਦੀਆਂ ਬੋਟੀਆਂ ਨੋਚਦੇ, ਬੰਦਿਆਂ ਦੀਆਂ ਪੌੜੀਆਂ ਬਣਾ ਕੇ ਜਿਉਂਦੇ ਨੇ। ਮਨੁੱਖ ਦੀ ਮੁਢਲੀ ਲੋੜ ਦੀ ਅਪੂਰਤੀ ਨੇ ਹੀ ਮਨੁੱਖ ਨੂੰ ਸਦਾ ਹੀ ਕੁੱਲੀ, ਗੁੱਲੀ ਅਤੇ ਜੁੱਲੀ ਦੀ ਲੋੜ-ਪੂਰਤੀ ਤੀਕ ਸੀਮਤ ਕਰੀ ਰਖਿਆ ਏ।




***ਦਾਨ ਤਾਂ ਖੂਨ ਦਾਨ ਦਾ ਵੀ ਹੁੰਦਾ, ਜੋ ਕਿਸੇ ਲਈ ਜੀਵਨ-ਦਾਨ ਹੁੰਦਾ। ਅੰਗ-ਦਾਨ ਵੀ ਹੁੰਦਾ, ਜੋ ਤੁਹਾਡੇ ਮਰਨ ਤੋਂ ਬਾਅਦ ਵੀ ਤੁਹਾਡੇ ਅੰਗਾਂ ਨੂੰ ਜਿਉਂਦਾ ਰੱਖ, ਲੋੜਵੰਦ ਲਈ ਨੇਤਰ, ਗੁਰਦੇ ਦੇ ਆਦਿ ਦੇ ਰੂਪ, ਉਸ ਦੀ ਜੀਵਨ ਆਸ ਨੂੰ ਲੰਮੇਰੀ ਕਰਦੈ। ਦਾਨ ਤਾਂ ਧੀ ਦਾ ਵੀ ਹੁੰਦਾ, ਜਦ ਇਕ ਬਾਪ ਦੁਨੀਆਂ ਦਾ ਸਭ ਤੋਂ ਵੱਡਾ ਦਾਨੀ ਬਣ ਕੇ ਧੀ ਨੂੰ ਪਰਾਏ ਘਰ ਤੋਰਦਾ। ਇਕ ਘਰ ਨੂੰ ਚਾਰ ਚੰਨ ਲਾਉਣ ਤੋਂ ਬਾਅਦ ਇਕ ਹੋਰ ਘਰ ਵਸਾਉਣ ਲਈ ਤਿਆਰੀ। ਦਾਨੀ ਬਾਪ ਸਮਾਜਕ ਉਸਾਰੀ ਦਾ ਉਹ ਧੁਰਾ ਜਿਸ ਦੀ ਤੁਲਨਾ ਲਈ ਹਰਫ ਵੀ ਬੌਣੇ ਨੇ।***

ਦਾਨ ਦੇਣਾ ਏ ਤਾਂ ਕਿਸੇ ਮਸੋਸੇ ਜਿਹੇ ਚਿਹਰੇ ਨੂੰ ਮੁਸਕਰਾਹਟ ਦਾ ਦਿਓ, ਮੁਖੜੇ 'ਤੇ ਉਕਰੀਆਂ ਤਿਉੜੀਆਂ ਨੂੰ ਮਿਟਾਓ ਅਤੇ ਉਸ ਦੀ ਉਦਾਸ-ਜੂਹ ਵਿਚ ਨਿੱਕੇ-ਨਿੱਕੇ ਚਾਅ ਤਰੌਂਕੋ। ਹੱਸਦੇ ਰਹਿਣ ਵਾਲੇ ਲੋਕਾਂ ਦੇ ਸਾਹਾਂ 'ਚ ਸੰਗੀਤ ਅਤੇ ਜ਼ਿੰਦਗੀ ਨੂੰ ਭਰਪੂਰਤਾ ਨਾਲ ਜਿਉਣ ਦੀ ਰੀਤ। ਮੁਸਕਰਾਉਂਦੇ ਚਿਹਰਿਆਂ ਵਿਚ ਰਹਿਣ ਵਾਲੇ ਲੋਕਾਂ ਨੂੰ ਮੁਸਕਰਾਉਣ ਦੀ ਆਦਤ ਪੈ ਜਾਂਦੀ। ਅਜਿਹੇ ਦਾਨ ਨਾਲ ਤੁਹਾਡਾ ਕੁਝ ਨਹੀਂ ਘੱਟਦਾ ਪਰ ਇਹ ਦਾਨ ਸਭ ਤੋਂ ਅਜ਼ੀਮ ਅਤੇ ਅਣਮੁੱਲਾ।

ਦਾਨ ਦੇਣਾ ਏ ਤਾਂ ਕਿਸੇ ਬੋਧ-ਹੀਣ ਬੱਚੇ ਨੂੰ ਕਲਮ ਪਕੜਾਓ, ਉਸ ਦੀ ਮਸਤਕ ਫੱਟੀ 'ਤੇ ਪੂਰਨੇ ਪਾਓ ਅਤੇ ਕੋਰੀ ਮੱਤ 'ਚ ਅੱਖਰਾਂ ਦਾ ਜਾਗ ਲਾਓ। ਉਹ ਅੱਖਰਾਂ ਵਿਚੋਂ ਜ਼ਿੰਦਗੀ ਨੂੰ ਪੜ੍ਹਨ ਜੋਗਾ ਹੋ ਜਾਵੇਗਾ। ਉਸ ਨੂੰ ਜੀਵਨ ਦੀਆਂ ਤਰਜ਼ੀਹਾਂ, ਤਦਬੀਰਾਂ ਅਤੇ ਤਕਦੀਰਾਂ ਦਾ ਖੁਦ ਅਹਿਸਾਸ ਹੋਵੇਗਾ ਅਤੇ ਉਹ ਇਨ੍ਹਾਂ ਨੂੰ ਬਦਲਣਦੇ ਸਮਰੱਥ ਹੋਵੇਗਾ। ਯਹੂਦੀਆਂ ਨੇ ਆਪਣੀ ਹਰ ਪੀੜ੍ਹੀ ਨੂੰ ਵਿਦਿਆ ਦੇ ਲੜ ਲਾ ਕੇ ਦੁਨੀਆਂ ਭਰ ਦੀ ਆਰਥਕਤਾ ਨੂੰ ਆਪਣੇ ਹੱਥ ਵਿਚ ਕੀਤਾ ਹੋਇਆ ਏ। ਸਭ ਤੋਂ ਵੱਧ ਨੋਬਲ ਪੁਰਸਕਾਰ ਜਿੱਤਣ ਵਾਲੇ ਵੀ ਯਹੂਦੀ ਹੀ ਹਨ। ਹਰਫਾਂ ਤੋਂ ਕੋਰੇ ਵਿਅਕਤੀਆਂ ਨੂੰ ਗਿਆਨ ਦੀ ਤਾਕਤ ਦਾ ਕਿਵੇਂ ਅੰਦਾਜ਼ਾ ਹੋਵੇਗਾ? ਕਿੰਜ ਉਹ ਸਮਾਜਕ ਦੁਸ਼ਵਾਰੀਆਂ, ਕੁਰੀਤੀਆਂ, ਕੁਹਜਾਂ ਅਤੇ ਕੁਕਰਮਾਂ ਦੀ ਮਾਰ ਸਮਝਣ ਤੋਂ ਨਾਬਰ ਹੋ, ਖੁਦ ਆਪਣੇ ਹੱਥਾਂ ਨਾਲ ਤਕਦੀਰ ਨੂੰ ਲਿਖਣ ਲਈ ਕਾਬਲ ਹੋਣਗੇ?

ਦਾਨ ਹੀ ਦੇਣਾ ਏ ਤਾਂ ਕਿਸੇ ਨਿਆਸਰੇ ਨੂੰ ਆਸਰਾ ਦਿਓ। ਨਿਰਾਸ਼ ਵਿਅਕਤੀ ਦੇ ਪੱਲੇ ਵਿਚ ਆਸ ਦਾ ਸੰਧਾਰਾ ਪਾਓ। ਤਿੜਕੇ ਇਨਸਾਨ ਨੂੰ ਜੋੜਨ ਦੀ ਪਹਿਲ ਕਰੋ। ਕਮ-ਦਿਲਿਆਂ ਲਈ ਹੌਂਸਲਾ ਅਫਜਾਈ ਦਾ ਬੋਲ ਬੋਲੋ। ਜ਼ਿੰਦਗੀ ਤੋਂ ਆਤੁਰ ਹੋ ਚੁਕੇ ਨਾਦਾਨਾਂ ਲਈ ਜੀਵਨ ਦੀ ਸਾਰਥਕਤਾ ਦਾ ਸ਼ਬਦ ਬਣੋ। ਪੀੜ ਪੀੜ ਹੋਏ ਬਾਬੇ ਬਿਰਖ ਦੀ ਪੀੜਾ ਨੂੰ ਹਰਨ ਦਾ ਵਸੀਲਾ ਬਣੋ ਜਾਂ ਦਰਦ-ਵਹਿੰਗੀ ਬਣੇ ਕਿਸੇ ਸਰਵਣ ਪੁੱਤਰ ਦੀ ਰੀਸ ਕਰੋ।

ਦਾਨ ਸੋਚ ਵਿਚ ਪੈਦਾ ਹੋਵੇ ਤਾਂ ਕਰਮ-ਧਰਮ ਦਾ ਰੂਪ ਧਾਰ ਲੈਂਦਾ। ਇਸ ਲਈ ਧਨ ਜਾਂ ਰੁਤਬੇ ਦੀ ਲੋੜ ਨਹੀਂ ਹੁੰਦੀ। ਤੁਹਾਡੀ ਸਾਫਗੋਈ, ਤੁਹਾਡੇ ਸਮਰਪਣ ਅਤੇ ਅਕੀਦੇ ਪ੍ਰਤੀ ਨਿਸ਼ਠਾ ਹੀ ਤੁਹਾਡੀ ਦਿੱਖ ਤੇ ਦ੍ਰਿਸ਼ਟੀ ਬਣ ਤੁਹਾਨੂੰ ਨਵੀਆਂ ਸੇਧਾਂ ਅਤੇ ਸਿੱਧੇ ਰਾਹਾਂ ਵੰਨੀ ਤੋਰਦੀ ਏ। ਭਲਿਆਈ ਭਰਪੂਰ ਕਾਰਜਾਂ ਵਿਚ ਵੱਡੀਆਂ ਮੱਲਾਂ ਮਾਰਨ ਅਤੇ ਦੁਨੀਆਂ ਲਈ ਰੋਲ ਮਾਡਲ ਬਣਨ ਵਾਲੇ ਲੋਕ ਸਿਰਫ ਸੋਚ ਸਦਕਾ ਹੀ ਵਿਕੋਲਿਤਰਾ ਸੰਸਾਰ ਸਿਰਜਣ ਅਤੇ ਇਸ ਨੂੰ ਸੰਜੀਵਤਾ ਬਖਸ਼ਣ ਦੇ ਰਾਹ ਤੁਰੇ ਸਨ।

'ਕੇਰਾਂ ਨੱਬਿਆਂ ਵਿਚ ਇਕ ਨਿਹੰਗ ਸਿੰਘ ਪ੍ਰਿੰਸੀਪਲ ਦੇ ਦਫਤਰ ਆਇਆ ਕਿ ਅਸੀਂ ਗੁਰਦੁਆਰਾ ਬਣਾ ਰਹੇ ਹਾਂ, ਪੰਜ ਹਜਾਰ ਰੁਪਏ ਦਾਨ ਦਿਓ। ਪ੍ਰਿੰਸੀਪਲ ਨੇ ਉਸ ਨੂੰ ਮੇਰੇ ਕੋਲ ਭੇਜ ਦਿਤਾ ਕਿਉਂਕਿ ਮੈਂ ਸਟਾਫ ਸੈਕਟਰੀ ਸਾਂ। ਮੈਂ ਉਸ ਨੂੰ ਪੁੱਛਿਆ ਕਿ ਤੁਸੀਂ ਕਿਥੇ ਗੁਰਦੁਆਰਾ ਬਣਾ ਰਹੇ ਹੋ, ਕਿਸ ਦੀ ਯਾਦ ਵਿਚ ਬਣਾ ਰਹੇ ਹੋ, ਕਿਹੜੀ ਸੰਸਥਾ ਹੈ ਅਤੇ ਤੁਹਾਡੇ ਕੋਲ ਕੋਈ ਰਸੀਦ ਬੁੱਕ ਵੀ ਹੋਵੇਗੀ? ਭੰਗ ਦੇ ਨਸ਼ੇ ਵਿਚ ਧੁੱਤ ਉਹ ਮੈਨੂੰ ਕਹਿਣ ਲੱਗਾ, ਬਸ ਗੁਰਦੁਆਰਾ ਬਣਾਉਣਾ। ਕੋਈ ਰਸੀਦ ਨਹੀਂ। ਪੰਜ ਹਜ਼ਾਰ ਚਾਹੀਦਾ। ਮੈਂ ਕੁਝ ਸਖਤ ਲਹਿਜੇ ਵਿਚ ਕਿਹਾ ਕਿ ਮੈਂ ਬਿਨਾ ਰਸੀਦ ਤੋਂ ਇੰਨੀ ਰਕਮ ਤਾਂ ਦੇ ਨਹੀਂ ਸਕਦਾ। ਸੌ-ਦੋ ਸੌ ਲੈਣਾ ਤਾਂ ਮੈਂ ਦੇ ਦਿੰਦਾ ਹਾਂ ਤਾਂ ਉਹ ਬੁੜ-ਬੁੜ ਕਰਦਾ ਉਠ ਕੇ ਚਲੇ ਗਿਆ। ਅਜਿਹੇ ਜਬਰੀ ਦਾਨ ਮੰਗਣ ਵਾਲਿਆਂ ਨੂੰ ਕੀ ਕਹੋਗੇ? ਅੱਜ ਕੱਲ ਤਾਂ 'ਜੋਰੀਂ ਮੰਗੇ ਦਾਨ ਵੇ ਲਾਲੋ' ਦਾ ਹੋਕਰਾ ਹਰ ਹਿੱਕ ਵਿਚ ਜੰਮ ਚੁਕਾ ਏ। ਹੁਣ ਤਾਂ ਦਾਨ ਮੰਗਣ ਵਾਲੇ ਵੀ ਗੈਂਗ ਦਾ ਰੂਪ ਧਾਰ ਕੇ ਮਾਫੀਏ ਦੇ ਰੂਪ ਵਿਚ ਹਰ ਜਗਾ 'ਤੇ ਨਜ਼ਰ ਆਉਂਦੇ ਨੇ। ਅਜਿਹੇ ਲੋਕਾਂ ਨੇ ਦਾਨ ਦੀ ਮਹਿਮਾ ਨੂੰ ਹੀ ਦਾਗੀ ਕਰ ਦਿਤਾ ਏ।

ਦਾਨ, ਸੱਚੇ ਅਤੇ ਸੁਥਰੇ ਰੂਪ ਵਿਚ ਹੋਵੇ ਤਾਂ ਇਹ ਇਕ ਤਬਦੀਲੀ ਦਾ ਸੂਚਕ। ਭਾਵੇਂ ਕਿੰਨਾ ਵੀ ਨਿਗੂਣਾ ਹੋਵੇ, ਇਸ ਦਾ ਅਸਰ ਵਸੀਹ। ਇਹ ਅਜਾਈਂ ਨਹੀਂ ਜਾਂਦਾ।

ਦਾਨ ਤਾਂ ਖੂਨ ਦਾਨ ਦਾ ਵੀ ਹੁੰਦਾ, ਜੋ ਕਿਸੇ ਲਈ ਜੀਵਨ-ਦਾਨ ਹੁੰਦਾ। ਅੰਗ-ਦਾਨ ਵੀ ਹੁੰਦਾ, ਜੋ ਤੁਹਾਡੇ ਮਰਨ ਤੋਂ ਬਾਅਦ ਵੀ ਤੁਹਾਡੇ ਅੰਗਾਂ ਨੂੰ ਜਿਉਂਦਾ ਰੱਖ, ਲੋੜਵੰਦ ਲਈ ਨੇਤਰ, ਗੁਰਦੇ ਦੇ ਆਦਿ ਦੇ ਰੂਪ, ਉਸ ਦੀ ਜੀਵਨ ਆਸ ਨੂੰ ਲੰਮੇਰੀ ਕਰਦੈ। ਦਾਨ ਤਾਂ ਧੀ ਦਾ ਵੀ ਹੁੰਦਾ, ਜਦ ਇਕ ਬਾਪ ਦੁਨੀਆਂ ਦਾ ਸਭ ਤੋਂ ਵੱਡਾ ਦਾਨੀ ਬਣ ਕੇ ਧੀ ਨੂੰ ਪਰਾਏ ਘਰ ਤੋਰਦਾ। ਇਕ ਘਰ ਨੂੰ ਚਾਰ ਚੰਨ ਲਾਉਣ ਤੋਂ ਬਾਅਦ ਇਕ ਹੋਰ ਘਰ ਵਸਾਉਣ ਲਈ ਤਿਆਰੀ। ਦਾਨੀ ਬਾਪ ਸਮਾਜਕ ਉਸਾਰੀ ਦਾ ਉਹ ਧੁਰਾ ਜਿਸ ਦੀ ਤੁਲਨਾ ਲਈ ਹਰਫ ਵੀ ਬੌਣੇ ਨੇ।

ਦਾਨ ਦੇ ਨਾਲ-ਨਾਲ ਜਦ ਦਾਨ ਦੇਣ ਦੀ ਸਿਆਣਪ ਵੀ ਆ ਜਾਵੇ ਤਾਂ ਦਾਨ ਦੀ ਮਹੱਤਤਾ ਹੋਰ ਵੱਧ ਜਾਂਦੀ। ਦਾਨ ਜਦ ਸਹੀ ਹੱਥਾਂ ਰਾਹੀਂ, ਸਹੀ ਹੱਥਾਂ ਵਿਚ ਜਾਂਦਾ, ਤਾਂ ਸਹੀ ਕਾਰਜ ਸੰਪੂਰਨ ਕਰ ਸੱਚੀ-ਸੁੱਚੀ ਭਾਵਨਾ ਨੂੰ ਨਵੇਂ ਅਰਥ ਦਿੰਦਾ।

ਦਾਨ ਦਿਤਿਆਂ, ਜ਼ਿੰਦਗੀ ਦਾ ਨਾਮਕਰਨ ਹੁੰਦਾ ਏ। ਕਮਾਈ ਕਰਦਿਆਂ ਖੁਦ ਲਈ ਜਿਉਂਦਿਆਂ ਨੂੰ ਤਾਂ ਸਾਹਾਂ ਦੀ ਗਿਣਤੀ ਕਰਨਾ ਹੀ ਕਿਹਾ ਜਾ ਸਕਦਾ।

ਨਿੱਕਾ ਜਿਹਾ ਦਾਨੀ ਕਰਮ ਜਦ ਕਿਸੇ ਮੁਖੜੇ 'ਤੇ ਖੁਸ਼ੀ, ਸੰਤੁਸ਼ਟੀ, ਖੇੜਾ, ਚਾਅ ਅਤੇ ਸੁਪਨ-ਸ਼ੀਲਤਾ ਬਣਦਾ ਤਾਂ ਦਾਨ ਆਪਣਾ ਕਰਮ ਨਿਭਾਉਂਦਾ। ਜੀਵਨ-ਜੋਤ ਨੂੰ ਜਗਦਾ ਰੱਖਣ ਲਈ ਸਭ ਤੋਂ ਵੱਡਾ ਆਹਰ ਅਤੇ ਆਧਾਰ।

ਦਾਨ ਦੀ ਮਹਾਨਤਾ ਨੂੰ ਦੇਖਣਾ ਹੋਵੇ ਤਾਂ ਧਰਤੀ ਵਲੋਂ ਕੀਤੇ ਜਾ ਰਹੇ ਦਾਨਾਂ ਨੂੰ ਗਿਣਨਾ, ਤੁਹਾਨੂੰ ਧਰਤੀ ਦੀ ਦਾਨਾਈ ਅਤੇ ਵਡਿਆਈ ਗਾਉਂਦਿਆਂ ਉਮਰ ਬੀਤ ਜਾਵੇਗੀ।

ਗੁਰਦੁਆਰੇ, ਮੰਦਿਰ ਜਾਂ ਮਸਜਿਦ ਵਿਚ ਸੰਗਮਰਮਰ ਲਵਾਉਣ, ਸੋਨਾ ਚੜ੍ਹਾਉਣ ਜਾਂ ਇਕ ਹੋਰ ਉਚੇਰਾ ਗੁੰਬਦ ਬਣਾਉਣ ਤੋਂ ਪਹਿਲਾਂ ਨਾਲ ਦੀ ਗਲੀ ਵਿਚਲੀ ਕੱਖਾਂ ਦੀ ਕੁੱਲੀ ਨੂੰ ਪੱਕੇ ਘਰ ਦਾ ਰੂਪ ਦੇ ਦੇਣਾ ਜਾਂ ਕਿਸੇ ਲੂਲੇ-ਲੰਗੜੇ ਦੀ ਮਦਦ ਕਰਨਾ, ਖੁਦਾ ਤੁਹਾਡੇ ਸਦਕੇ ਜਾਵੇਗਾ।

ਦਾਨੀ, ਦੁਨੀਆਂ ਦਾ ਸਭ ਤੋਂ ਅਮੀਰ। ਉਹ ਸੁੱਖ-ਸੁਵਿਧਾਵਾਂ ਜਾਂ ਧਨ-ਦੌਲਤ ਤੋਂ ਭਾਵੇਂ ਗਰੀਬ ਹੋਵੇ ਪਰ ਦਿਲ ਦਾ ਹੁੰਦਾ ਏ ਸ਼ਾਹ-ਅਸਵਾਰ। ਉਸ ਦੀ ਕਰਮ-ਜਾਚਨਾ ਵਿਚ ਖੁਣਿਆ ਹੁੰਦਾ ਏ ਪਰਉਪਕਾਰ, ਜੋ ਹੈ, ਉਸ ਦੇ ਜੀਵਨ ਦਾ ਚੱਜ-ਅਚਾਰ ਅਤੇ ਸੁਪਨਿਆਂ ਦਾ ਸੰਸਾਰ। ਅਜਿਹਾ ਗਰੀਬ ਕਰਦਾ ਏ ਖੁਸ਼-ਆਮਦੀਦ ਨਾਲ ਸਤਿਕਾਰ, ਪਰ ਅਮੀਰ ਕਰਦਾ ਏ ਮੱਥੇ 'ਤੇ ਉਕਰੀਆਂ ਤਿਉੜੀਆਂ ਨਾਲ ਤੁਹਾਡਾ ਤ੍ਰਿਸਕਾਰ।

ਦਾਨ ਦਿੰਦਿਆਂ, ਕੁਝ ਲੈਣ ਦੀ ਆਸ ਮਨ ਵਿਚ ਪਾਲਣ ਵਾਲੇ ਦਰਅਸਲ ਦਾਨੀ ਨਹੀਂ ਹੁੰਦੇ। ਉਹ ਦਾਨ ਦੇ ਓਹਲੇ ਵਿਚ ਆਪਣੀ ਖੁਦਦਾਰੀ ਨੂੰ ਵੇਚਦੇ ਅਤੇ ਇਸ ਵਿਚੋਂ ਖੋਖਲੇ ਸਕੂਨ ਦੀ ਤਲਾਸ਼ ਕਰਦੇ।

ਦਾਨ ਜਦ ਅਖਬਾਰੀ ਇਸ਼ਤਿਹਾਰ ਬਣ ਜਾਵੇ, ਸਿਫਤ-ਸਾਲਾਹ ਦਾ ਸਰੋਤ ਬਣ ਜਾਵੇ ਜਾਂ ਨਾਂ ਦੀ ਚਰਚਾ ਕਰਵਾਉਣ ਦੀ ਲਾਲਸਾ ਦਾ ਰੂਪ ਵਟਾਵੇ ਤਾਂ ਦਾਨਾਈ ਆਪਣੀ ਮੌਤੇ ਮਰ ਜਾਵੇ। ਸੰਗਮਰਮਰੀ ਸਿੱਲਾਂ 'ਤੇ ਉਕਰੇ ਨਾਮ, ਅਦਾਰਿਆਂ ਵਿਚ ਲੱਗੀਆਂ ਤਖਤੀਆਂ ਜਾਂ ਵੱਡੇ-ਵੱਡੇ ਅੱਖਰਾਂ ਵਿਚ ਦਾਨੀਆਂ ਦੇ ਨਾਂਵਾਂ ਅਤੇ ਦਾਨ ਦਿਤੀ ਰਾਸ਼ੀ ਨੂੰ ਉਕਰਾਉਣ ਤੇ ਚਮਕਾਉਣ ਦੇ ਕੀ ਅਰਥ ਹੋ ਸਕਦੇ ਨੇ? ਅਜਿਹੇ ਲੋਕ ਕੀ ਦੱਸਣਾ ਚਾਹੁੰਦੇ ਨੇ ਸਰੋਤਹੀਣ ਲੋਕਾਂ ਨੂੰ?

ਕਈ ਲੋਕ ਤਾਂ ਦਾਨ ਹੀ ਇਹ ਦਿਖਾਉਣ ਲਈ ਕਰਦੇ ਕਿ ਉਨ੍ਹਾਂ ਦੀ ਕੂੜ-ਕਮਾਈ, ਗਲਤ-ਹਰਬਿਆਂ ਨਾਲ 'ਕੱਠੇ ਕੀਤੇ ਧਨ, ਲੋਕ ਉਜਾੜੇ ਵਿਚੋਂ ਕਮਾਏ ਮੁਨਾਫੇ ਅਤੇ ਗਰੀਬ ਦੇ ਕੀਰਨਿਆਂ ਨਾਲ ਇਕੱਠੇ ਕੀਤੇ ਖਜਾਨੇ ਨੂੰ ਸਮਾਜਕ ਸ਼ੀਸ਼ੇ ਵਿਚ ਸਾਫ-ਸੁਥਰਾ ਦਿਖਾਇਆ ਜਾ ਸਕੇ। ਕਈ ਤਾਂ ਦਾਨ ਦੇ ਨਾਂ 'ਤੇ ਵੀ ਮੋਟੀ ਕਮਾਈ ਕਰ ਜਾਂਦੇ। ਅਜਿਹੇ ਲੋਕ ਆਮ ਤੌਰ 'ਤੇ ਦਾਨ-ਸਮਾਗਮ ਲਈ ਪੈਸਾ ਇਕੱਠਾ ਕਰਦੇ ਅਤੇ ਘਾਲਾ-ਮਾਲਾ ਕਰ ਜਾਂਦੇ।

ਦਾਨ ਦਿਤਿਆਂ ਬੰਦਾ ਕਦੇ ਗਰੀਬ ਨਹੀਂ ਹੁੰਦਾ। ਬਸ਼ਰਤੇ ਦਾਨ ਸੱਚੀ ਭਾਵਨਾ ਨਾਲ ਦਿਤਾ ਜਾਵੇ ਅਤੇ ਇਸ ਨੂੰ ਸੁੱਚੇ ਸਰੋਕਾਰਾਂ ਲਈ ਵਰਤਿਆ ਜਾਵੇ।

ਦਾਨ ਜਰੂਰ ਕਰੋ ਪਰ ਇਸ ਲਈ ਤੁਹਾਡੀ ਦਿਆਨਤਾ ਸਭ ਤੋਂ ਜ਼ਿਆਦਾ ਜਰੂਰੀ। ਦਾਨ ਲੈਣ ਵਾਲੇ ਨੂੰ ਪਰਖਣਾ ਅਤੇ ਦਾਨ ਨੂੰ ਕਿਹੜੇ ਰੂਪ ਵਿਚ ਦੇਣਾ, ਇਹ ਦਾਨ ਲੈਣ ਵਾਲੇ ਦੀਆਂ ਲੋੜਾਂ ਅਤੇ ਥੋੜ੍ਹਾਂ ਨੂੰ ਸਮਝ ਕੇ ਹੀ ਦਿਤਾ ਜਾ ਸਕਦਾ। ਪਰ ਜਦ ਦਾਨ, ਮਨ ਦੀ ਸੁਹਜ, ਸੂਝ, ਸਹਿਜ ਅਤੇ ਸਾਰਥਕਤਾ ਵਿਚੋਂ ਦਿਤਾ ਜਾਂਦਾ ਤਾਂ ਇਹ ਸੰਵੇਦਨਾਮਈ ਅਤੇ ਸੂਖਮ ਭਾਵੀ ਹੋ ਕੇ ਦਾਨ ਲੈਣ ਵਾਲੇ ਲਈ ਨੂਰਾਨੀ ਭਾਅ ਬਣਦਾ। ਇਸ ਭਾਅ ਵਿਚੋਂ ਹੀ ਦਾਨੀ ਨੂੰ ਨਵਾਂ ਜੀਵਨ-ਦਾਨ ਮਿਲਦਾ।

ਸਾਨੂੰ ਅਜਿਹੇ ਜੀਵਨ-ਦਾਨ ਨੂੰ ਆਪਣੇ ਹਰ ਸਾਹ 'ਤੇ ਉਕਰਨਾ ਚਾਹੀਦਾ ਤਾਂ ਹੀ ਸਾਹਾਂ ਦੀ ਸਾਰਥਕਤਾ ਸਫਲ ਹੋਵੇਗੀ ਅਤੇ ਸਾਹ-ਸੰਗੀਤ ਨਗਮਾ ਬਣੇਗਾ।

# ਅਜਮੇਰ ਸਿੰਘ: ਦਾਅਵੇ ਤੇ ਕਾਰਗੁਜ਼ਾਰੀ

**ਵਿਚਾਰ-ਚਰਚਾ**

***ਬੇਅਦਬੀ ਦੀਆਂ ਘਟਨਾਵਾਂ ਅਤੇ ਕੁਝ ਹੋਰ ਮੁੱਦਿਆਂ ਨੂੰ ਲੈ ਕੇ ਜੂਨ ਵਿਚ ਸ਼ੁਰੂ ਹੋਏ ਬਰਗਾੜੀ ਇਨਸਾਫ ਮੋਰਚੇ ਨੇ ਪੰਜਾਬ ਦੀ ਸਿਆਸਤ ਵਿਚ ਤਾਜ਼ੀ ਹਵਾ ਦਾ ਬੁੱਲਾ ਲਿਆਂਦਾ ਹੈ। ਕੁਝ ਵਿਸ਼ਲੇਸ਼ਕਾਂ ਨੇ ਇਸ ਨੂੰ ਪੰਜਾਬ ਵਿਚ ਤੀਜੇ ਸਿਆਸੀ ਮੋਰਚੇ ਨਾਲ ਜੋੜ ਕੇ ਵੀ ਦੇਖਿਆ ਹੈ। ਇਸੇ ਪ੍ਰਸੰਗ ਵਿਚ ਆਕਸਫੋਰਡ ਯੂਨੀਵਰਸਿਟੀ ਦੇ ਖੋਜਾਰਥੀ ਅਤੇ ਸਿੱਖ ਵਿਦਵਾਨ ਪ੍ਰਭਸ਼ਰਨਦੀਪ ਸਿੰਘ ਨੇ ਦੋ ਲੇਖ ਲਿਖੇ ਜਿਨ੍ਹਾਂ ਵਿਚ ਬਰਗਾੜੀ ਮੋਰਚੇ ਅਤੇ ਅੰਮ੍ਰਿਤਸਰ ਵਿਚ ਹੋਈ ਪੰਥਕ ਅਸੈਂਬਲੀ ਨੂੰ ਕੇਂਦਰ ਵਿਚ ਰੱਖ ਕੇ ਉਨ੍ਹਾਂ ਸਿੱਖ ਸਿਆਸਤ ਬਾਰੇ ਗੱਲਾਂ ਸਾਂਝੀਆਂ ਕੀਤੀਆਂ। ਇਹ ਦੋਵੇਂ ਲੇਖ ਪਾਠਕ ਪਿਛਲੇ ਅੰਕਾਂ (43 ਅਤੇ 44) ਵਿਚ ਪੜ੍ਹ ਚੁਕੇ ਹਨ। ਹੁਣ ਉਨ੍ਹਾਂ ਤੀਜਾ ਲੇਖ ਭੇਜਿਆ ਹੈ, ਜੋ ਨਿਰੋਲ ਸਿੱਖ ਵਿਦਵਾਨਾਂ, ਖਾਸ ਕਰਕੇ ਪਿਛਲੇ ਕੁਝ ਸਮੇਂ ਦੌਰਾਨ ਸਿੱਖ ਚਿੰਤਨ ਵਜੋਂ ਉਭਰੇ ਸਾਬਕਾ ਨਕਸਲੀ ਆਗੂ ਅਜਮੇਰ ਸਿੰਘ ਦੀ ਸਿੱਖ ਸਿਆਸਤ ਬਾਰੇ ਪਹੁੰਚ ਨਾਲ ਸਬੰਧਤ ਹੈ। ਇਸ ਲੇਖ ਬਾਰੇ ਸੀਨੀਅਰ ਪੱਤਰਕਾਰ ਅਤੇ ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ ਦੇ ਸਾਬਕਾ ਅਸਿਸਟੈਂਟ ਐਡੀਟਰ ਤੇ ਸਿੱਖ ਵਿਦਵਾਨ ਕਰਮਜੀਤ ਸਿੰਘ ਨੇ ਵੀ ਵਿਚਾਰ ਲਿਖ ਭੇਜੇ ਹਨ। ਇਹ ਲੇਖ ਅਸੀਂ ਪਾਠਕਾਂ ਦੀ ਕਚਹਿਰੀ ਵਿਚ ਰੱਖ ਰਹੇ ਹਾਂ ਤਾਂ ਕਿ ਸਿੱਖ ਸਿਆਸਤ ਦੇ ਮੌਜੂਦਾ ਮਾਹੌਲ ਨੂੰ ਸਮਝਿਆ-ਸਮਝਾਇਆ ਜਾ ਸਕੇ। ਇਸ ਬਾਰੇ ਆਏ ਹਰ ਸੰਜੀਦਾ ਵਿਚਾਰ ਨੂੰ ਪਰਚੇ ਵਿਚ ਬਣਦੀ ਥਾਂ ਦਿੱਤੀ ਜਾਵੇਗੀ ਪਰ ਬੇਨਤੀ ਇਕ ਹੀ ਹੈ ਕਿ ਬਹਿਸ ਨਿੱਜੀ ਦੂਸ਼ਣਬਾਜ਼ੀ ਦੀ ਥਾਂ ਮਸਲਿਆਂ ਉਤੇ ਹੀ ਕੇਂਦਰਿਤ ਰੱਖੀ ਜਾਵੇ। -ਸੰਪਾਦਕ***

ਪਿਛਲੇ ਦਿਨੀਂ ਅਜਮੇਰ ਸਿੰਘ ਬਾਰੇ ਮੇਰੀਆਂ ਟਿੱਪਣੀਆਂ ਤੋਂ ਬਾਅਦ ਕਾਫੀ ਵਾਵੇਲਾ ਖੜ੍ਹਾ ਹੋਇਆ। ਅਫਸੋਸ ਦੀ ਗੱਲ ਹੈ ਕਿ ਅਜਮੇਰ ਸਿੰਘ ਦੀ ਹਮਾਇਤ ਵਿਚ ਉਠੇ ਇਸ ਤੂਫਾਨ ਨੇ ਕਿਸੇ ਸੰਜੀਦਾ ਚਰਚਾ ਦਾ ਰੂਪ ਨਹੀਂ ਲਿਆ। ਅਜਮੇਰ ਸਿੰਘ ਦੇ ਹਮਾਇਤੀਆਂ ਨੇ ਮੇਰੇ ਲੇਖਾਂ ਵਿਚਲੇ ਮੁੱਦੇ ਅਣਗੌਲੇ ਕਰ ਦਿੱਤੇ। ਉਹ ਨਿੱਜੀ ਹਮਲਿਆਂ 'ਤੇ ਉਤਰ ਆਏ। ਅਜਮੇਰ ਸਿੰਘ ਨੂੰ ਚਾਹੀਦਾ ਸੀ, ਆਪਣੀ ਸਥਿਤੀ ਖੁਦ ਸਪੱਸ਼ਟ ਕਰਦਾ। ਪਰ ਅਜਮੇਰ ਸਿੰਘ ਚੁੱਪ ਹੈ। ਚੁੱਪ ਉਹਨੂੰ ਰਾਸ ਜ਼ਰੂਰ ਆਉਂਦੀ ਹੈ, ਪਰ ਇਹ ਕੋਈ ਇਮਾਨਦਾਰੀ ਵਾਲਾ ਰਵੱਈਆ ਨਹੀਂ। ਗੱਲ ਅਜਮੇਰ ਸਿੰਘ ਦੀ ਸਿਆਸੀ ਪਹੁੰਚ ਤੇ ਉਸ ਦੇ ਸੰਭਾਵੀ ਸਿੱਟਿਆਂ ਬਾਰੇ ਸ਼ੁਰੂ ਹੋਈ ਸੀ। ਹਥਲੇ ਲੇਖ ਵਿਚ ਅਸੀਂ ਅਜਮੇਰ ਸਿੰਘ ਦੀ ਪੰਥਕ ਸਿਆਸਤ ਵਿਚ ਭੂਮਿਕਾ ਬਾਰੇ ਕੁਝ ਸੁਆਲ ਅਤੇ

**ਪ੍ਰਭਸ਼ਰਨਦੀਪ ਸਿੰਘ**

ਸਰੋਕਾਰ ਪਾਠਕਾਂ ਨਾਲ ਸਾਂਝੇ ਕਰਾਂਗੇ ਤੇ ਆਸ ਕਰਾਂਗੇ ਕਿ ਇਸ ਵਿਚੋਂ ਕੋਈ ਸੰਜੀਦਾ ਸੰਵਾਦ ਨਿੱਕਲੇਗਾ।

ਅਜਮੇਰ ਸਿੰਘ ਪੰਜਾਬੀ ਦਾ ਬਹੁਤ ਮਕਬੂਲ ਵਾਰਤਕ ਲਿਖਾਰੀ ਹੈ, ਜੋ ਆਪਣੇ ਗਿਆਨ ਅਤੇ ਸਿਆਸੀ ਤਜ਼ਰਬੇ ਦੇ ਦਾਅਵੇ ਕਰਕੇ ਇੱਕ ਸਿਆਸੀ ਮਾਹਿਰ ਵਾਲਾ ਰੁਤਬਾ ਬਣਾਈ ਬੈਠਾ ਹੈ। ਉਹ ਕੁਝ ਸਿੱਖ ਆਗੂਆਂ ਦੇ ਫੈਸਲਿਆਂ ਨੂੰ ਪ੍ਰਭਾਵਿਤ ਕਰ ਸਿੱਖਾਂ ਦੀ ਸਿਆਸੀ ਦਿਸ਼ਾ ਪਲਟਣ ਦੇ ਸਮਰੱਥ ਹੈ। ਅਜਿਹੀ ਸਮਰੱਥਾ ਰੱਖਣ ਵਾਲੇ ਕਿਸੇ ਵੀ ਆਗੂ ਜਾਂ ਵਿਦਵਾਨ ਬਾਰੇ ਸੁਆਲ ਉਠਾਉਣੇ ਉਸ ਸਿਆਸੀ ਲਹਿਰ ਨਾਲ ਸਰੋਕਾਰ ਰੱਖਣ ਵਾਲੇ ਹਰ ਸ਼ਖਸ ਦਾ ਬੁਨਿਆਦੀ ਜਮਹੂਰੀ ਹੱਕ ਹੈ। ਪਰ ਅਜਮੇਰ ਸਿੰਘ ਦੇ ਸਮਰਥਕ ਇਹ ਗੱਲ ਸਮਝਣ ਲਈ ਰਾਜ਼ੀ ਨਹੀਂ ਕਿ ਇਉਂ ਸੁਆਲਾਂ ਜਾਂ ਆਲੋਚਨਾ 'ਤੇ ਰੋਕ ਲਾਉਣੀ ਤਾਨਾਸ਼ਾਹੀ ਰਵੱਈਆ ਹੈ, ਜਿਸ ਨਾਲ ਲਹਿਰ ਕੁਝ ਕੁ ਬੰਦਿਆਂ 'ਤੇ ਨਿਰਭਰ ਹੋ ਕੇ ਰਹਿ ਜਾਂਦੀ ਹੈ। ਇਸ ਤਰ੍ਹਾਂ ਕੁਝ ਕੁ ਕਥਿਤ ਖਾਸ ਬੰਦੇ ਆਪਣੀ ਸਮਝ ਜਾਂ ਇਮਾਨਦਾਰੀ ਦੀ ਘਾਟ ਸਦਕਾ ਸਾਰੀ ਦੀ ਸਾਰੀ ਲਹਿਰ ਨੂੰ ਬਰਬਾਦੀ ਦੇ ਮੂੰਹ ਧੱਕ ਸਕਦੇ ਹਨ। ਸਿੱਖਾਂ ਨਾਲ ਅਜਿਹਾ ਬਹੁਤ ਵਾਰੀ ਹੋਇਆ ਹੈ, ਹਰ ਵਾਰ ਕੋਈ ਨਵਾਂ ਬੰਦਾ ਇਉਂ ਹੀ ਸਿੱਖਾਂ ਨਾਲ ਖਿਲਵਾੜ ਕਰ ਜਾਂਦਾ ਹੈ।

ਅਜਮੇਰ ਸਿੰਘ ਆਪਣੇ ਕੰਮਾਂ ਜਾਂ ਸਲਾਹਾਂ ਲਈ ਜੁਆਬਦੇਹ ਨਹੀਂ ਹੋਣਾ ਚਾਹੁੰਦਾ, ਪਰ ਨਕਸਲੀ ਲਹਿਰ ਤੋਂ ਲੈ ਕੇ ਅੱਜ ਤੱਕ ਵੇਖ ਲਵੋ, ਜਿਹੜੀ ਵੀ ਜਥੇਬੰਦੀ ਅਜਮੇਰ ਸਿੰਘ ਦੀ ਸਲਾਹ 'ਤੇ ਚੱਲੀ ਹੈ, ਉਹ ਹਮੇਸ਼ਾ ਬੁਰੀ ਤਰ੍ਹਾਂ ਅਸਫਲ ਹੋਈ ਹੈ। ਅਜਮੇਰ ਸਿੰਘ ਨੂੰ ਪੰਥਕ ਸੰਘਰਸ਼ ਅੰਦਰ ਹਾਸਲ ਹੋਏ ਪ੍ਰਭਾਵ ਦਾ ਸਿੱਟਾ ਇਹ ਨਿਕਲਿਆ ਕਿ ਖਾਲਿਸਤਾਨੀ ਧਿਰਾਂ ਦੇ ਬਹੁਤ ਵੱਡੇ ਕੌਮਾਂਤਰੀ ਜਥੇਬੰਦਕ ਢਾਂਚੇ ਅਤੇ ਲੋੜੀਂਦੇ ਸਰੋਤ ਹੋਣ ਦੇ ਬਾਵਜੂਦ ਵੀ ਇੱਕ ਤੋਂ ਬਾਅਦ ਇੱਕ ਜਥੇਬੰਦੀ ਅਸਫਲ ਹੁੰਦੀ ਗਈ। ਆਖਰ ਇਹ ਕਿਸ ਕਿਸਮ ਦੀ ਵਿਦਵਤਾ ਸੀ? ਇਸ ਮੁੱਦੇ 'ਤੇ ਵਿਚਾਰ ਕਰਨੀ ਗੁਨਾਹ ਕਿਉਂ ਹੈ? ਇਸ ਦੇ ਉਲਟ ਪ੍ਰੋ. ਪੂਰਨ ਸਿੰਘ, ਜਿਨ੍ਹਾਂ ਦੇ ਵਿਦਵਾਨ ਹੋਣ ਬਾਰੇ ਕਿਸੇ ਨੂੰ ਵੀ ਭੁਲੇਖਾ ਨਹੀਂ, 1928 ਵਿਚ ਹੀ ਪੇਸ਼ੀਨਗੋਈ ਕਰ ਗਏ ਸਨ ਕਿ ਜੇ ਸਿੱਖਾਂ ਨੂੰ ਹਿੰਦੂ ਬਹੁਗਿਣਤੀ ਵਾਲੇ ਆਜ਼ਾਦ ਭਾਰਤ ਵਿਚ ਰਹਿਣਾ ਪਿਆ ਤਾਂ ਸਿੱਖਾਂ ਦੀ ਬਹੁਤ ਬੁਰੀ ਦੁਰਦਸ਼ਾ ਹੋਵੇਗੀ, ਪਰ ਜਿਸ ਸ਼ਖਸ ਨੂੰ ਭਗਵੰਤ ਮਾਨ ਵਰਗੇ ਮਸਖਰੇ ਵਿਚੋਂ ਪੰਜਾਬ ਦੀ ਮੁਕਤੀ ਦਾ ਨਾਇਕ ਦਿਸਣ ਲੱਗ ਪਵੇ, ਉਸ ਤੋਂ ਸੁਹਿਰਦਤਾ ਅਤੇ ਸਿਆਣਪ ਦੀ ਆਸ ਰੱਖਣ ਦੀ ਕੀ ਤੁਕ ਬਣਦੀ ਹੈ?

ਕਿਸੇ ਵਿਦਵਾਨ ਦੀ ਆਲੋਚਨਾ ਗੁਨਾਹ ਨੂੰ ਗੁਨਾਹ ਕਰਾਰ ਦੇਣ ਵਾਲੇ ਅਜਮੇਰ ਸਿੰਘ ਦੇ ਸਮਰਥਕ ਸ਼ਾਇਦ ਇਸ ਗੱਲ ਤੋਂ ਜਾਣੂੰ ਨਹੀਂ ਕਿ ਅਜਮੇਰ ਸਿੰਘ ਨੇ ਆਪਣੀਆਂ ਲਿਖਤਾਂ ਵਿਚ ਪ੍ਰੋ. ਪੂਰਨ ਸਿੰਘ ਅਤੇ ਸਿਰਦਾਰ ਕਪੂਰ ਸਿੰਘ ਵਰਗੇ ਪੰਥ ਦੇ ਸਥਾਪਤ ਅਤੇ ਸਤਿਕਾਰਤ ਵਿਦਵਾਨਾਂ 'ਤੇ ਬਹੁਤ ਗੰਭੀਰ ਹਮਲੇ ਕੀਤੇ ਹਨ। ਅਜਮੇਰ ਸਿੰਘ ਨੇ ਉਪਰੋਕਤ ਦੋਹਾਂ ਵਿਦਵਾਨਾਂ ਨੂੰ ਰਾਜਨੀਤਕ ਸਥਿਤੀਆਂ ਦੇ ਦਬਾਅ ਹੇਠ ਸਿੱਖੀ ਦੇ ਮੂਲ ਨੂੰ ਹਿੰਦੂ ਸੱਭਿਅਤਾ ਨਾਲ ਜੋੜਦੇ ਵਿਖਾਇਆ ਹੈ। ਆਪਣੀਆਂ ਟਿੱਪਣੀਆਂ ਤੋਂ ਬਾਅਦ ਅਜਮੇਰ ਸਿੰਘ ਨੇ ਇਨ੍ਹਾਂ ਵਿਦਵਾਨਾਂ ਦੀਆਂ ਲਿਖਤਾਂ ਵਿਚੋਂ ਹਵਾਲੇ ਪੇਸ਼ ਕੀਤੇ ਹਨ। ਹੇਠਾਂ ਅਜਮੇਰ ਸਿੰਘ ਦੀ ਟਿੱਪਣੀ 'ਚੋਂ ਕੁਝ ਹਿੱਸਾ ਸਾਂਝਾ ਕਰਦੇ ਹਾਂ:

"ਵੀਹਵੀਂ ਸਦੀ ਅੰਦਰ ਸਮਕਾਲੀ ਰਾਜਨੀਤਕ ਸਥਿਤੀ ਦੇ ਪ੍ਰਭਾਵ ਅਤੇ ਦਬਾਅ ਹੇਠ, ਸਿੱਖ ਧਰਮ ਦੀ ਹਿੰਦੂ ਧਰਮ ਨਾਲ ਨੇੜਤਾ ਅਤੇ ਸਮਾਨਤਾ ਦਰਸਾਉਣ ਅਤੇ ਇਸ ਦੇ ਮੂਲ ਨੂੰ ਭਾਰਤ ਦੀ ਹਿੰਦੂ ਸੱਭਿਅਤਾ ਨਾਲ ਜੋੜਨ ਦਾ ਸਿਧਾਂਤਕ ਕੁਰਾਹਾ ਵੇਗ ਫੜ ਗਿਆ।" (ਕਿਸ ਬਿਧ ਰੁਲੀ ਪਾਤਸ਼ਾਹੀ, ਪੰਨਾ 224-25)

ਅਜਮੇਰ ਸਿੰਘ ਪ੍ਰੋ. ਪੂਰਨ ਸਿੰਘ ਅਤੇ ਸਿਰਦਾਰ ਕਪੂਰ ਸਿੰਘ ਦੀਆਂ ਲਿਖਤਾਂ ਨੂੰ ਸਮੁੱਚਤਾ ਵਿਚ ਵੇਖਣ ਦੀ ਬਜਾਏ ਆਪਣੀ ਮਰਜ਼ੀ ਦੇ ਹਵਾਲੇ ਕੱਢ ਉਨ੍ਹਾਂ ਦੀ ਥਾਂ ਨਿਸਚਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਪਰੋਕਤ ਦੋਵੇਂ ਵਿਦਵਾਨ ਵੱਡੇ ਫਿਲਾਸਫਰ ਸਨ, ਜਿਨ੍ਹਾਂ ਬਾਰੇ ਕਿਸੇ ਇੱਕ ਅੱਧੇ ਹਵਾਲੇ ਨਾਲ ਸੰਤੁਲਿਤ ਰਾਇ ਨਹੀਂ ਬਣਾਈ ਜਾ ਸਕਦੀ। ਡਾ. ਗੁਰਭਗਤ ਸਿੰਘ ਵਰਗੇ ਪ੍ਰਬੀਨ ਵਿਦਵਾਨ, ਜਿਨ੍ਹਾਂ ਨੇ ਉਕਤ ਦੋਹਾਂ ਬਾਰੇ ਲਿਖਿਆ ਹੈ, ਉਪਰੋਕਤ ਪੱਖ ਨੂੰ ਕੋਈ ਵੱਡੀ ਅਹਿਮੀਅਤ ਨਹੀਂ ਦਿੰਦੇ। ਇਸ ਦੀ ਵਜ੍ਹਾ ਹੈ ਕਿ ਅਜਮੇਰ ਸਿੰਘ ਵੱਲੋਂ ਕੱਢੇ ਹਵਾਲੇ ਉਕਤ ਦੋਹਾਂ ਵਿਦਵਾਨਾਂ ਦੀਆਂ ਲਿਖਤਾਂ ਵਿਚ ਮੌਜੂਦ ਜ਼ਰੂਰ ਹਨ, ਪਰ ਉਨ੍ਹਾਂ ਦੋਹਾਂ ਦੀ ਅਦੁੱਤੀ ਬੌਧਿਕ ਦੇਣ ਅਤੇ ਹਿੰਦੂਵਾਦ ਪ੍ਰਤੀ ਸਪੱਸ਼ਟਤਾ ਅਜਿਹੇ ਵਿਚਾਰਾਂ ਦੀ ਮੌਜੂਦਗੀ ਦੇ ਬਾਵਜੂਦ ਫਿੱਕੀ ਨਹੀਂ ਪੈਂਦੀ। ਮਿਸਾਲ ਵਜੋਂ ਉਨ੍ਹਾਂ ਦੀਆਂ ਲਿਖਤਾਂ ਵਿਚ ਅਨੇਕ ਹਵਾਲੇ ਹੋਰ ਵੀ ਹਨ ਜਿਨ੍ਹਾਂ ਵਿਚ ਉਨ੍ਹਾਂ ਨੇ ਹਿੰਦੂਵਾਦ ਦੇ ਖੂਨਸੀ ਅਤੇ ਭਿਆਨਕ ਰੂਪ ਨੂੰ ਚੰਗੀ ਤਰ੍ਹਾਂ ਉਜਾਗਰ ਕੀਤਾ ਹੈ। ਕੋਈ ਆਲੋਚਕ ਇਹ ਕਹਿ ਸਕਦਾ ਹੈ ਕਿ ਪ੍ਰੋ. ਪੂਰਨ ਸਿੰਘ ਦੀਆਂ ਲਿਖਤਾਂ ਵਿਚ ਬਹੁਤ ਸਾਰੀਆਂ ਵਿਰੋਧਤਾਈਆਂ ਹਨ, ਪਰ ਸਮਝਣ ਵਾਲੀ ਗੱਲ ਹੈ ਕਿ ਪ੍ਰੋ. ਪੂਰਨ ਸਿੰਘ ਆਪਣੀਆਂ ਵਿਰੋਧਤਾਈਆਂ ਨੂੰ ਕਿਸੇ ਕਿਸਮ ਦਾ ਔਗੁਣ ਨਹੀਂ ਸਮਝਦੇ, ਸਗੋਂ ਇਨ੍ਹਾਂ ਨੂੰ ਇੱਕ ਸਿਫਤ ਵਜੋਂ ਬਿਆਨ ਕਰਦੇ ਹਨ। ਪ੍ਰੋ. ਪੂਰਨ ਸਿੰਘ ਅਜਿਹੀ ਅਵਸਥਾ ਦੇ ਮਾਲਕ ਸਨ ਕਿ ਉਨ੍ਹਾਂ ਦੇ ਕਿਸੇ ਵਿਚਾਰ ਨਾਲ ਮੱਤਭੇਦ ਹੋ ਸਕਦੇ ਹਨ ਪਰ ਇਹ ਨਹੀਂ ਮੰਨਿਆ ਜਾ ਸਕਦਾ ਕਿ ਉਹ ਕਦੇ ਵੀ ਕਿਸੇ 'ਰਾਜਨੀਤਕ ਸਥਿਤੀ ਦੇ ਪ੍ਰਭਾਵ ਅਤੇ ਦਬਾਅ ਹੇਠ' ਵਿਚਰੇ ਹੋਣ। ਪੂਰਨ ਸਿੰਘ ਬਾਰੇ ਅਜਮੇਰ ਸਿੰਘ ਦੀ ਇਸ ਟਿੱਪਣੀ ਦਾ ਅਰਥ ਹੈ ਕਿ ਉਸ ਨੂੰ ਮਹਾਨ ਕਵੀ ਦੀਆਂ ਲਿਖਤਾਂ ਜਾਂ ਸ਼ਖਸੀਅਤ ਦੀ ਉਕਾ ਹੀ ਕੋਈ ਸਾਰ ਨਹੀਂ। ਜੇ ਅਜਮੇਰ ਸਿੰਘ ਨੇ ਪ੍ਰੋ. ਪੂਰਨ ਸਿੰਘ ਦੀਆਂ ਲਿਖਤਾਂ ਦਾ ਦੀਰਘ ਅਧਿਐਨ ਕੀਤਾ ਹੁੰਦਾ ਤਾਂ ਅਜਿਹੀ ਬੇਹੂਦਗੀ 'ਤੇ ਉਤਾਰੂ ਨਹੀਂ ਸੀ ਹੋਣਾ। ਮਿਸਾਲ ਵਜੋਂ ਹਿੰਦੂਵਾਦ ਬਾਰੇ ਪ੍ਰੋ. ਪੂਰਨ ਸਿੰਘ ਲਿਖਦੇ ਹਨ:

When Sikhism came to the Punjab, Brahminism interpreted it as its off-spring with a view to holding it in its tentacles. And merely because Nanak's mother-tongue was Punjabi, and his theological language of the Hindus, the Guru's wholly original outlook on life was not understood. (Spirit of the Sikh, Part 2, Volume 2, p. 213)

In seeming the Hindu is most intolerant when his pet ideas are actually interfered with as in the case of Buddhism, and he finds his very being endangered by better ones. He acknowledges truth only if no one disturbs him. He does not concede the right of Brahmanism to any other. The low castes are always low, even if they think and act superior to the Brahmin. Hinduism was once intolerant to Buddhism; it is now intolerant to Sikhism because it threatens to change Hinduism vitally. (Spirit of the Sikh, Part 2, Volume 2, pp. 43-44)

ਪ੍ਰੋ. ਪੂਰਨ ਸਿੰਘ ਮੁਤਾਬਕ ਹਿੰਦੂ ਗੁਰੂ ਨਾਨਕ ਸਾਹਿਬ ਦਾ ਜ਼ਿੰਦਗੀ ਪ੍ਰਤੀ ਪੂਰੀ ਤਰ੍ਹਾਂ ਮੌਲਿਕ ਨਜ਼ਰੀਆ ਸਮਝ ਨਾ ਸਕੇ। ਪ੍ਰੋ. ਪੂਰਨ ਸਿੰਘ ਅਤੇ ਸਿਰਦਾਰ ਕਪੂਰ ਸਿੰਘ ਦੀਆਂ ਲਿਖਤਾਂ ਅਜਿਹੇ ਬੇਸ਼ੁਮਾਰ ਹਵਾਲਿਆਂ ਨਾਲ ਭਰੀਆਂ ਪਈਆਂ ਹਨ। ਪਰ ਆਪਣੇ ਨਿਗੂਣੇਪਣ ਤੋਂ ਬੇਖਬਰ ਅਜਮੇਰ ਸਿੰਘ ਇਨ੍ਹਾਂ ਸ਼ਤੀਰਾਂ ਵਰਗੇ ਵਿਦਵਾਨਾਂ ਨੂੰ ਜੱਫੇ ਪਾ ਕੇ ਸਿੱਟਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਚਲੋ, ਪ੍ਰੋ. ਪੂਰਨ ਸਿੰਘ ਅਤੇ ਸਿਰਦਾਰ ਕਪੂਰ ਸਿੰਘ ਦੀ ਸਿੱਖੀ ਬਾਰੇ ਪਹੁੰਚ ਇੱਕ ਵੱਖਰਾ ਮਸਲਾ ਹੈ ਜਿਸ 'ਤੇ ਵਿਚਾਰ ਹੋ ਸਕਦੀ ਹੈ। ਹਥਲੀ ਬਹਿਸ ਦੇ ਸੰਦਰਭ ਵਿਚ ਇਸ ਦਾ ਭਾਵ ਹੈ ਕਿ ਅਜਮੇਰ ਸਿੰਘ ਨੂੰ ਹੋਰ ਵਿਦਵਾਨਾਂ 'ਤੇ ਸਖਤ ਆਲੋਚਨਾਤਮਕ ਟਿੱਪਣੀਆਂ ਕਰਨਾ ਕੋਈ ਮਾੜੀ ਗੱਲ ਨਹੀਂ ਲਗਦੀ। ਪਰ ਸੁਆਲ ਹੈ ਕਿ ਜੇ ਅਜਮੇਰ ਸਿੰਘ ਪੰਥ ਦੇ ਸਭ ਤੋਂ ਸਤਿਕਾਰਤ ਵਿਦਵਾਨਾਂ ਬਾਰੇ ਜੋ ਮਰਜ਼ੀ ਬੋਲ ਸਕਦਾ ਹੈ, ਤਾਂ ਅਜਮੇਰ ਸਿੰਘ ਵਰਗੇ ਪੱਤਰਕਾਰ ਬਾਰੇ ਕੋਈ ਕੁਛ ਵੀ ਕਿਉਂ ਨਹੀਂ ਕਹਿ ਸਕਦਾ?

ਅਜਮੇਰ ਸਿੰਘ ਦਾ ਖਾਲਿਸਤਾਨ ਦੀ ਲਹਿਰ ਵਿਚ ਪ੍ਰਭਾਵ ਘੱਟੋ-ਘੱਟ 1991 ਤੱਕ ਸਥਾਪਤ ਕੀਤਾ ਜਾ ਸਕਦਾ ਹੈ ਪਰ 1996 ਤੋਂ ਬਾਅਦ ਉਸ ਦੀ ਸਰਗਰਮੀ ਵਿਚ ਜ਼ਿਕਰਯੋਗ ਵਾਧਾ ਹੋਇਆ ਹੈ। ਉਸ ਦਾ ਸਬੰਧ ਭਾਈ ਦਲਜੀਤ ਸਿੰਘ ਬਿੱਟੂ ਦੀ ਅਗਵਾਈ ਵਾਲੇ ਖਾਲਿਸਤਾਨੀ ਧੜੇ ਨਾਲ ਹੈ। ਇਹ ਧੜਾ ਅੱਸੀਵਿਆਂ ਦੇ ਮਗਰਲੇ ਅੱਧ ਵਿਚ ਲਹਿਰ ਦਾ ਸਭ ਤੋਂ ਅਹਿਮ ਧੜਾ ਬਣ ਕੇ ਸਾਹਮਣੇ ਆਇਆ।

2005 ਵਿਚ ਭਾਈ ਦਲਜੀਤ ਸਿੰਘ ਦੀ ਜੇਲ੍ਹ ਵਿਚੋਂ ਰਿਹਾਈ ਤੋਂ ਬਾਅਦ ਉਨ੍ਹਾਂ ਦੀ ਅਗਵਾਈ ਵਾਲੀ ਜਥੇਬੰਦੀ ਨੇ ਨਵੀਂ ਸਿਆਸੀ ਸਰਗਰਮੀ ਦੀ ਤਿਆਰੀ ਸ਼ੁਰੂ ਕਰ ਦਿੱਤੀ। ਇਸ ਵੇਲੇ ਤੱਕ ਅਜਮੇਰ ਸਿੰਘ ਇਸ ਜਥੇਬੰਦੀ ਦੇ ਧੁਰ ਅੰਦਰ ਤੱਕ ਆਪਣਾ ਪ੍ਰਭਾਵ ਬਣਾ ਚੁਕਾ ਸੀ। ਭਾਈ ਦਲਜੀਤ ਸਿੰਘ ਦੀ ਅਗਵਾਈ ਵਾਲੇ ਖਾਲਿਸਤਾਨੀ ਜਥੇਬੰਦਕ ਢਾਂਚੇ ਦੇ ਕੌਮਾਂਤਰੀ ਤਾਣੇ-ਬਾਣੇ ਦੀਆਂ ਇਕਾਈਆਂ ਅਮਰੀਕਾ, ਕੈਨੇਡਾ, ਆਸਟਰੇਲੀਆ, ਇੰਗਲੈਂਡ ਅਤੇ ਬਹੁਤ ਸਾਰੇ ਯੂਰਪੀ ਮੁਲਕਾਂ ਸਮੇਤ ਦੁਨੀਆਂ ਦੇ ਅਨੇਕ ਹਿੱਸਿਆਂ ਵਿਚ ਸਥਾਪਤ ਸਨ। ਅਜਮੇਰ ਸਿੰਘ ਦੀ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਦਾ ਇਸੇ ਜਥੇਬੰਦਕ ਤਾਣੇ-ਬਾਣੇ ਨੇ ਦੁਨੀਆਂ ਭਰ ਵਿਚ ਪ੍ਰਚਾਰ ਕੀਤਾ।

ਅਜਮੇਰ ਸਿੰਘ ਦੀ ਬਤੌਰ ਸਿਆਸੀ ਸਲਾਹਕਾਰ ਕਾਰਗੁਜ਼ਾਰੀ ਦੇ ਮੁਲਾਂਕਣ ਦੀ ਲੋੜ ਹੈ। ਉਸ ਦੀ ਬੌਧਿਕ ਰਹਿਨੁਮਾਈ ਹੇਠ ਭਾਈ ਦਲਜੀਤ ਸਿੰਘ ਦੀ ਅਗਵਾਈ ਵਾਲੀਆਂ ਇੱਕ ਤੋਂ ਬਾਅਦ ਇੱਕ ਜਥੇਬੰਦੀਆਂ, ਜਿਵੇਂ ਕਿ ਸ਼੍ਰੋਮਣੀ ਖਾਲਸਾ ਦਲ, ਖਾਲਸਾ ਐਕਸ਼ਨ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਆਦਿ ਅਲੋਪ ਹੁੰਦੀਆਂ ਗਈਆਂ। ਸਿੱਖ ਸਟੂਡੈਂਟਸ ਫੈਡਰੇਸ਼ਨ ਭੰਗ ਹੀ ਕਰ ਦਿੱਤੀ ਗਈ ਤੇ ਫੈਡਰੇਸ਼ਨ ਦੇ ਨੌਜੁਆਨ ਆਗੂ ਅਜਮੇਰ ਸਿੰਘ ਦੇ ਸਹਾਇਕ ਜਾਂ ਪ੍ਰਚਾਰਕ ਬਣ ਕੇ ਰਹਿ ਗਏ। ਆਖਰ ਫੈਡਰੇਸ਼ਨ ਭੰਗ ਕਰਨ ਦੀ ਕੀ ਲੋੜ ਸੀ? ਇਸ ਦਾ ਕੋਈ ਚੰਗਾ ਸਿੱਟਾ ਤਾਂ ਨਿਕਲਿਆ ਨਹੀਂ। ਜਿਹੜੇ ਸਿੱਖ ਨੌਜੁਆਨਾਂ ਨੇ ਭਵਿੱਖ ਦੇ ਆਗੂ ਬਣਨਾ ਸੀ, ਉਹ ਅਜਮੇਰ ਸਿੰਘ ਦੇ ਸਮਾਗਮਾਂ ਦੀ ਰੌਣਕ ਵਧਾਉਣ ਜੋਗੇ ਰਹਿ ਗਏ। ਇੱਕ ਤਾਂ ਅਜਮੇਰ ਸਿੰਘ ਆਪਣੇ-ਆਪ ਨੂੰ ਇਨ੍ਹਾਂ ਨੌਜੁਆਨਾਂ 'ਤੇ ਵੱਡੇ ਰੁੱਖ ਵਾਂਗੂੰ ਸਥਾਪਤ ਕਰ ਗਿਆ ਜਿਸ ਦੀ ਛਾਂ ਥੱਲੇ ਇਹ ਨਿੱਕੇ ਬੂਟੇ ਮੌਲ ਹੀ ਨਾ ਸਕੇ। ਦੂਜਾ, ਅਜਮੇਰ ਸਿੰਘ ਨੇ ਬੌਧਿਕਤਾ ਦੇ ਮਿਆਰ ਬਹੁਤ ਨੀਵੇਂ ਨਿਸਚਿਤ ਕਰ ਦਿੱਤੇ। ਪੱਤਰਕਾਰ ਜਾਂ ਵਿਦਵਾਨ ਬਣਨ ਦੀ ਤਾਂ ਗੱਲ ਹੀ ਛੱਡੋ, ਫਿਲਾਸਫਰ ਬਣਨਾ ਵੀ ਸਸਤੀ ਜਿਹੀ ਖੇਡ ਹੋ ਕੇ ਰਹਿ ਗਈ।

ਵਰ੍ਹੇ ਬੀਤਦੇ ਗਏ। ਅਜਮੇਰ ਸਿੰਘ ਆਪਣੀਆਂ ਕਿਤਾਬਾਂ ਦੇ ਪ੍ਰਚਾਰ ਲਈ ਕੌਮਾਂਤਰੀ ਦੌਰੇ ਕਰਦਾ ਰਿਹਾ। ਦੂਜੇ ਪਾਸੇ, ਪੰਜਾਬ ਵਿਚ ਉਸ ਦੇ ਹਮਾਇਤੀਆਂ ਦੀ ਹਰ ਜਥੇਬੰਦਕ ਕੋਸ਼ਿਸ਼ ਨਾਕਾਮ ਹੁੰਦੀ ਰਹੀ। ਜਾਂ ਤਾਂ ਅਜਮੇਰ ਸਿੰਘ ਨੇ ਕੋਈ ਕੰਮ ਦੀ ਸਲਾਹ ਦਿੱਤੀ ਨਹੀਂ ਜਾਂ ਇਹ ਉਹਦੇ ਵੱਸ ਦੀ ਗੱਲ ਨਹੀਂ ਸੀ। ਅਜਮੇਰ ਸਿੰਘ ਦੀ ਭੂਮਿਕਾ ਬਾਰੇ ਸੋਚਣ ਦੀ ਲੋੜ ਹੈ। ਇਸ ਸਬੰਧੀ ਵਿਚਾਰ ਸਭ ਦੇ ਆਪੋ-ਆਪਣੇ ਹੋ ਸਕਦੇ ਹਨ ਪਰ ਸੁਆਲਾਂ ਦਾ ਮੂੰਹ ਬੰਦ ਕਰਨਾ ਠੀਕ ਨਹੀਂ।

ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੀਆਂ ਕੋਸ਼ਿਸ਼ਾਂ ਚੱਲ ਹੀ ਰਹੀਆਂ ਸਨ ਕਿ ਹਿੰਦੁਸਤਾਨ ਵਿਚ ਆਮ ਆਦਮੀ ਪਾਰਟੀ ਨਾਂ ਦੀ ਨਵੀਂ ਸਿਆਸੀ ਪਾਰਟੀ ਸਾਹਮਣੇ ਆਈ। ਪੰਜਾਬ ਵਿਚ ਅਜਿਹੀ ਪਾਰਟੀ ਦੇ ਪੈਰ ਜਮਾਉਣੇ ਭਾਰਤੀ ਸਥਾਪਤੀ ਦੀ ਲੋੜ ਸੀ। ਪੰਜਾਬ ਦੇ ਲੋਕ ਬਾਦਲ ਦਲ ਅਤੇ ਕਾਂਗਰਸ-ਦੋਹਾਂ ਤੋਂ ਦੁਖੀ ਸਨ। ਉਕਤ ਦੋਹਾਂ ਪਾਰਟੀਆਂ ਨੇ ਸਾਬਤ ਕੀਤਾ ਸੀ ਕਿ ਪੰਜਾਬ ਨੂੰ ਕਿਸੇ ਸਾਬਤ ਰਾਹ 'ਤੇ ਤੋਰਨਾ ਨਾ ਉਨ੍ਹਾਂ ਦੇ ਵੱਸ ਦੀ ਗੱਲ ਸੀ ਤੇ ਨਾ ਹੀ ਉਹ ਇਸ ਬਾਰੇ ਸੰਜ਼ੀਦਾ ਸਨ। ਭਾਰਤੀ ਸਥਾਪਤੀ ਨੂੰ ਪਤਾ ਸੀ ਕਿ ਲੋਕ ਉਕਤ ਪਾਰਟੀਆਂ ਬਾਰੇ ਕਿਸੇ ਭੁਲੇਖੇ ਵਿਚ ਨਹੀਂ ਸਨ। ਇਸ ਕਰਕੇ ਲੋਕਾਂ ਨੇ ਕਿਸੇ ਤੀਜੇ ਬਦਲ ਵੱਲ ਵੇਖਣਾ ਸੀ। ਪੰਥਕ ਧਿਰਾਂ ਦਾ ਤੀਜੇ ਬਦਲ ਵਜੋਂ ਸਾਹਮਣੇ ਆਉਣਾ ਭਾਰਤੀ ਸਥਾਪਤੀ ਨੂੰ ਭਾਉਂਦਾ ਨਹੀਂ ਸੀ। ਭਾਰਤੀ ਹਾਕਮਾਂ ਨੂੰ ਕੋਈ ਲਿਬਰਲ-ਸੈਕੂਲਰ ਤੀਜਾ ਬਦਲ ਚਾਹੀਦਾ ਹੈ ਜੋ ਸਿੱਖ ਸਰੋਕਾਰਾਂ ਨੂੰ ਹਾਸ਼ੀਏ 'ਤੇ ਧੱਕ ਕੇ ਰੱਖੇ। ਇਸ ਦਿਸ਼ਾ ਵਿਚ ਪਹਿਲਾਂ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਸਾਹਮਣੇ ਆਈ ਪਰ ਉਹ ਛੇਤੀ ਹੀ ਬੇਨਕਾਬ ਹੋ ਕੇ ਖਤਮ ਹੋ ਗਈ। ਇਸ ਤੋਂ ਬਾਅਦ ਆਮ ਆਦਮੀ ਪਾਰਟੀ ਉਠੀ ਜਿਸ ਨੇ ਇੱਕ ਵੱਡੀ ਲੋਕ-ਲਹਿਰ ਦਾ ਰੂਪ ਧਾਰ ਲਿਆ।

ਆਮ ਆਦਮੀ ਪਾਰਟੀ ਨੇ ਕਿਸੇ ਵੀ ਢਾਂਚਾਗਤ ਤਬਦੀਲੀ ਦੇ ਵਾਅਦੇ ਬਗੈਰ, ਮਹਿਜ ਚੰਗੇ ਅਤੇ ਭ੍ਰਿਸ਼ਟਾਚਾਰ-ਮੁਕਤ ਪ੍ਰਬੰਧ ਆਸਰੇ, ਇਨਕਲਾਬ ਲਿਆਉਣ ਦਾ ਦਾਅਵਾ ਕੀਤਾ। ਇਹ ਇਨਕਲਾਬ ਦੇ ਨਾਂ 'ਤੇ ਲੋਕਾਂ ਨਾਲ ਨੰਗਾ ਚਿੱਟਾ ਖਿਲਵਾੜ ਸੀ। ਪਰ ਮਾਰਕਸੀ ਇਨਕਲਾਬ ਲਈ ਚੱਲੀ ਨਕਸਲੀ ਲਹਿਰ ਦਾ ਹਿੱਸਾ ਰਹੇ ਅਜਮੇਰ ਸਿੰਘ ਨੂੰ, ਖਾਲਿਸਤਾਨ ਦੀ ਲਹਿਰ ਦਾ ਖਾਸ ਸਲਾਹਕਾਰ ਹੁੰਦੇ ਹੋਏ, ਆਮ ਆਦਮੀ ਪਾਰਟੀ ਦਾ ਇਨਕਲਾਬ ਵੀ ਭਾਅ ਗਿਆ ਤੇ ਇਸ ਨਵੇਂ ਇਨਕਲਾਬ ਦੇ ਜੋਸ਼ ਵਿਚ ਉਸ ਨੇ ਖਾਲਿਸਤਾਨੀਆਂ ਨੂੰ 'ਡਿਸਗਸਟਿੰਗ' ਵੀ ਗਰਦਾਨ ਦਿੱਤਾ। ਇਸ ਮੁੱਦੇ 'ਤੇ ਬਾਅਦ ਵਿਚ ਸਪੱਸ਼ਟੀਕਰਨ ਦਿੰਦਿਆਂ ਅਜਮੇਰ ਸਿੰਘ ਨੇ ਕਿਹਾ ਕਿ ਉਸ ਨੇ 'ਡਿਸਗਸਟਿੰਗ' ਸ਼ਬਦ ਸਿਰਫ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਲਈ ਵਰਤਿਆ ਸੀ। ਅਜਮੇਰ ਸਿੰਘ ਦੇ ਇਸ ਦਾਅਵੇ ਦੀ ਕੋਈ ਤੁਕ ਨਹੀਂ ਬਣਦੀ ਕਿਉਂਕਿ ਯਾਦਵਿੰਦਰ ਕਰਫਿਊ ਨਾਲ ਮੁਲਾਕਾਤ ਵਿਚ ਉਸ ਨੇ ਕਿਹਾ ਸੀ ਕਿ ਮੈਂ ਨਕਸਲੀਆਂ ਅਤੇ ਖਾਲਿਸਤਾਨੀਆਂ-ਦੋਹਾਂ ਦੇ ਵਿਚ ਰਿਹਾ ਹਾਂ, ਜਦੋਂ ਕਿ ਅਜਮੇਰ ਸਿੰਘ ਅਕਾਲੀ ਦਲ (ਅੰਮ੍ਰਿਤਸਰ) ਵਿਚ ਕਦੇ ਵੀ ਨਹੀਂ ਰਿਹਾ। ਆਮ ਆਦਮੀ ਪਾਰਟੀ ਦਾ ਇਨਕਲਾਬ ਲਿਆਉਣ ਦਾ ਦਾਅਵਾ ਅਜਮੇਰ ਸਿੰਘ ਨੂੰ ਹੀ ਪਹਿਲਾਂ ਸਮਝ ਆਉਣਾ ਚਾਹੀਦਾ ਸੀ। ਸਾਰੀ ਉਮਰ ਮਾਰਕਸੀ ਕਾਰਕੁਨ ਰਹੇ ਅਜਮੇਰ ਸਿੰਘ ਨੂੰ ਅਜਿਹਾ ਥੋਥਾ ਦਾਅਵਾ 'ਡਿਸਗਸਟਿੰਗ' ਕਿਉਂ ਨਾ ਲੱਗਿਆ?

ਆਮ ਆਦਮੀ ਪਾਰਟੀ ਦਾ ਏਜੰਡਾ ਕਦੇ ਵੀ ਐਨਾ ਗੁੱਝਾ ਨਹੀਂ ਸੀ, ਬੱਸ ਕੁਝ ਲੋਕ ਇਸ ਨੂੰ ਸਮਝਣਾ ਹੀ ਨਹੀਂ ਸਨ ਚਾਹੁੰਦੇ। ਮੈਂ 2014 ਵਿਚ ਆਮ ਆਦਮੀ ਪਾਰਟੀ ਬਾਰੇ ਲੇਖ ਲਿਖ ਕੇ ਇਸ ਦੀ ਸਖਤ ਆਲੋਚਨਾ ਕੀਤੀ ਸੀ ਪਰ ਉਸ ਵੇਲੇ ਕੋਈ ਇਸ ਪਾਰਟੀ ਦੀ ਆਲੋਚਨਾ ਸੁਣਨ ਨੂੰ ਤਿਆਰ ਨਹੀਂ ਸੀ। ਆਮ ਆਦਮੀ ਪਾਰਟੀ ਦੇ ਕਾਰਕੁਨਾਂ ਦਾ ਰਵੱਈਆ ਉਦੋਂ ਐਨ ਉਹੋ ਸੀ ਜੋ ਅੱਜ ਅਜਮੇਰ ਸਿੰਘ ਬਾਰੇ ਲੇਖ ਲਿਖਣ ਤੋਂ ਬਾਅਦ ਉਸ ਦੇ ਪ੍ਰਸ਼ੰਸਕਾਂ ਦਾ ਹੈ। ਪਰ ਥੋੜ੍ਹੇ ਸਮੇਂ ਬਾਅਦ ਹੀ ਬਹੁਤ ਸਾਰੇ ਸਿੱਖ ਨੌਜੁਆਨ, ਜੋ ਨਾ ਅਜਮੇਰ ਸਿੰਘ ਵਾਂਗੂੰ ਸਿਆਸੀ ਤਜਰਬੇ ਦਾ ਤੇ ਨਾ ਹੀ ਵਿਦਵਤਾ ਦਾ ਦਾਅਵਾ ਰੱਖਦੇ ਸਨ, ਆਮ ਆਦਮੀ ਪਾਰਟੀ ਦੀ ਅਸਲੀਅਤ ਤੋਂ ਜਾਣੂ ਹੋ ਗਏ। ਸੁਆਲ

***(ਬਾਕੀ ਅਗਲੇ ਸਫੇ 'ਤੇ)***

***ਅਜਮੇਰ ਸਿੰਘ ਪੰਜਾਬੀ ਦਾ ਬਹੁਤ ਮਕਬੂਲ ਵਾਰਤਕ ਲਿਖਾਰੀ ਹੈ, ਜੋ ਆਪਣੇ ਗਿਆਨ ਅਤੇ ਸਿਆਸੀ ਤਜ਼ਰਬੇ ਦੇ ਦਾਅਵੇ ਕਰਕੇ ਇੱਕ ਸਿਆਸੀ ਮਾਹਿਰ ਵਾਲਾ ਰੁਤਬਾ ਬਣਾਈ ਬੈਠਾ ਹੈ। ਉਹ ਕੁਝ ਸਿੱਖ ਆਗੂਆਂ ਦੇ ਫੈਸਲਿਆਂ ਨੂੰ ਪ੍ਰਭਾਵਿਤ ਕਰ ਸਿੱਖਾਂ ਦੀ ਸਿਆਸੀ ਦਿਸ਼ਾ ਪਲਟਣ ਦੇ ਸਮਰੱਥ ਹੈ। ਅਜਿਹੀ ਸਮਰੱਥਾ ਰੱਖਣ ਵਾਲੇ ਕਿਸੇ ਵੀ ਆਗੂ ਜਾਂ ਵਿਦਵਾਨ ਬਾਰੇ ਸੁਆਲ ਉਠਾਉਣੇ ਉਸ ਸਿਆਸੀ ਲਹਿਰ ਨਾਲ ਸਰੋਕਾਰ ਰੱਖਣ ਵਾਲੇ ਹਰ ਸ਼ਖਸ ਦਾ ਬੁਨਿਆਦੀ ਜਮਹੂਰੀ ਹੱਕ ਹੈ। ਪਰ ਅਜਮੇਰ ਸਿੰਘ ਦੇ ਸਮਰਥਕ ਇਹ ਗੱਲ ਸਮਝਣ ਲਈ ਰਾਜ਼ੀ ਨਹੀਂ ਕਿ ਇਉਂ ਸੁਆਲਾਂ ਜਾਂ ਆਲੋਚਨਾ 'ਤੇ ਰੋਕ ਲਾਉਣੀ ਤਾਨਾਸ਼ਾਹੀ ਰਵੱਈਆ ਹੈ, ਜਿਸ ਨਾਲ ਲਹਿਰ ਕੁਝ ਕੁ ਬੰਦਿਆਂ 'ਤੇ ਨਿਰਭਰ ਹੋ ਕੇ ਰਹਿ ਜਾਂਦੀ ਹੈ। ਇਸ ਤਰ੍ਹਾਂ ਕੁਝ ਕੁ ਕਥਿਤ ਖਾਸ ਬੰਦੇ ਆਪਣੀ ਸਮਝ ਜਾਂ ਇਮਾਨਦਾਰੀ ਦੀ ਘਾਟ ਸਦਕਾ ਸਾਰੀ ਦੀ ਸਾਰੀ ਲਹਿਰ ਨੂੰ ਬਰਬਾਦੀ ਦੇ ਮੂੰਹ ਧੱਕ ਸਕਦੇ ਹਨ। ਸਿੱਖਾਂ ਨਾਲ ਅਜਿਹਾ ਬਹੁਤ ਵਾਰੀ ਹੋਇਆ ਹੈ, ਹਰ ਵਾਰ ਕੋਈ ਨਵਾਂ ਬੰਦਾ ਇਉਂ ਹੀ ਸਿੱਖਾਂ ਨਾਲ ਖਿਲਵਾੜ ਕਰ ਜਾਂਦਾ ਹੈ।***

ਹੈ ਕਿ ਜੇ ਸਾਡੇ ਵਰਗੇ ਸਧਾਰਨ ਲੋਕਾਂ ਨੂੰ ਆਮ ਆਦਮੀ ਪਾਰਟੀ ਬਾਰੇ ਸ਼ੁਰੂ ਵਿਚ ਹੀ ਸਪੱਸ਼ਟ ਹੋ ਗਿਆ ਤਾਂ ਅਜਮੇਰ ਸਿੰਘ ਵਰਗੇ 'ਤਜਰਬੇਕਾਰ' ਅਤੇ 'ਗਿਆਨਵਾਨ' ਬੰਦੇ ਨੂੰ ਇਸ ਦੀ ਸਮਝ ਕਿਉਂ ਨਹੀਂ ਆਈ? ਕੀ ਅੱਜ ਅਜਮੇਰ ਸਿੰਘ ਅਤੇ ਉਸ ਦੇ ਸਮਰਥਕ ਇਹ ਮੰਨਣ ਲਈ ਤਿਆਰ ਹਨ ਕਿ ਆਮ ਆਦਮੀ ਪਾਰਟੀ ਦੀ ਹਮਾਇਤ ਉਨ੍ਹਾਂ ਦੀ ਗਲਤੀ ਸੀ? ਜੇ ਇਹ ਗਲਤੀ ਸੀ ਤਾਂ ਕੀ ਉਨ੍ਹਾਂ ਦੇ 'ਚਿੰਤਕ' ਨੂੰ ਹੋਰ ਚਿੰਤਨ ਦੀ ਲੋੜ ਹੈ ਜਾਂ ਫਿਰ ਰੂਹਾਨੀ ਨੈਤਿਕਤਾ ਦੀ?

ਅਜਮੇਰ ਸਿੰਘ ਰਾਸ਼ਟਰਵਾਦ ਦਾ ਕੱਟੜ ਵਿਰੋਧੀ ਹੈ। ਆਮ ਆਦਮੀ ਪਾਰਟੀ ਵਾਲੇ ਪੱਕੇ ਭਾਰਤੀ ਰਾਸ਼ਟਰਵਾਦੀ ਹਨ। ਸਿੱਖ ਰਾਸ਼ਟਰਵਾਦ ਦੇ ਪੱਕੇ ਵਿਰੋਧੀ ਅਜਮੇਰ ਸਿੰਘ ਨੂੰ ਆਮ ਆਦਮੀ ਪਾਰਟੀ ਦੇ ਭਾਰਤੀ ਰਾਸ਼ਟਰਵਾਦ 'ਤੇ ਕੋਈ ਖਾਸ ਇਤਰਾਜ਼ ਨਾ ਹੋਇਆ। ਅਜਮੇਰ ਸਿੰਘ ਤੇ ਉਸ ਦੇ ਸਾਥੀ ਜਸਪਾਲ ਸਿੰਘ ਸਿੱਧੂ ਨੇ ਖਾਲਿਸਤਾਨ ਦੀ ਵਿਰੋਧਤਾ ਤਾਂ ਇਸ ਕਰਕੇ ਕੀਤੀ ਕਿ ਉਹ ਰਾਸ਼ਟਰਵਾਦੀ ਨਮੂਨੇ 'ਤੇ ਆਧਾਰਿਤ ਹੈ ਪਰ ਆਮ ਆਦਮੀ ਪਾਰਟੀ ਵਾਰੀ ਇਸ ਗੱਲ ਨਾਲ ਕੋਈ ਖਾਸ ਫਰਕ ਨਹੀਂ ਪਿਆ।

ਇਨ੍ਹਾਂ ਹੀ ਦਿਨਾਂ ਵਿਚ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਕੁਝ ਸੀਨੀਅਰ ਆਗੂ ਤੇ ਬਹੁਤ ਸਾਰਾ ਕਾਡਰ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਸ. ਹਰਿੰਦਰ ਸਿੰਘ ਖਾਲਸਾ ਜੋ 'ਪੰਚ ਪ੍ਰਧਾਨੀ' ਦੇ ਪੰਜ ਮੈਂਬਰਾਂ ਵਿਚੋਂ ਇੱਕ ਸਨ, ਆਮ ਆਦਮੀ ਪਾਰਟੀ ਦੀ ਟਿਕਟ 'ਤੇ ਫਤਹਿਗੜ੍ਹ ਸਾਹਿਬ ਤੋਂ ਐਮ. ਪੀ. ਚੁਣੇ ਗਏ। 'ਪੰਚ ਪ੍ਰਧਾਨੀ' ਦੇ ਇੱਕ ਬਹੁਤ ਹੀ ਸਰਗਰਮ ਆਗੂ ਭਾਈ ਦਰਸ਼ਨ ਸਿੰਘ (ਜਗ੍ਹਾ ਰਾਮ ਤੀਰਥ) ਦੀ ਧੀ ਪ੍ਰੋ. ਬਲਜਿੰਦਰ ਕੌਰ ਤਲਵੰਡੀ ਸਾਬੋ ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਵਜੋਂ ਐਮ. ਐਲ. ਏ. ਬਣ ਗਈ ਅਤੇ ਅੱਜ ਕੱਲ੍ਹ ਆਮ ਆਦਮੀ ਪਾਰਟੀ ਦੇ ਦਿੱਲੀ ਵਾਲੇ ਧੜੇ ਦੇ ਮੁੱਖ ਆਗੂਆਂ ਵਿਚੋਂ ਇਕ ਹੈ। 'ਪੰਚ ਪ੍ਰਧਾਨੀ' ਦਾ ਵਜੂਦ ਹੀ ਖਤਮ ਹੋ ਗਿਆ। ਇੱਕ ਪੰਥਕ ਧਿਰ ਦੇ ਮਨੁੱਖੀ ਸਰੋਤ ਇੱਕ ਭਾਰਤੀ ਰਾਸ਼ਟਰਵਾਦੀ ਪਾਰਟੀ ਦੀ ਕਾਮਯਾਬੀ ਦਾ ਸਾਧਨ ਬਣ ਗਏ। ਕੀ ਆਮ ਆਦਮੀ ਪਾਰਟੀ ਵਿਚ ਬੰਦੇ ਭੇਜਣ ਦਾ ਫੈਸਲਾ ਵਿਦਵਾਨ ਸਲਾਹਕਾਰ ਅਜਮੇਰ ਸਿੰਘ ਦੇ ਮਸ਼ਵਰਿਆਂ ਦਾ ਸਿੱਟਾ ਸੀ? ਜੇ ਨਹੀਂ ਤਾਂ ਫਿਰ ਇਹ ਸਲਾਹਕਾਰ ਉਸ ਵੇਲੇ ਕੀ ਕਰ ਰਿਹਾ ਸੀ? ਉਸ ਦੇ ਤਜਰਬੇ ਤੇ ਸਿਆਣਪ ਦਾ 'ਪੰਚ ਪ੍ਰਧਾਨੀ' ਵਾਲਿਆਂ ਨੂੰ ਕੀ ਲਾਭ ਹੋਇਆ? ਲਾਭ ਤਾਂ ਕੀ ਹੋਣਾ ਸੀ, 'ਪੰਚ ਪ੍ਰਧਾਨੀ' ਲਈ ਅਜਮੇਰ ਸਿੰਘ ਅਮਰਵੇਲ ਸਾਬਤ ਹੋਇਆ। ਅਜਮੇਰ ਸਿੰਘ ਦਿਨੋਂ-ਦਿਨ ਤਰੱਕੀ ਕਰਦਾ ਗਿਆ, ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਲਗਾਤਾਰ ਨਿਵਾਣ ਵੱਲ ਨੂੰ ਜਾਂਦਾ ਅਖੀਰ ਨੂੰ ਖਤਮ ਹੋ ਗਿਆ। ਇਸ ਜਥੇਬੰਦੀ ਦਾ ਪੰਥਕ ਸਰੋਤਾਂ ਨਾਲ ਖੜ੍ਹਾ ਕੀਤਾ ਮੀਡੀਆ ਮੁੱਖ ਤੌਰ 'ਤੇ ਅਜਮੇਰ ਸਿੰਘ ਦੇ ਮਸ਼ਹੂਰੀ-ਪ੍ਰਚਾਰ ਦਾ ਸਾਧਨ ਬਣ ਕੇ ਰਹਿ ਗਿਆ।

ਆਮ ਆਦਮੀ ਪਾਰਟੀ ਪਰਦੇਸੀਂ ਵਸਦੇ ਸਿੱਖਾਂ ਵਿਚ ਵੀ ਆਪਣਾ ਪ੍ਰਭਾਵ ਬਣਾਉਣ ਵਿਚ ਕਾਮਯਾਬ ਹੋ ਗਈ। ਇਹ ਖਾਲਿਸਤਾਨ ਦੀ ਲਹਿਰ ਦੇ ਭਵਿੱਖ ਲਈ ਬੇਹੱਦ ਘਾਤਕ ਵਰਤਾਰਾ ਸੀ। ਇਸ ਤੋਂ ਪਹਿਲਾਂ ਬਾਦਲ ਦਲ ਅਤੇ ਕਾਂਗਰਸ ਸਭ ਯਤਨਾਂ ਦੇ ਬਾਵਜੂਦ ਪਰਦੇਸੀ ਸਿੱਖਾਂ ਵਿਚ ਆਪਣੇ ਪੈਰ ਨਹੀਂ ਸਨ ਲਾ ਸਕੇ। ਇਹ ਖਾਲਿਸਤਾਨ ਦੀ ਲਹਿਰ ਦੀ ਪਰਦੇਸਾਂ ਵਿਚੋਂ ਜੜ੍ਹ ਪੱਟਣ ਦੀ ਕੋਸ਼ਿਸ਼ ਸੀ। ਇਸ ਦੌਰਾਨ ਬਾਹਰਲੇ ਸਿੱਖਾਂ ਦੀ ਕਿਰਤ-ਕਮਾਈ ਵਿਚੋਂ ਕਰੋੜਾਂ ਰੁਪਏ (ਕੁਝ ਹਲਕਿਆਂ ਮੁਤਾਬਕ 400 ਕਰੋੜ) ਆਮ ਆਦਮੀ ਪਾਰਟੀ ਦੇ ਦਿੱਲੀ ਵਿਚਲੇ ਬੈਂਕ ਖਾਤਿਆਂ ਵਿਚ ਗਏ ਜਿਸ ਦਾ 'ਭ੍ਰਿਸ਼ਟਾਚਾਰ ਵਿਰੋਧੀ' ਆਮ ਆਦਮੀ ਪਾਰਟੀ ਦੇ ਆਗੂਆਂ ਨੇ ਕਦੇ ਹਿਸਾਬ ਨਹੀਂ ਦਿੱਤਾ। ਅਜਮੇਰ ਸਿੰਘ ਦਾ ਬਾਹਰਲੇ ਸਿੱਖਾਂ ਵਿਚ ਚੰਗਾ ਪ੍ਰਭਾਵ ਰਿਹਾ ਹੈ। ਸੋ ਜਾਹਰ ਹੈ ਕਿ ਅਜਮੇਰ ਸਿੰਘ ਦੀਆਂ ਆਮ ਆਦਮੀ ਪਾਰਟੀ ਦੇ ਹੱਕ ਵਿਚ ਕੀਤੀਆਂ ਗਈਆਂ ਤਕਰੀਰਾਂ ਨੇ ਵੀ ਸਿੱਖਾਂ ਦੀ ਇਸ ਲੁੱਟ ਵਿਚ ਹਿੱਸਾ ਪਾਇਆ ਹੈ। ਆਮ ਆਦਮੀ ਪਾਰਟੀ ਨੂੰ ਭੇਜੇ ਗਏ ਪੈਸੇ ਨਾਲ ਸਿੱਖਾਂ ਦੇ ਦਹਾਕਿਆਂ ਤੋਂ ਪਛੜੇ ਅਨੇਕ ਕੰਮ ਹੋ ਸਕਦੇ ਸਨ। ਜਿਵੇਂ, ਬਹੁਤ ਸਾਰੀਆਂ ਪੰਥਕ ਸੰਸਥਾਵਾਂ ਖੜੀਆਂ ਕੀਤੀਆਂ ਜਾ ਸਕਦੀਆਂ ਸਨ, ਸ਼ਹੀਦ ਪਰਿਵਾਰਾਂ ਦੀ ਮੱਦਦ ਕੀਤੀ ਜਾ ਸਕਦੀ ਸੀ, ਸਿਕਲੀਗਰ ਅਤੇ ਵਣਜਾਰੇ ਸਿੱਖਾਂ ਵਿਚ ਵੱਡੇ ਪੱਧਰ 'ਤੇ ਪ੍ਰਚਾਰ ਕੀਤਾ ਜਾ ਸਕਦਾ ਸੀ ਅਤੇ ਕਈ ਹੋਰ ਲੋੜੀਂਦੇ ਕਾਰਜ ਨੇਪਰੇ ਚਾੜ੍ਹੇ ਜਾ ਸਕਦੇ ਸਨ। ਪਰ ਅਫਸੋਸ ਕਿ ਉਹ ਸਾਰਾ ਪੈਸਾ ਭਾਰਤੀ ਰਾਸ਼ਟਰਵਾਦ ਦੇ ਪੱਕੇ ਭਗਤਾਂ-ਅਰਵਿੰਦ ਕੇਜਰੀਵਾਲ, ਦੁਰਗੇਸ਼ ਪਾਠਕ ਅਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਖਿਲਾਫ ਅਪਸ਼ਬਦ ਬੋਲਣ ਵਾਲੇ ਕੁਮਾਰ ਵਿਸ਼ਵਾਸ ਦੀਆਂ ਜੇਬਾਂ ਵਿਚ ਚਲਾ ਗਿਆ। ਆਮ ਆਦਮੀ ਪਾਰਟੀ ਦੇ ਝਾਂਸੇ ਵਿਚ ਆ ਕੇ ਸਿੱਖਾਂ ਦਾ ਪੈਸਾ ਤਾਂ ਜ਼ਾਇਆ ਹੋਇਆ ਹੀ, ਇਸ ਨਾਲ ਸੈਕੂਲਰ ਭਾਰਤੀ ਰਾਸ਼ਟਰਵਾਦੀ ਬਦਲ ਨੂੰ ਪੰਜਾਬ ਵਿਚ ਤੀਜੀ ਧਿਰ ਵਜੋਂ ਖੜ੍ਹਾ ਕਰਨ ਦਾ ਭਾਰਤੀ ਸਥਾਪਤੀ ਦਾ ਮਨਸੂਬਾ ਵੀ ਸਿਰੇ ਚੜ੍ਹਦਾ ਜਾਪਿਆ।

2015 ਵਿਚ ਸਿੱਖਾਂ ਵਿਚ ਵੱਡਾ ਉਭਾਰ ਪੈਦਾ ਹੋਇਆ। ਸਿੱਖ ਆਗੂਆਂ ਨੇ ਪੰਥ ਨੂੰ ਕਿਸੇ ਰਾਹ ਪਾਉਣ ਲਈ ਸਰਬੱਤ ਖਾਲਸਾ ਦਾ ਸੱਦਾ ਦਿੱਤਾ। ਅਜਮੇਰ ਸਿੰਘ ਨੇ ਸਰਬੱਤ ਖਾਲਸਾ ਦਾ ਡੱਟ ਕੇ ਵਿਰੋਧ ਕੀਤਾ। ਅਸੀਂ ਦੋਹਾਂ ਭਰਾਵਾਂ ਨੇ ਉਸ ਵੇਲੇ ਸਰਬੱਤ ਖਾਲਸਾ ਦੀ ਹਮਾਇਤ ਕੀਤੀ ਅਤੇ ਅਜਮੇਰ ਸਿੰਘ ਦੀ ਹਰ ਦਲੀਲ ਦਾ ਜੁਆਬ ਦਿੱਤਾ। ਅਜਮੇਰ ਸਿੰਘ ਦੀ ਦਲੀਲ ਸੀ ਕਿ ਇਹ ਸਰਬੱਤ ਖਾਲਸਾ ਵਾਜਿਬ ਨਹੀਂ ਹੈ ਕਿਉਂਕਿ ਸਰਬੱਤ ਖਾਲਸਾ ਹੋਣ ਤੋਂ ਪਹਿਲਾਂ ਇਸ ਦਾ ਕੋਈ ਵਿਧੀ-ਵਿਧਾਨ ਬਣਨਾ ਚਾਹੀਦਾ ਹੈ। ਜੇ ਇਹ ਦਲੀਲ ਮੰਨ ਲਈ ਜਾਵੇ ਤਾਂ ਫਿਰ ਇਹ ਵੀ ਮੰਨਣਾ ਪੈਣਾ ਹੈ ਕਿ ਪਹਿਲਾਂ ਹੋਏ ਸਾਰੇ ਸਰਬੱਤ ਖਾਲਸੇ ਵੀ ਵਾਜਬ ਨਹੀਂ ਸਨ ਕਿਉਂਕਿ ਉਨ੍ਹਾਂ ਦਾ ਵੀ ਕੋਈ ਵਿਧੀ-ਵਿਧਾਨ ਨਹੀਂ ਸੀ। ਕੀ ਅਜਮੇਰ ਸਿੰਘ ਚਲਾਕੀ ਨਾਲ ਸਰਬੱਤ ਖਾਲਸਾ ਦੀ ਪਰੰਪਰਾ 'ਤੇ ਹੀ ਸੁਆਲ ਖੜ੍ਹਾ ਕਰ ਰਿਹਾ ਸੀ? ਜਾਂ ਉਹ ਹਿੰਦੂਤਵੀਆਂ ਦੇ ਭਾਈਵਾਲ ਬਾਦਲ ਦਲ ਦਾ ਸਿੱਖ ਸੰਸਥਾਵਾਂ 'ਤੇ ਕਬਜ਼ਾ ਜਿਉਂ ਦਾ ਤਿਉਂ ਰਹਿਣ ਦੇਣਾ ਚਾਹੁੰਦਾ ਸੀ? ਉਸ ਦੀ ਦੂਜੀ ਦਲੀਲ ਸੀ ਕਿ ਇਹ ਸਰਬੱਤ ਖਾਲਸਾ ਸਹੀ ਨਹੀਂ ਕਿਉਂਕਿ ਮੋਹਕਮ ਸਿੰਘ ਵਰਗੇ ਦਾਗੀ ਬੰਦੇ ਇਸ ਵਿਚ ਮੋਹਰੀ ਸਨ, ਪਰ ਕੋਈ ਪੁੱਛਣ ਵਾਲਾ ਹੋਵੇ ਕਿ ਜਦੋਂ ਉਹੀ ਮੋਹਕਮ ਸਿੰਘ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੀ ਸ਼ਮੂਲੀਅਤ ਵਾਲੀ ਖਾਲਸਾ ਐਕਸ਼ਨ ਕਮੇਟੀ ਦਾ ਪ੍ਰਧਾਨ ਸੀ ਤਾਂ ਅਜਮੇਰ ਸਿੰਘ ਨੇ ਕੋਈ ਉਜਰ ਕਿਉਂ ਨਾ ਕੀਤਾ? ਜੇ ਉਹ ਇਹ ਸਭ ਕੁਝ ਅਣਜਾਣੇ ਵਿਚ, ਬਿਨਾ ਕਿਸੇ ਮੰਦਭਾਵਨਾ ਤੋਂ ਕਰ ਰਿਹਾ ਸੀ ਤਾਂ ਉਸ ਦੇ ਚਿੰਤਕ ਹੋਣ ਦੇ ਦਾਅਵੇ ਨੂੰ ਕਿਵੇਂ ਸਮਝੀਏ?

ਅਜਮੇਰ ਸਿੰਘ ਦੇ ਵਿਰੋਧ ਦੇ ਬਾਵਜੂਦ ਸਰਬੱਤ ਖਾਲਸਾ ਨੇਪਰੇ ਚੜ੍ਹਿਆ ਤੇ ਕੁਝ ਵਕਫੇ ਬਾਅਦ ਉਸੇ ਪੰਥਕ ਉਭਾਰ ਨੇ ਬਰਗਾੜੀ ਮੋਰਚੇ ਦਾ ਰੂਪ ਧਾਰਿਆ। ਹੁਣ ਅਜਮੇਰ ਸਿੰਘ ਬਰਗਾੜੀ ਮੋਰਚੇ ਦਾ ਨਿੱਠ ਕੇ ਵਿਰੋਧ ਕਰ ਰਿਹਾ ਹੈ। ਪੰਥਕ ਅਸੈਂਬਲੀ ਵਿਚ ਬੋਲਦਿਆਂ ਅਜਮੇਰ ਸਿੰਘ ਨੇ ਕਿਹਾ ਕਿ ਇਹੋ ਜਿਹੇ ਇਕੱਠਾਂ ਦਾ ਕੀ ਐ, ਇਹ ਤਾਂ ਹੁੰਦੇ ਹੀ ਰਹਿੰਦੇ ਹਨ। ਪਰ ਬਰਗਾੜੀ ਮੋਰਚਾ ਮਹਿਜ ਇਕੱਠ ਨਹੀਂ ਹੈ ਤੇ ਨਾ ਹੀ ਇਸ ਤਰ੍ਹਾਂ ਦੇ ਇਕੱਠ ਨਿੱਤ-ਦਿਹਾੜੀ ਹੁੰਦੇ ਹਨ। ਇਹ ਸਿੱਖਾਂ 'ਚ ਆਈ ਸਿਆਸੀ ਜਾਗ੍ਰਤੀ ਹੈ ਜੋ ਇਕੱਠ ਰਾਹੀਂ ਜਾਹਰ ਹੋਈ ਹੈ। ਇਸ ਜਾਗ੍ਰਤੀ ਨੂੰ ਟਿਕਵੇਂ ਤੇ ਲੰਮੇ ਸੰਘਰਸ਼ ਵਿਚ ਬਦਲਣ ਲਈ ਸੋਚ-ਵਿਚਾਰ ਕਰਨ ਦੀ ਲੋੜ ਹੈ, ਪਰ ਅਜਮੇਰ ਸਿੰਘ ਇਸ ਪਾਸੇ ਗੱਲ ਤੁਰਨ ਹੀ ਨਹੀਂ ਦਿੰਦਾ। ਉਸ ਅਨੁਸਾਰ ਸਿੱਖ ਬਹਿ ਕੇ ਭਗਤੀ ਕਰਨ, ਨਾ ਰਾਜ ਦਾ ਸੁਪਨਾ ਲੈਣ, ਨਾ ਉਹਦੇ ਲਈ ਲੜਨ। ਇਹ ਇੱਕ ਆਮ ਸਮਝ ਹੈ ਕਿ ਕਿਸੇ ਵੀ ਸਿਆਸੀ ਸੰਘਰਸ਼ ਵਿਚ ਸ਼ਾਮਲ ਧਿਰਾਂ ਆਪ-ਮੁਹਾਰੇ ਆਏ ਲੋਕ-ਉਭਾਰ ਨੂੰ ਆਪਣੇ ਸੰਘਰਸ਼ ਨੂੰ ਅਗਾਂਹ ਤੋਰਨ ਦੇ ਮੌਕੇ ਵਜੋਂ ਵਰਤਦੀਆਂ ਹਨ। ਕਿਸੇ ਲੋਕ ਲਹਿਰ ਨੂੰ ਨਿਗੂਣਾ ਬਣਾ ਕੇ ਪੇਸ਼ ਕਰਨਾ ਉਸ ਲਹਿਰ ਦੀ ਦੁਸ਼ਮਣ ਹਕੂਮਤੀ ਧਿਰ ਦੇ ਹਿਤ ਵਿਚ ਹੁੰਦਾ ਹੈ। ਅਜਮੇਰ ਸਿੰਘ ਦੇ ਹਮਾਇਤੀ ਦੱਸਣ ਕਿ ਇਹ ਮਹਾਨ ਚਿੰਤਕ ਇਸ ਪ੍ਰਤੱਖ ਤਬਦੀਲੀ ਨੂੰ ਵੇਖਣਾ ਕਿਉਂ ਨਹੀਂ ਚਾਹੁੰਦਾ? ਉਸ ਦੀ ਅਜਿਹੇ ਉਭਾਰ ਰਾਹੀਂ ਕੋਈ ਨਵਾਂ ਸਿਆਸੀ ਪ੍ਰਵਾਹ ਸ਼ੁਰੂ ਕਰਨ ਵਿਚ ਉਕਾ ਹੀ ਦਿਲਚਸਪੀ ਕਿਉਂ ਨਹੀਂ ਹੈ?

ਬਰਗਾੜੀ ਮੋਰਚੇ ਦੀ ਅਹਿਮੀਅਤ ਸਮਝਣ ਲਈ ਇਸ ਪ੍ਰਤੀ ਸਰਕਾਰੀ ਰਵੱਈਆ ਧਿਆਨ ਵਿਚ ਰੱਖਣ ਦੀ ਲੋੜ ਹੈ। ਇਸ ਸਬੰਧੀ 11 ਅਕਤੂਬਰ ਦੇ ਪੰਜਾਬੀ ਟ੍ਰਿਬਿਊਨ ਦੇ ਮੁੱਖ ਪੰਨੇ ਉਤੇ ਛਪੀ ਇਕ ਖਬਰ ਵੇਖੀ ਜਾ ਸਕਦੀ ਹੈ ਜਿਸ ਵਿਚ ਪੁਲਿਸ ਅਤੇ ਖੁਫੀਆ ਏਜੰਸੀਆਂ ਦੇ ਉਚ-ਅਧਿਕਾਰੀਆਂ ਨਾਲ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਬਰਗਾੜੀ ਮੋਰਚੇ ਸਬੰਧੀ ਹੋਈ ਇਕ ਬੈਠਕ ਦਾ ਵੇਰਵਾ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ: "ਸੀਨੀਅਰ ਅਧਿਕਾਰੀਆਂ ਨੇ ਮੁੱਖ ਮੰਤਰੀ ਨੂੰ ਸਪੱਸ਼ਟ ਕੀਤਾ ਕਿ 'ਬਰਗਾੜੀ ਮੋਰਚੇ' ਦੇ ਲੰਮਾ ਸਮਾਂ ਲੱਗੇ ਰਹਿਣ ਕਾਰਨ ਹਾਕਮ ਪਾਰਟੀ ਨੂੰ ਨਾ ਸਿਰਫ ਸਿਆਸੀ ਤੌਰ 'ਤੇ ਹੀ ਭਵਿੱਖ ਵਿਚ ਵੱਡੇ ਸੰਕਟ ਵਿਚੋਂ ਲੰਘਣਾ ਪੈ ਸਕਦਾ ਹੈ, ਸਗੋਂ ਕਾਨੂੰਨ ਵਿਵਸਥਾ ਦੀ ਸਥਿਤੀ ਕਾਰਨ ਵੀ ਇਹ ਮਾਮਲਾ ਬੇਹੱਦ ਗੰਭੀਰ ਬਣਦਾ ਜਾ ਰਿਹਾ ਹੈ। ਪੁਲਿਸ ਅਧਿਕਾਰੀਆਂ ਮੁਤਾਬਕ ਬਰਗਾੜੀ ਵਿਚ ਗਰਮਖਿਆਲੀਆਂ ਵੱਲੋਂ ਲਾਏ ਗਏ ਪੱਕੇ ਮੋਰਚੇ ਨਾਲ ਲੋਕ ਜਜ਼ਬਾਤੀ ਤੌਰ 'ਤੇ ਜੁੜ ਰਹੇ ਹਨ ਜੋ ਜ਼ਿਆਦਾ ਗੰਭੀਰ ਵਿਸ਼ਾ ਹੈ।" ਹੁਣ ਪਾਠਕ ਇਸ ਗੱਲ ਦਾ ਫੈਸਲਾ ਖੁਦ ਕਰਨ ਕਿ ਬਰਗਾੜੀ ਮੋਰਚੇ ਦਾ ਵਿਰੋਧ ਕਰ ਕੇ ਅਜਮੇਰ ਸਿੰਘ ਕੀ ਹਾਸਲ ਕਰਨਾ ਚਾਹੁੰਦਾ ਹੈ? ਸਰਕਾਰ, ਪੁਲਿਸ-ਤੰਤਰ ਅਤੇ ਅਜਮੇਰ ਸਿੰਘ ਦੇ ਹਿਤ ਸਾਂਝੇ ਕਿਉਂ ਹਨ?

ਅਜਮੇਰ ਸਿੰਘ ਦਾ ਰਵੱਈਆ ਵਿਦਵਾਨ ਵਾਲਾ ਨਹੀਂ, ਡੇਰੇਦਾਰ ਵਾਲਾ ਹੈ। ਉਹ ਖੁਦ ਕਿਸੇ ਨਾਲ ਸੰਵਾਦ ਵਿਚ ਨਹੀਂ ਆਉਂਦਾ ਅਤੇ ਉਸ ਦੇ ਸ਼ਰਧਾਲੂ ਹਰ ਸੁਆਲ ਕਰਨ ਵਾਲੇ ਦੀ ਕਿਰਦਾਰਕੁਸ਼ੀ ਕਰਦੇ ਹਨ। ਮੇਰੇ ਖਿਲਾਫ ਅਜਮੇਰ ਸਿੰਘ ਦੇ ਹਮਾਇਤੀਆਂ ਨੇ ਇੱਕ ਮੁੱਦਾ ਇਹ ਚੁੱਕਿਆ ਕਿ ਮੈਂ ਹਮੇਸ਼ਾ ਹੀ ਕਿਸੇ ਨਾ ਕਿਸੇ ਦਾ ਵਿਰੋਧ ਕਰਦਾ ਰਹਿੰਦਾ ਹਾਂ। ਜਦੋਂ ਕਿ ਸੱਚਾਈ ਇਹ ਹੈ ਕਿ ਮੈਂ ਲਿਖਦਾ ਹੀ ਬਹੁਤ ਘੱਟ ਹਾਂ। ਮੈਂ ਆਪਣਾ ਸਾਰਾ ਸਮਾਂ ਸਾਹਿਤ, ਫਲਸਫੇ ਅਤੇ ਇਤਿਹਾਸ ਬਾਰੇ ਆਪਣੀ ਖੋਜ ਵਿਚ ਲਾਉਂਦਾ ਹਾਂ। ਅਜਮੇਰ ਸਿੰਘ ਦੀਆਂ ਕਿਤਾਬਾਂ 2003 ਤੋਂ ਜ਼ੋਰ-ਸ਼ੋਰ ਨਾਲ ਛਪ ਰਹੀਆਂ ਹਨ। ਪਰ ਮੈਂ ਹੁਣ ਤੱਕ ਕੁਝ ਇੱਕ ਵਾਰ, ਕੁਝ ਖਾਸ ਮੁੱਦਿਆਂ 'ਤੇ ਹੀ, ਉਸ ਦੀ ਆਲੋਚਨਾ ਕੀਤੀ ਹੈ: ਪਹਿਲੀ ਵਾਰ ਜਦੋਂ ਉਸ ਨੇ ਖਾਲਿਸਤਾਨੀਆਂ ਨੂੰ 'ਡਿਸਗਸਟਿੰਗ' ਕਿਹਾ, ਦੂਜੀ ਵਾਰ ਜਦੋਂ ਉਸ ਨੇ ਸਰਬੱਤ ਖਾਲਸਾ ਦਾ ਵਿਰੋਧ ਕੀਤਾ ਤੇ ਤੀਜੀ ਵਾਰ ਜਦੋਂ ਉਸ ਨੇ ਬਰਗਾੜੀ ਮੋਰਚੇ ਨੂੰ ਛੁਟਿਆਉਣ ਦੀ ਕੋਸ਼ਿਸ਼ ਕੀਤੀ। ਪਾਠਕ ਆਪ ਸੋਚਣ ਕਿ ਇਨ੍ਹਾਂ ਤਿੰਨਾਂ ਵਿਚੋਂ ਕਿਹੜਾ ਮੁੱਦਾ ਬੇਲੋੜਾ ਸੀ ਜਾਂ ਮੈਂ ਕਿਵੇਂ ਗਲਤ ਸੀ? ਪੰਜਾਬ ਅਸੈਂਬਲੀ ਬਾਰੇ ਮੇਰਾ ਲੇਖ ਕੋਈ ਤਿੰਨ ਸਾਲ ਦੇ ਵਕਫੇ ਤੋਂ ਬਾਅਦ ਛਪਿਆ ਪਹਿਲਾ ਲੇਖ ਸੀ। ਇਹ ਲੇਖ ਵੀ ਮੈਂ ਇਸ ਲਈ ਲਿਖਿਆ ਕਿਉਂਕਿ ਮੇਰੀ ਸਮਝ ਸੀ ਕਿ ਜਾਣੇ-ਅਣਜਾਣੇ ਸਿੱਖਾਂ ਦੀਆਂ ਕੁਝ ਧਿਰਾਂ ਵੱਲੋਂ ਬਰਗਾੜੀ ਮੋਰਚੇ ਦੇ ਸਮਾਨੰਤਰ ਸ਼ੁਰੂ ਕੀਤਾ ਕੋਈ ਵੀ ਸਿਆਸੀ ਅਮਲ ਇਸ ਵੇਲੇ ਸਿੱਖਾਂ ਲਈ ਮਾਰੂ ਸਾਬਤ ਹੋ ਸਕਦਾ ਹੈ। ਇਸ ਲੇਖ ਵਿਚ ਮੈਂ ਅਜਮੇਰ ਸਿੰਘ ਦੇ ਵਿਚਾਰਾਂ ਦਾ ਵਿਸ਼ਲੇਸ਼ਣ ਕੀਤਾ ਸੀ। ਇਸ ਤੋਂ ਬਾਅਦ ਆਏ ਦੂਜੇ ਲੇਖ ਵਿਚ ਮੈਂ ਆਪਣੇ ਵਿਸ਼ਲੇਸ਼ਣ ਨੂੰ ਵਿਸਥਾਰ ਦਿੱਤਾ ਸੀ। ਮੈਂ ਜੋ ਸਹੀ ਸਮਝਿਆ, ਲਿਖ ਦਿੱਤਾ ਕਿਉਂਕਿ ਮੇਰੇ ਲਈ ਅਜਮੇਰ ਸਿੰਘ ਕੋਈ ਪਵਿੱਤਰ ਬੁੱਤ ਨਹੀਂ ਜਿਸ ਵੱਲ ਉਂਗਲ ਨਹੀਂ ਚੁੱਕੀ ਜਾ ਸਕਦੀ। ਪਰ ਅਜਮੇਰ ਸਿੰਘ ਦੇ ਹਮਾਇਤੀ ਵੀ ਪੰਥਕ ਕਹਾਉਂਦੇ ਹਨ, ਉਹ ਇਨ੍ਹਾਂ ਮੁੱਦਿਆਂ ਬਾਰੇ ਕਿਉਂ ਨਹੀਂ ਬੋਲਦੇ? ਉਨ੍ਹਾਂ ਦੇ ਆਪਣੇ ਕੀ ਸਰੋਕਾਰ ਹਨ?

ਅਜਮੇਰ ਸਿੰਘ ਬਾਰੇ ਬੁਨਿਆਦੀ ਸੁਆਲ ਹੈ ਕਿ ਕੀ ਉਹ ਸਿੱਖਾਂ ਦੇ ਆਜ਼ਾਦ ਪ੍ਰਭੂਸੱਤਾ ਸੰਪੰਨ ਮੁਲਕ ਹਾਸਲ ਕਰਨ ਦੇ ਨਿਸ਼ਾਨੇ ਨਾਲ ਸਹਿਮਤ ਹੈ ਜਾਂ ਸਾਡੇ ਸੰਘਰਸ਼ ਨੂੰ ਆਪਣੇ ਮਨਸੂਬਿਆਂ ਦੀ ਪੂਰਤੀ ਲਈ ਵਰਤਣਾ ਚਾਹੁੰਦਾ ਹੈ? ਅਜੇ ਤੱਕ ਉਸ ਨੇ ਆਪਣੇ ਮੂੰਹੋਂ ਇੱਕ ਵਾਰ ਵੀ ਸਿੱਖਾਂ ਦੇ ਆਜ਼ਾਦ ਪ੍ਰਭੂਸੱਤਾ ਸੰਪੰਨ ਮੁਲਕ ਖਾਲਿਸਤਾਨ ਦੇ ਨਿਸ਼ਾਨੇ ਦੀ ਸਪੱਸ਼ਟ ਪ੍ਰੋੜ੍ਹਤਾ ਨਹੀਂ ਕੀਤੀ, ਜਦੋਂ ਕਿ ਵਿਰੋਧਤਾ ਕਈ ਵਾਰ ਕੀਤੀ ਹੈ। ਇਸ ਦੇ ਬਾਵਜੂਦ ਜੇ ਅਜਮੇਰ ਸਿੰਘ ਦੇ ਪ੍ਰਸ਼ੰਸਕਾਂ ਨੂੰ ਉਸ ਦੀ ਹਰ ਗੱਲ ਸਹੀ ਲਗਦੀ ਹੈ ਤਾਂ ਸੋਚਣ ਦੀ ਲੋੜ ਹੈ ਕਿ ਆਖਰ ਉਸ ਦੇ ਸਮਰਥਕਾਂ ਦੀਆਂ ਕੀ ਸੀਮਾਵਾਂ ਹਨ? ਮੈਂ ਅਜਮੇਰ ਸਿੰਘ ਦੀਆਂ ਲਿਖਤਾਂ ਨੂੰ ਪੜ੍ਹਨ ਦੇ ਖਿਲਾਫ ਨਹੀਂ ਹਾਂ, ਬੱਸ ਉਸ ਪ੍ਰਤੀ ਪੈਦਾ ਹੋਈ ਅੰਨ੍ਹੀ ਸ਼ਰਧਾ ਕਰਕੇ ਫੈਲੀ ਨਾਸਮਝੀ ਨੂੰ ਇੱਕ ਚਿੰਤਾਜਨਕ ਵਰਤਾਰੇ ਵਜੋਂ ਵੇਖਦਾ ਹਾਂ। ਮੈਂ ਉਸ ਦੀਆਂ ਲਿਖਤਾਂ ਪੜ੍ਹੀਆਂ ਹਨ, ਪਰ ਗਿਆਨ ਦੇ ਇੱਕੋ-ਇੱਕ ਤੇ ਅੰਤਮ ਸਰੋਤ ਵਜੋਂ ਨਹੀਂ, ਸਗੋਂ ਇਹ ਸਮਝਣ ਲਈ ਕਿ ਇੱਕ ਸਾਬਕਾ ਨਕਸਲੀ ਸਾਡੀ ਲਹਿਰ ਵਿਚ ਕਿਸ ਮਨਸ਼ਾ ਤਹਿਤ ਆਇਆ ਹੈ?

ਬਿਹਤਰ ਹੈ, ਅਜਮੇਰ ਸਿੰਘ ਤੋਂ ਪ੍ਰਭਾਵਿਤ ਹੋਏ ਨੌਜੁਆਨ ਵੀ ਗੰਭੀਰ ਅਧਿਐਨ ਦੇ ਰਾਹ ਪੈਣ। ਸਿੱਖਾਂ ਨੂੰ ਦਰਪੇਸ਼ ਚੁਣੌਤੀਆਂ ਨਾਲ ਸਿੱਝਣ ਲਈ ਜਾਂ ਮਸਲਿਆਂ ਨੂੰ ਸਮਝਣ ਲਈ, ਅਜਮੇਰ ਸਿੰਘ ਦੀਆਂ ਕਿਤਾਬਾਂ ਦੇ ਪੱਧਰ ਦੀਆਂ ਲਿਖਤਾਂ ਕਾਫੀ ਨਹੀਂ। ਇਹਦੇ ਲਈ ਘੱਟੋ-ਘੱਟ ਉਨ੍ਹੀਵੀਂ ਸਦੀ ਦੇ ਸ਼ੁਰੂ ਤੋਂ ਅੱਜ ਤੱਕ ਦੇ ਫਲਸਫਾਨਾ, ਇਤਿਹਾਸਕ, ਰਾਜਨੀਤਕ, ਅਤੇ ਹੋ ਸਕੇ ਤਾਂ ਸਾਹਿਤਕ ਬਿਰਤਾਂਤਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ; ਜਾਂ ਘੱਟੋ-ਘੱਟ ਉਨ੍ਹਾਂ ਨਾਲ ਵਾਬਸਤਗੀ ਤਾਂ ਰੱਖਣੀ ਹੀ ਚਾਹੀਦੀ ਹੈ। ਅਜਮੇਰ ਸਿੰਘ ਨੂੰ ਉਪਰੋਕਤ ਚਿੰਤਨ-ਧਾਰਾਵਾਂ ਦੀ ਬੁਨਿਆਦੀ ਜਾਣਕਾਰੀ ਨਹੀਂ ਹੈ। ਇਸ ਲਈ ਉਸ ਦੀਆਂ ਲਿਖਤਾਂ ਗਿਆਨ ਦਾ ਅੰਤਿਮ ਸਰੋਤ ਨਹੀਂ ਬਣ ਸਕਦੀਆਂ।

ਅਜਮੇਰ ਸਿੰਘ ਦੇ ਗਿਆਨ ਦੇ ਖਿਲਾਰੇ ਵਿਚੋਂ ਉਪਜੀਆਂ ਅੱਧੀ ਦਰਜਨ ਕਿਤਾਬਾਂ ਵਿਚਲੇ ਅੰਤਰ-ਵਿਰੋਧਾਂ ਅਤੇ ਸਿਧਾਂਤਕ ਕਚਿਆਈਆਂ ਦੀ ਗੱਲ ਕਰਨੀ ਹੋਵੇ ਤਾਂ ਗੱਲ ਇੱਕ-ਅੱਧੇ ਲੇਖ 'ਚ ਸਮੇਟਣੀ ਵੀ ਔਖੀ ਹੈ। ਪਰ ਜੇ ਅਜਮੇਰ ਸਿੰਘ ਸੰਵਾਦ ਲਈ ਰਾਜ਼ੀ ਹੋਵੇ ਤਾਂ ਮੈਂ ਉਸ ਦੀਆਂ ਕਿਤਾਬਾਂ 'ਤੇ ਹਵਾਲਿਆਂ ਸਹਿਤ ਲੇਖ ਲਿਖ ਕੇ ਵਿਚਾਰ ਕਰਨ ਲਈ ਤਿਆਰ ਹਾਂ। ਜੇ ਨਹੀਂ, ਤਾਂ ਮੈਂ ਇਹ ਬਹਿਸ ਇੱਥੇ ਹੀ ਬੰਦ ਕਰਦਾ ਹਾਂ ਤੇ ਅਜਮੇਰ ਸਿੰਘ ਆਪਣੀ ਜਿੱਤ ਦਾ ਜਸ਼ਨ ਮਨਾ ਲਵੇ। ਪਾਠਕ ਧਿਆਨ ਦੇਣ ਕਿ ਅਜਮੇਰ ਸਿੰਘ ਸੰਵਾਦ ਤੋਂ ਪਿੱਠ ਮੋੜਦਾ ਹੈ ਤੇ ਰੌਲੇ-ਰੱਪੇ ਰਾਹੀਂ ਹਰ ਸੁਆਲ ਪੁੱਛਣ ਵਾਲੇ ਨੂੰ ਜਿੱਚ ਹੁੰਦੇ ਵੇਖਦਾ ਹੈ। ਸਾਨੂੰ ਸੋਚਣ ਦੀ ਲੋੜ ਹੈ ਕਿ ਉਪਰੋਕਤ ਰਵੱਈਆ ਸਾਨੂੰ ਕਿੱਧਰ ਨੂੰ ਲਿਜਾ ਰਿਹਾ ਹੈ।

ਅੱਜ ਸਿੱਖਾਂ ਦਾ ਮੁਖ ਸੰਕਟ ਕਾਬਲ ਤੇ ਪ੍ਰਤੀਬੱਧ ਆਗੂਆਂ ਦੇ ਨਵੇਂ ਪੋਚ ਦੀ ਅਣਹੋਂਦ ਹੈ। ਸਰਬੱਤ ਖਾਲਸਾ ਅਤੇ ਬਰਗਾੜੀ ਮੋਰਚੇ ਤੋਂ ਬਾਅਦ ਕੌਮ ਅੰਦਰ ਜਾਨਦਾਰ ਜਨਤਕ ਉਭਾਰ ਪੈਦਾ ਹੋਇਆ ਹੈ। ਦੁੱਖ ਦੀ ਗੱਲ ਹੈ ਕਿ ਇਸ ਉਭਾਰ ਨੂੰ ਸੰਗਠਿਤ ਸਿਆਸੀ ਲਹਿਰ ਦੇ ਰੂਪ ਵਿਚ ਅਗਾਂਹ ਤੋਰਨ ਲਈ ਲੋੜੀਂਦੇ ਆਗੂ ਨਜ਼ਰ ਨਹੀਂ ਆ ਰਹੇ। 1996 ਤੋਂ ਬਾਅਦ ਪੰਥਕ ਹਲਕਿਆਂ ਵਿਚ ਸ਼ੁਰੂ ਹੋਈ ਨਵੀਂ ਸਫਬੰਦੀ ਵਿਚੋਂ ਅੱਜ ਤੱਕ ਬਹੁਤ ਕੁਝ ਪੈਦਾ ਹੋ ਸਕਦਾ ਸੀ। ਪਰ ਉਦੋਂ ਤੋਂ ਹੀ ਅਜਮੇਰ ਸਿੰਘ ਦਾ ਮੁੱਖ ਨੀਤੀਵਾਨ ਦੇ ਤੌਰ 'ਤੇ ਸਾਰੇ ਸਿਆਸੀ ਅਮਲ 'ਤੇ ਕਾਬੂ ਹੈ। ਦੋ ਦਹਾਕਿਆਂ ਤੋਂ ਅਜਮੇਰ ਸਿੰਘ ਨੇ ਚੰਗੇ ਬੌਧਿਕ, ਸਿਆਸੀ ਅਤੇ ਵਿਦਿਆਰਥੀ ਆਗੂ ਪੈਦਾ ਕਰਨ ਲਈ ਲੋੜੀਂਦਾ ਮਾਹੌਲ ਹੀ ਨਹੀਂ ਬਣਨ ਦਿੱਤਾ। ਅਜਮੇਰ ਸਿੰਘ ਨਿੱਕੇ ਦਾਇਰੇ ਦਾ ਵੱਡਾ ਵਿਦਵਾਨ ਹੈ। ਸਿੱਖ ਆਗੂਆਂ ਅਤੇ ਨੌਜੁਆਨਾਂ ਨੂੰ ਸਮਝਣ ਦੀ ਲੋੜ ਹੈ ਕਿ ਐਨੀ ਸੀਮਤ ਦੁਨੀਆਂ ਤੱਕ ਸਿਮਟ ਜਾਣਾ ਸਾਡੀ ਚੋਣ ਨਹੀਂ ਹੋ ਸਕਦੀ। ਇਹ ਤਾਂ ਜ਼ਿੰਦਗੀ ਤੋਂ ਹਾਰ ਮੰਨ, ਮੌਤ ਦੀ ਉਡੀਕ ਕਰਦਿਆਂ, ਅੰਤਲੀਆਂ ਘੜੀਆਂ ਖੁਸ਼ੀ ਨਾਲ ਬਿਤਾਉਣ ਵਰਗੀ ਗੱਲ ਹੈ। ਅਜਿਹੇ ਸੁਪਨ-ਸੰਸਾਰ ਨਾਲੋਂ ਤਲਖ ਆਲੋਚਨਾ ਦੀ ਜ਼ਹਿਰ ਚੰਗੀ ਹੈ। ਜਿਵੇਂ ਮਹਿਬੂਬ ਸਾਹਿਬ ਨੇ ਕਿਹਾ ਹੈ:

ਵਿਸੁ ਵਿਸ਼ਵ ਦੀ ਭਰਕੇ ਨਾਗੋ<br>
ਫਣਾਂ 'ਚ ਰੋਹ ਨੂੰ ਬਾਲੋ,<br>
ਜ਼ਰਾ ਏਸ ਸੁਪਨੇ ਦੀ ਸ਼ੀਰੀਂ<br>
ਕੌੜੇ ਡੰਗ ਨਾ' ਟੁੱਟੇ।<br>
(ਝਨਾਂ ਦੀ ਰਾਤ, ਪੰਨਾ 47)

***ਵਰ੍ਹੇ ਬੀਤਦੇ ਗਏ। ਅਜਮੇਰ ਸਿੰਘ ਆਪਣੀਆਂ ਕਿਤਾਬਾਂ ਦੇ ਪ੍ਰਚਾਰ ਲਈ ਕੌਮਾਂਤਰੀ ਦੌਰੇ ਕਰਦਾ ਰਿਹਾ। ਦੂਜੇ ਪਾਸੇ, ਪੰਜਾਬ ਵਿਚ ਉਸ ਦੇ ਹਮਾਇਤੀਆਂ ਦੀ ਹਰ ਜਥੇਬੰਦਕ ਕੋਸ਼ਿਸ਼ ਨਾਕਾਮ ਹੁੰਦੀ ਰਹੀ। ਜਾਂ ਤਾਂ ਅਜਮੇਰ ਸਿੰਘ ਨੇ ਕੋਈ ਕੰਮ ਦੀ ਸਲਾਹ ਦਿੱਤੀ ਨਹੀਂ ਜਾਂ ਇਹ ਉਹਦੇ ਵੱਸ ਦੀ ਗੱਲ ਨਹੀਂ ਸੀ। ਅਜਮੇਰ ਸਿੰਘ ਦੀ ਭੂਮਿਕਾ ਬਾਰੇ ਸੋਚਣ ਦੀ ਲੋੜ ਹੈ। ਇਸ ਸਬੰਧੀ ਵਿਚਾਰ ਸਭ ਦੇ ਆਪੋ-ਆਪਣੇ ਹੋ ਸਕਦੇ ਹਨ ਪਰ ਸੁਆਲਾਂ ਦਾ ਮੂੰਹ ਬੰਦ ਕਰਨਾ ਠੀਕ ਨਹੀਂ।***

# ਪ੍ਰਭਸ਼ਰਨਦੀਪ ਸਿੰਘ ਦੇ ਲੇਖ ਉਤੇ ਇਕ ਲੇਖ

**ਪ੍ਰਤੀਕਰਮ**



**ਕਰਮਜੀਤ ਸਿੰਘ ਚੰਡੀਗੜ੍ਹ**
ਫੋਨ: 91-99150-91063

ਭਾਈ ਪ੍ਰਭਸ਼ਰਨਦੀਪ ਸਿੰਘ ਹੁਣ ਇਕ ਹੋਰ ਲੇਖ ਲੈ ਕੇ ਖਾਲਸਾ ਪੰਥ ਦੀ ਕਚਹਿਰੀ ਵਿਚ ਆਏ ਹਨ। ਇਹ ਲੇਖ ਜਿਥੇ ਸ. ਅਜਮੇਰ ਸਿੰਘ ਦੇ ਰਾਜਨੀਤਕ ਸਫਰ ਦੇ ਵੱਖ ਵੱਖ ਪੜਾਵਾਂ ਉਤੇ ਗੰਭੀਰ ਟਿੱਪਣੀਆਂ ਕਰਦਾ ਹੈ, ਉਥੇ ਸਬੰਧਤ ਧਿਰਾਂ ਅਤੇ ਵਿਅਕਤੀਆਂ ਨੂੰ ਇਕ ਖੁੱਲ੍ਹੀ ਬਹਿਸ ਦਾ ਸੱਦਾ ਵੀ ਦਿੰਦਾ ਹੈ। ਭਾਈ ਪ੍ਰਭਸ਼ਰਨਦੀਪ ਸਿੰਘ ਇਕ ਅਹਿਮ ਸਵਾਲ ਖੜ੍ਹਾ ਕਰਦੇ ਹਨ ਕਿ ਜੇ ਸ. ਅਜਮੇਰ ਸਿੰਘ ਸ. ਕਪੂਰ ਸਿੰਘ ਅਤੇ ਪ੍ਰੋਫੈਸਰ ਪੂਰਨ ਸਿੰਘ ਵਰਗੇ ਮਹਾਨ ਕੱਦਾਵਾਰ ਵਿਦਵਾਨਾਂ ਦੀ ਤਿੱਖੀ ਆਲੋਚਨਾ ਕਰ ਸਕਦੇ ਹਨ ਤਾਂ ਫਿਰ ਕੀ ਖੁਦ ਸ. ਅਜਮੇਰ ਸਿੰਘ ਬਹਿਸ ਦੇ ਘੇਰੇ ਵਿਚ ਨਹੀਂ ਆ ਸਕਦੇ?

ਕੋਈ ਵੀ ਉਚ ਕੋਟੀ ਦੀ ਬਹਿਸ ਜਿਥੇ ਸਾਨੂੰ ਆਪਣੀਆਂ ਪੁਜ਼ੀਸ਼ਨਾਂ 'ਤੇ ਮੁੜ ਵਿਚਾਰ ਕਰਨ ਲਈ ਪ੍ਰੇਰਦੀ ਹੈ, ਉਥੇ ਪਾਠਕਾਂ ਦੀ ਸੋਚ ਦੇ ਸਫਰ ਨੂੰ ਇਕ ਨਵੀਂ ਤਾਜ਼ਗੀ ਤੇ ਰਵਾਨਗੀ ਵੀ ਬਖਸ਼ਦੀ ਹੈ। ਜੇ ਵਿਚਾਰ-ਵਟਾਂਦਰਾ ਹੀ ਨਹੀਂ ਹੋਵੇਗਾ ਤਾਂ ਯਕੀਨਨ ਸਾਡੀ ਸੋਚ ਵਿਚ ਇਕ ਅਜੀਬ ਜਿਹੀ ਖੜੋਤ ਵੀ ਆਏਗੀ ਤੇ ਸਾਡਾ ਵਤੀਰਾ ਵੀ ਤਾਨਾਸ਼ਾਹਾਂ ਵਰਗਾ ਹੋ ਜਾਏਗਾ ਅਤੇ ਵਿਦਵਾਨ ਵੀ ਸਾਡੇ ਲਈ ਬੁੱਤ ਬਣ ਜਾਣਗੇ। ਪ੍ਰਭਸ਼ਰਨਦੀਪ ਸਿੰਘ ਨੂੰ ਇਹੋ ਲੱਗਦਾ ਹੈ ਕਿ ਸ. ਅਜਮੇਰ ਸਿੰਘ ਵੀ ਸਹਿਜੇ ਸਹਿਜੇ ਬੁੱਤ ਦੀ ਸ਼ਕਲ ਅਖਤਿਆਰ ਕਰ ਗਏ ਹਨ ਅਤੇ ਉਨ੍ਹਾਂ ਦੇ ਕਈ ਸਰਲ-ਚਿੱਤ ਤੇ ਭੋਲੇ ਭਾਲੇ ਪਾਠਕ ਵੀ ਅਚੇਤ ਰੂਪ ਵਿਚ ਇਕ ਤਰ੍ਹਾਂ ਨਾਲ ਬੁੱਤ-ਪੂਜਕ ਹੀ ਬਣਦੇ ਜਾ ਰਹੇ ਹਨ। ਬੱਸ, ਇਸੇ ਹੀ ਮੋੜ 'ਤੇ ਪ੍ਰਭਸ਼ਰਨਦੀਪ ਸਿੰਘ ਆਪਣਾ ਥੀਸਿਸ ਲੈ ਕੇ ਮੈਦਾਨ ਵਿਚ ਉਤਰੇ ਹਨ। ਹਥਲੇ ਲੇਖ ਵਿਚ ਉਹ ਇਸ ਖੜੋਤ ਨੂੰ ਆਪਣੇ ਤਜਰਬੇ, ਅਨੁਭਵ ਅਤੇ ਵਿਸ਼ਾਲ ਅਧਿਐਨ ਨਾਲ ਤੋੜਦੇ ਨਜ਼ਰ ਆ ਰਹੇ ਹਨ।

ਇਥੇ ਇਹ ਚੇਤੇ ਕਰਾਇਆ ਜਾਂਦਾ ਹੈ ਕਿ ਭਾਈ ਪ੍ਰਭਸ਼ਰਨਦੀਪ ਸਿੰਘ ਦੀ ਸਾਹਿਤ, ਧਰਮ, ਰਾਜਨੀਤੀ ਅਤੇ ਦਰਸ਼ਨ ਉਤੇ ਡੂੰਘੀ ਪਕੜ ਹੈ। ਇਸ ਤੋਂ ਇਲਾਵਾ ਸੰਸਾਰ ਦੇ ਅਜੋਕੇ ਵਰਤਾਰਿਆਂ ਅਤੇ ਰੁਝਾਨਾਂ ਨੂੰ ਉਹ ਪੰਥਕ ਰੋਸ਼ਨੀ ਵਿਚ ਵੇਖਣ-ਪਰਖਣ ਦਾ ਯਤਨ ਵੀ ਕਰਦੇ ਹਨ। ਜੁਝਾਰੂ ਲਹਿਰ ਦੇ ਸ਼ਾਨਾਂਮੱਤੇ ਇਤਿਹਾਸਕ ਰੋਲ ਨੂੰ ਵੇਖਣ ਦਾ ਉਨ੍ਹਾਂ ਦਾ ਨਜ਼ਰੀਆ ਵੀ ਮੌਲਿਕ, ਵਿਲੱਖਣ ਤੇ ਹਾਂ-ਪੱਖੀ ਹੈ। ਸ. ਅਜਮੇਰ ਸਿੰਘ ਦੀਆਂ ਕਿਤਾਬਾਂ ਦਾ ਮੁਤਾਲਿਆ ਵੀ ਉਨ੍ਹਾਂ ਨੇ ਅੱਖਾਂ ਖੋਲ੍ਹ ਕੇ ਅਤੇ ਨਿੱਠ ਕੇ ਕੀਤਾ ਹੈ। ਸ. ਅਜਮੇਰ ਸਿੰਘ ਦੀਆਂ ਕਿਤਾਬਾਂ ਤੇ ਲੈਕਚਰਾਂ ਦੇ ਹਵਾਲੇ ਨਾਲ ਉਹ ਸਿੱਧ ਕਰਨਾ ਚਾਹੁੰਦੇ ਹਨ ਕਿ ਅਸਲ ਵਿਚ ਇਹ ਲਿਖਤਾਂ ਤੇ ਲਿਖਤਾਂ ਤੋਂ ਪੈਦਾ ਕੀਤਾ ਜਾ ਰਿਹਾ ਬਨਾਵਟੀ ਮਾਹੌਲ ਖਾਲਸਾ ਪੰਥ ਦੇ ਰਾਜਨੀਤਕ ਭਵਿੱਖ ਲਈ ਕਿੰਨਾ ਨੁਕਸਾਨਦੇਹ ਹੋ ਸਕਦਾ ਹੈ, ਜੋ ਕਿਸੇ ਹੱਦ ਤੱਕ ਹੋ ਵੀ ਰਿਹਾ ਹੈ।

ਚੰਗੀ ਗੱਲ ਇਹ ਹੈ ਕਿ ਉਨ੍ਹਾਂ ਨੂੰ ਇਹ ਅਣਦਿਸਦਾ ਨੁਕਸਾਨ ਨਜ਼ਰ ਆ ਰਿਹਾ ਹੈ। ਉਨ੍ਹਾਂ ਦੀਆਂ ਲਿਖਤਾਂ ਤੇ ਲੈਕਚਰਾਂ ਤੋਂ ਪ੍ਰਭਸ਼ਰਨਦੀਪ ਸਿੰਘ ਨੂੰ ਇਹ ਪੱਕਾ ਵਿਸ਼ਵਾਸ ਹੋ ਚੁਕਾ ਹੈ ਕਿ ਸ. ਅਜਮੇਰ ਸਿੰਘ ਖਾਲਿਸਤਾਨ ਦੇ ਵਿਰੋਧ ਵਿਚ ਹਨ ਪਰ ਲਗਾਤਾਰ ਇਹੋ ਪ੍ਰਭਾਵ ਦਿੰਦੇ ਆ ਰਹੇ ਹਨ ਕਿ ਉਹ ਖਾਲਿਸਤਾਨ ਦੇ ਸੱਚੇ ਹਮਾਇਤੀ ਹਨ। ਉਹ ਆਪਣੀ ਗੱਲ ਕਦੇ ਵੀ ਸਪੱਸ਼ਟ ਨਹੀਂ ਕਰਦੇ। ਉਨ੍ਹਾਂ ਦਾ ਮਾਣ ਸਤਿਕਾਰ ਕਿਉਂਕਿ ਖਾਲਿਸਤਾਨੀ ਹਲਕਿਆਂ ਵਿਚ ਹੁੰਦਾ ਹੈ, ਉਨ੍ਹਾਂ ਹਲਕਿਆਂ ਨਾਲ ਜੁੜੇ ਕਈ ਵਿਅਕਤੀ ਉਨ੍ਹਾਂ ਦੀ ਲਿਖਤਾਂ ਨੂੰ ਪ੍ਰਮੋਟ ਕਰਦੇ ਹਨ ਤੇ ਸਮਾਗਮ ਕਰਦੇ ਹਨ। ਇਸ ਲਈ ਸ. ਅਜਮੇਰ ਸਿੰਘ ਇਕ ਭਰਮ ਲਗਾਤਾਰ ਬਣਾਈ ਰੱਖਦੇ ਹਨ ਕਿਉਂਕਿ ਜੇ ਉਹ ਸਿੱਧੇ ਰੂਪ 'ਚ ਖਾਲਿਸਤਾਨ ਦਾ ਵਿਰੋਧ ਕਰਨਗੇ ਤਾਂ ਉਨ੍ਹਾਂ ਦਾ ਮਾਣ ਸਤਿਕਾਰ ਹੋਣ ਦੀ ਥਾਂ ਉਨ੍ਹਾਂ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪਵੇਗਾ।

ਪ੍ਰਭਸ਼ਰਨਦੀਪ ਸਿੰਘ ਜਿਸ ਵਿਸ਼ਵ ਪ੍ਰਸਿੱਧ ਆਕਸਫੋਰਡ ਯੂਨੀਵਰਸਿਟੀ ਵਿਚ ਖੋਜ ਵਿਦਿਆਰਥੀ ਹਨ, ਉਥੇ ਕਿਸੇ ਵੀ ਮੁੱਦੇ 'ਤੇ ਵਿਚਾਰਾਂ ਦੇ ਤਿੱਖੇ ਟਕਰਾਅ ਹੁੰਦੇ ਹਨ। ਅਜਿਹੇ

***(ਬਾਕੀ ਅਗਲੇ ਸਫੇ 'ਤੇ)***

# ਪ੍ਰਭਸ਼ਰਨਦੀਪ ਸਿੰਘ ਦੇ ਲੇਖ ਉਤੇ ਇਕ ਲੇਖ

*(ਪਿਛਲੇ ਸਫੇ ਦੀ ਬਾਕੀ)*

ਮਾਹੌਲ ਨੂੰ ਹੱਲਾਸ਼ੇਰੀ ਦਿੱਤੀ ਜਾਂਦੀ ਹੈ ਅਤੇ ਉਥੇ ਹੁੰਦੀਆਂ ਵੱਡੀਆਂ ਬਹਿਸਾਂ ਸਿਆਸਤ ਦੇ ਪਿੜ ਵਿਚ ਵੀ ਅਸਰਅੰਦਾਜ਼ ਹੁੰਦੀਆਂ ਹਨ। ਇਸ ਲਈ ਇਹੋ ਜਿਹੀਆਂ ਯੂਨੀਵਰਸਿਟੀਆਂ ਵਿਚ ਜੇ ਸਾਡੇ ਨੌਜਵਾਨ ਪਹੁੰਚ ਜਾਂਦੇ ਹਨ ਤਾਂ ਸਾਨੂੰ ਖੁਸ਼ੀ ਹੋਣੀ ਚਾਹੀਦੀ ਹੈ ਕਿਉਂਕਿ ਹੋਰ ਯੂਨੀਵਰਸਿਟੀਆਂ ਵਿਚ ਕੰਮ ਕਰਦੇ ਨੌਜਵਾਨਾਂ ਨੂੰ ਵੀ ਆਪਣੀ ਕੌਮ ਦੀ ਆਜ਼ਾਦੀ ਬਾਰੇ ਸੋਚਣ, ਲਿਖਣ ਤੇ ਬੋਲਣ ਦੇ ਮੌਕੇ ਹਾਸਲ ਹੋਣਗੇ।

ਪ੍ਰਭਸ਼ਰਨਦੀਪ ਸਿੰਘ ਦੀਆਂ ਲਿਖਤਾਂ ਵਿਚ ਇਕ ਥਰਥਰਾਹਟ ਹੈ, ਇਕ ਜਗਮਗਾਹਟ ਹੈ। ਉਸ ਵਿਚ ਕੰਬਣੀ-ਸੁਰ ਵੀ ਹੈ। ਉਹ ਤੁਹਾਨੂੰ ਝਟਕਾ ਵੀ ਦਿੰਦੀ ਹੈ। ਵਿਆਕੁਲ ਵੀ ਕਰ ਸਕਦੀ ਹੈ, ਪਰ ਝੰਜੋੜਦੀ ਵੀ ਹੈ। ਜੇ ਤੁਹਾਨੂੰ ਸੰਸਾਰ ਦੀਆਂ ਵੱਖ ਵੱਖ ਲਹਿਰਾਂ ਬਾਰੇ ਤੇ ਜੁਝਾਰੂ ਲਹਿਰ ਬਾਰੇ ਜਾਣਨ ਦੀ ਇੱਛਾ ਹੈ ਤਾਂ ਪ੍ਰਭਸ਼ਰਨਦੀਪ ਸਿੰਘ ਉਚ-ਪੱਧਰੀ ਬਹਿਸ ਲਈ ਪਿੜ ਵਿਚ ਆਉਣ ਦਾ ਸੱਦਾ ਵੀ ਦਿੰਦਾ ਹੈ। ਉਸ ਦੀ ਸ਼ਖਸੀਅਤ ਵਿਚ ਕਈ ਨੁਕਸ ਹੋ ਸਕਦੇ ਹਨ, ਪਰ ਕੌਣ ਹੈ ਜੋ ਨੁਕਸਾਂ ਤੋਂ ਪੂਰੀ ਤਰ੍ਹਾਂ ਮੁਕਤ ਹੈ? ਇਸ ਲਈ ਅਸੀਂ ਬਹਿਸ ਵਿਚ ਲਿਖਤ ਨੂੰ ਹੀ ਤਰਜੀਹ ਦਿੰਦੇ ਹਾਂ।

ਅਸੀਂ ਇਹ ਵੀ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਇਸ ਲੇਖ ਦੇ ਕਈ ਪੱਖਾਂ ਨਾਲ ਸਾਡੇ ਕਈ ਵੱਖਰੇ ਵਿਚਾਰ ਹੋ ਸਕਦੇ ਹਨ। ਮੇਰੇ ਆਪਣੇ ਵੀ ਹਨ। ਮਿਸਾਲ ਵਜੋਂ ਆਮ ਆਦਮੀ ਪਾਰਟੀ ਦੇ ਵਰਤਾਰੇ ਦੀ ਸਮਝ ਤੇ ਸੂਝ ਬਾਰੇ ਅਤੇ ਸਿੱਖਾਂ ਦੇ ਵਿਸ਼ਾਲ ਹਿੱਸਿਆਂ ਵਿਚ ਇਸ ਪਾਰਟੀ ਲਈ ਪੈਦਾ ਹੋਈ ਤੁਫਾਨੀ-ਹਮਾਇਤ ਤੇ ਹਮਦਰਦੀ ਨੇ ਸੁਹਿਰਦ ਵਿਦਵਾਨਾਂ ਤੇ ਗੰਭੀਰ ਪੱਤਰਕਾਰਾਂ ਨੂੰ ਵੀ ਸੋਚਣ ਲਈ ਮਜਬੂਰ ਕਰ ਦਿੱਤਾ ਸੀ। ਇਸ ਦਾ ਵੱਡਾ ਕਾਰਨ ਇਹ ਵੀ ਸੀ ਕਿ ਪੰਜਾਬ ਦੇ ਲੋਕਾਂ ਵਿਚ ਕਾਂਗਰਸ ਤੇ ਅਕਾਲੀ ਦਲ-ਦੋਹਾਂ ਲਈ ਅਤੇ ਵਿਸ਼ੇਸ਼ ਕਰ ਕੇ ਅਕਾਲੀ ਦਲ ਦੀ ਲੀਡਰਸ਼ਿਪ ਦੀਆਂ ਨੀਤੀਆਂ ਬਾਰੇ ਵਿਰੋਧ ਇਕ ਤਰ੍ਹਾਂ ਨਾਲ ਨਫਰਤ ਤੇ ਗੁੱਸੇ ਦਾ ਰੂਪ ਅਖਤਿਆਰ ਕਰ ਗਿਆ ਸੀ। ਉਸ ਭਿਆਨਕ ਸਿਆਸੀ-ਖਲਾਅ ਨੂੰ ਪੂਰਾ ਕਰਨ ਲਈ ਆਮ ਆਦਮੀ ਪਾਰਟੀ ਵਰਤਾਰੇ ਵਿਚੋਂ ਇਕ ਆਰਜ਼ੀ-ਰਾਹਤ ਤਾਂ ਨਜ਼ਰ ਆਉਂਦੀ ਹੀ ਸੀ।

ਮੈਨੂੰ ਵੀ ਖੁਦ ਹੋਰਨਾਂ ਵਾਂਗ ਇੰਜ ਹੀ ਲੱਗਦਾ ਸੀ, ਪਰ ਨੌਜਵਾਨ ਸਕਾਲਰ ਪ੍ਰਭਸ਼ਰਨਦੀਪ ਸਿੰਘ ਤੇ ਪ੍ਰਭਜੋਤ ਸਿੰਘ ਉਸ ਦੌਰ ਵਿਚ ਦੂਜੇ ਪਾਸੇ ਖੜ੍ਹੇ ਸਨ ਅਤੇ ਉਹ ਹੁਣ ਠੀਕ ਹੀ ਸਿੱਧ ਹੋਏ ਹਨ, ਪਰ ਇਹ ਵੀ ਇਕ ਕੌੜਾ ਸੱਚ ਸੀ ਕਿ ਦੂਜੇ ਪਾਸੇ ਖਲੋਤੇ ਵੀਰ ਸਿਆਸੀ ਖਲਾਅ ਨੂੰ ਭਰਨ ਲਈ ਕੋਈ ਬਦਲਵਾਂ ਤੇ ਸਾਰਥਕ ਰਾਹ ਵੀ ਨਹੀਂ ਸਨ ਦੱਸ ਰਹੇ। ਭਾਵ ਬੁਨਿਆਦੀ ਸਵਾਲਾਂ 'ਤੇ ਅਤਿ ਦੀ ਨੇੜਤਾ ਹੋਣ ਦੇ ਬਾਵਜੂਦ ਚਲੰਤ ਮਾਮਲਿਆਂ 'ਤੇ ਸਾਡੇ ਮਤਭੇਦ ਹੋ ਸਕਦੇ ਹਨ ਪਰ 'ਪੰਥਕ ਸਫਾਂ ਵਿਛਾਏ' ਦੇ ਪਵਿੱਤਰ ਸਿੱਧਾਂਤ ਉਤੇ ਚੱਲ ਕੇ ਹੀ ਇਹ ਮਤਭੇਦ ਦੂਰ ਹੋ ਸਕਦੇ ਹਨ ਤੇ ਸਾਡਾ ਇਤਿਹਾਸ ਇਸ ਦੀ ਗਵਾਹੀ ਭਰਦਾ ਹੈ। ਅਸੀਂ ਅਜਿਹੀ ਬਹਿਸ ਹੀ ਚਾਹੁੰਦੇ ਹਾਂ।

> ***ਉਨ੍ਹਾਂ ਦੀਆਂ ਲਿਖਤਾਂ ਤੇ ਲੈਕਚਰਾਂ ਤੋਂ ਪ੍ਰਭਸ਼ਰਨਦੀਪ ਸਿੰਘ ਨੂੰ ਇਹ ਪੱਕਾ ਵਿਸ਼ਵਾਸ ਹੋ ਚੁਕਾ ਹੈ ਕਿ ਸ. ਅਜਮੇਰ ਸਿੰਘ ਖਾਲਿਸਤਾਨ ਦੇ ਵਿਰੋਧ ਵਿਚ ਹਨ ਪਰ ਲਗਾਤਾਰ ਇਹੋ ਪ੍ਰਭਾਵ ਦਿੰਦੇ ਆ ਰਹੇ ਹਨ ਕਿ ਉਹ ਖਾਲਿਸਤਾਨ ਦੇ ਸੱਚੇ ਹਮਾਇਤੀ ਹਨ। ਉਹ ਆਪਣੀ ਗੱਲ ਕਦੇ ਵੀ ਸਪੱਸ਼ਟ ਨਹੀਂ ਕਰਦੇ। ਉਨ੍ਹਾਂ ਦਾ ਮਾਣ ਸਤਿਕਾਰ ਕਿਉਂਕਿ ਖਾਲਿਸਤਾਨੀ ਹਲਕਿਆਂ ਵਿਚ ਹੁੰਦਾ ਹੈ, ਉਨ੍ਹਾਂ ਹਲਕਿਆਂ ਨਾਲ ਜੁੜੇ ਕਈ ਵਿਅਕਤੀ ਉਨ੍ਹਾਂ ਦੀ ਲਿਖਤਾਂ ਨੂੰ ਪ੍ਰਮੋਟ ਕਰਦੇ ਹਨ ਤੇ ਸਮਾਗਮ ਕਰਦੇ ਹਨ। ਇਸ ਲਈ ਸ. ਅਜਮੇਰ ਸਿੰਘ ਇਕ ਭਰਮ ਨੂੰ ਲਗਾਤਾਰ ਬਣਾਈ ਰੱਖਦੇ ਹਨ ਕਿਉਂਕਿ ਜੇ ਉਹ ਸਿੱਧੇ ਰੂਪ ਵਿਚ ਖਾਲਿਸਤਾਨ ਦਾ ਵਿਰੋਧ ਕਰਨਗੇ ਤਾਂ ਉਨ੍ਹਾਂ ਦਾ ਮਾਣ ਸਤਿਕਾਰ ਹੋਣ ਦੀ ਥਾਂ ਉਨ੍ਹਾਂ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪਵੇਗਾ।***

ਸ. ਅਜਮੇਰ ਸਿੰਘ ਪਿਛਲੇ ਕੁਝ ਅਰਸੇ ਤੋਂ ਕੀ ਕਰ ਰਹੇ ਹਨ? ਉਹ ਖਾਲਸਾ ਪੰਥ ਦੇ ਜਰਖੇਜ਼ ਖੇਤ ਵਿਚ ਉਦਾਸੀਆਂ ਤੇ ਮਾਯੂਸੀਆਂ ਦੇ ਬੀਜ ਸੁੱਟ ਰਹੇ ਹਨ। ਅਜਿਹਾ ਛੱਟਾ ਉਹ ਗਾਹੇ-ਬਗਾਹੇ ਦਿੰਦੇ ਹੀ ਰਹਿੰਦੇ ਹਨ। ਹਾਲ ਵਿਚ ਹੀ ਮੱਧ ਪ੍ਰਦੇਸ਼ ਦੇ ਇਕ ਸ਼ਹਿਰ ਵਿਚ ਉਨ੍ਹਾਂ ਦੀ ਤਕਰੀਰ ਕਾਫੀ ਚਰਚਾ ਦਾ ਵਿਸ਼ਾ ਬਣ ਗਈ, ਜਿਥੇ ਤੁਸੀਂ ਇਸ ਵਿਦਵਾਨ ਕੋਲੋਂ ਉਦਾਸੀਆਂ ਦਾ ਤੋਹਫਾ ਲੈ ਕੇ ਆਉਂਦੇ ਹੋ। ਇਥੇ ਅਸੀਂ ਉਨ੍ਹਾਂ ਦੀ ਤਕਰੀਰ ਦੇ ਕੁਝ ਅੰਸ਼ ਵੀ ਦੇ ਰਹੇ ਹਾਂ ਤਾਂ ਜੋ ਪਾਠਕ ਖੁਦ ਹੀ ਇਹ ਫੈਸਲਾ ਕਰ ਸਕਣ ਕਿ ਸਾਡਾ ਇਹ ਵਿਦਵਾਨ ਸਾਡੀਆਂ ਉਮੀਦਾਂ ਦੇ ਉਲਟ ਸਾਨੂੰ ਕਿਨ੍ਹਾਂ ਉਜਾੜ ਰਾਹਾਂ ਵੱਲ ਲੈ ਕੇ ਜਾ ਰਿਹਾ ਹੈ। ਖਾਲਸਾ ਪੰਥ ਪਹਿਲਾਂ ਹੀ ਕਿੰਨੀਆਂ ਮੁਸ਼ਕਿਲਾਂ, ਰੁਕਾਵਟਾਂ ਤੇ ਘੁੰਮਣਘੇਰੀਆਂ ਵਿਚ ਫਸਿਆ ਹੋਇਆ ਹੈ। ਅੱਜ ਕੱਲ ਉਸ ਦੇ ਕਿਲ੍ਹੇ ਨੂੰ ਅੰਦਰੋਂ ਵੀ ਘੇਰਾ ਪਿਆ ਹੋਇਆ ਹੈ ਅਤੇ ਬਾਹਰੋਂ ਵੀ। ਪਰ ਸ. ਅਜਮੇਰ ਸਿੰਘ ਚਾਹੁੰਦੇ ਹਨ ਕਿ ਸੰਘਰਸ਼ ਦਾ ਹਰ ਰੂਪ ਮੁਅੱਤਲ ਕਰ ਦਿੱਤਾ ਜਾਵੇ। ਉਨ੍ਹਾਂ ਨੂੰ ਸਰਬੱਤ ਖਾਲਸਾ ਵੀ ਚੰਗਾ ਨਹੀਂ ਸੀ ਲੱਗਾ ਅਤੇ ਬਰਗਾੜੀ ਮੋਰਚਾ ਵੀ ਉਨ੍ਹਾਂ ਨੂੰ ਕੇਵਲ ਇਕ 'ਇਕੱਠ' ਹੀ ਜਾਪਦਾ ਹੈ। ਰੂਹਾਨੀਅਤ ਦੇ ਉਨ੍ਹਾਂ ਦੇ ਨਵੇਂ ਥੀਸਿਸ ਵਿਚ ਵੀ ਸਾਨੂੰ 'ਬਿਪਰਨ ਕੀ ਰੀਤ' ਦੇ ਪਰਛਾਵਿਆਂ ਦੀ ਝਲਕ ਮਹਿਸੂਸ ਹੁੰਦੀ ਹੈ। ਉਹ ਕਿਸੇ ਵੀ ਸੰਘਰਸ਼ ਵਿਚੋਂ 'ਨਿਕਲੂ ਕੀ?' ਦਾ ਸਵਾਲ ਖੜ੍ਹਾ ਕਰਕੇ ਸੰਘਰਸ਼ ਨੂੰ ਰੱਦ ਤਾਂ ਕਰਦੇ ਹਨ 'ਪਰ ਹੋਣਾ ਕੀ ਚਾਹੀਦਾ ਹੈ?' ਬਾਰੇ ਭੇਤ ਭਰੀ ਚੁੱਪ ਹੀ ਉਨ੍ਹਾਂ ਦਾ ਇਕੋ ਇਕ ਜਵਾਬ ਹੁੰਦੀ ਹੈ।

ਉਹ ਮੱਧ ਪ੍ਰਦੇਸ਼ ਦੇ ਇਕ ਸੈਮੀਨਾਰ ਵਿਚ ਖਾਲਸਾ ਪੰਥ ਨੂੰ ਚੁੱਪ ਰਹਿਣ ਦੀ ਸਲਾਹ ਦੇ ਰਹੇ ਸੀ ਪਰ ਉਸ ਸੈਮੀਨਾਰ ਵਿਚ ਹਾਜ਼ਰ ਇਕ ਵਿਦਵਾਨ ਡਾ. ਹਰਭਜਨ ਸਿੰਘ ਦੀ ਇਹ ਟਿੱਪਣੀ ਕਾਫੀ ਠੀਕ ਨਜ਼ਰ ਆਉਂਦੀ ਹੈ ਕਿ ਉਹ ਅਸਲ ਵਿਚ ਕਹਿਣਾ ਇਹ ਚਾਹੁੰਦੇ ਹਨ ਕਿ 'ਮੈਂ ਹੀ ਲਿਖਾਂ ਤੇ ਮੈਂ ਹੀ ਬੋਲਾਂ।'

ਅਸੀਂ ਸ. ਅਜਮੇਰ ਸਿੰਘ ਦੀ ਬੌਧਿਕ ਕਮਾਈ ਦਾ ਸਤਿਕਾਰ ਕਰਦੇ ਹਾਂ, ਜੋ ਉਨ੍ਹਾਂ ਦੀਆਂ ਮੁਢਲੀਆਂ ਲਿਖਤਾਂ ਜੁਝਾਰੂ ਹਲਕਿਆਂ ਵਿਚ ਇਕ ਨਵਾਂ ਪੈਗਾਮ ਲੈ ਕੇ ਆਈਆਂ ਸਨ। ਇਹ ਇਕ ਹੈਰਾਨੀਜਨਕ ਪੜਾਅ ਸੀ, ਕਿਉਂਕਿ ਲਹਿਰ ਦੇ ਹਜ਼ਾਰਾਂ ਖਿੰਡੇ-ਪੁੰਡੇ ਤੇ ਉਦਾਸ ਸਮਰਥਕਾਂ ਨੂੰ ਇਉਂ ਲੱਗਾ ਜਿਵੇਂ ਲਹਿਰ ਦੀ ਦਰਦ ਭਰੀ ਸਾਚੀ ਸਾਖੀ ਨੂੰ ਉਚੀ ਪੱਧਰ ਦੇ ਬੌਧਿਕ, ਸੁਹਿਰਦ ਅਤੇ ਢੁਕਵੇਂ ਸ਼ਬਦ ਅਤੇ ਅਰਥ ਮਿਲੇ ਹਨ। ਮੈਂ ਖੁਦ ਵੀ ਇਨ੍ਹਾਂ ਲਿਖਤਾਂ ਤੋਂ ਬੇਹੱਦ ਕਾਇਲ ਹੋਇਆ ਸੀ ਅਤੇ ਇਨ੍ਹਾਂ ਲਿਖਤਾਂ ਦੀ ਦਿਲੋਂ ਪ੍ਰਸ਼ੰਸਾ ਕਰਕੇ ਲੇਖ ਵੀ ਲਿਖੇ ਸਨ, ਜੋ ਅੱਜ ਵੀ ਪੜ੍ਹੇ ਜਾ ਸਕਦੇ ਹਨ। ਪਰ ਅਗਲੀਆਂ ਕਿਤਾਬਾਂ ਵਿਚ ਉਹ ਯੂ-ਟਰਨ ਲੈ ਰਹੇ ਸਨ, ਲੇਕਿਨ ਬਹੁਤ ਹੀ ਸੂਖਮ, ਵਿਦਵਤਾ ਦਾ ਲਿਬਾਸ ਪਹਿਨ ਕੇ ਤੇ ਲੁਕਵੇਂ ਅੰਦਾਜ਼ ਵਿਚ ਅਤੇ ਨਾਲ ਹੀ ਬਹੁਤ ਹੀ ਹੌਲੀ ਹੌਲੀ, ਸਹਿਜੇ ਸਹਿਜੇ ਤੇ ਮੱਠੀ ਚਾਲ ਵਿਚ, ਤਾਂ ਜੋ ਨਵੀਂ ਦਸਤਕ ਤੇ ਖੜਾਕ ਦੀ ਕਿਸੇ ਕੰਨੀ ਖਬਰ ਤੱਕ ਨਾ ਪਹੁੰਚੇ, ਤੇ ਜੇ ਕਿਸੇ ਸੁਚੇਤ ਸ਼ਖਸ ਨੂੰ ਪਤਾ ਲੱਗ ਵੀ ਜਾਵੇ ਤਾਂ ਉਸ ਵਿਅਕਤੀ ਦੇ ਨਾਲ ਲੇਖਕ ਬਾਰੇ ਸ਼ੱਕ, ਭੁਲੇਖਾ ਤੇ ਭਰਮ ਵੀ ਬਣਿਆ ਰਹੇ। ਅਸੀਂ ਇਹ ਉਲਟਬਾਜ਼ੀ ਦੇ ਸਾਰੇ ਪੜਾਵਾਂ ਨੂੰ ਤੱਥਾਂ ਤੇ ਦਲੀਲਾਂ ਨਾਲ ਜ਼ਾਹਰ ਕਰਾਂਗੇ, ਕਿਉਂਕਿ ਇਹ ਬਹਿਸ ਕਾਫੀ ਲੰਮੀ ਹੋਣ ਜਾ ਰਹੀ ਹੈ।

ਹੁਣ ਸ਼ੋਸ਼ਲ ਮੀਡੀਆ 'ਤੇ ਇਕ ਹੋਰ ਛੋਟੀ ਜਿਹੀ ਵੀਡੀਓ ਕਲਿੱਪ ਵੀ ਘੁੰਮ ਰਹੀ ਹੈ, ਜਿਸ ਵਿਚ ਸ. ਅਜਮੇਰ ਸਿੰਘ ਆਪਣੀ ਵਿਦਵਤਾ ਦੇ ਜ਼ੋਰ ਸੰਤ ਜਰਨੈਲ ਸਿੰਘ ਦੇ ਇਨ੍ਹਾਂ ਲਫਜ਼ਾਂ ਦੇ ਨਵੇਂ ਅਰਥ ਕੱਢਣ ਵਿਚ ਰੁੱਝੇ ਹੋਏ ਹਨ ਕਿ 'ਜਿਸ ਦਿਨ ਦਰਬਾਰ ਸਾਹਿਬ ਉਤੇ ਫੌਜ ਦਾ ਹਮਲਾ ਹੋਇਆ, ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖ ਦਿੱਤੀ ਜਾਵੇਗੀ।' ਅਸੀਂ ਸੰਤ ਜਰਨੈਲ ਸਿੰਘ ਦੇ ਇਨ੍ਹਾਂ ਸ਼ਬਦਾਂ ਦੇ ਡੂੰਘੇ ਅਰਥਾਂ ਬਾਰੇ ਇਕ ਵਿਸ਼ੇਸ਼ ਲੇਖ ਖਾਲਸਾ ਪੰਥ ਦੀ ਸੇਵਾ ਵਿਚ ਭੇਟਾ ਕਰਾਂਗੇ ਅਤੇ ਨਾਲ ਹੀ ਇਹ ਵੀ ਦੱਸਣ ਦੀ ਕੋਸ਼ਿਸ਼ ਕਰਾਂਗੇ ਕਿ ਦਰਬਾਰ ਸਾਹਿਬ ਉਤੇ ਫੌਜ ਦੇ ਹਮਲੇ ਪਿੱਛੋਂ ਸਾਡੇ ਭਾਰਤੀ-ਸਟੇਟ ਨਾਲ ਕੀ ਰਿਸ਼ਤੇ ਹੋ ਸਕਦੇ ਹਨ। ਵੈਸੇ ਇਸ ਤੋਂ ਪਹਿਲਾਂ ਵੀ ਸ. ਅਜਮੇਰ ਸਿੰਘ ਨੇਸ਼ਨ-ਸਟੇਟ ਦੇ ਨਾਂ ਹੇਠਾਂ ਖਾਲਿਸਤਾਨ ਦਾ ਵਿਰੋਧ ਕਰ ਰਹੇ ਸਨ।

ਜਦੋਂ ਉਨ੍ਹਾਂ ਨੇ ਇਕ ਚੈਨਲ 'ਤੇ ਇਕ ਐਂਕਰ ਯਾਦਵਿੰਦਰ ਕਰਫਿਊ ਨਾਲ ਇੰਟਰਵਿਊ ਵਿਚ ਖਾਲਿਸਤਾਨ ਤੇ ਖਾਲਿਸਤਾਨੀਆਂ ਉਤੇ ਸਿੱਧੇ ਹਮਲੇ ਕੀਤੇ ਤਾਂ ਅਸਲ ਮਾਅਨਿਆਂ ਵਿਚ ਉਹ ਖਾਲਿਸਤਾਨ ਦੇ ਪਵਿੱਤਰ ਸੰਕਲਪ ਵਿਰੁਧ ਉਨ੍ਹਾਂ ਦੇ ਰੋਮ ਰੋਮ ਵਿਚ ਵੱਸੀ, ਦੱਬੀ ਅਤੇ ਲੁਕਵੀਂ ਨਫਰਤ ਦਾ ਬਾਹਰਲੀ ਦੁਨੀਆਂ ਨੂੰ ਪਤਾ ਲੱਗਾ, ਜਿਸ ਨਫਰਤ ਨੂੰ ਉਨ੍ਹਾਂ ਨੇ ਅੰਗਰੇਜ਼ੀ ਦੇ 'ਡਿਸਗਸਟਿੰਗ' ਲਫਜ਼ ਨਾਲ ਤੁਲਨਾ ਕੀਤੀ ਸੀ। ਅਸੀਂ ਉਦੋਂ ਵੀ ਇਹ ਬਹਿਸ ਚਲਾਈ ਸੀ ਅਤੇ ਮੈਂ ਬਾਕਾਇਦਾ ਦੋ ਲੇਖ ਵੀ ਲਿਖੇ ਸਨ। ਇਸ ਤੋਂ ਇਲਾਵਾ ਉਸ ਇੰਟਰਵਿਊ ਦੀ ਹੂਬਹੂ ਸਕਰਿਪਟ ਵੀ ਤਿਆਰ ਕੀਤੀ। ਇਹ ਤਿੰਨੇ ਲਿਖਤਾਂ ਖਾਲਸਾ ਫਤਿਹਨਾਮਾ ਮੈਗਜ਼ੀਨ ਵਿਚ ਵੀ ਛਪੀਆਂ। ਉਸ ਤੋਂ ਪਿੱਛੋਂ ਭਾਈ ਪ੍ਰਭਜੋਤ ਸਿੰਘ ਨੇ ਸ. ਅਜਮੇਰ ਸਿੰਘ ਵੱਲੋਂ ਲਏ ਯੂ-ਟਰਨ ਬਾਰੇ ਤੱਥਾਂ ਤੇ ਦਲੀਲਾਂ ਸਮੇਤ ਇਕ ਇੰਟਰਵਿਊ ਦਿੱਤੀ, ਜੋ ਯੂਟਿਊਬ 'ਤੇ ਵੇਖੀ ਜਾ ਸਕਦੀ ਹੈ। ਇਸ ਨੂੰ ਦਸ ਹਜ਼ਾਰ ਤੋਂ ਉਪਰ ਵਿਅਕਤੀਆਂ ਨੇ ਦੇਖਿਆ ਹੈ।

ਦਿਲਚਸਪ ਗੱਲ ਇਹ ਹੋਈ ਕਿ ਸ. ਅਜਮੇਰ ਸਿੰਘ ਦੇ ਇਕ ਤੱਤੇ ਹਮਾਇਤੀ ਨੇ ਤਾਂ ਇਹ ਐਲਾਨ ਕਰ ਦਿਤਾ ਕਿ ਅਜਮੇਰ ਸਿੰਘ ਨੇ ਤਾਂ ਠੀਕ ਹੀ ਕਿਹਾ ਹੈ ਕਿ ਅਸੀਂ ਡਿਸਗਸਟਿੰਗ ਹੀ ਹਾਂ। ਘਟੀਆਪਣ (Inferiority Complex) ਦੇ ਅਹਿਸਾਸ ਦੀ ਇਹ ਸਿਖਰ ਹੀ ਤਾਂ ਸੀ ਜੋ ਕਈ ਵਾਰ ਘੱਟ ਗਿਣਤੀਆਂ ਨਾਲ ਜੁੜੇ ਲੋਕਾਂ ਦੇ ਮਾਸੂਮ ਅਗਿਆਨ ਵਿਚੋਂ ਹੀ ਪੈਦਾ ਹੁੰਦੀ ਹੈ।

ਅਸੀਂ ਪਹਿਲਾਂ ਵੀ ਤੇ ਹੁਣ ਫਿਰ ਅਤੇ ਵਾਰ ਵਾਰ ਬੇਨਤੀ ਕਰਦੇ ਹਾਂ ਕਿ ਭਾਈ ਪ੍ਰਭਸ਼ਰਨਦੀਪ ਸਿੰਘ ਦੀ ਲਿਖਤ ਉਤੇ ਕਿਸੇ ਵੀ ਬਹਿਸ ਜਾਂ ਟਿੱਪਣੀ ਦਾ ਅਸੀਂ ਸਵਾਗਤ ਕਰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਭਾਈ ਪਭਸ਼ਰਨਦੀਪ ਸਿੰਘ ਦੀ ਲਿਖਤ ਨੂੰ ਚੰਗੀ ਤਰ੍ਹਾਂ ਪੜ੍ਹਿਆ ਜਾਵੇ, ਉਸ ਉਤੇ ਆਪਣੇ ਵਿਚਾਰ ਪ੍ਰਗਟ ਕੀਤੇ ਜਾਣ ਅਤੇ ਇਨ੍ਹਾਂ ਵਿਚਾਰਾਂ ਦਾ ਇਕ ਪੱਧਰ ਤੇ ਸਲੀਕਾ ਵੀ ਹੋਵੇ, ਨਾ ਕਿ ਉਨ੍ਹਾਂ ਦੀ ਸ਼ਖਸੀਅਤ ਉਤੇ ਸਿੱਧੇ-ਅਸਿੱਧੇ ਤੇ ਲੁਕਵੇਂ ਹਮਲੇ ਕੀਤੇ ਜਾਣ। ਅਸੀਂ ਸਾਰੇ ਗੁਣਾਂ ਤੇ ਔਗੁਣਾਂ ਦਾ ਸੁਮੇਲ ਹਾਂ। ਅਸੀਂ ਗੁਣਾਂ ਦੀ ਸਾਂਝ ਕਰਨੀ ਹੈ ਅਤੇ ਉਸ ਸਾਂਝ ਲਈ ਲਿਖਤ ਨੂੰ ਹੀ ਇਕ ਦਸਤਾਵੇਜ਼ ਸਮਝਿਆ ਜਾਵੇ।

ਜਿਸ ਕਿਸੇ ਵੀਰ ਨੂੰ ਵੀ ਨਿੱਜੀ ਹਮਲੇ ਕਰਨ ਦਾ ਸ਼ੌਕ ਹੋਵੇ, ਜਾਂ ਕਿਸੇ ਫੇਕ ਆਈ. ਡੀ. ਰਾਹੀਂ ਉਹ ਨਿੱਜੀ ਹਮਲੇ ਕਰਨਾ ਜਾਂ ਕਰਾਉਣਾ ਚਾਹੁੰਦਾ ਹੋਵੇ ਜਾਂ ਬਹਿਸ ਨੂੰ ਵਿਚਾਰਧਾਰਕ ਪੱਧਰ ਤੋਂ ਭਟਕਾ ਕੇ ਇਹੋ ਜਿਹਾ ਮਾਹੌਲ ਖੜ੍ਹਾ ਕਰਨ ਦਾ ਇਰਾਦਾ ਰੱਖਦਾ ਹੋਵੇ ਤਾਂ ਉਹ ਕਿਰਪਾ ਕਰਕੇ ਇਸ ਬਹਿਸ ਵਿਚ ਸ਼ਾਮਿਲ ਨਾ ਹੋਵੇ। ਜੇ ਇਸ ਬਹਿਸ ਵਿਚ ਤਰਕ, ਜਜ਼ਬੇ ਤੇ ਸਦਾਚਾਰਕ ਸਲੀਕੇ ਦਾ ਸੁਮੇਲ ਹੋਵੇ ਜਾਂ ਇਨ੍ਹਾਂ ਵਿਚੋਂ ਕਿਸੇ ਇਕ ਨੁਕਤੇ ਉਤੇ ਵੀ ਤੁਹਾਡੀ ਕੋਈ ਟਿੱਪਣੀ ਕੇਂਦ੍ਰਿਤ ਹੋਵੇ ਤਾਂ ਅਸੀਂ ਸਮਝਾਂਗੇ ਕਿ ਸਾਡੀ ਕੌਮ ਬਹਿਸ ਦੇ ਉਚੇਰੇ ਪੜਾਵਾਂ ਵੱਲ ਸਫਰ ਕਰ ਰਹੀ ਹੈ।

###

## ਮੇਰੀ ਅਰਦਾਸ

ਅੱਲ੍ਹਾ ਸੁਣ ਤੂੰ ਕੋਲੇ ਹੋ ਕੇ, ਮੇਰੀ ਇੱਕ ਅਰਦਾਸ।
ਇਸ ਤੋਂ ਪਹਿਲਾਂ ਕਿ ਇਹ ਦਿਲ ਹੋ ਜਾਵੇ ਉਦਾਸ।
ਦੇਖ ਦਾਤਿਆ ਦੇਖ, ਇਹ ਦੁਨੀਆਂ ਦਾ ਹਾਲ,
ਰੰਗ ਦੇਖ ਦੁਨੀਆਂ ਦੇ ਮਨ ਹੋਇਆ ਏ ਬੇਹਾਲ।

ਅੱਜ ਜਨਮ ਲੈਣ ਤੋਂ ਪਹਿਲਾਂ ਹੀ ਮਰਦੀ,
ਦਾਤਾ ਤੇਰੀ ਧੀ, ਹੁਣ ਕੁੱਖ 'ਚ ਨਾ ਪਲਦੀ।
ਨੌਜਵਾਨ ਪੀੜ੍ਹੀ ਨੂੰ ਹੈ ਨਸ਼ਿਆਂ ਨੇ ਖਾ ਲਿਆ,
ਕਿਸਾਨ ਵੀਰਾਂ ਮੇਰਿਆਂ ਨੂੰ ਕਰਜੇ ਨੇ ਢਾਹ ਲਿਆ।

ਔਰਤ ਦੀ ਸੁਰੱਖਿਆ 'ਤੇ ਪੈ ਗਈ ਹੈ ਮਾਰ,
ਬਲਾਤਕਾਰ ਕਰ ਕੇ, ਦਿੱਤਾ ਜ਼ਿੰਦਗੀ ਨੂੰ ਸਾੜ।
ਦਾਜ ਦੇ ਲਾਲਚ ਵਿਚ ਕੁੱਟੀ ਮਾਰੀ ਜਾਂਦੀ ਹੈ,
ਕਈ ਜਗ੍ਹਾਂ 'ਤੇ ਤੇਜ਼ਾਬ ਨਾਲ ਸਾੜੀ ਜਾਂਦੀ ਹੈ।

ਮਜ਼ਦੂਰ ਤੇ ਗਰੀਬ ਨੂੰ ਕੋਈ ਨਹੀਂ ਇਨਸਾਫ,
ਰਿਸ਼ਵਤ ਲੈ ਕੇ ਹੀ ਹੁਣ ਚਲਦਾ ਇਹ ਸਮਾਜ।
ਘਰ ਘਰ ਵਿਚ ਹੁਣ ਹੁੰਦੀਆਂ ਨੇ ਲੜਾਈਆਂ,
ਪਿਆਰ ਦੀਆਂ ਗੱਲਾਂ, ਹੋ ਗਈਆਂ ਪਰਾਈਆਂ।

ਵਾਤਾਵਰਣ ਪ੍ਰਤੀ ਅਸੀਂ ਹੋਏ ਹਾਂ 'ਨਕਾਰੀ,
ਪੈਸੇ ਤੇ ਰਿਸ਼ਵਤਖੋਰੀ ਦੇ ਬਣ ਗਏ ਹਾਂ ਵਪਾਰੀ।
ਹੇ ਮੇਰੇ ਮੌਲਾ! ਸੁਣ ਮੇਰੀ ਇਹ ਗਜ਼ਲ,
ਸਭਨਾਂ 'ਤੇ ਕਰੀਂ ਰਹਿਮਤਾਂ ਦੀ ਨਜ਼ਰ।

ਦੇਵੀਂ ਧੀ ਨੂੰ ਵੀ ਹੱਕ ਕਿ ਉਹ ਦੇਖ ਲਵੇ ਜੱਗ,
ਬਣ ਕਲਪਨਾ ਚਾਵਲਾ, ਉਹ ਜਾਵੇ ਚੰਨ ਤੱਕ।
ਨੌਜਵਾਨਾਂ ਵਿਚ ਭਰੀਂ ਮਿਹਨਤ ਦਾ ਜਨੂੰਨ,
ਇਨਸਾਫ ਦੀਆਂ ਹੀ ਗੱਲਾਂ ਕਰੇ ਕਾਨੂੰਨ।

ਔਰਤ ਨੂੰ ਵੀ ਮਿਲੇ ਪੂਰਾ ਅਧਿਕਾਰ,
ਸਹੁਰੇ ਹੋਣ ਜਾਂ ਪੇਕੇ, ਰਹੇ ਪੂਰਾ ਸਤਿਕਾਰ।
ਹਰ ਕੋਈ ਨਿਭਾਵੇ ਆਪਣੀ ਜ਼ਿੰਮੇਦਾਰੀ,
ਸੱਚੀ ਸੁੱਚੀ ਕਿਰਤ ਤੋਂ ਨਾ ਹੋਵੇ ਕੋਈ 'ਨਕਾਰੀ।

ਗਰੀਬ ਤੋਂ ਵੀ ਹੋਵੇ ਕੂਲ, ਮਿਹਨਤਾਂ ਦਾ ਪਵੇ ਮੁੱਲ,
ਹਰ ਪਾਸੇ ਪਿਆਰ ਆਲੇ, ਬਸ ਖਿੜ ਜਾਣ ਫੁੱਲ।
ਦਾਤਾ ਸੁਣ ਮੇਰੀ ਅਰਦਾਸ, ਅੱਲ੍ਹਾ ਸੁਣ ਅਰਦਾਸ।

*-ਕਿਰਨਪ੍ਰੀਤ ਕੌਰ*
*ਫੋਨ: +4368864013133*

## ਗੁਰਪੁਰਬ

ਆਓ ਜਨਮ ਦਿਹਾੜਾ ਮਨਾਈਏ
ਬਾਬੇ ਨਾਨਕ ਦਾ।
ਘਰ-ਘਰ ਸੁਨੇਹਾ ਪਹੁੰਚਾਈਏ
ਬਾਬੇ ਨਾਨਕ ਦਾ।

ਜਬਰ-ਜ਼ੁਲਮ ਦੇ ਖਿਲਾਫ
ਆਵਾਜ਼ ਯਾਰੋ ਉਠਾਣੀ ਹੈ।
ਗਰੀਬ ਤੇ ਭੁੱਖਿਆਂ ਨੂੰ
ਰੋਟੀ ਵੀ ਹਮੇਸ਼ਾ ਖੁਆਣੀ ਹੈ।

ਮਹਿਮਾ ਰੱਬ ਦੀ ਗਾਈਏ
ਸੁਨੇਹਾ ਬਾਬੇ ਨਾਨਕ ਦਾ।
ਆਓ ਰਲ-ਮਿਲ ਮਨਾਈਏ
ਪੁਰਬ ਬਾਬੇ ਨਾਨਕ ਦਾ।

ਦਸਾਂ ਨਹੁੰਆਂ ਦੀ ਕਿਰਤ ਕਰਨੀ
ਬਾਬੇ ਨਾਨਕ ਸਿਖਾਈ ਹੈ।
ਨਾਰੀ ਦੇ ਹੱਕਾਂ ਲਈ
ਆਵਾਜ਼ ਵੀ ਉਸ ਉਠਾਈ ਹੈ।

ਪਾਪ ਦੀ ਕਮਾਈ ਨਾ ਖਾਈਏ
ਸੁਨੇਹਾ ਬਾਬੇ ਨਾਨਕ ਦਾ।
ਆਓ ਜਨਮ ਦਿਹਾੜਾ ਮਨਾਈਏ
ਬਾਬੇ ਨਾਨਕ ਦਾ।

ਬਾਬੇ ਨੇ ਖੰਡਨ ਕੀਤਾ ਹੈ
ਹਮੇਸ਼ਾ ਜਾਤਾਂ-ਪਾਤਾਂ ਦਾ।
ਵਹਿਮ-ਭਰਮ ਤੇ ਲੋਕਾਂ ਨੂੰ
ਲੁੱਟਦੀਆਂ ਕਰਾਮਾਤਾਂ ਦਾ।
'ਮਨਦੀਪ' ਆਓ ਸਿਰਜੀਏ
ਸਮਾਜ ਬਾਬੇ ਨਾਨਕ ਦਾ।
ਆਓ ਰਲ-ਮਿਲ ਮਨਾਈਏ
ਪੁਰਬ ਬਾਬੇ ਨਾਨਕ ਦਾ।

*-ਮਨਦੀਪ ਗਿੱਲ ਧੜਾਕ*
*ਫੋਨ: 91-99881-11134*

**ਪੰਜਾਬ ਟਾਈਮਜ਼**
ਫੋਨ: 847-359-0746
punjabtimes1@gmail.com

## ਸੰਤਨ ਕੈ ਬਲਿਹਾਰੈ ਜਾਉ॥

### ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਗੋਂਡ ਮਹਲਾ ੫॥
ਸੰਤਨ ਕੈ ਬਲਿਹਾਰੈ ਜਾਉ॥
ਸੰਤਨ ਕੈ ਸੰਗਿ ਰਾਮ ਗੁਨ ਗਾਉ॥
ਸੰਤ ਪ੍ਰਸਾਦਿ ਕਿਲਵਿਖ ਸਭਿ ਗਏ॥
ਸੰਤ ਸਰਣਿ ਵਡਭਾਗੀ ਪਏ॥
ਰਾਮੁ ਜਪਤ ਕਛੁ ਬਿਘਨੁ ਨ ਵਿਆਪੈ॥
ਗੁਰ ਪ੍ਰਸਾਦਿ ਅਪੁਨਾ ਪ੍ਰਭੁ ਜਾਪੈ॥ ਰਹਾਉ॥
ਪਾਰਬ੍ਰਹਮ ਜਬ ਹੋਇ ਦਇਆਲ॥
ਸਾਧੂ ਜਨ ਕੀ ਕਰੈ ਰਵਾਲ॥
ਕਾਮੁ ਕ੍ਰੋਧੁ ਇਸੁ ਤਨ ਤੇ ਜਾਇ॥
ਰਾਮ ਰਤਨੁ ਵਸੈ ਮਨਿ ਆਇ॥
ਸਫਲੁ ਜਨਮੁ ਤਾਂ ਕਾ ਪਰਵਾਣੁ॥
ਪਾਰਬ੍ਰਹਮੁ ਨਿਕਟਿ ਕਰਿ ਜਾਣੁ॥
ਭਾਇ ਭਗਤਿ ਪ੍ਰਭ ਕੀਰਤਨਿ ਲਾਗੈ॥
ਜਨਮ ਜਨਮ ਕਾ ਸੋਇਆ ਜਾਗੈ॥
ਚਰਨ ਕਮਲ ਜਨ ਕਾ ਆਧਾਰੁ॥
ਗੁਣ ਗੋਵਿੰਦ ਰਉਂ ਸਚੁ ਵਾਪਾਰੁ॥
ਦਾਸ ਜਨਾ ਕੀ ਮਨਸਾ ਪੂਰਿ॥
ਨਾਨਕ ਸੁਖੁ ਪਾਵੈ ਜਨ ਧੂਰਿ॥

ਗੁਰੂ ਅਰਜਨ ਦੇਵ ਆਖਦੇ ਹਨ, ਹੇ ਭਾਈ! ਗੁਰੂ ਦੇ ਦੱਸੇ ਰਸਤੇ ਉਤੇ ਤੁਰਨ ਵਾਲੇ ਗੁਰੂ ਪਿਆਰੇ ਸੰਤ ਜਨਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ; ਉਨ੍ਹਾਂ ਗੁਰੂ ਪਿਆਰੇ ਸੰਤਾਂ ਦੀ ਸੰਗਤ ਵਿਚ ਰਹਿ ਕੇ ਮੈਂ ਭੀ ਉਸ ਮਿਹਰਬਾਨ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦਾ ਹਾਂ। ਹੇ ਭਾਈ! ਸੰਤ ਜਨਾਂ ਦੀ ਕਿਰਪਾ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ, ਪਰ ਵੱਡੇ ਭਾਗਾਂ ਵਾਲੇ ਜੀਵ ਹੀ ਗੁਰੂ ਪਿਆਰੇ ਸੰਤ ਜਨਾਂ ਦੀ ਸਰਨ ਪੈਂਦੇ ਹਨ।

ਰਾਮੁ ਜਪਤ ਕਛੁ ਬਿਘਨੁ ਨ ਵਿਆਪੈ॥
ਗੁਰ ਪ੍ਰਸਾਦਿ ਅਪੁਨਾ ਪ੍ਰਭੁ ਜਾਪੈ॥ ਰਹਾਉ॥

ਰਹਾਉ ਦੀ ਪੰਕਤੀ ਵਿਚ ਬਾਣੀ ਦੇ ਬੋਹਿਥ ਸਤਿਗੁਰੂ ਉਪਦੇਸ਼ ਕਰਦੇ ਹਨ, ਹੇ ਭਾਈ! ਗੁਰੂ ਦੀ ਕਿਰਪਾ ਸਦਕਾ ਇਹ ਜੀਵ ਜਦੋਂ ਪ੍ਰਭੂ ਦੇ ਨਾਮ ਦਾ ਜਾਪ ਕਰਦਾ ਹੈ ਤਾਂ ਕਿਸੇ ਵੀ ਕਿਸਮ ਦਾ ਕੋਈ ਵਿਘਨ ਉਸ ਉਤੇ ਆਪਣਾ ਜ਼ੋਰ ਨਹੀਂ ਪਾ ਸਕਦਾ। ਗੁਰੂ ਦੀ ਕਿਰਪਾ ਨਾਲ ਉਸ ਨੂੰ ਪਿਆਰਾ ਪ੍ਰਭੂ ਹਰ ਥਾਂ ਵੱਸਦਾ ਦਿਸ ਪੈਂਦਾ ਹੈ।

ਪਾਰਬ੍ਰਹਮ ਜਬ ਹੋਇ ਦਇਆਲ॥
ਸਾਧੂ ਜਨ ਕੀ ਕਰੈ ਰਵਾਲ॥
ਕਾਮੁ ਕ੍ਰੋਧੁ ਇਸੁ ਤਨ ਤੇ ਜਾਇ॥
ਰਾਮ ਰਤਨੁ ਵਸੈ ਮਨਿ ਆਇ॥

ਗੁਰਦੇਵ ਪਿਤਾ ਜੀ ਆਖਦੇ ਹਨ, ਹੇ ਭਾਈ! ਉਹ ਮਿਹਰਬਾਨ ਪਰਮਾਤਮਾ ਪਿਤਾ ਜਦੋਂ ਕਿਸੇ ਜੀਵ ਉਤੇ ਦਇਆਵਾਨ ਹੁੰਦਾ ਹੈ ਤਾਂ ਉਸ ਮਨੁੱਖ ਨੂੰ ਗੁਰੂ ਦੇ ਦੱਸੇ ਰਸਤੇ ਉਤੇ ਤੁਰਨ ਵਾਲੇ ਸੇਵਕਾਂ ਦੇ ਚਰਨਾਂ ਦੀ ਧੂੜ ਬਣਾਉਂਦਾ ਹੈ; ਫਿਰ ਉਸ ਮਨੁੱਖ ਦੇ ਸਰੀਰ ਵਿਚੋਂ ਕਾਮ ਤੇ ਕ੍ਰੋਧ-ਦੋਵੇਂ ਹੀ ਚਲੇ ਜਾਂਦੇ ਹਨ ਅਤੇ ਪਰਮਾਤਮਾ ਦਾ ਰਤਨ ਰੂਪੀ ਨਾਮ ਉਸ ਮਨੁੱਖ ਦੇ ਮਨ ਵਿਚ ਆ ਕੇ ਵੱਸ ਜਾਂਦਾ ਹੈ।

ਸਫਲੁ ਜਨਮੁ ਤਾਂ ਕਾ ਪਰਵਾਣੁ॥
ਪਾਰਬ੍ਰਹਮੁ ਨਿਕਟਿ ਕਰਿ ਜਾਣੁ॥
ਭਾਇ ਭਗਤਿ ਪ੍ਰਭ ਕੀਰਤਨਿ ਲਾਗੈ॥
ਜਨਮ ਜਨਮ ਕਾ ਸੋਇਆ ਜਾਗੈ॥

ਸਤਿਗੁਰੂ ਆਖਦੇ ਹਨ, ਹੇ ਭਾਈ! ਜੋ ਮਨੁੱਖ ਉਸ ਮਾਲਕ ਪਰਮਾਤਮਾ ਨੂੰ ਆਪਣੇ ਨੇੜੇ ਵੱਸਦਾ ਸਮਝਦਾ ਹੈ, ਉਸ ਦਾ ਜੀਵਨ ਸਫਲ ਹੋ ਜਾਂਦਾ ਹੈ, ਪ੍ਰਭੂ ਦੇ ਦਰ 'ਤੇ ਪ੍ਰਵਾਨ ਹੋ ਜਾਂਦਾ ਹੈ; ਉਹ ਵਡਭਾਗਾ ਮਨੁੱਖ ਭਗਤੀ ਵਿਚ ਪ੍ਰਭੂ ਦੇ ਕੀਰਤਨ ਭਾਵ ਕੀਰਤੀ ਸਿਫਤਿ ਸਾਲਾਹ ਵਿਚ ਲੱਗ ਜਾਂਦਾ ਹੈ ਅਤੇ ਪ੍ਰਭੂ ਨਾਮ ਸਿਮਰਨ ਨਾਲ ਅਨੇਕਾਂ ਜਨਮਾਂ ਤੋਂ ਮਾਇਆ ਦੀ ਘੂਕੀ ਵਿਚ ਸੁਤਾ ਉਸ ਦਾ ਮਨ ਜਾਗ ਪੈਂਦਾ ਹੈ।

ਚਰਨ ਕਮਲ ਜਨ ਕਾ ਆਧਾਰੁ॥
ਗੁਣ ਗੋਵਿੰਦ ਰਉਂ ਸਚੁ ਵਾਪਾਰੁ॥
ਦਾਸ ਜਨਾ ਕੀ ਮਨਸਾ ਪੂਰਿ॥
ਨਾਨਕ ਸੁਖੁ ਪਾਵੈ ਜਨ ਧੂਰਿ॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਜੀ ਆਖਦੇ ਹਨ, ਹੇ ਭਾਈ! ਪਰਮਾਤਮਾ ਦੇ ਸੋਹਣੇ ਚਰਨ ਗੁਰੂ ਦੇ ਦੱਸੇ ਹੋਏ ਰਸਤੇ 'ਤੇ ਤੁਰਨ ਵਾਲੇ ਸੇਵਕਾਂ ਦੀ ਜ਼ਿੰਦਗੀ ਦਾ ਆਸਰਾ ਬਣ ਜਾਂਦੇ ਹਨ। ਇਸ ਲਈ ਮੈਂ ਵੀ ਉਨ੍ਹਾਂ ਸੇਵਕਾਂ ਦੀ ਸੰਗਤ ਸਦਕਾ ਹੀ ਪ੍ਰਭੂ ਦੇ ਗੁਣ ਗਾਉਂਦਾ ਹਾਂ, ਇਹ ਸੱਚਾ ਵਣਜ ਹੈ। ਉਹ ਪ੍ਰਭੂ ਆਪਣੇ ਸੇਵਕਾਂ ਦੇ ਮਨ ਦੀ ਕਾਮਨਾ ਪੂਰੀ ਕਰਦਾ ਹੈ ਅਤੇ ਪ੍ਰਭੂ ਦਾ ਸੇਵਕ ਸੰਤ ਜਨਾਂ ਦੀ ਚਰਨ ਧੂੜ ਵਿਚ ਆਤਮਕ ਅਨੰਦ ਪ੍ਰਾਪਤ ਕਰਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਗੁਰੂ ਨਾਨਕ ਦਾ ਹਕੀਕੀ ਪ੍ਰਕਾਸ਼ ਪੁਰਬ

**ਪ੍ਰਕਾਸ਼ ਪੁਰਬ**

ਪਿਛਲੇ ਕੁਝ ਸਮੇਂ ਤੋਂ ਗੁਰੂ ਨਾਨਕ ਦਾ 550ਵਾਂ ਪ੍ਰਕਾਸ਼ ਦਿਹਾੜਾ ਮਨਾਉਣ ਦੀ ਚਰਚਾ ਜ਼ੋਰ-ਸ਼ੋਰ ਨਾਲ ਚਲ ਰਹੀ ਹੈ। ਮੁਬਾਰਕ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ। ਇਸ ਇਤਿਹਾਸਕ ਹਕੀਕਤ ਬਾਰੇ ਕੋਈ ਭੁਲੇਖਾ ਨਹੀਂ ਹੈ ਕਿ ਗੁਰੂ ਨਾਨਕ ਨੇ 15ਵੀਂ ਤੇ 16ਵੀਂ ਸਦੀ ਵਿਚ ਅਕਾਲ ਪੁਰਖ ਤੇ ਸਮੁੱਚੀ ਕੁਦਰਤੀ ਕਾਇਨਾਤ ਵਿਚਲੇ ਰਿਸ਼ਤੇ ਨੂੰ ਉਜਾਗਰ ਕਰ ਕੇ ਬੇਥਵੇ ਤੇ ਨਿਰਾਰਥਕ ਮਿਥਿਹਾਸਕ ਸਿਲਸਿਲੇ ਨੂੰ ਪਛਾਣ ਕੇ ਨਕਾਰਿਆ। ਉਨ੍ਹਾਂ ਸਮੁੱਚੇ ਉਸਾਰ ਦੇ ਵਿਗੜੇ ਹੋਏ ਸਾਰੇ ਪਸਾਰਾਂ ਨੂੰ ਰੱਦ ਕਰਦਿਆਂ ਕੁਦਰਤ ਤੇ ਮਨੁੱਖ ਵਿਚ ਸਮਤੋਲ 'ਤੇ ਆਧਾਰਤ ਉਸਾਰ ਦੀ ਗੱਲ ਕੀਤੀ। ਉਸ ਸਮੇਂ ਪੱਛਮ ਦੇ ਬੁਧੀਮਾਨ ਸ੍ਰਿਸ਼ਟੀ ਦੀ ਹਰ ਰਚਨਾ ਨੂੰ ਬੇਜਾਨ ਵਸਤੂਗਤ ਵਰਤਾਰੇ ਵਜੋਂ ਤਸੱਵਰ ਕਰਕੇ ਖੋਜ ਵਿਚ ਲੱਗੇ ਹੋਏ ਸਨ।

**ਪ੍ਰੋ. ਨਿਰੰਜਨ ਸਿੰਘ ਢੇਸੀ**
**ਫੋਨ: 317-954-8969**

ਭਾਰਤ ਦੀ ਧਰਤੀ ਉਤੇ ਭੇਖ ਦੇ ਲਬਾਦੇ ਹੇਠ ਕੂੜ ਦਾ ਪ੍ਰਚਾਰ ਜ਼ੋਰਾਂ 'ਤੇ ਸੀ। ਗਰੀਬੀ, ਬੇਵਸੀ ਤੇ ਜਹਾਲਤ ਵਿਚ ਗ੍ਰੱਸੀ ਹੋਈ ਲੋਕਾਈ ਦੁੱਖ ਭੋਗ ਰਹੀ ਸੀ। ਰਾਜ, ਧਰਮ, ਸਮਾਜ, ਕਿਰਦਾਰ ਵਿਚ ਪਖੰਡ, ਦੰਭ ਤੇ ਆਪ ਹੁਦਰਾਪਨ ਪਸਰ ਚੁਕਾ ਸੀ।

ਅਜਿਹੇ ਹਾਲਾਤ ਦੇ ਹਨੇਰੇ ਵਿਚ ਡੁੱਬੀ ਹੋਈ ਮਾਨਵਤਾ ਨੂੰ ਰੋਸ਼ਨੀ ਦੇਣ ਵਾਲੇ ਗੁਰੂ ਨਾਨਕ ਦਾ ਜਨਮ 1469 ਦੀ ਪਹਿਲੀ ਵਿਸਾਖ ਨੂੰ ਰਾਇਕੋਟਿ ਦੀ ਤਲਵੰਡੀ ਵਿਚ ਹੋਇਆ। ਬਾਬੇ ਨਾਨਕ ਦਾ ਅਰੰਭਕ ਜੀਵਨ ਲਗਾਤਾਰ ਚੁਣੌਤੀਆਂ ਵਾਲਾ ਰਿਹਾ। ਹਨੇਰੇ ਵਿਚ ਭਟਕ ਰਹੇ ਲੋਕਾਂ ਨੂੰ ਰੋਸ਼ਨੀ ਦੇਣ ਵਾਲੇ ਗੁਰੂ ਨਾਨਕ ਬਾਰੇ ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਵਿਚ ਖੂਬਸੂਰਤ ਕਾਵਿ-ਭਾਸ਼ਾ ਵਿਚ ਚਰਚਾ ਕੀਤੀ ਹੈ, "ਬਾਬਾ ਦੇਖੈ ਧਿਆਨ ਧਰ ਜਲਤੀ ਸਭ ਸ੍ਰਿਸ਼ਟੀ ਦਿਸ ਆਈ।"

ਰੋਸ਼ਨੀ ਦੀ ਭਾਲ, ਕਾਲੀਆਂ ਤਾਕਤਾਂ ਦੇ ਖਿਲਾਫ ਚਿੰਤਨ ਤੇ ਪੈਂਤੜੇ ਤੋਂ ਵਿਚਾਰਧਾਰਕ ਸੰਘਰਸ਼ ਛੇੜਨ ਲਈ ਉਨ੍ਹਾਂ ਪਹਿਲਾਂ ਚੱਲੀਆਂ ਲਹਿਰਾਂ ਨਾਲ ਨਾਤਾ ਜੋੜਿਆ। ਆਪਣੇ ਤੋਂ ਤਿੰਨ ਸਦੀਆਂ ਪਹਿਲਾਂ ਪੈਦਾ ਹੋਏ ਸ਼ੇਖ ਫਰੀਦ, ਦੋ ਸਦੀਆਂ ਪਹਿਲਾਂ ਹੋਏ ਭਗਤ ਤਰਲੋਚਨ ਤੇ ਜੈਦੇਵ, ਸੌ ਸਾਲ ਪਹਿਲਾਂ ਹੋਏ ਭਗਤ ਰਵਿਦਾਸ ਤੇ ਰਾਮਾਨੰਦ, ਪੌਣੀ ਸਦੀ ਪਹਿਲਾਂ ਹੋਏ ਭਗਤ ਕਬੀਰ ਤੇ ਸੈਣ ਅਤੇ ਅੱਧੀ ਸਦੀ ਪਹਿਲਾਂ ਹੋਏ ਭਗਤ ਧੰਨਾ ਤੇ ਪੀਪਾ ਦੀ ਬਾਣੀ ਇਕੱਤਰ ਕਰ ਕੇ ਸਮੁੱਚੇ ਉਸਾਰ ਬਾਰੇ ਦਾਰਸ਼ਨਿਕ ਲਹਿਰ ਲਈ ਆਧਾਰ ਬਣਾਇਆ। ਇਸ ਦੇ ਨਾਲ-ਨਾਲ ਆਪਣੀ ਬਾਣੀ ਰਾਹੀਂ ਅਧਿਆਤਮਕ, ਧਾਰਮਕ, ਸਮਾਜਕ, ਸਭਿਆਚਾਰਕ ਅਤੇ ਸਿਆਸੀ ਖੇਤਰ ਦੇ ਨਾਲ-ਨਾਲ ਕੁਦਰਤ ਤੇ ਵਾਤਾਵਰਣ ਬਾਰੇ ਇਨਕਲਾਬੀ ਚੇਤਨਾ ਪੈਦਾ ਕੀਤੀ।

ਇਥੇ ਇਹ ਕਹਿਣਾ ਹੀ ਕਾਫੀ ਹੋਵੇਗਾ ਕਿ ਗੁਰੂ ਨਾਨਕ ਨੇ ਗਹਿਰ ਗੰਭੀਰ ਅਨੁਭਵ ਅਤੇ ਕਰਤਾਰੀ ਸੂਝ ਨਾਲ ਮਾਨਵਤਾ ਨੂੰ ਸੂਝ-ਬੂਝ ਦੇਣ ਲਈ ਸ਼ਬਦ-ਗੁਰੂ ਦਾ ਸੰਕਲਪ ਦਿੱਤਾ। ਉਨ੍ਹਾਂ ਦੇ ਇਸ ਸੰਕਲਪ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਦੀ ਬੀੜ ਬੰਨ੍ਹੀ ਅਤੇ ਪਹਿਲੀ ਸਤੰਬਰ 1604 ਨੂੰ ਦਰਬਾਰ ਸਾਹਿਬ ਵਿਚ ਇਸ ਦਾ ਪ੍ਰਕਾਸ਼ ਕੀਤਾ।

ਗੁਰੂ ਨਾਨਕ ਦੀ ਬਾਣੀ ਬਾਰੇ ਲੰਮੀ ਚਰਚਾ ਦੀ ਥਾਂ ਏਨਾ ਕਹਿਣਾ ਕਾਫੀ ਹੈ ਕਿ ਉਨ੍ਹਾਂ ਨੇ ਇਕਵਾਦ, ਭਾਵ ਇਕ ਅਕਾਲ ਪੁਰਖ ਦੀ ਗੱਲ ਕੀਤੀ। ਅਨੇਕਾਂ ਦੇਵਤਿਆਂ ਨੂੰ ਰੱਦ ਕਰਦਿਆਂ ਮਨੁੱਖ ਨੂੰ ਦੰਭੀ ਵਰਤਾਰਿਆਂ ਤੇ ਕਿਨਾਰਾ ਕਰਨ ਲਈ ਪ੍ਰੇਰਨਾ ਦਿੱਤੀ। ਧਰਮ ਦੇ ਨਾਂ 'ਤੇ ਲੋਕਾਂ ਦੀ ਲੁੱਟ ਨੂੰ ਚੁਣੌਤੀ ਦਿੱਤੀ। ਨਿਆਂ ਅਤੇ ਬਰਾਬਰੀ 'ਤੇ ਆਧਾਰਤ ਰਾਜ, ਧਰਮ ਤੇ ਸਮਾਜ ਦਾ ਸੰਕਲਪ ਦਿੱਤਾ। ਕਿਸੇ ਦੇਸ਼ ਅਤੇ ਕੌਮ ਉਤੇ ਜਾਬਰ ਤੇ ਜ਼ਾਲਮ ਹਮਲਿਆਂ ਸਬੰਧੀ ਬੇਬਾਕ ਵਿਚਾਰ ਦਿੱਤੇ। ਦੱਬੇ-ਕੁਚਲੇ ਤੇ ਅਛੂਤ ਕਹੇ ਜਾਂਦੇ ਕਿਰਤੀਆਂ ਨਾਲ ਨਾਤਾ ਜੋੜਿਆ। ਔਰਤ ਦੀ ਮਨੁੱਖੀ ਜੀਵਨ ਵਿਚ ਸਹੀ ਥਾਂ ਕਾਇਮ ਕੀਤੀ।

ਮਿਥਿਹਾਸਕ ਕਥਾਵਾਂ ਵਿਚਲੇ ਪਾਤਰਾਂ ਦੀਆਂ ਕੁਚਾਲਾਂ ਸਬੰਧੀ ਚੇਤਨਾ ਪੈਦਾ ਕੀਤੀ। ਜੋਤਿਸ਼, ਵਰਤ, ਕਰਮ ਕਾਂਡ, ਵਹਿਮ-ਭਰਮ, ਸ਼ਰਾਧ, ਨਰਾਤੇ ਰੱਦ ਕੀਤੇ। ਅਖੌਤੀ ਦੇਵੀਆਂ-ਦੇਵਤਿਆਂ ਸਬੰਧੀ ਭੁਲੇਖੇ ਦੂਰ ਕੀਤੇ। ਗੁਰਬਾਣੀ ਦਾ ਅਧਿਐਨ ਕਰਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਨੇ ਮਨੁੱਖੀ ਤੇ ਕੁਦਰਤੀ ਹੋਂਦ ਦੀ ਅਨੇਕਤਾ ਨੂੰ ਅਕਾਲ ਪੁਰਖ ਦੀ ਏਕਤਾ ਵਿਚ ਵੇਖਣ ਦਾ ਮਹਾਨ ਵਿਚਾਰ ਦਿੱਤਾ।

ਮੁਬਾਰਕ ਹੈ, ਐਸੇ ਗੁਰੂ ਨਾਨਕ ਦਾ 550ਵਾਂ ਪ੍ਰਕਾਸ਼ ਦਿਹਾੜਾ ਸਥਾਪਤ ਧਿਰਾਂ ਵਲੋਂ ਮਨਾਇਆ ਜਾ ਰਿਹਾ ਹੈ। ਪਹਿਲਾ ਸਵਾਲ ਇਹ ਹੈ ਕਿ ਇਹ ਧਿਰਾਂ ਆਪ ਕਿਸ ਕਿਰਦਾਰ ਦੀਆਂ ਮਾਲਕ ਹਨ। ਸਰਕਾਰਾਂ ਦੇ ਸਿਆਸੀ ਉਦੇਸ਼ ਪ੍ਰਤੱਖ ਹਨ, ਪਰ ਕੀ ਇਹ ਸਿਆਸੀ ਧਿਰਾਂ ਨਿਆਂ ਬਰਾਬਰੀ ਤੇ ਪ੍ਰੇਮ ਉਤੇ ਆਧਾਰਤ ਅਮਲ ਦਾ ਯਤਨ ਕਰਦੀਆਂ ਹਨ। ਸਿੱਖ ਜਗਤ ਦੀ ਧਾਰਮਕ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਵੇਲੇ ਜਿਸ ਪੈਂਤੜੇ ਨੂੰ ਅਪਨਾ ਕੇ ਚਲ ਰਹੀ ਹੈ, ਉਹ ਗੁਰੂ ਨਾਨਕ ਦੀ ਚਿੰਤਨ ਧਾਰਾ ਤੋਂ ਅਲੱਗ ਹੈ।

ਪਿਛਲੇ ਦਿਨੀਂ 'ਜਸ ਪੰਜਾਬੀ' ਤੋਂ ਬੋਲਦਿਆਂ ਦਾਸ ਨੇ ਇਹ ਕਹਿਣ ਦਾ ਯਤਨ ਕੀਤਾ ਸੀ ਕਿ ਮਹਾਪੁਰਖਾਂ ਦੇ ਇਤਿਹਾਸਕ ਪਿਛੋਕੜ ਨੂੰ ਇਕੱਤਰ ਕਰ ਕੇ ਉਨ੍ਹਾਂ ਦੇ ਦਿਨ ਮਨਾਉਣ ਦਾ ਸਾਨੂੰ ਕੋਈ ਹੱਕ ਨਹੀਂ ਹੈ। ਨਾਨਕਸ਼ਾਹੀ ਕੈਲੰਡਰ ਦੇ ਕਰਤਾ ਸ. ਪਾਲ ਸਿੰਘ ਪੁਰੇਵਾਲ ਨੇ ਜੀਵਨ ਭਰ ਦੀ ਖੋਜ ਤੋਂ ਪਿਛੋਂ ਇਹ ਸਿੱਧ ਕਰ ਦਿੱਤਾ ਹੈ ਕਿ ਗੁਰੂ ਨਾਨਕ ਦਾ ਜਨਮ ਪਹਿਲੀ ਵਿਸਾਖ 1469 ਨੂੰ ਹੋਇਆ। ਇਥੇ ਇਸ ਲੰਮੀ ਅਤੇ ਤਰਕਸ਼ੀਲ ਖੋਜ ਬਾਰੇ ਚਰਚਾ ਕਰਨ ਲਈ ਮੌਕਾ ਨਹੀਂ ਹੈ। ਇਹ ਸਪਸ਼ਟ ਹੈ ਕਿ 1992 ਤੋਂ ਲੈ ਕੇ ਲਗਾਤਾਰ ਇਸ ਬਾਰੇ ਚਰਚਾ ਹੁੰਦੀ ਰਹੀ ਹੈ ਅਤੇ ਸਿੱਖ ਜਗਤ ਦੀ ਮੁੱਖ ਧਾਰਾ ਵਲੋਂ ਦੁਨੀਆਂ ਭਰ ਵਿਚ ਇਸ ਨੂੰ ਪ੍ਰਵਾਨਗੀ ਮਿਲੀ ਹੈ। ਉਨ੍ਹਾਂ ਦੇ ਪੁਰਬ ਨੂੰ ਬਦਲਣ ਸਬੰਧੀ ਮਨਆਈਆਂ ਪਿਛੇ ਲੁਕੇ ਵਰਤਾਰਿਆਂ ਸਬੰਧੀ ਵਧੇਰੇ ਕਹਿਣ ਦੀ ਲੋੜ ਨਹੀਂ ਹੈ, ਕਿਉਂਕਿ ਉਨ੍ਹਾਂ ਸਬੰਧੀ ਸੱਚ ਕਿਸੇ ਤੋਂ ਲੁਕਿਆ ਨਹੀਂ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਰੇ ਜਥੇਦਾਰਾਂ ਵਲੋਂ ਇਸ ਤੱਥ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਕਿ ਗੁਰੂ ਨਾਨਕ ਦਾ ਪ੍ਰਕਾਸ਼ ਦਿਹਾੜਾ ਪਹਿਲੀ ਵਿਸਾਖ 1469 ਹੈ। ਇਥੋਂ ਤਕ ਕਿ ਸ਼੍ਰੋਮਣੀ ਕਮੇਟੀ ਦੀ ਵੈਬਸਾਈਟ ਉਤੇ ਵੀ ਇਹ ਦਰਜ ਹੈ ਕਿ ਗੁਰੂ ਸਾਹਿਬ ਦਾ ਪ੍ਰਕਾਸ਼ ਦਿਹਾੜਾ ਪਹਿਲੀ ਵਿਸਾਖ ਹੈ ਪਰ ਖਾਸ ਕਾਰਨਾਂ ਕਰਕੇ ਮਨਾਇਆ ਕੱਤਕ ਦੀ ਪੂਰਨਮਾਸ਼ੀ ਨੂੰ ਜਾਵੇਗਾ। ਇਸ ਮਨ ਆਈ ਤਬਦੀਲੀ ਦਾ ਕੋਈ ਠੋਸ ਕਾਰਨ ਨਹੀਂ ਦੱਸਿਆ ਗਿਆ। ਸਭ ਨੂੰ ਪਤਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਇਹ ਤਬਦੀਲੀ ਕਿਉਂ ਹੋਈ, ਜੋ ਪਿਛੋਂ ਸਿੱਖ ਇਤਿਹਾਸ ਦੇ ਬਾਨੀ ਸਬੰਧੀ ਇਹ ਨਵੀਂ ਰਵਾਇਤ ਪੱਕੀ ਹੋ ਗਈ।

ਸਿੱਖ ਚਿੰਤਨ ਦਾ ਮੱਸਿਆ, ਸੰਗਰਾਂਦ, ਪੂਰਨਮਾਸ਼ੀ ਜਾਂ ਦਿਨਾਂ, ਮਹੀਨਿਆਂ ਸਬੰਧੀ ਵਹਿਮਾਂ-ਭਰਮਾਂ ਦਾ ਨੇੜੇ ਦਾ ਕੋਈ ਸਬੰਧ ਨਹੀਂ ਹੈ। ਜੇ ਇਥੇ ਗੁਰਬਾਣੀ ਦੇ ਪ੍ਰਮਾਣ ਦੇਣ ਦਾ ਯਤਨ ਕੀਤਾ ਗਿਆ ਤਾਂ ਗੱਲ ਲੰਮੀ ਹੋ ਜਾਵੇਗੀ। ਸਿੱਖ ਚਿੰਤਨ ਦਾ ਹਕੀਕੀ ਤੌਰ 'ਤੇ ਸਾਖੀ ਸਾਹਿਤ ਦੇ ਵੱਡੇ ਹਿੱਸੇ ਦੇ ਨਾਲ-ਨਾਲ ਕਰਾਮਾਤਾਂ, ਅਡੰਬਰਾਂ ਜਾਂ ਮਿਥਿਹਾਸ ਨਾਲ ਕੋਈ ਸਬੰਧ ਨਹੀਂ ਹੈ। ਜਦੋਂ ਕਿਸੇ ਵੀ ਇਤਿਹਾਸਕ ਵਰਤਾਰੇ ਨੂੰ ਕਰਾਮਾਤ ਵਿਚ ਬਦਲ ਕੇ ਪੇਸ਼ ਕੀਤਾ ਜਾਂਦਾ ਹੈ ਤਾਂ ਅਰਥਾਂ ਦੇ ਅਨਰਥ ਹੋ ਜਾਂਦੇ ਹਨ। ਗੁਰਬਾਣੀ ਦਾ ਸੱਚ ਵਿਚਾਰ ਉਤੇ ਆਧਾਰਤ ਹੈ, ਕਿਸੇ ਅੰਧਵਿਸ਼ਵਾਸੀ ਦਾ ਮੁਥਾਜ ਨਹੀਂ ਹੈ।

*ਗੁਰੂ ਨਾਨਕ ਦੀ ਹਸਤੀ ਦੀ ਥਾਂ ਕਈ ਸਦੀਆਂ ਦੌਰਾਨ ਹੀ ਨਹੀਂ ਸਗੋਂ ਆਉਣ ਵਾਲੇ ਸਮੇਂ ਵਿਚ ਇਹ ਚਾਨਣ ਮੁਨਾਰੇ ਵਾਂਗ ਹੈ। ਉਨ੍ਹਾਂ ਸਥਾਨਕ ਚਿੰਤਨ, ਕੋਮਲ ਕਲਾਵਾਂ, ਪੰਜਾਬੀ ਭਾਸ਼ਾ ਦੇ ਨਾਲ ਹੋਰ ਬੋਲੀਆਂ, ਛੰਦਾਂ, ਕਾਵਿ ਰੂਪਾਂ ਤੇ ਰਾਗ ਵਿਦਿਆ ਦੇ ਵਿਰਸੇ ਨੂੰ ਸੰਭਾਲਿਆ। ਉਨ੍ਹਾਂ ਦੇ ਨਾਂ ਉਤੇ ਸ. ਪਾਲ ਸਿੰਘ ਪੁਰੇਵਾਲ ਦਾ ਕੈਲੰਡਰ ਇਕ ਵਿਗਿਆਨਕ ਦਸਤਾਵੇਜ਼ ਹੈ। ਇਸ ਕੈਲੰਡਰ ਅਨੁਸਾਰ ਸਿੱਖ ਇਤਿਹਾਸ ਨਾਲ ਸਬੰਧਤ ਮਹਾਨ ਪੁਰਬ ਪੱਕੀਆਂ ਤਰੀਕਾਂ ਅਨੁਸਾਰ ਨਿਸ਼ਚਿਤ ਹੋ ਗਏ ਹਨ। ਅੱਜ ਮੌਕਾ ਹੈ ਕਿ ਜ਼ਿੰਮੇਵਾਰ ਪਦਵੀਆਂ 'ਤੇ ਬੈਠੇ ਸੱਜਣ ਇਸ ਨੂੰ ਮੁਕੰਮਲ ਰੂਪ ਵਿਚ ਪ੍ਰਵਾਨ ਕਰਦਿਆਂ ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਦੀ ਖੇਚਲ ਕਰਨ। ਸ਼੍ਰੋਮਣੀ ਕਮੇਟੀ ਅਤੇ ਤਖਤ ਸਾਹਿਬਾਨ 'ਤੇ ਸੁਭਾਇਅਨ ਸੱਜਣ ਕਿਸੇ ਮੌਕੇ ਆਪ ਹੀ ਉਨ੍ਹਾਂ ਦੀ ਖੋਜ ਨੂੰ ਪ੍ਰਵਾਨ ਕਰ ਚੁਕੇ ਹਨ।*

ਬਿਕਰਮੀ ਕੈਲੰਡਰ ਚੰਦਰਮਾ ਦੀਆਂ ਗਤੀਆਂ ਉਤੇ ਆਧਾਰਤ ਹੈ। ਚੰਦ 354 ਦਿਨਾਂ ਵਿਚ ਆਪਣੀਆਂ ਸਾਰੀਆਂ ਗਤੀਆਂ ਸਮਾਪਤ ਕਰ ਲੈਂਦਾ ਹੈ ਤੇ ਇੰਜ ਹਰ ਵਰ੍ਹਾ 11 ਦਿਨ ਛੋਟਾ ਹੋ ਜਾਂਦਾ ਹੈ। ਇਸੇ ਕਾਰਨ ਹਰ ਤਿੰਨ ਸਾਲ ਬਾਅਦ ਇਕ ਮਹੀਨਾ ਵਧ ਜਾਂਦਾ ਹੈ, ਜਿਸ ਨੂੰ ਆਮ ਬੋਲੀ ਵਿਚ ਤੇਰ੍ਹਵਾਂ ਮਹੀਨਾ ਕਿਹਾ ਜਾਂਦਾ ਹੈ ਪਰ ਬ੍ਰਾਹਮਣ ਅਨੁਸਾਰ, ਇਸ ਨੂੰ ਮਲ ਮਾਸ ਕਿਹਾ ਜਾਂਦਾ ਹੈ। ਇਸ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਇਹ ਮਹੀਨਾ ਬਦਸ਼ਗਨੀ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਕਿਸੇ ਦਿਨ, ਘੜੀ, ਹਫਤੇ ਜਾਂ ਮਹੀਨੇ ਨੂੰ ਨਹੀਂ ਮੰਨਦੀ। ਸਮੁੱਚੇ ਬ੍ਰਹਿਮੰਡ ਵਿਚ ਜੋ ਵੀ ਵਾਪਰਦਾ ਹੈ, ਉਹ ਕੁਦਰਤੀ ਸ਼ਕਤੀਆਂ ਦਾ ਹਿੱਸਾ ਹੈ।

ਗੁਰੂ ਨਾਨਕ ਦੀ ਹਸਤੀ ਦੀ ਥਾਂ ਕਈ ਸਦੀਆਂ ਦੌਰਾਨ ਹੀ ਨਹੀਂ ਸਗੋਂ ਆਉਣ ਵਾਲੇ ਸਮੇਂ ਵਿਚ ਇਹ ਚਾਨਣ ਮੁਨਾਰੇ ਵਾਂਗ ਹੈ। ਉਨ੍ਹਾਂ ਸਥਾਨਕ ਚਿੰਤਨ, ਕੋਮਲ ਕਲਾਵਾਂ, ਪੰਜਾਬੀ ਭਾਸ਼ਾ ਦੇ ਨਾਲ ਹੋਰ ਬੋਲੀਆਂ, ਛੰਦਾਂ, ਕਾਵਿ ਰੂਪਾਂ ਤੇ ਰਾਗ ਵਿਦਿਆ ਦੇ ਵਿਰਸੇ ਨੂੰ ਸੰਭਾਲਿਆ। ਉਨ੍ਹਾਂ ਦੇ ਨਾਂ ਉਤੇ ਸ. ਪਾਲ ਸਿੰਘ ਪੁਰੇਵਾਲ ਦਾ ਕੈਲੰਡਰ ਇਕ ਵਿਗਿਆਨਕ ਦਸਤਾਵੇਜ਼ ਹੈ। ਇਸ ਕੈਲੰਡਰ ਅਨੁਸਾਰ ਸਿੱਖ ਇਤਿਹਾਸ ਨਾਲ ਸਬੰਧਤ ਮਹਾਨ ਪੁਰਬ ਪੱਕੀਆਂ ਤਰੀਕਾਂ ਅਨੁਸਾਰ ਨਿਸ਼ਚਿਤ ਹੋ ਗਏ ਹਨ। ਅੱਜ ਮੌਕਾ ਹੈ ਕਿ ਜ਼ਿੰਮੇਵਾਰ ਪਦਵੀਆਂ 'ਤੇ ਬੈਠੇ ਸੱਜਣ ਇਸ ਨੂੰ ਮੁਕੰਮਲ ਰੂਪ ਵਿਚ ਪ੍ਰਵਾਨ ਕਰਦਿਆਂ ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਦੀ ਖੇਚਲ ਕਰਨ। ਸ਼੍ਰੋਮਣੀ ਕਮੇਟੀ ਅਤੇ ਤਖਤ ਸਾਹਿਬਾਨ 'ਤੇ ਸੁਭਾਇਅਨ ਸੱਜਣ ਕਿਸੇ ਮੌਕੇ ਆਪ ਹੀ ਉਨ੍ਹਾਂ ਦੀ ਖੋਜ ਨੂੰ ਪ੍ਰਵਾਨ ਕਰ ਚੁਕੇ ਹਨ।

ਕਈ ਕੁਇੰਟਲ ਫੁੱਲਾਂ ਦੀ ਤਬਾਹੀ ਕਰਨ ਵਾਲਿਓ! ਗੁਰੂ ਨਾਨਕ ਦੇ ਕੁਦਰਤ ਨਾਲ ਪ੍ਰੇਮ ਦੀ ਤੌਹੀਨ ਨਾ ਕਰੋ। ਗੁਰੂ ਨਾਨਕ ਦੇ ਬਹਾਨੇ ਆਪਣਾ ਜਲੌਅ ਕਰਨਾ ਛੱਡੋ ਅਤੇ ਕੂੜ ਹਨੇਰੇ ਵਿਚ ਭਟਕਣ ਦੀ ਥਾਂ ਸੱਚ ਦਾ ਪੱਲਾ ਫੜੋ।

ਸਭ ਤੋਂ ਵੱਡਾ ਇਤਿਹਾਸਕ ਸੱਚ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਦੀ ਸਿਰਜਣਾ ਲਈ ਪਹਿਲੀ ਵਿਸਾਖ ਦਾ ਦਿਹਾੜਾ ਇਸ ਕਾਰਨ ਹੀ ਚੁਣਿਆ ਕਿ ਇਹ ਦਿਨ ਗੁਰੂ ਨਾਨਕ ਦਾ ਪ੍ਰਕਾਸ਼ ਦਿਹਾੜਾ ਹੈ।

ਅਸੀਂ ਮਹਾਰਾਜਾ ਰਣਜੀਤ ਸਿੰਘ ਵੇਲੇ ਕੱਤਕ ਦੀ ਪੂਰਨਮਾਸ਼ੀ ਦੀ ਪਰੰਪਰਾ ਕਿਉਂ ਨਿਭਾ ਰਹੇ ਹਾਂ? ਇਸ ਸਵਾਲ ਦਾ ਕਿਸੇ ਕੋਲ ਕੋਈ ਜਵਾਬ ਨਹੀਂ ਹੈ। ਇਸ ਸਵਾਲ ਦਾ ਵੀ ਜ਼ਿੰਮੇਵਾਰ ਹਸਤੀਆਂ ਕੋਲ ਕੋਈ ਜਵਾਬ ਨਹੀਂ ਹੈ ਕਿ ਉਨ੍ਹਾਂ ਨੇ ਕਿਹੜੀ ਮਜਬੂਰੀ ਅਧੀਨ ਦੋਗਲੀ ਨੀਤੀ ਅਪਨਾਈ ਹੈ।

ਪਵਿੱਤਰ ਮੌਕਾ ਹੈ, ਗੁਰੂ ਨਾਨਕ ਦਾ ਪੁਰਬ ਇਤਿਹਾਸਕ ਹਕੀਕਤ ਅਤੇ ਵਿਚਾਰਧਾਰਕ ਸੁਹਿਦਰਤਾ, ਪ੍ਰਤੀਬਧਤਾ ਅਨੁਸਾਰ ਹੀ ਮਨਾਇਆ ਜਾਣਾ ਚਾਹੀਦਾ ਹੈ।

# ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦੇ ਯਾਦਗਾਰੀ ਪਲ

ਗੁਰੂ ਨਾਨਕ ਦੇਵ ਨੇ ਫੈਸਲਾ ਸੁਣਾ ਦਿੱਤਾ ਸੀ ਕਿ ਬਾਣੀ (ਸ਼ਬਦ) ਗੁਰੂ ਹੈ:

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ॥
(ਰਾਮਕਲੀ, ਸਿਧ ਗੋਸਟਿ ਮ. ੧, ਗੁਰੂ ਗ੍ਰੰਥ ਸਾਹਿਬ, ਪੰਨਾ 943)

**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਗੁਰੂ ਰਾਮਦਾਸ ਦਾ ਫੁਰਮਾਨ ਹੈ:

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤ ਸਾਰੇ॥
ਗੁਰਬਾਣੀ ਕਹੈ ਸੇਵਕ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ॥ (ਪੰਨਾ 982)

ਗੁਰੂ ਅਰਜਨ ਦੇਵ ਨੇ ਗ੍ਰੰਥ ਦੀ ਬੀੜ ਬੰਨ੍ਹ ਕੇ ਹਰਿਮੰਦਰ ਵਿਖੇ ਪ੍ਰਕਾਸ਼ ਕੀਤਾ, ਪਹਿਲੇ ਗ੍ਰੰਥੀ ਬਾਬਾ ਬੁੱਢਾ ਥਾਪੇ। ਗੁਰੂ ਗੋਬਿੰਦ ਸਿੰਘ ਨੇ ਨੌਂਵੇਂ ਪਾਤਸ਼ਾਹ ਦੀ ਬਾਣੀ ਤਲਵੰਡੀ ਸਾਬੋ ਕੀ ਵਿਖੇ ਸ਼ਾਮਲ ਕਰਕੇ ਬੀੜ ਸੰਪੂਰਨ ਕੀਤੀ ਤੇ ਦੱਖਣ ਚਲੇ ਗਏ। ਨਾਂਦੇੜ ਸਨ, ਜਦੋਂ ਹਮਲਾਵਰ ਪਠਾਣ ਨੇ ਛੁਰੇ ਦਾ ਵਾਰ ਕੀਤਾ। ਜਦੋਂ ਸੰਸਾਰ ਤੋਂ ਵਿਦਾਇਗੀ ਲੈਣੀ ਸੀ, ਉਦਾਸ ਸੰਗਤ ਆਲੇ-ਦੁਆਲੇ ਬੈਠੀ ਸੀ।

ਉਸ ਵਕਤ ਉਥੇ ਤਲੌਂਡਾ (ਥਾਨੇਸਰ, ਪਰਗਣਾ ਜੀਂਦ) ਪਿੰਡ ਦਾ ਬ੍ਰਾਹਮਣ ਸਿੱਖ ਨਰਵਦ ਸਿੰਘ ਹਾਜ਼ਰ ਸੀ, ਜਿਸ ਨੇ ਉਕਤ ਅੱਖੀਂ ਡਿਠਾ ਵਾਕਿਆ ਭੱਟ ਵਹੀ ਵਿਚ ਦਰਜ ਕੀਤਾ। ਉਸ ਦੇ ਵਾਕ ਮੂਲ ਰੂਪ ਵਿਚ ਪਾਠਕਾਂ ਸਨਮੁਖ ਹਨ:

"ਗੁਰੂ ਗੋਬਿੰਦ ਸਿੰਘ ਮਹਲ ਦਸਮਾਂ ਬੇਟਾ ਗੁਰੂ ਤੇਗ ਬਹਾਦਰ ਜੀ, ਮੁਕਾਮ ਨਾਂਦੇੜ ਤਟ ਗੋਦਾਵਰੀ, ਦੇਸ ਦੱਖਣ, ਸਤਰਾਂ ਸੈ ਪੈਸਟ, ਕਾਰਤਕ ਮਾਸੇ ਸੁਦੀ ਚਉਥ ਸੁਕਲਾ ਪੱਖੇ ਬੁਧਵਾਰ ਕੇ ਦਿਹੁੰ, ਭਾਈ ਦਯਾ ਸਿੰਘ ਸੇ ਬਚਨ ਹੋਆ- ਸ੍ਰੀ ਗ੍ਰੰਥ ਸਾਹਿਬ ਲੇ ਆਓ॥ ਬਚਨ ਪਾਏ ਦਯਾ ਸਿੰਘ ਸ੍ਰੀ ਗ੍ਰੰਥ ਸਾਹਿਬ ਲੇ ਆਏ॥ ਗੁਰੂ ਜੀ ਨੇ ਪਾਂਚ ਪੈਸੇ ਏਕ ਨਲੀਏਰ ਆਗੇ ਭੇਟਾ ਰੱਖਾ, ਮੱਥਾ ਟੇਕਾ॥ ਸਰਬੱਤ ਸੰਗਤ ਸੇ ਕਹਾ- ਮੇਰਾ ਹੁਕਮ ਹੈ ਮੇਰੀ ਜਗਹ ਸ੍ਰੀ ਗ੍ਰੰਥ ਜੀ ਕੋ ਜਾਣਨਾ॥ ਜੋ ਜਾਨੇਗਾ ਤਿਸ ਕੀ ਘਾਲ ਥਾਇ ਪਏਗੀ॥ ਗੁਰੂ ਤਿਸ ਕੀ ਬਾਹੁੜੀ ਕਰੇਗਾ॥ ਸਤਿ ਕਰ ਮਾਨਣਾ॥"

ਉਸ ਤੋਂ ਬਾਅਦ ਵਡੇਰਿਆਂ ਤੋਂ ਸੁਣ ਕੇ 1762 ਈ. ਵਿਚ ਲਿਖੀ ਸਰੂਪ ਸਿੰਘ ਦੀ ਲਿਖਤ ਸਾਖੀ ਨੰ. 112 ਵਿਚ ਇਹ ਪਾਠ ਦਰਜ ਹੈ:

"ਸਿੱਖਾਂ ਗੁਰੂ ਜੀ ਤਰਫ ਦੇਖਾ-ਮਹਾਰਾਜ ਅਸਾਂ ਕੋ ਕਿਸ ਕੇ ਸਹਾਰੇ ਛੋੜ ਕੇ ਆਗੇ ਜਾ ਰਹੇ ਹੋ॥ ਹਮੇ ਬਤਾਈਏ। ਸਤਿਗੁਰਾਂ ਧੀਰੇ ਸੇ ਕਹਾ- ਸਿਖੋ ਇਹ ਪੰਥ ਅਸਾਂ ਸ੍ਰੀ ਅਕਾਲ ਪੁਰਖ ਕੀ ਆਗਿਆ ਸੇ ਸਾਜਾ ਹੈ, ਉਹ ਇਸਕਾ ਹਰ ਥਾਇ ਹਰ ਮੁਸਕਲ ਮੇ ਸਹਾਈ ਹੋਇਗਾ॥ ਮੈ ਸੀਧਾ ਤੁਸਾਂ ਕੋ ਉਸਕੇ ਲੜ ਲਾਇਆ ਹੈ॥ ਉਹ ਲੜ ਲਾਗਿਆਂ ਕੀ ਲਾਜ ਪਾਲੇ॥ ਗੁਰੂ ਜੀ ਨੇ ਦਯਾ ਸਿੰਘ ਸੇ ਕਹਾ-ਭਾਈ ਸਿੱਖਾ, ਸ੍ਰੀ ਗ੍ਰੰਥ ਸਾਹਿਬ ਲੈ ਆਈਏ, ਅਸਾਂ ਇਸੇ ਗੁਰਤਾ ਦੇਣੀ ਹੈ॥ ਬਚਨ ਪਾਇ ਭਾਈ ਦਯਾ ਸਿੰਘ ਨੇ ਸ੍ਰੀ ਗ੍ਰੰਥ ਜੀ ਲਿਆਏ ਕੇ ਪ੍ਰਕਾਸ ਕੀਆ॥ ਪੰਚਾਮ੍ਰਿਤ ਤਿਆਰ ਕਰਕੇ ਏਕ ਸਿਖ ਨੇ ਚੌਕੀ ਤੇ ਲਿਆਇ ਰਖਾ॥ ਅਰਦਾਸ ਉਪਰੰਤ ਸਤਿਗੁਰੂ ਜੀ ਗੁਰਤਾ ਦੇਨੇ ਲਗੇ॥ ਗੁਰੂ ਸਾਹਿਬ ਪਾਂਚ ਪੈਸੇ ਏਕ ਨਰੀਏਲ ਹਾਥ ਮੇ ਲੈ ਕੇ ਚਾਰਪਾਈ ਤੇ ਬਿਰਾਜਮਾਨ ਹੋਇ॥ ਦਯਾ ਸਿੰਘ ਸੇ ਕਹਾ-ਇਨੇ ਸ੍ਰੀ ਗ੍ਰੰਥ ਸਾਹਿਬ ਜੀ ਕੇ ਆਗੇ ਟਿਕਾਇ ਦੇਓ॥ ਸ੍ਰੀ ਮੁਖ ਜੀ ਇੰਜ ਬੋਲੇ-ਅਕਾਲ ਪੁਰਖ ਕੇ ਬਚਨ ਸਿਉ, ਪ੍ਰਗਟ ਚਲਿਯੋ ਪੰਥ॥ ਸਭ ਸਿਖਨ ਕੋ ਬਚਨ ਹੈ ਗੁਰੂ ਮਾਨਿਓ ਗ੍ਰੰਥ॥ ਗੁਰੂ ਖਾਲਸਾ ਮਾਨਿਐ ਪ੍ਰਗਟ ਗੁਰੂ ਕੀ ਦੇਹ॥ ਜੋ ਸਿੱਖ ਮੋ ਮਿਲਬੋ ਚਹਹਿ ਖੋਜ ਇਨਹੋਂ ਮੈ ਲੇਹ॥ ਉਪਰੰਤ ਰਬਾਬੀਆਂ ਕੀਰਤਨ ਕੀਆ॥ ਅਰਦਾਸੀਏ ਅਰਦਾਸ ਕਰਕੇ ਤ੍ਰਿਹਾਵਲ ਪ੍ਰਸਾਦ ਕੀ ਦੇਗ ਵਰਤਾਈ॥ ਸ੍ਰੀ ਗ੍ਰੰਥ ਜੀ ਕੋ ਗੁਰਤਾ ਮਿਲਨੇ ਉਪਰੰਤ ਮਹਾਨ ਜਗ ਹੋਆ॥ ਸਭ ਗਰੀਬ ਅਤਿਥਿ, ਸਾਧੂ, ਬ੍ਰਾਹਮਣ ਏਸ ਜਗ ਮੈ ਪ੍ਰਸਾਦ ਪਾਵਣ ਆਏ॥ ਕਾਈ ਪਾਰਾਵਾਰ ਨਾ ਰਹਾ॥"

ਬਿਲਕੁਲ ਇਹੋ ਸੂਚਨਾ ਭਾਈ ਕੋਇਰ ਸਿੰਘ ਆਪਣੇ ਗ੍ਰੰਥ ਗੁਰਬਿਲਾਸ ਪਾਤਸ਼ਾਹੀ ਦਸਵੀਂ ਦੇ 21ਵੇਂ ਅਧਿਆਇ ਵਿਚ ਦਰਜ ਕਰਦੇ ਹਨ। ਬਾਬਾ ਗੁਰਮੁਖ ਸਿੰਘ ਜੀ ਕਿਹਾ ਕਰਦੇ, "ਬੰਦੇ ਦੀ ਪੂਜਾ ਕਰਨੀ ਤਾਂ ਦਰਕਿਨਾਰ, ਅੱਜ ਦਸ਼ਮੇਸ਼ ਪਿਤਾ ਫਰਜ਼ ਕਰੋ ਸਾਡੇ ਸਾਹਮਣੇ ਹਾਜ਼ਰ ਹੋ ਜਾਣ, ਉਨ੍ਹਾ ਨੂੰ ਮੱਥਾ ਟੇਕਣ ਦੀ ਥਾਂ ਅਸੀਂ ਫਤਿਹ ਬੁਲਾਵਾਂਗੇ ਕਿਉਂਕਿ ਉਨ੍ਹਾ ਨੇ ਆਪ ਫੁਰਮਾਇਆ ਕਿ ਅਸਾਂ ਦੀ ਥਾਂ ਅੱਗੇ ਤੋਂ ਗੁਰੂ ਗ੍ਰੰਥ ਸਾਹਿਬ ਸਦੀਵੀ ਗੁਰੂ ਹੋਣਗੇ।"

**ਨੋਟ:** ਹੁਣ ਗਲਤ ਪਰੰਪਰਾ ਪ੍ਰਚਲਿਤ ਹੋਣ ਕਾਰਨ ਸਿੱਖ ਵਿਗਾੜੀ ਹੋਈ ਪੰਕਤੀ ਪੜ੍ਹਦੇ ਹਨ- ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ। ਦੇਹ ਗ੍ਰੰਥ ਨਹੀਂ ਪੰਥ ਹੈ। ਗ੍ਰੰਥ ਰੂਹ ਹੈ। ਦੀਦਾਰ ਖਾਲਸੇ ਕਾ, ਪਰਚਾ ਸਬਦ ਕਾ।

## ਸੰਪਾਦਕ ਦੀ ਡਾਕ

## ਡਾ. ਭੰਡਾਲ ਦਾ ਬਾਬੇ ਨਾਨਕ ਬਾਰੇ ਲੇਖ

**ਸਤਿਕਾਰਯੋਗ ਸੰਪਾਦਕ ਜੀਓ,**

'ਪੰਜਾਬ ਟਾਈਮਜ਼' ਵਿਚ ਜਿੰਨੇ ਵੀ ਲੇਖ ਛਪਦੇ ਹਨ, ਉਹ ਭਾਵੇਂ ਰਾਜਨੀਤੀ ਸਬੰਧੀ ਹੋਣ ਜਾਂ ਧਰਮ ਸਬੰਧੀ-ਸਾਰੇ ਹੀ ਗੁਣ ਤੇ ਗਿਆਨ ਭਰਪੂਰ ਅਤੇ ਸੰਤੁਲਿਤ ਹੁੰਦੇ ਹਨ।

ਪ੍ਰੋ. ਭੰਡਾਲ ਦੀ ਸੋਚਣੀ ਦੀ ਉਚਾਈ ਤੇ ਗਹਿਰਾਈ, ਢੁਕਵੇਂ ਸ਼ਬਦਾਂ ਦੀ ਸੋਹਲ ਤੇ ਸੁਚੱਜੀ ਚੋਣ, ਨਿਵੇਕਲੀ ਸ਼ੈਲੀ ਵਿਸ਼ੇ ਵੀ ਨਿਵੇਕਲੇ ਲੈ ਕੇ ਆਉਂਦੀ ਹੈ। ਮਨੁੱਖੀ ਅਹਿਸਾਸਾਂ ਨੂੰ ਸ਼ਬਦਾਂ ਰਾਹੀਂ ਰੂਪਮਾਨ ਕਰ ਕੇ ਉਨ੍ਹਾਂ ਨਾਲ ਪਾਠਕਾਂ ਦੀਆਂ ਗੱਲਾਂ ਕਰਵਾ ਦਿੰਦੇ ਹਨ।

'ਪੰਜਾਬ ਟਾਈਮਜ਼' ਦੇ 27 ਅਕਤੂਬਰ ਦੇ ਅੰਕ ਵਿਚ ਛਪਿਆ ਪ੍ਰੋ. ਭੰਡਾਲ ਦਾ ਲੇਖ 'ਗੁਰੂ ਨਾਨਕ ਦੀ ਜੀਵਨ ਸ਼ੈਲੀ ਤੇ ਮੌਜੂਦਾ ਸਿੱਖ' ਪੜ੍ਹ ਕੇ ਮੈਂ ਬਿਨਾ ਕਿਸੇ ਸੋਚ ਵਿਚਾਰ ਲੈਪ ਟਾਪ ਨੂੰ ਉਚਾ ਕਰ ਮੱਥੇ ਨੂੰ ਲਾਇਆ। ਉਸੇ ਵੇਲੇ ਮੈਂ ਸਤਰਕ ਹੋਈ, ਇਹ ਕੀ ਕੀਤਾ? ਮੈਂ ਆਪੇ ਤੋਂ ਪੁਛਿਆ। ਉਤਰ ਮੇਰੇ ਕੋਲ ਕੋਈ ਨਹੀਂ ਸੀ। ਹਾਂ ਕਲਮ ਦੀ ਸੱਚਾਈ ਦਾ ਪ੍ਰਭਾਵ ਸੀ। ਸ਼ਾਇਦ ਕਲਮ ਨੂੰ ਹੀ ਸਜ਼ਦਾ ਸੀ।

ਕਲਮ ਜਿਹਾ ਤਾਕਤਵਰ ਕੋਈ ਹਥਿਆਰ ਨਹੀਂ। ਇਸ ਜਿਹਾ ਕੋਈ ਚਾਨਣ ਮੁਨਾਰਾ ਨਹੀਂ। ਭਰਮ ਭੁਲੇਖੇ ਦੇ ਅੰਧਕਾਰ ਵਿਚ ਫਸਿਆਂ ਲਈ ਇਹੀ ਰਾਹ ਦਰਸਾਉਂਦੀ, ਕਦੀ ਜੁਗਨੂੰ ਤੇ ਕਦੀ ਜੋਤ ਬਣਦੀ ਹੈ।

ਮੈਂ 'ਪੰਜਾਬ ਟਾਈਮਜ਼' ਤੇ ਇਸ ਦੇ ਸੰਪਾਦਕ ਦੀ ਧੰਨਵਾਦੀ ਹਾਂ ਜਿਸ ਸਦਕਾ ਪਾਠਕਾਂ ਨੂੰ ਇਹ ਚਾਨਣ ਪ੍ਰਾਪਤ ਹੁੰਦਾ ਹੈ।

'ਪੰਜਾਬ ਟਾਈਮਜ਼' ਦੀ ਚੜ੍ਹਦੀ ਕਲਾ ਦੀ ਚਾਹਵਾਨ।

***-ਕਿਰਪਾਲ ਕੌਰ***
***ਫੋਨ: 815-356-9535***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

# ਕਿਆਮਤ

**ਲੜੀਵਾਰ ਨਾਵਲ**

**ਕਿਸ਼ਤ ਤੀਜੀ**

***ਹਰਮਹਿੰਦਰ ਚਾਹਲ ਦਾ ਨਾਵਲ 'ਕਿਆਮਤ' ਇਰਾਕ ਦੇ ਛੋਟੇ ਜਿਹੇ ਅਕੀਦੇ/ਕਬੀਲੇ ਜਾਜ਼ੀਦੀ ਨਾਲ ਸਬੰਧਤ ਕੁੜੀ ਆਸਮਾ ਦੇ ਜੀਵਨ ਦੁਆਲੇ ਬੁਣਿਆ ਗਿਆ ਹੈ। ਇਸ ਵਿਚ ਇਸਲਾਮਕ ਸਟੇਟ ਆਫ ਇਰਾਕ ਐਂਡ ਸੀਰੀਆ (ਆਈ. ਐਸ. ਆਈ. ਐਸ.) ਦੇ ਦਹਿਸ਼ਤਗਰਦਾਂ ਦੀਆਂ ਜ਼ਿਆਦਤੀਆਂ ਦਾ ਚਿੱਠਾ ਫਰੋਲਿਆ ਗਿਆ ਹੈ। ਇਰਾਕ ਵਿਚ ਸੱਦਾਮ ਹੁਸੈਨ ਦੇ ਜ਼ਮਾਨੇ ਵਿਚ ਇਨ੍ਹਾਂ ਲੋਕਾਂ 'ਤੇ ਬਹੁਤ ਕਹਿਰ ਵਾਪਰਿਆ, ਪਰ ਆਈ. ਐਸ. ਆਈ. ਐਸ. ਦੇ ਉਭਾਰ ਪਿਛੋਂ ਤਾਂ ਉਨ੍ਹਾਂ ਉਤੇ ਕਹਿਰ ਦੀ ਹੱਦ ਹੋ ਗਈ, ਜਿਸ ਨੂੰ ਪੜ੍ਹ-ਸੁਣ ਕੇ ਕਾਲਜਾ ਮੂੰਹ ਨੂੰ ਆਉਂਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ ਕੁਝ ਅਰਸਾ ਪਹਿਲਾਂ ਛਪੀ ਚਾਹਲ ਦੀ ਇਕ ਹੋਰ ਲਿਖਤ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁਕੇ ਹਨ, ਜੋ ਅੱਜ ਵੀ ਉਨ੍ਹਾਂ ਦੇ ਚੇਤਿਆਂ ਵਿਚ ਖੁਣੀ ਹੋਈ ਹੈ। ਉਹ ਲਿਖਤ ਅਲ-ਕਾਇਦਾ ਨਾਲ ਜੁੜੀ ਅਤੇ ਅਮਰੀਕਾ ਵਿਚ ਪੜ੍ਹਦੀ ਕੁੜੀ ਆਫੀਆ ਸਿੱਦੀਕੀ ਦੇ ਜੀਵਨ ਦੇ ਆਧਾਰ 'ਤੇ ਸੀ। ਆਫੀਆ ਨੂੰ 2010 ਵਿਚ 86 ਵਰ੍ਹਿਆਂ ਦੀ ਕੈਦ ਹੋਈ ਸੀ, ਉਹ ਅੱਜ ਕੱਲ੍ਹ ਅਮਰੀਕੀ ਜੇਲ੍ਹ ਵਿਚ ਬੰਦ ਹੈ। -ਸੰਪਾਦਕ***

## ਤੁਸੀਂ ਪੜ੍ਹ ਚੁੱਕੇ ਹੋ...

ਇਰਾਕ ਦੇ ਇਕ ਹਿੱਸੇ ਉਤੇ ਆਈ.ਐਸ.ਆਈ.ਐਸ. ਦੇ ਕਬਜ਼ੇ ਤੋਂ ਬਾਅਦ ਜਾਜ਼ੀਦੀ ਕਬੀਲੇ ਨਾਲ ਸਬੰਧਤ ਲੋਕ ਉਜੜ-ਪੁੱਜੜ ਗਏ। ਅਤਿਵਾਦੀਆਂ ਦੇ ਹੱਥ ਆਈਆਂ ਜਾਜ਼ੀਦੀ ਕੁੜੀਆਂ ਵੱਖ-ਵੱਖ ਥਾਂਈਂ ਰੁਲ ਰਹੀਆਂ ਹਨ। ਇਨ੍ਹਾਂ ਵਿਚੋਂ ਇਕ ਕੁੜੀ ਆਸਮਾ ਨੂੰ ਸੀਰੀਆ ਭੇਜਿਆ ਜਾ ਰਿਹਾ ਹੈ ਪਰ ਉਹ ਉਨ੍ਹਾਂ ਦੀ ਚੁੰਗਲ ਵਿਚੋਂ ਬਚ ਨਿਕਲਦੀ ਹੈ। ਉਸ ਨੂੰ ਆਪਣੇ ਘਰ ਅਤੇ ਘਰ ਦੇ ਜੀਆਂ ਦਾ ਚੇਤਾ ਆਉਂਦਾ ਹੈ, ਉਹ ਚੇਤਿਆਂ ਵਿਚ ਆਪਣੇ ਪਿੰਡ ਜਾ ਵੜਦੀ ਹੈ। ਉਸ ਦਾ ਪਿੰਡ ਲਗਾਸ਼ ਭਾਵੇਂ ਇਕ ਪੱਛੜਿਆ ਪਿੰਡ ਸੀ, ਪਰ ਲੋਕ ਸੁਖੀ ਵਸਦੇ ਸਨ। ਫਿਰ ਹਾਲਾਤ ਬਦਲੇ ਤੇ ਸਭ ਕੁਝ ਖਿੰਡ-ਪੁੰਡ ਗਿਆ। ਉਹਦੇ ਪਿੰਡ ਦੀ ਸ਼ਾਮੀ ਅੰਮਾ ਉਸ ਨੂੰ ਜਾਜ਼ੀਦੀਆਂ ਦੇ ਧਰਮ ਅਤੇ ਕਬੀਲੇ ਬਾਰੇ ਵਿਸਥਾਰ ਨਾਲ ਦੱਸਦੀ ਹੈ। ਹੁਣ ਪੜ੍ਹੋ ਇਸ ਤੋਂ ਅੱਗੇ...

*(4)*

ਵਕਤ ਲੰਘਦਾ ਗਿਆ। ਲਗਾਸ਼ ਦੇ ਲੋਕ ਖੁਸ਼ੀਆਂ ਭਰਿਆ ਜੀਵਨ ਬਤੀਤ ਕਰਦੇ ਮੌਜਾਂ ਮਾਣ ਰਹੇ ਸਨ। ਪਹਿਲਾਂ ਪਿੰਡ ਵਿਚ ਮਿਡਲ ਸਕੂਲ ਸੀ ਪਰ ਜਦੋਂ ਨੂੰ ਮੈਂ ਅੱਠਵੀਂ ਪਾਸ ਕੀਤੀ, ਇਥੇ ਹਾਈ ਸਕੂਲ ਬਣ ਗਿਆ। ਜ਼ਾਹਰਾ ਦਸਵੀਂ ਕਰਕੇ ਹਟ ਗਈ। ਮੈਂ ਹਾਈ ਸਕੂਲ ਵਿਚ ਪਹੁੰਚ ਗਈ। ਘਰ ਦੇ ਹਾਲਾਤ ਕਾਫੀ ਚੰਗੇ ਹੋ ਗਏ ਸਨ। ਜਿੰਜ਼ਾਲ ਪੁਲਿਸ 'ਚ ਭਰਤੀ ਹੋ ਗਿਆ ਤੇ ਉਸ ਦੀ ਪੋਸਟਿੰਗ ਕੁਰਦਸਤਾਨ ਦੀ ਰਾਜਧਾਨੀ ਇਰਬਲ ਵਿਚ ਹੋ ਗਈ। ਉਸ ਦਾ ਵਿਆਹ ਵੀ ਹੋ ਗਿਆ ਪਰ ਉਸ ਦੀ ਪਤਨੀ ਜਿਨਾਲ,



**ਹਰਮਹਿੰਦਰ ਚਹਿਲ**
ਫੋਨ: 703-362-3239
chahals57@yahoo.com

ਅਜੇ ਸਾਡੇ ਕੋਲ ਪਿੰਡ ਹੀ ਰਹਿੰਦੀ ਸੀ। ਸਈਅਦ, ਕੁਰਦਸਤਾਨ ਦੀ ਬਾਰਡਰ ਸਿਕਿਉਰਿਟੀ ਫੋਰਸ, ਜਿਸ ਨੂੰ ਪੇਸ਼ਮਰਗਾ ਕਿਹਾ ਜਾਂਦਾ ਸੀ, ਵਿਚ ਨੌਕਰ ਹੋ ਗਿਆ। ਮਸੂਦ ਵੀ ਕੰਮ 'ਤੇ ਲੱਗ ਗਿਆ। ਮੈਥੋਂ ਵੱਡਾ, ਜਾਲੋ ਮਕੈਨਿਕ ਬਣ ਗਿਆ ਤੇ ਉਹ ਸਿੰਜਾਰ ਵਿਚ ਕਿਸੇ ਮਕੈਨਿਕ ਸ਼ਾਪ 'ਤੇ ਕੰਮ ਕਰਨ ਲੱਗਾ। ਹੈਂਜ਼ੀ ਨੇ ਪਿੰਡ ਵਿਚ ਪਰਚੂਨ ਦੀ ਹੱਟੀ ਪਾ ਲਈ। ਦਾਊਦ ਖੇਤੀ ਕਰਦਾ ਸੀ। ਖੈਰੀ ਅਜੇ ਵੀ ਭੇਡਾਂ ਹੀ ਚਾਰਦਾ ਸੀ ਤੇ ਉਸ ਨੇ ਆਪਣਾ ਇੱਜੜ ਵਧਾ ਲਿਆ ਸੀ। ਖਾਲਿਦ, ਹਾਜ਼ਮ ਹੋਰੀਂ ਅਜੇ ਛੋਟੇ ਸਨ ਅਤੇ ਉਹ ਦਾਊਦ ਨਾਲ ਖੇਤੀ 'ਚ ਮਦਦ ਕਰਾਉਂਦੇ ਸਨ। ਸਭ ਤੋਂ ਛੋਟੀ ਨੂਰੀ ਅਜੇ ਬੱਚੀ ਹੀ ਸੀ। ਜ਼ੀਨਤ ਛੋਟੀਆਂ ਜਮਾਤਾਂ 'ਚ ਪੜ੍ਹਦੀ ਸੀ। ਛੁੱਟੀ ਪਿੱਛੋਂ ਅਸੀਂ ਪਹਿਲਾਂ ਦੀ ਤਰ੍ਹਾਂ ਹੀ ਖੇਤ ਕੰਮ ਕਰਵਾਉਂਦੀਆਂ ਰਹਿੰਦੀਆਂ। ਖੇਤੀ ਵੀ ਵਧੀਆ ਹੁੰਦੀ ਸੀ।

ਹੈਂਜ਼ੀ ਦੀ ਦੁਕਾਨ ਚੰਗੀ ਚੱਲਦੀ ਸੀ। ਸਾਡੀ ਮਾਂ ਸਾਂਝੇ ਟੱਬਰ ਦੀ ਸੂਤਰਧਾਰ ਸੀ। ਇੱਡਾ ਵੱਡਾ ਪਰਿਵਾਰ ਵੀ ਧਾਗੇ 'ਚ ਪਰੋਏ ਮੋਤੀਆਂ ਵਾਂਗ ਸੀ। ਜਿੰਜ਼ਾਲ ਸਭ ਤੋਂ ਸਿਆਣਾ ਤੇ ਪੜ੍ਹਿਆ ਲਿਖਿਆ ਸਮਝਿਆ ਜਾਂਦਾ ਸੀ ਕਿਉਂ ਜੋ ਉਹ ਰਾਜਧਾਨੀ ਵਿਚ ਰਹਿੰਦਾ ਸੀ। ਘਰ 'ਚ ਦੋ ਕਮਰੇ ਹੋਰ ਪਾ ਲਏ ਸਨ। ਬਹੁਤੇ ਪਿੰਡਾਂ ਵਿਚ ਬਿਜਲੀ ਆ ਗਈ ਸੀ। ਪਰ ਸਾਡੇ ਇਲਾਕੇ ਦੇ ਪਿੰਡ ਹਾਲੇ ਵੀ ਇਸ ਨਿਆਮਤ ਤੋਂ ਵਾਂਝੇ ਸਨ। ਸੁਣਨ ਵਿਚ ਆਇਆ ਸੀ ਕਿ ਸ਼ਹਿਰਾਂ ਵਿਚ ਲੋਕਾਂ ਕੋਲ ਸੈਲ ਫੋਨ ਹਨ। ਪਰ ਸਾਡੇ ਪਿੰਡ ਤਾਂ ਹਾਲੇ ਲੈਂਡ ਲਾਈਨ ਵਾਲਾ ਫੋਨ ਵੀ ਮੁਖਤਾਰ ਤੋਂ ਬਿਨਾ ਹੋਰ ਕਿਸੇ ਦੇ ਘਰ ਨਹੀਂ ਸੀ। ਨਾ ਹੀ ਕਦੇ ਕਿਸੇ ਨੇ ਟੀ. ਵੀ. ਵੇਖਿਆ ਸੀ।

ਮਾਂ ਸਾਡੀ ਉਵੇਂ ਹੀ ਸਵੇਰੇ ਸਵੇਰੇ ਤੰਦੂਰ 'ਤੇ ਰੋਟੀਆਂ ਪਕਾ ਰਹੀ ਹੁੰਦੀ। ਹੁਣ ਪੰਦਰਾਂ ਕੁ ਦਿਨਾਂ ਬਾਅਦ ਸਾਰਾ ਪਰਿਵਾਰ ਇਕੱਠਾ ਹੋ ਜਾਂਦਾ। ਜਦੋਂ ਬਾਹਰਲੇ ਭਰਾਵਾਂ ਨੇ ਆਉਣਾ ਹੁੰਦਾ ਤਾਂ ਉਹ ਫੋਨ 'ਤੇ ਗੱਲਬਾਤ ਕਰ ਲੈਂਦੇ। ਫਿਰ ਉਨ੍ਹਾਂ ਦੇ ਆਉਣ ਵਾਲੇ ਦਿਨ ਖੈਰੀ ਬੱਕਰਾ ਵੱਢਦਾ। ਮਾਂ ਸੀਖਾਂ 'ਤੇ ਲਾ ਲਾ ਕੇ ਗੋਸ਼ਤ ਭੁੰਨਦੀ। ਰਾਤ ਵੇਲੇ ਘਰ ਵਿਚ ਰੌਣਕ ਲੱਗ ਜਾਂਦੀ। ਕੁਲ ਮਿਲਾ ਕੇ ਜ਼ਿੰਦਗੀ ਬੜੀ ਅਨੰਦਮਈ ਚੱਲ ਰਹੀ ਸੀ। ਮੌਜਾਂ ਮਾਣਦੇ ਰੱਬ ਦਾ ਸ਼ੁਕਰ ਕਰਦੇ ਸਾਂ। ਸ਼ਾਮੀ ਅੰਮਾ, ਜਾਪਦਾ ਸੀ ਜਿਵੇਂ ਪਹਿਲਾਂ ਜਿਹੀ ਹੀ ਪਈ ਹੋਵੇ। ਉਹ 'ਖੜੱਪ ਖੜੱਪ' ਕਰਦੀ ਹਰ ਦੂਜੇ ਤੀਜੇ ਦਿਨ ਆ ਜਾਂਦੀ।

ਇਕ ਦਿਨ ਪਤਾ ਲੱਗਾ, ਮੇਰਾ ਬਾਪ ਬਿਮਾਰ ਹੈ। ਮੇਰੇ ਭਾਈ ਉਸ ਨੂੰ ਸਿੰਜਾਰ ਲੈ ਗਏ। ਉਸ ਨੂੰ ਦਿਲ ਦੀ ਤਕਲੀਫ ਸੀ। ਸ਼ਹਿਰ ਜਾ ਕੇ ਇਕ ਹੋਰ ਦੌਰਾ ਪੈ ਗਿਆ ਤੇ ਉਹ ਸਾਨੂੰ ਛੱਡ ਗਿਆ। ਘਰ ਵਿਚ ਮਾਤਮ ਛਾ ਗਿਆ। ਉਸ ਦੇ ਨੇੜਲਿਆਂ ਨੇ ਕਾਲੇ ਕੱਪੜੇ ਪਹਿਨ ਲਏ। ਜਿਉਂ ਹੀ ਪਿੰਡ ਵਿਚ ਉਸ ਦੀ ਮੌਤ ਦਾ ਪਤਾ ਲੱਗਾ ਤਾਂ ਸਾਰੇ ਪਾਸੇ ਫਾਇਰ ਹੋਣ ਲੱਗੇ। ਪਿੰਡ ਵਾਲਿਆਂ ਨੇ ਬੰਦੂਕਾਂ ਚਲਾ ਕੇ ਆਪਣੇ ਸੋਗ ਦਾ ਪ੍ਰਗਟਾਵਾ ਕੀਤਾ। ਜਿਨ੍ਹਾਂ ਘਰਾਂ 'ਚ ਵਿਆਹ ਸਨ, ਇਕ ਮਹੀਨਾ ਪਿਛਾਂਹ ਪਾ ਦਿੱਤੇ ਗਏ। ਹੌਲੀ ਹੌਲੀ ਬਾਪ ਕਰਕੇ ਫੈਲਿਆ ਸੋਗੀ ਮਾਹੌਲ ਬਦਲਣ ਲੱਗਾ।

ਉਸ ਦਿਨ ਅਸੀਂ ਅਜੇ ਕੋਠੇ ਉਤੇ ਹੀ ਸੁੱਤੇ ਪਏ ਸਾਂ ਕਿ ਉਪਰ ਬਹੁਤ ਖੜਾਕ ਹੋਇਆ। ਅਸੀਂ ਉਭੜਵਾਹੇ ਉਠੇ ਤਾਂ ਖੜਾਕ ਦੂਰ ਲੰਘ ਗਿਆ ਸੀ। ਅਸੀਂ ਇਕ ਦੂਜੇ ਵਲ ਝਾਕ ਹੀ ਰਹੇ ਸਾਂ ਕਿ ਇੰਨੇ ਨੂੰ ਫਿਰ ਅਸਮਾਨ ਵਿਚ ਖੜਾਕ ਹੋਇਆ। ਚਾਰ ਜਹਾਜ ਲਾਈਨ ਵਿਚ ਛੂ ਦੇਣੇ ਸਾਡੇ ਉਪਰ ਦੀ ਲੰਘ ਗਏ। ਸਾਡੀ ਹੈਰਾਨੀ ਦੀ ਹੱਦ ਨਾ ਰਹੀ ਕਿਉਂਕਿ ਅਸੀਂ ਪਹਿਲੀ ਵਾਰ ਜਹਾਜ ਵੇਖੇ ਸਨ। ਫਿਰ ਤਾਂ ਥੋੜ੍ਹੀ ਦੇਰ ਪਿੱਛੋਂ ਹੀ ਕਦੇ ਜਹਾਜ ਇੱਧਰ ਲੰਘ ਜਾਂਦੇ ਤੇ ਕਦੇ ਉਧਰ। ਕੋਈ ਸਮਝ ਨਾ ਆਈ। ਸਭ ਹੇਠਾਂ ਉਤਰ ਆਏ। ਮਾਂ ਨੇ ਤੰਦੂਰ ਤਪਾ ਲਿਆ। ਅਸੀਂ ਮਾਂ ਕੋਲ ਬੈਠੇ ਹੀ ਸਾਂ ਕਿ ਬੀਹੀ ਵਲੋਂ 'ਖੜੱਪ ਖੜੱਪ' ਦੀ ਆਵਾਜ਼ ਆਈ। ਅਸੀਂ ਉਧਰ ਝਾਕੇ, ਸ਼ਾਮੀ ਅੰਮਾ ਅੰਦਰ ਵੜਦਿਆਂ ਹੀ ਬੋਲੀ, "ਸਾਇਰਾ ਬੀਬੀ, ਕੁਛ ਪਤਾ ਐ ਤੈਨੂੰ?"



ਕੁਰਦਸਤਾਨ ਦੀ ਬਾਰਡਰ ਸਕਿਊਰਟੀ ਫੋਰਸ (ਪੇਸ਼ਮਰਗਾ) ਦੇ ਜਵਾਨ।

"ਨਾ ਅੰਮਾ, ਕੀ ਹੋਇਆ?"

"ਤੂੰ ਉਪਰ ਦੀ ਲੰਘਦੇ ਜਹਾਜ ਨ੍ਹੀਂ ਵੇਖੇ?"

ਉਸ ਦੀ ਗੱਲ ਸੁਣ ਮੈਂ ਛੇਤੀ ਦੇਣੇ ਕਿਸੇ ਉਤਸ਼ਾਹ ਜਿਹੇ 'ਚ ਬੋਲੀ, "ਅੰਮਾ, ਹਾਂ ਜਹਾਜ ਲੰਘੇ ਐ। ਨਾਲੇ ਅਸੀਂ ਤਾਂ ਪਹਿਲੀ ਵਾਰ ਵੇਖੇ ਐ।"

"ਤਾਂ ਸੁਣ ਲਉ ਫਿਰ। ਲੱਗਦਾ ਐ ਰੱਬ ਨੇ ਆਪਣੀ ਫਰਿਆਦ ਸੁਣ ਲਈ। ਹੁਣ ਸ਼ਾਇਦ ਇਸ ਚੰਦਰੇ ਸੱਦਾਮ ਹੁਸੈਨ ਤੋਂ ਖਹਿੜਾ ਛੁੱਟ ਜਾਵੇ।"

"ਪਰ ਹੋਇਆ ਕੀ ਐ?" ਮਾਂ ਖੜ੍ਹੀ ਹੋ ਸ਼ਾਮੀ ਅੰਮਾ ਦੇ ਨੇੜੇ ਚਲੀ ਗਈ।

"ਇਹ ਜਹਾਜ ਅਮਰੀਕਨਾਂ ਦੇ ਨੇ। ਉਨ੍ਹਾਂ ਇਰਾਕ 'ਤੇ ਹਮਲਾ ਕਰ ਦਿੱਤੈ।"

"ਹੈਂ! ਅਮਰੀਕਨਾਂ?" ਹੈਰਾਨੀ 'ਚ ਸਾਡੇ ਸਭ ਦੇ ਮੂੰਹੋਂ ਨਿਕਲਿਆ।

"ਆਹੋ, ਮੈਂ ਦੱਸਦੀ ਆਂ ਥੋਨੂੰ।" ਇੰਨਾ ਆਖ ਸ਼ਾਮੀ ਅੰਮਾ ਆ ਕੇ ਮੂਹੜੇ 'ਤੇ ਬਹਿ ਗਈ। ਮਾਂ ਨੇ ਦੁੱਧ ਦਾ ਕੱਪ ਉਸ ਨੂੰ ਫੜ੍ਹਾਇਆ। ਉਸ ਨੇ ਘੁੱਟ ਭਰਿਆ ਤੇ ਗੱਲ ਸ਼ੁਰੂ ਕੀਤੀ, "ਅਮਰੀਕਾ ਦੇ ਨਿਊ ਯਾਰਕ ਸ਼ਹਿਰ 'ਚ ਡੇਢ ਕੁ ਸਾਲ ਪਹਿਲਾਂ, ਅਤਿਵਾਦੀਆਂ ਨੇ ਕਿਸੇ ਇਮਾਰਤ 'ਤੇ ਜਹਾਜਾਂ ਨਾਲ ਹਮਲਾ ਕਰਕੇ ਬਹੁਤ ਸਾਰੇ ਲੋਕ ਮਾਰ ਦਿੱਤੇ ਸਨ। ਅਮਰੀਕਨ ਕਹਿੰਦੇ ਨੇ, ਸੱਦਾਮ ਹੁਸੈਨ ਨੇ ਉਨ੍ਹਾਂ ਨੂੰ ਸ਼ਹਿ ਦਿੱਤੀ ਸੀ।"

"ਹਾਂ ਅੰਮਾ, ਇਹ ਗੱਲ ਤਾਂ ਸਾਡਾ ਉਸਤਾਦ ਵੀ ਦੱਸਦਾ ਸੀ। ਪਰ ਉਹ ਕਹਿੰਦਾ ਸੀ, ਇਹ ਇਲਜ਼ਾਮ ਝੂਠਾ ਐ। ਸੱਦਾਮ ਹੁਸੈਨ ਇਸ ਗੱਲ ਨੂੰ ਨ੍ਹੀਂ ਮੰਨਦਾ।" ਮੈਂ ਕੁਝ ਦੇਰ ਪਹਿਲਾਂ ਸਕੂਲ ਵਿਚ ਸੁਣੀ ਗੱਲ ਦੱਸੀ।

"ਕੋਈ ਘਟੀਆ ਕਾਰਾ ਕਰਕੇ ਮੰਨਦਾ ਥੋੜ੍ਹਾ ਈ ਹੁੰਦਾ। ਨਾਲੇ ਸੱਦਾਮ ਹੁਸੈਨ ਤਾਂ ਉਸ ਮਿੱਟੀ ਦਾ ਬਣਿਆਂ ਈ ਨ੍ਹੀਂ।"

"ਅੰਮਾ, ਇਸ ਨੇ ਤਾਂ ਆਪਣੇ ਈ ਲੋਕਾਂ 'ਤੇ ਜ਼ਹਿਰੀਲੀ ਗੈਸ ਛੱਡ ਦਿੱਤੀ ਸੀ।" ਮਾਂ ਨੇ ਕੋਈ ਪਿਛਲੀ ਗੱਲ ਕੀਤੀ।

"ਲੈ ਕੋਈ ਇਕ ਵਾਰ ਛੱਡੀ ਐ ਗੈਸ। ਜਦੋਂ ਕੁਰਦਸਤਾਨ ਵਾਲੇ ਆਪਣੇ ਹੱਕ ਮੰਗਦੇ ਤਾਂ ਇਹ ਹਵਾਈ ਜਹਾਜਾਂ ਨਾਲ ਉਨ੍ਹਾਂ 'ਤੇ ਜ਼ਹਿਰੀਲੀਆਂ ਗੈਸਾਂ ਸੁੱਟਦਾ ਤੇ ਹਜ਼ਾਰਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੰਦਾ। ਉਧਰ ਇਰਾਨ ਨਾਲ ਲੱਗਦੇ ਇਲਾਕੇ ਦੇ ਸ਼ੀਆ ਲੋਕਾਂ 'ਤੇ ਵੀ ਕਈ ਵਾਰੀ ਗੈਸ ਛੱਡੀ। ਹਜ਼ਾਰਾਂ ਮਰ ਗਏ ਤੇ ਹੋਰ ਬੜੇ ਇਸ ਗੈਸ ਨਾਲ ਸਦਾ ਲਈ ਨਕਾਰਾ ਹੋ ਗਏ। ਪਰ ਰੱਬ ਵੀ ਤਾਂ ਕਿਧਰੇ ਵੇਖਦਾ ਈ ਐ। ਉਹ ਆਪ ਈ ਸਜ਼ਾ ਦਿੰਦਾ ਐ ਅਜਿਹੇ ਜ਼ਾਲਮਾਂ ਨੂੰ। ਇਸ ਨੇ ਤਾਂ ਆਪਣੇ ਲੋਕਾਂ 'ਤੇ ਵੀ ਗੈਸ ਬੰਬ ਸੁੱਟ ਕੇ ਕਿੰਨੇ ਪਿੰਡ ਉਜਾੜ ਦਿੱਤੇ ਸਨ।"

"ਪਰ ਅੰਮਾ, ਆਪਣੇ ਨਾਲ ਇਹ ਇੰਨਾ ਕਿਉਂ ਲੱਗਦਾ ਐ?"

"ਵੇਖ ਸਾਇਰਾ ਬੀਬੀ, ਹਾਂ ਤਾਂ ਆਪਾਂ ਇਰਾਕ ਵਿਚ ਈ ਪਰ ਬਿਲਕੁਲ ਸਰਹੱਦ 'ਤੇ ਪੈਨੇਂ ਆਂ। ਦੂਜੇ ਪਾਸੇ ਕੁਰਦਸਤਾਨ ਸ਼ੁਰੂ ਹੋ ਜਾਂਦਾ ਐ। ਉਹ ਆਪਣੇ 'ਤੇ ਇਲਜ਼ਾਮ ਲਾਉਂਦਾ ਰਹਿੰਦਾ ਸੀ ਕਿ ਆਪਾਂ ਕੁਰਦਾਂ ਦੇ ਹੱਕ 'ਚ ਭੁਗਤਦੇ ਆਂ। ਉਂਜ ਕੁਛ ਹੱਦ ਤੱਕ ਇਹ ਠੀਕ ਵੀ ਐ, ਕਿਉਂਕਿ ਜੇ ਆਪਣੀ ਕਿਸੇ ਨਾਲ ਨੇੜਤਾ ਬਣਦੀ ਐ ਤਾਂ ਉਹ ਕੁਰਦ ਈ ਨੇ। ਉਨ੍ਹਾਂ ਦੀ ਤੇ ਆਪਣੀ ਬੋਲੀ ਇਕ ਐ, ਰਹਿਣ ਸਹਿਣ ਇਕ ਐ, ਖਾਣ ਪੀਣ ਇਕੋ ਜਿਹਾ ਐ ਤੇ ਸਦੀਆਂ ਤੋਂ ਆਪਾਂ ਇਕ ਦੂਜੇ ਦੇ ਨੇੜੇ ਰਹੇ ਆਂ।"

"ਅੰਮਾ, ਫਿਰ ਤਾਂ ਉਨ੍ਹਾਂ ਦੇ ਹੱਕ 'ਚ ਭੁਗਤਣਾ ਜਾਇਜ਼ ਐ। ਨਾਲੇ ਇਹ ਤਾਂ ਕੋਈ ਵੱਡਾ ਗੁਨਾਹ ਨਾ ਹੋਇਆ।"


"ਹਾਂ ਬਿਲਕੁਲ ਜਾਇਜ਼ ਐ। ਪਰ ਇਹੋ ਗੱਲ ਸੱਦਾਮ ਹੁਸੈਨ ਨੂੰ ਚੁੱਭਦੀ ਸੀ ਤੇ ਇਸੇ ਕਰਕੇ ਉਸ ਨੇ ਕੁਰਦਾਂ ਦੇ ਨਾਲ ਆਪਾਂ ਨੂੰ ਵੀ ਗੈਸ ਬੰਬਾਂ ਦਾ ਨਿਸ਼ਾਨਾ ਬਣਾਇਆ। ਹੁਣ ਲੜਾਈ ਚੱਲੀ ਐ ਤਾਂ ਕੁਰਦ ਈ ਸਭ ਤੋਂ ਮੂਹਰੇ ਹੋ ਕੇ ਉਸ ਦੇ ਖਿਲਾਫ ਨਿੱਤਰੇ ਨੇ।"

"ਅੰਮਾ, ਫਿਰ ਤਾਂ ਹੋ ਸਕਦਾ ਐ ਕਿ ਇਹ ਜੰਗ ਆਪਣੇ ਇਲਾਕੇ ਤੱਕ ਵੀ ਆ ਪਹੁੰਚੇ, ਕਿਉਂਕਿ ਜੇ ਕੁਰਦਸਤਾਨ ਵਾਲਿਆਂ ਨੇ ਲੜਾਈ 'ਚ ਹਿੱਸਾ ਲਿਆ ਤਾਂ ਆਪਣੇ ਪਿੰਡ ਵੀ ਲੜਾਈ ਦਾ ਅਖਾੜਾ ਬਣਨਗੇ।"

"ਹਿੱਸਾ ਤਾਂ ਉਹ ਲੈਣ ਲੱਗ ਵੀ ਪਏ ਨੇ। ਮੈਂ ਹੁਣੇ ਮੁਖਤਾਰ ਅਹਿਮਦ ਜਾਸੋ ਵਲੋਂ ਆ ਰਹੀ ਆਂ। ਉਹ ਕਹਿੰਦਾ ਐ ਕਿ ਕੁਰਦਸਤਾਨ ਸਰਕਾਰ ਤਾਂ ਬਹੁਤ ਖੁਸ਼ ਐ ਕਿ ਹੁਣ ਸ਼ਾਇਦ ਉਨ੍ਹਾਂ ਦਾ ਸੱਦਾਮ ਹੁਸੈਨ ਤੋਂ ਪਿੱਛਾ ਛੁੱਟ ਜਾਵੇ।"

"ਫੇਰ ਤਾਂ ਇਹ ਲੜਾਈ ਪਤਾ ਨ੍ਹੀਂ ਕਿੰਨਾ ਕੁ ਚਿਰ ਚੱਲੇ। ਆਪਾਂ ਤਾਂ ਪਹਿਲਾਂ ਈ ਸੈਂਕਸ਼ਨਾਂ (ਪਾਬੰਦੀਆਂ) ਦੇ ਮਾਰੇ ਪਏ ਆਂ। ਕੋਈ ਵੀ ਚੀਜ਼ ਨ੍ਹੀਂ ਲੱਭਦੀ। ਜੇ ਮਿਲਦੀ ਐ ਤਾਂ ਕਈ ਗੁਣਾ ਵੱਧ ਕੀਮਤ 'ਤੇ।" ਮਾਂ ਨੇ ਫਿਕਰ ਜਾਹਰ ਕੀਤਾ।

"ਨ੍ਹੀਂ ਹੁਣ ਲੜਾਈ ਲੰਬੀ ਨ੍ਹੀਂ ਚੱਲਣੀ। ਕਿਉਂਕਿ ਅਮਰੀਕਨ ਬੜੇ ਤਾਕਤਵਰ ਨੇ। ਉਨ੍ਹਾਂ ਕੁਛ ਈ ਦਿਨਾਂ 'ਚ ਜੰਗ ਜਿੱਤ ਲੈਣੀ ਐਂ। ਮੈਂ ਸੁਣਿਐਂ, ਜਦੋਂ ਦੀ ਲੜਾਈ ਸ਼ੁਰੂ ਹੋਈ ਐ, ਸੱਦਾਮ ਹੁਸੈਨ ਤਾਂ ਕਿਧਰੇ ਦਿਸ ਈ ਨ੍ਹੀਂ ਰਿਹਾ। ਸ਼ਾਇਦ



*ਸੱਦਾਮ ਹੁਸੈਨ*

ਰੂਪੋਸ਼ ਹੋ ਗਿਐ," ਅੰਮਾ ਬੋਲੀ।

"ਅੱਛਾ!"

"ਹਾਂ, ਨਾਲੇ ਜੇ ਅਮਰੀਕਨਾਂ ਨੇ ਉਸ ਨੂੰ ਪਾਸੇ ਕਰ ਦਿੱਤਾ ਤਾਂ ਸੈਂਕਸ਼ਨਾਂ ਵੀ ਚੁੱਕੀਆਂ ਜਾਣਗੀਆਂ। ਸਭ ਕੁਛ ਮਿਲਣ ਲੱਗ ਪਊ। ਹੋ ਸਕਦੈ, ਆਪਣੇ ਇਲਾਕੇ ਨੂੰ ਕੁਰਦਸਤਾਨ 'ਚ ਈ ਮਿਲਾ ਦਿੱਤਾ ਜਾਵੇ।"

"ਅੰਮਾ ਔਹ ਵੇਖ!" ਇੰਨੇ ਨੂੰ ਜ਼ੀਨਤ ਨੇ ਦੂਰੋਂ ਅਸਮਾਨ 'ਚ ਆਉਂਦੇ ਹਵਾਈ ਜਹਾਜਾਂ ਵਲ ਇਸ਼ਾਰਾ ਕੀਤਾ। ਅਸੀਂ ਗੱਲ ਵਿਚਾਲੇ ਛੱਡ ਉਧਰ ਵੇਖਣ ਲੱਗੇ। ਚਾਰ ਜਹਾਜ ਫੂਰਰ ਦੇਣੇ ਉਤੋਂ ਦੀ ਲੰਘ ਗਏ। ਇੰਨੇ ਨੂੰ ਸ਼ਾਮੀ ਅੰਮਾ ਨੇ ਗਲਾਸ ਖਾਲੀ ਕਰਕੇ ਪਾਸੇ ਰੱਖ ਦਿਤਾ। ਫਿਰ ਚਾਦਰ ਨਾਲ ਮੂੰਹ ਪੂੰਝਦਿਆਂ ਉਹ ਬੋਲੀ, "ਕੁਰਦਸਤਾਨ ਵਾਲੇ ਬੜੇ ਹੌਸਲੇ 'ਚ ਨੇ। ਉਹ ਤਾਂ ਬੜੀ ਦੇਰ ਤੋਂ ਬਾਹਰਲਿਆਂ ਨੂੰ ਕਹਿੰਦੇ ਆ ਰਹੇ ਸਨ ਕਿ ਉਨ੍ਹਾਂ ਦਾ ਵੱਖਰਾ ਮੁਲਕ ਬਣਾ ਦਿੱਤਾ ਜਾਵੇ ਕਿਉਂਕਿ ਇਰਾਕ ਸਰਕਾਰ ਉਨ੍ਹਾਂ 'ਤੇ ਜ਼ੁਲਮ ਕਰਦੀ ਐ।"

ਉਸ ਦੀ ਗੱਲ ਸੁਣਦਿਆਂ ਜ਼ੀਨਤ ਨੇ ਖੁਸ਼ੀ ਜਿਹੀ 'ਚ ਪੁੱਛਿਆ, "ਅੰਮਾ, ਆਪਣਾ ਨ੍ਹੀਂ ਬਣ ਸਕਦਾ ਵੱਖਰਾ ਮੁਲਕ?"

ਸੁਣ ਕੇ ਅੰਮਾ ਨੇ ਫਿੱਕਾ ਤੇ ਉਦਾਸ ਜਿਹਾ ਮੁਸਕਰਾਉਂਦਿਆਂ ਕਿਹਾ, "ਬੱਚੀਏ, ਗਰੀਬਾਂ ਦੇ ਕਿਹੜੇ ਮੁਲਕ ਹੁੰਦੇ ਨੇ। ਆਪਾਂ ਤਾਂ ਇਵੇਂ ਈ ਖੁੱਦੋ ਦੀ ਤਰ੍ਹਾਂ ਕਦੇ ਇੱਧਰ ਤੇ ਕਦੇ ਉਧਰ ਵਿਚਾਲੇ ਈ ਰੁੜਦੇ ਫਿਰਾਂਗੇ। ਪਰ ਇੰਨਾ ਜ਼ਰੂਰ ਐ ਕਿ ਕੁਰਦਸਤਾਨ ਵਾਲੇ ਆਪਣੇ ਨਾਲ ਸੱਦਾਮ ਹੁਸੈਨ ਵਰਗਾ ਮਾੜਾ ਵਰਤਾਅ ਨ੍ਹੀਂ ਕਰਨ ਲੱਗੇ।"

ਗੱਲਾਂ ਚਲਦੀਆਂ ਰਹੀਆਂ। ਅਸਮਾਨ ਵਿਚ ਜਹਾਜਾਂ ਦੇ ਝੁੰਡਾਂ ਦੇ ਝੁੰਡ ਲੰਘਦੇ ਰਹੇ। ਉਦੋਂ ਹੀ ਦਾਊਦ ਘਰ ਵੜਿਆ। ਉਹ ਜਾਵੇਤ ਤੋਂ ਆਇਆ ਸੀ। ਦਾਊਦ, ਮੁਖਤਾਰ ਦੀਆਂ ਸੁਣਾਈਆਂ ਗੱਲਾਂ ਕਰਨ ਲੱਗਾ। ਉਸ ਮੁਤਾਬਕ ਮੁਖਤਾਰ ਨੇ ਲੋਕਾਂ ਨੂੰ ਦੱਸਿਆ ਸੀ ਕਿ ਕੁਰਦਸਤਾਨ ਨੇ ਇਸ ਹਮਲੇ ਦੇ ਦਿਨ ਨੂੰ ਆਜ਼ਾਦੀ ਦਿਹਾੜਾ ਐਲਾਨ ਦਿੱਤਾ ਹੈ ਅਤੇ ਹੁਣ ਅਮਰੀਕਾ ਇਕ ਪਾਸਾ ਕਰਕੇ ਹਟੂ। ਹੋਰ ਕੁਝ ਭਾਵੇਂ ਹੋਵੇ ਨਾ ਹੋਵੇ ਪਰ ਸੱਦਾਮ ਹੁਸੈਨ ਦਾ ਜਾਣਾ ਅਤੇ ਕੁਰਦਸਤਾਨ ਦਾ ਉਸ ਦੇ ਕਬਜ਼ੇ 'ਚੋਂ ਆਜ਼ਾਦ ਹੋਣਾ ਤੈਅ ਹੈ।

ਫਿਰ ਨਿੱਤ ਦਿਨ ਲੜਾਈ ਚੱਲਣ ਲੱਗੀ। ਆਖਰ ਉਹ ਦਿਨ ਵੀ ਆ ਗਿਆ ਜਦੋਂ ਅਮਰੀਕਨਾਂ ਨੇ ਜਿੱਤ ਦਾ ਐਲਾਨ ਕੀਤਾ। ਸਾਨੂੰ ਪਤਾ ਲੱਗਾ ਕਿ ਅਮਰੀਕਨ ਦੂਰ ਦੁਰਾਡੇ ਦੇ ਪਿੰਡਾਂ ਤੱਕ ਘੁੰਮਣ ਲੱਗੇ ਹਨ। ਇਕ ਦਿਨ ਦੁਪਹਿਰ ਵੇਲੇ ਸਾਰੇ ਪਿੰਡ ਵਿਚ ਗੱਲ ਉਡ ਗਈ ਕਿ ਅੱਜ ਅਮਰੀਕਨ ਆਪਣੇ ਪਿੰਡ ਆਉਣਗੇ। ਅਸੀਂ ਜੁਆਕ ਬਾਹਰਲੀ ਵੱਡੀ ਗਲੀ 'ਤੇ ਉਡੀਕ ਰਹੇ ਸੀ ਜਦੋਂ ਦੂਰੋਂ ਧੂੜ ਉਡਦੀ ਦਿਸੀ। ਅਸੀਂ ਉਤਸ਼ਾਹ 'ਚ ਚੀਕਾਂ ਮਾਰਨ ਲੱਗੇ। ਇੰਨੇ ਨੂੰ ਕਈ ਫੌਜੀ ਗੱਡੀਆਂ ਦਾ ਕਾਫਲਾ ਨੇੜੇ ਆਉਂਦਾ ਗਿਆ। ਜਦੋਂ ਗੱਡੀਆਂ ਕੋਲ ਆ ਗਈਆਂ ਤਾਂ ਅਸੀਂ ਬੜੇ ਚਾਅ ਨਾਲ ਅਮਰੀਕਨ ਫੌਜੀਆਂ ਵਲ ਹੱਥ ਹਿਲਾਉਣ ਲੱਗੇ। ਉਹ ਹੌਲੀ ਜ਼ਰੂਰ ਹੋਏ ਪਰ ਗੱਡੀਆਂ ਰੁਕੀਆਂ ਨਾ। ਤੁਰੀਆਂ ਜਾਂਦੀਆਂ ਗੱਡੀਆਂ 'ਚੋਂ ਫੌਜੀਆਂ ਨੇ ਜੁਆਕਾਂ ਵਲ ਕੈਂਡੀਆਂ ਸੁੱਟੀਆਂ। ਪਿੰਡ ਦੇ ਵਡੇਰੇ, ਖਾਸ ਕਰ ਮੁਖਤਾਰ ਅਤੇ ਉਸ ਦਾ ਭਰਾ ਫੌਜੀਆਂ ਨੂੰ ਮਿਲਣਾ ਚਾਹੁੰਦੇ ਸਨ, ਪਰ ਉਹ ਰੁਕੇ ਨਾ। ਫਿਰ ਮੁਖਤਾਰ ਨੇ ਉਨ੍ਹਾਂ ਦੇ ਨਾਲ ਚੱਲ ਰਹੇ ਦੁਭਾਸ਼ੀਏ ਇਰਾਕੀ ਨੂੰ ਕਿਹਾ ਕਿ ਉਹ ਅਮਰੀਕੀਆਂ ਨੂੰ ਮਿਲਣਾ ਚਾਹੁੰਦੇ ਹਨ, ਪਰ ਕਾਫਲਾ ਬਿਨ ਰੁਕਿਆਂ ਅੱਗੇ ਲੰਘ ਗਿਆ।

ਅਗਲੇ ਦਿਨ ਕਾਫਲਾ ਫਿਰ ਆ ਰਿਹਾ ਸੀ। ਪਰ ਅੱਜ ਮੁਖਤਾਰ ਨੇ ਉਨ੍ਹਾਂ ਨੂੰ ਮਿਲਣ ਲਈ ਪਹਿਲਾਂ ਤੈਅ ਕੀਤਾ ਹੋਇਆ ਸੀ। ਕਾਫਲਾ ਪਿੰਡ ਦੀ ਗਲੀ ਤੱਕ ਆਇਆ ਤੇ ਉਥੋਂ ਮੁਖਤਾਰ ਅਹਿਮਦ ਜਾਸੋ ਅੱਗੇ ਅੱਗੇ ਤੁਰਦਾ ਉਨ੍ਹਾਂ ਨੂੰ ਆਪਣੇ ਘਰ ਲੈ ਗਿਆ। ਉਸ ਦੇ ਘਰ ਪਿੰਡ ਦੇ ਹੋਰ ਵਡੇਰੇ ਵੀ ਸਨ। ਮੁਖਤਾਰ ਨੇ ਉਨ੍ਹਾਂ ਲਈ ਬੜੇ ਚੰਗੇ ਖਾਣ ਪੀਣ ਦਾ ਪ੍ਰਬੰਧ ਕੀਤਾ ਹੋਇਆ ਸੀ। ਕੋਈ ਵੀਹ ਫੌਜੀ ਉਸ ਦੇ ਵਿਹੜੇ ਜਾ ਉਤਰੇ। ਖਾਣ ਪੀਣ ਅਤੇ ਮਿਲਣ ਗਿਲਣ 'ਤੇ ਘੰਟਾ ਲੱਗ ਗਿਆ। ਜਾਣ ਲੱਗਿਆਂ ਫੌਜੀਆਂ ਦੇ ਅਫਸਰ ਨੇ ਮੁਖਤਾਰ ਨੂੰ ਪੁੱਛਿਆ ਕਿ ਪਿੰਡ ਲਈ ਕਿਸ ਕਿਸ ਚੀਜ਼ ਦੀ ਜ਼ਰੂਰਤ ਹੈ। ਮੁਖਤਾਰ ਨੇ ਕਿਹਾ ਕਿ ਸਕੂਲ ਲਈ ਇਮਾਰਤ ਚਾਹੀਦੀ ਹੈ, ਸ਼ਹਿਰ ਤੱਕ ਦੀ ਸੜਕ ਪੱਕੀ ਕਰਨ ਦੀ ਲੋੜ ਹੈ, ਪਿੰਡ 'ਚ ਪੀਣ ਵਾਲੇ ਪਾਣੀ ਦਾ ਪ੍ਰਬੰਧ ਵੀ ਕਰਨ ਵਾਲਾ ਹੈ। ਇਸ ਤੋਂ ਇਲਾਵਾ ਪਿੰਡ ਵਾਸੀਆਂ ਨੂੰ ਸੈਲ ਫੋਨ ਦੀ ਸਹੂਲਤ ਚਾਹੀਦੀ ਹੈ। ਬਿਜਲੀ ਅਤੇ ਟੀ. ਵੀ. ਟਾਵਰ ਵੀ ਚਾਹੀਦਾ ਹੈ। ਉਨ੍ਹਾਂ ਨੇ ਸਭ ਕੁਝ ਲਿਖ ਲਿਆ। ਜਾਣ ਲੱਗਿਆਂ ਉਨ੍ਹਾਂ ਜੁਆਕਾਂ ਨੂੰ ਕੋਲ ਸੱਦ ਕੇ ਕੈਂਡੀਆਂ ਅਤੇ ਚਾਕਲੇਟ ਵੰਡੇ।

ਫਿਰ ਤਾਂ ਉਹ ਰੋਜ਼ ਹੀ ਆਉਣ ਲੱਗੇ ਤੇ ਕੁਝ ਨਾ ਕੁਝ ਪਿੰਡ ਵਾਲਿਆਂ ਵਾਸਤੇ ਲੈ ਕੇ ਆਉਂਦੇ। ਕਦੇ ਆਟਾ ਵੰਡਦੇ, ਕਦੇ ਦਾਲਾਂ ਵਗੈਰਾ। ਕਦੇ ਕੱਪੜੇ ਅਤੇ ਕਦੇ ਕੋਈ ਹੋਰ ਲੋੜ ਵਾਲੀ ਚੀਜ਼। ਉਹ ਮੁਖਤਾਰ ਦੇ ਘਰ ਆਮ ਹੀ ਚਲੇ ਜਾਂਦੇ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਪਿੰਡ ਵਿਚ ਉਹ ਆਪਣੇ ਆਪ ਨੂੰ ਬੜਾ ਸੁਰੱਖਿਅਤ ਮਹਿਸੂਸ

*(ਅਗਲੇ ਸਫੇ 'ਤੇ ਜਾਰੀ)*

ਕਰਦੇ ਹਨ। ਉਨ੍ਹਾਂ ਨੇ ਹੀ ਮੁਖਤਾਰ ਨੂੰ ਦੱਸਿਆ ਕਿ ਸੱਦਾਮ ਹੁਸੈਨ ਵਾਪਸ ਕਦੇ ਵੀ ਤਾਕਤ ਵਿਚ ਨਹੀਂ ਆਵੇਗਾ।

ਅਮਰੀਕਨਾਂ ਦੇ ਆਉਣ ਪਿੱਛੋਂ ਭਾਵੇਂ ਪਿੰਡ ਵਾਲੇ ਆਪਣੇ ਆਪ ਨੂੰ ਆਜ਼ਾਦ ਜਿਹਾ ਸਮਝਦੇ ਸਨ ਪਰ ਉਨ੍ਹਾਂ ਨੂੰ ਇਹ ਯਕੀਨ ਨਹੀਂ ਸੀ ਆਉਂਦਾ ਕਿ ਸੱਦਾਮ ਹੁਸੈਨ ਤਾਕਤ ਤੋਂ ਪਾਸੇ ਹੋ ਜਾਵੇਗਾ। ਫਿਰ ਜੁਲਾਈ ਮਹੀਨੇ ਸੱਦਾਮ ਦੇ ਦੋਵੇਂ ਪੁੱਤਰ ਲੜਾਈ ਵਿਚ ਮਾਰੇ ਗਏ ਤਾਂ ਸਾਨੂੰ ਕਾਫੀ ਹੱਦ ਤੱਕ ਅਮਰੀਕਨਾਂ ਦੀ ਗੱਲ ਸਹੀ ਜਾਪੀ, ਪਰ ਸੱਦਾਮ ਹੁਸੈਨ ਬਾਰੇ ਅਜੇ ਵੀ ਕੁਝ ਪਤਾ ਨਹੀਂ ਸੀ। ਕਈ ਮਹੀਨੇ ਲੰਘਣ ਪਿੱਛੋਂ ਦਸੰਬਰ ਮਹੀਨੇ ਪਤਾ ਲੱਗਾ ਕਿ ਉਹ ਫੜ੍ਹਿਆ ਗਿਆ। ਫਿਰ ਜਾ ਕੇ ਕਿਤੇ ਪਿੰਡ ਵਾਲਿਆਂ ਨੂੰ ਲੱਗਾ ਕਿ ਉਹ ਹੁਣ ਉਸ ਦੇ ਪੰਜੇ ਤੋਂ ਬਾਹਰ ਹਨ। ਉਂਜ ਉਦੋਂ ਤੱਕ ਅਮਰੀਕਨ ਫੌਜ ਦੀ ਸਾਡੇ ਪਿੰਡ ਵਲ ਗਸ਼ਤ ਘੱਟ ਗਈ। ਅਗਲੇ ਸਾਲ ਤੱਕ ਅਮਰੀਕੀ ਉਧਰ ਆਉਣੋਂ ਬਿਲਕੁਲ ਬੰਦ ਹੋ ਗਏ, ਪਰ ਪਿੰਡ ਵਾਲਿਆਂ ਵਲੋਂ ਉਨ੍ਹਾਂ ਨੂੰ ਦੱਸੇ ਗਏ ਕੰਮ ਸ਼ੁਰੂ ਹੋ ਗਏ ਸਨ। ਸੜਕ ਬਣਨ ਲੱਗੀ, ਟੀ. ਵੀ. ਟਾਵਰ ਅਤੇ ਫੋਨ ਟਾਵਰ ਵੀ ਪਿੰਡੋਂ ਬਾਹਰ ਲੱਗਣੇ ਲੱਗ ਪਏ। ਪਿੰਡ ਵਾਲੇ ਖੁਸ਼ ਸਨ। ਸਿੰਜਾਰ ਤੱਕ ਪੱਕੀ ਸੜਕ ਬਣ ਗਈ। ਕੁਝ ਮਹੀਨਿਆਂ ਬਾਅਦ ਬਿਜਲੀ ਵੀ ਆ ਗਈ। ਟੀ. ਵੀ. ਟਾਵਰ ਅਤੇ ਫੋਨ ਟਾਵਰ ਲੱਗ ਗਏ। ਪਿੰਡ ਦੇ ਕੁਝ ਲੋਕ ਟੀ. ਵੀ. ਲੈ ਆਏ ਅਤੇ ਕਾਫੀ ਸਾਰੇ ਸੈਲ ਫੋਨ ਲੈ ਕੇ ਘੁੰਮਣ ਲੱਗੇ। ਫਿਰ ਜਦੋਂ ਜਿੰਜਾਲ ਛੁੱਟੀ ਆਇਆ ਤਾਂ ਸੈਲ ਫੋਨ ਅਤੇ ਟੀ. ਵੀ. ਲੈ ਕੇ ਆਇਆ। ਸਾਰੇ ਟੱਬਰ ਨੇ ਪਹਿਲੀ ਵਾਰ ਟੀ. ਵੀ. ਵੇਖਿਆ। ਅਸੀਂ ਉਸ ਵੇਲੇ ਹੱਦੋਂ ਵੱਧ ਖੁਸ਼ ਸਾਂ। ਸ਼ਾਮ ਹੁੰਦਿਆਂ ਹੀ ਸਾਰਾ ਟੱਬਰ ਟੀ. ਵੀ. ਮੂਹਰੇ ਬਹਿ ਜਾਂਦਾ। ਆਮ ਤੌਰ 'ਤੇ ਖਬਰਾਂ ਬਹੁਤ ਚੱਲਦੀਆਂ ਸਨ। ਸਾਨੂੰ ਪਹਿਲੀ ਵਾਰ ਪਤਾ ਲੱਗਾ ਕਿ ਦੁਨੀਆਂ ਵਿਚ ਕੀ ਹੋ ਰਿਹਾ ਹੈ। ਜਾਪਦਾ ਸੀ ਜਿਵੇਂ ਪਿੰਡ ਵਾਸੀਆਂ ਨੂੰ ਇਕਦਮ ਹੀ ਸੋਝੀ ਆ ਗਈ ਹੋਵੇ। ਲੋਕ ਹਰ ਰੋਜ਼ ਸ਼ਾਮ ਵੇਲੇ ਜਾਵੇਤ 'ਚ ਇਕੱਠੇ ਹੁੰਦੇ ਤੇ ਟੀ. ਵੀ. 'ਤੇ ਸੁਣੀਆਂ ਖਬਰਾਂ 'ਤੇ ਤਬਸਰਾ ਕਰਦੇ। ਖਬਰਾਂ ਬਹੁਤੀਆਂ ਇਰਾਕ ਦੇ ਸਿਆਸੀ ਹਾਲਾਤ ਬਾਰੇ ਹੀ ਹੁੰਦੀਆਂ ਸਨ।

ਦਿਨੋ ਦਿਨ ਇਰਾਕ ਦੇ ਸਿਆਸੀ ਹਾਲਾਤ ਬਦਲ ਰਹੇ ਸਨ। ਅਮਰੀਕਨਾਂ ਨੇ ਜੰਗ ਜਿੱਤ ਲਈ ਸੀ ਅਤੇ ਉਨ੍ਹਾਂ ਸਰਕਾਰ ਚਲਾਉਣ ਲਈ ਆਪਣਾ ਨੁਮਾਇੰਦਾ ਬਹਾ ਦਿੱਤਾ ਸੀ। ਉਨ੍ਹਾਂ ਆਉਂਦਿਆਂ ਹੀ ਸੱਦਾਮ ਹੁਸੈਨ ਦੀ ਬਾਥ ਪਾਰਟੀ ਨਾਲ ਸਬੰਧਤ ਸਾਰੇ ਮੁਲਾਜ਼ਮਾਂ ਨੂੰ ਨੌਕਰੀਉਂ ਕੱਢ ਦਿੱਤਾ। ਪੁਲਿਸ, ਫੌਜ ਅਤੇ ਹੋਰ ਅਹਿਮ ਮਹਿਕਮਿਆਂ ਵਿਚੋਂ ਵੀ ਸੱਦਾਮ ਹੁਸੈਨ ਦੇ ਪੱਖੀ ਯਾਨਿ ਸੁੰਨੀ ਮੁਸਲਮਾਨਾਂ ਦਾ ਸਫਾਇਆ ਕਰਦਿਆਂ ਸਭ ਨੂੰ ਵਿਹਲੇ ਕਰ ਦਿੱਤਾ। ਉਨ੍ਹੀਂ ਦਿਨੀਂ ਇਕ ਦਿਨ ਸ਼ਾਮੀ ਅੰਮਾ ਸਾਡੇ ਘਰ ਆਈ ਹੋਈ ਸੀ ਤੇ ਗੱਲਾਂਬਾਤਾਂ ਚੱਲ ਰਹੀਆਂ ਸਨ। ਹੁਣ ਅਸੀਂ ਜੁਆਕ ਨਹੀਂ ਸੀ ਰਹੇ ਅਤੇ ਉਸ ਨਾਲ ਗੱਲਾਂ 'ਤੇ ਖੁੱਲ੍ਹ ਕੇ ਚਰਚਾ ਕਰਦੇ। ਮਾਂ ਨੂੰ ਸੰਬੋਧਤ ਹੁੰਦਿਆਂ ਅੰਮਾ ਨੇ ਪਿਛਲੇ ਦਿਨੀਂ ਸ਼ੁਰੂ ਹੋਈ ਗੱਲ ਛੋਹ ਲਈ, "ਸਾਇਰਾ ਬੀਬੀ, ਵੇਖ ਕੁਛ ਹੀ ਵਕਤ ਵਿਚ ਕੀ ਕੀ ਬਦਲ ਗਿਆ। ਹੁਣ ਤਾਂ ਸੁਣਿਐ, ਆਪਣੇ ਮੁਲਕ 'ਚ ਚੋਣਾਂ ਹੋਣਗੀਆਂ।"

"ਅੰਮਾ, ਕਹਿੰਦੇ ਤਾਂ ਇਵੇਂ ਈ ਨੇ, ਪਰ ਇਹ ਸਭ ਕਿਵੇਂ ਹੋਊ? ਅਜੇ ਪਤਾ ਨ੍ਹੀਂ। ਉਂਜ ਇਸ ਸਭ ਦਾ ਸਿਹਰਾ ਅਮਰੀਕਾ ਨੂੰ ਜਾਂਦੈ।"

"ਅਮਰੀਕਨਾਂ ਨੇ ਬਾਕੀ ਤਾਂ ਸਭ ਕੰਮ ਸਹੀ ਕੀਤੇ ਨੇ ਪਰ ਜਿਹੜਾ ਉਨ੍ਹਾਂ ਨੇ ਬਾਥ ਪਾਰਟੀ ਜਾਂ ਸੁੰਨੀ ਲੋਕਾਂ ਨੂੰ ਸਰਕਾਰ 'ਚੋਂ ਪਾਸੇ ਕਰ ਦਿੱਤਾ, ਇਹ ਸਹੀ ਨ੍ਹੀਂ ਕੀਤਾ।"

"ਅੰਮਾ ਉਹ ਕਿਉਂ?" ਮੈਂ ਕੋਲ ਬੈਠੀ ਨੇ ਪੁੱਛਿਆ।

"ਆਸਮਾ ਬੱਚੀਏ, ਉਹ ਇਸ ਤਰ੍ਹਾਂ ਕਿ ਬਾਥ ਪਾਰਟੀ ਜਾਂ ਸੁੰਨੀ ਲੋਕਾਂ ਨੇ ਬਹੁਤ ਲੰਬੇ ਚਿਰ ਤੋਂ ਇੱਥੇ ਰਾਜ ਕੀਤਾ ਐ। ਹੁਣ ਇਕਦਮ ਪਾਸੇ ਕਰ ਦੇਣ ਨਾਲ ਉਨ੍ਹਾਂ ਨੂੰ ਗੁੱਸਾ ਤਾਂ ਆਵੇਗਾ ਹੀ। ਜਾਪਦਾ, ਉਹ ਟਿਕ ਕੇ ਨ੍ਹੀਂ ਬੈਠਣਗੇ। ਕਿਸੇ ਨਾ ਕਿਸੇ ਢੰਗ ਫਿਰ ਉਠ ਖੜ੍ਹੋਣਗੇ।"

"ਫਿਰ ਤਾਂ ਉਹ, ਉਨ੍ਹਾਂ ਤੋਂ ਗਿਣ ਗਿਣ ਕੇ ਬਦਲੇ ਲੈਣਗੇ ਜੋ ਹੁਣ ਉਨ੍ਹਾਂ ਦੇ ਖਿਲਾਫ ਨੇ।"

"ਹਾਂ ਸਹੀ ਗੱਲ ਐ ਇਹ ਤਾਂ। ਅੱਗੇ ਵੀ ਉਹ ਇਵੇਂ ਈ ਕਰਦੇ ਨੇ। ਉਂਜ ਉਹ ਹੋਰ ਕਿਸੇ ਨੂੰ ਕੁਛ ਕਹਿਣ ਜਾਂ ਨਾ ਕਹਿਣ ਪਰ ਆਪਣੇ 'ਤੇ ਗੁੱਸਾ ਸਭ ਤੋਂ ਪਹਿਲਾਂ ਕੱਢਣਗੇ।"

"ਚੱਲ ਅੰਮਾ, ਉਨ੍ਹਾਂ ਬੜਾ ਚਿਰ ਚੰਮ ਦੀਆਂ ਚਲਾਈਆਂ ਨੇ। ਹੁਣ ਕਿਸੇ ਹੋਰ ਨੂੰ ਅੱਗੇ ਆਉਣ ਦਿਊ।" ਮਾਂ ਨੇ ਹੁੰਗਾਰਾ ਭਰਿਆ।

"ਮੈਂ ਫਿਰ ਵੀ ਕਹਿਨੀ ਆਂ ਕਿ ਇਹ ਸਹੀ ਨ੍ਹੀਂ ਐ। ਸੁੰਨੀ ਸਭ ਵਿਹਲੇ ਹੋ ਗਏ। ਵਿਹਲਾ ਬੰਦਾ ਤਾਂ ਸ਼ੈਤਾਨ ਦਾ ਘਰ ਹੁੰਦਾ ਐ। ਤੁਸੀਂ ਵੇਖਿਉ ਉਹ ਛੇਤੀ ਈ ਕੋਈ ਨਵਾਂ ਪੰਗਾ ਸ਼ੁਰੂ ਕਰ ਦੇਣਗੇ। ਇਸ ਨਾਲੋਂ ਤਾਂ ਚੰਗਾ ਸੀ ਕਿ ਰਲ ਮਿਲ ਕੇ ਸਰਕਾਰ ਚੱਲਦੀ।"

"ਤੇਰੀ ਗੱਲ ਸਹੀ ਐ ਅੰਮਾ।"

"ਸਾਇਰਾ ਬੀਬੀ, ਉਂਜ ਅਮਰੀਕਨਾਂ ਦੇ ਆਉਣ ਨਾਲ ਆਪਣੇ ਬਹੁਤ ਲੋਕਾਂ ਨੂੰ ਕੰਮ ਮਿਲਿਆ ਐ। ਕੋਈ ਪੁਲਿਸ 'ਚ ਚਲਿਆ ਗਿਆ, ਕੋਈ ਫੌਜ ਵਿਚ, ਤੇ ਕਈ ਤਾਂ ਦੁਭਾਸ਼ੀਏ ਬਣ ਕੇ ਚੰਗੀ ਤਨਖਾਹ ਲੈ ਰਹੇ ਨੇ।"

"ਉਹ ਤਾਂ ਹੈ ਈ। ਅਸਲ 'ਚ ਆਪਣੇ ਲੋਕਾਂ ਦੇ ਤਾਂ ਭਾਗ ਈ ਖੁੱਲ੍ਹ ਗਏ ਨੇ। ਪਹਿਲਾਂ ਤਾਂ ਆਪਣਾ ਖੂਹ ਦੇ ਡੱਡੂ ਵਾਲਾ ਹਾਲ ਈ ਸੀ।"

**ਇਨ੍ਹੀਂ ਹੀ ਦਿਨੀਂ ਇਕ ਹੋਰ ਵੱਡੀ ਘਟਨਾ ਹੋ ਗਈ। ਮੋਸਲ ਨੇੜਲੇ ਕਿਸੇ ਪਿੰਡ ਦੀ ਇਕ ਜਾਜ਼ੀਦੀ ਪਰਿਵਾਰ ਨਾਲ ਸਬੰਧਤ ਲੜਕੀ ਦੀਆ ਖਲੀਲ ਨੇ ਸੁੰਨੀ ਮੁਸਲਮਾਨ ਮੁੰਡੇ ਨਾਲ ਨਿਕਾਹ ਕਰਵਾ ਲਿਆ। ਉਸ ਦੇ ਘਰ ਵਾਲੇ ਇਸ ਰਿਸ਼ਤੇ 'ਤੇ ਡਾਢੇ ਔਖੇ ਸਨ। ਜਾਜ਼ੀਦੀ ਧਰਮ ਵਿਚ ਤਾਂ ਇਹ ਸੰਭਵ ਹੀ ਨਹੀਂ ਸੀ, ਜੋ ਉਸ ਕੁੜੀ ਨੇ ਕਰ ਦਿੱਤਾ। ਉਸ ਦੇ ਮਾਪਿਆਂ ਨੇ ਇਸ ਰਿਸ਼ਤੇ ਨੂੰ ਅਣਖ ਦਾ ਸੁਆਲ ਬਣਾ ਲਿਆ। ਉਹ ਵਰਾ ਤਰਾ ਕੇ ਕੁੜੀ ਨੂੰ ਘਰ ਲੈ ਆਏ ਤੇ ਫਿਰ ਉਸ ਨੂੰ ਬੜੇ ਕੋਝੇ ਢੰਗ ਨਾਲ ਸ਼ਰੇਆਮ ਪੱਥਰ ਮਾਰ ਕੇ ਮਾਰ ਮੁਕਾਇਆ। ਇਸ ਘਟਨਾ ਨੂੰ ਸੁੰਨੀਆਂ ਨੇ ਆਪਣੀ ਅਣਖ ਦਾ ਸੁਆਲ ਬਣਾ ਲਿਆ।**

ਇਸ ਤਰ੍ਹਾਂ ਗੱਲਾਂ ਚੱਲਦੀਆਂ ਰਹਿੰਦੀਆਂ। ਫਿਰ ਚੋਣ ਹੋ ਗਈ ਅਤੇ ਇਰਾਕ ਦੀ ਆਪਣੀ ਸਰਕਾਰ ਬਣ ਗਈ। ਨੂਰੀ ਮਲਕੀ, ਜੋ ਪ੍ਰਧਾਨ ਮੰਤਰੀ ਬਣਿਆ, ਸ਼ੀਆ ਅਤੇ ਇਰਾਨ ਪੱਖੀ ਸੀ। ਉਸ ਦੇ ਬਹੁਤੇ ਵਜ਼ੀਰ ਵੀ ਸ਼ੀਆ ਸਨ। ਸੁੰਨੀ ਲੋਕਾਂ ਨੂੰ ਇਕ ਕਿਸਮ ਦਾ ਸਰਕਾਰ 'ਚੋਂ ਬਾਹਰ ਰੱਖਿਆ ਗਿਆ। ਨੌਕਰੀਆਂ ਤੋਂ ਤਾਂ ਪਹਿਲਾਂ ਹੀ ਲਾਹ ਦਿੱਤੇ ਗਏ ਸਨ ਤੇ ਹੁਣ ਸਰਕਾਰ 'ਚੋਂ ਬਾਹਰ ਰੱਖਣ ਕਾਰਨ ਸੁੰਨੀ, ਬਿਲਕੁਲ ਹੀ ਨਿਰਾਸ਼ ਹੋ ਗਏ। ਜਿਨ੍ਹਾਂ ਕਦੇ ਸਰਕਾਰਾਂ ਚਲਾਈਆਂ, ਵੱਡੇ ਵੱਡੇ ਅਹੁਦਿਆਂ 'ਤੇ ਰਹੇ, ਉਹ ਇਕਦਮ ਹਨੇਰੇ 'ਚ ਗੁਆਚ ਗਏ। ਸੁੰਨੀ ਨੌਜਵਾਨ ਬਿਲਕੁਲ ਨਕਾਰ ਦਿੱਤੇ ਗਏ। ਨੂਰੀ ਮਲਕੀ ਦੀ ਸਰਕਾਰ ਚੱਲਣੀ ਸ਼ੁਰੂ ਹੋਈ ਹੀ ਸੀ ਕਿ ਪਾਸੇ ਧੱਕ ਦਿੱਤੇ ਗਏ ਸੁੰਨੀ ਲੋਕ ਕਿਸੇ ਹੋਰ ਹੀ ਢੰਗ ਨਾਲ ਰਾਜਨੀਤਕ ਨਕਸ਼ੇ 'ਤੇ ਉਭਰ ਕੇ ਸਾਹਮਣੇ ਆਉਣ ਲੱਗੇ। ਸੁੰਨੀ ਨੌਜਵਾਨਾਂ ਨੇ ਅਤਿਵਾਦ ਦਾ ਰਾਹ ਫੜ੍ਹ ਲਿਆ। ਛੋਟੀਆਂ ਮੋਟੀਆਂ ਘਟਨਾਵਾਂ ਤੋਂ ਸ਼ੁਰੂ ਹੋ ਕੇ ਅਤਿਵਾਦ ਨਿੱਤ ਦਿਨ ਉਭਰਦਾ ਚਲਿਆ ਗਿਆ। ਤਰੱਕੀ ਦੇ ਰਾਹ ਪੈਣ ਤੋਂ ਪਹਿਲਾਂ ਹੀ ਇਰਾਕ ਇਕ ਵਾਰ ਫਿਰ ਤੋਂ ਹਨੇਰੀ ਗਲੀ 'ਚ ਦਾਖਲ ਹੋ ਗਿਆ। ਅਮਰੀਕਨ ਮੁੱਖ ਭੂਮਿਕਾ ਤੋਂ ਪਾਸੇ ਹੋ ਗਏ ਸਨ। ਸਭ ਕੁਝ ਸ਼ੀਆ ਸਰਕਾਰ 'ਤੇ ਛੱਡ ਦਿੱਤਾ ਗਿਆ। ਜੋ ਜ਼ਿਆਦਤੀਆਂ ਕਦੇ ਸੁੰਨੀ ਸਰਕਾਰਾਂ ਨੇ ਸ਼ੀਆ ਲੋਕਾਂ 'ਤੇ ਕੀਤੀਆਂ ਸਨ, ਜਾਪਦਾ ਸੀ ਹੁਣ ਸ਼ੀਆ ਉਸ ਦਾ ਬਦਲਾ ਲੈਣ ਲੱਗ ਪਏ ਸਨ। ਇਸ ਨਾਲ ਸੁੰਨੀ ਅਤਿਵਾਦ ਦਿਨੋ ਦਿਨ ਵਧਦਾ ਗਿਆ। ਸਾਡੇ ਪਿੰਡਾਂ ਦੇ ਆਲੇ ਦੁਆਲੇ ਦੇ ਸੁੰਨੀ ਲੋਕ, ਜੋ ਸ਼ੀਆ ਸਰਕਾਰ ਹੇਠਾਂ ਘੁਟਣ ਮਹਿਸੂਸ ਕਰ ਰਹੇ ਸਨ, ਉਹ ਦਿਲੋਂ ਇਨ੍ਹਾਂ ਅਤਿਵਾਦੀਆਂ ਦੇ ਹਮਦਰਦ ਸਨ।

ਅਗਸਤ 2007 ਦਾ ਉਹ ਦਿਨ ਬੜਾ ਭਿਅੰਕਰ ਸੀ, ਜਿਸ ਦਿਨ ਸਾਨੂੰ ਜ਼ਿੰਜਾਲ ਨੇ ਫੋਨ ਕੀਤਾ। ਉਸ ਨੇ ਦੱਸਿਆ ਕਿ ਸਿੰਜਾਰ ਦੇ ਨੇੜਲੇ ਦੋ ਸ਼ਹਿਰਾਂ-ਸੀਬਾ ਸ਼ੇਖ ਖ਼ੇਦਰ ਅਤੇ ਤਲ ਇਜ਼ੀਰ ਵਿਚ ਭਿਆਨਕ ਬੰਬ ਧਮਾਕੇ ਹੋਏ ਹਨ। ਇਹ ਦੋਵੇਂ ਸ਼ਹਿਰ ਜਾਜ਼ੀਦੀ ਲੋਕਾਂ ਦੀ ਬਹੁਗਿਣਤੀ ਵਾਲੇ ਸਨ। ਇਨ੍ਹਾਂ ਧਮਾਕਿਆਂ ਵਿਚ ਕੋਈ ਅੱਠ ਸੌ ਲੋਕ ਮੌਕੇ 'ਤੇ ਹੀ ਮਾਰੇ ਗਏ ਅਤੇ ਹਜ਼ਾਰਾਂ ਜ਼ਖਮੀ ਹੋ ਗਏ। ਧਮਾਕੇ ਇਕ ਟਰੱਕ ਅਤੇ ਤਿੰਨ ਕਾਰਾਂ ਨਾਲ ਆਤਮਘਾਤੀ ਬੰਬ ਧਮਾਕੇ ਸਨ। ਇਸ ਘਟਨਾ ਨਾਲ ਹਰ ਪਾਸੇ ਸਹਿਮ ਫੈਲ ਗਿਆ।

ਇਨ੍ਹੀਂ ਹੀ ਦਿਨੀਂ ਇਕ ਹੋਰ ਵੱਡੀ ਘਟਨਾ ਹੋ ਗਈ। ਮੋਸਲ ਨੇੜਲੇ ਕਿਸੇ ਪਿੰਡ ਦੀ ਇਕ ਜਾਜ਼ੀਦੀ ਪਰਿਵਾਰ ਨਾਲ ਸਬੰਧਤ ਲੜਕੀ ਦੀਆ ਖਲੀਲ ਨੇ ਸੁੰਨੀ ਮੁਸਲਮਾਨ ਮੁੰਡੇ ਨਾਲ ਨਿਕਾਹ ਕਰਵਾ ਲਿਆ। ਉਸ ਦੇ ਘਰ ਵਾਲੇ ਇਸ ਰਿਸ਼ਤੇ 'ਤੇ ਡਾਢੇ ਔਖੇ ਸਨ। ਜਾਜ਼ੀਦੀ ਧਰਮ ਵਿਚ ਤਾਂ ਇਹ ਸੰਭਵ ਹੀ ਨਹੀਂ ਸੀ, ਜੋ ਉਸ ਕੁੜੀ ਨੇ ਕਰ ਦਿੱਤਾ। ਉਸ ਦੇ ਮਾਪਿਆਂ ਨੇ ਇਸ ਰਿਸ਼ਤੇ ਨੂੰ ਅਣਖ ਦਾ ਸੁਆਲ ਬਣਾ ਲਿਆ। ਉਹ ਵਰਾ ਤਰਾ ਕੇ ਕੁੜੀ ਨੂੰ ਘਰ ਲੈ ਆਏ ਤੇ ਫਿਰ ਉਸ ਨੂੰ ਬੜੇ ਕੋਝੇ ਢੰਗ ਨਾਲ ਸ਼ਰੇਆਮ ਪੱਥਰ ਮਾਰ ਕੇ ਮਾਰ ਮੁਕਾਇਆ। ਇਸ ਘਟਨਾ ਨੂੰ ਸੁੰਨੀਆਂ ਨੇ ਆਪਣੀ ਅਣਖ ਦਾ ਸੁਆਲ ਬਣਾ ਲਿਆ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਕੁੜੀ ਨਿਕਾਹ ਪਿੱਛੋਂ ਮੁਸਲਮਾਨ ਬਣ ਗਈ ਸੀ। ਇਸ ਕਰਕੇ ਜਾਜ਼ੀਦੀਆਂ ਨੇ ਇਕ ਮੁਸਲਮਾਨ ਔਰਤ ਨੂੰ ਮਾਰਿਆ ਹੈ। ਆਲੇ ਦੁਆਲੇ ਦੇ ਪਿੰਡਾਂ ਵਿਚ ਸਹਿਮ ਫੈਲ ਗਿਆ। ਸੁੰਨੀ ਲੋਕ ਜਾਜ਼ੀਦੀਆਂ ਨੂੰ ਘੇਰ ਘੇਰ ਕੇ ਮਾਰਨ ਲੱਗੇ। ਸਕੂਲ ਕਾਲਜ, ਜੋ ਸੁੰਨੀ ਲੋਕਾਂ ਦੀ ਬਹੁਤਾਤ ਵਾਲੇ ਇਲਾਕੇ 'ਚ ਸਨ, ਬੰਦ ਹੋ ਗਏ।

ਜਾਜ਼ੀਦੀ ਆਪਣੇ ਬਚਾ ਲਈ ਲੁਕਣ ਲੱਗੇ, ਪਰ ਸਾਡੇ ਲਈ ਇਹ ਬੜੀ ਔਖੀ ਘੜੀ ਸੀ। ਹਰ ਕੋਈ ਸਾਡੇ ਖਿਲਾਫ ਬੋਲ ਰਿਹਾ ਸੀ ਪਰ ਅਸੀਂ ਆਪਣਾ ਪੱਖ ਕਿੱਥੇ ਦੱਸਦੇ, ਕਿਉਂਕਿ ਨਾ ਸਾਡਾ ਸਰਕਾਰ 'ਚ ਕੋਈ ਨੁਮਾਇੰਦਾ ਸੀ ਤੇ ਨਾ ਹੀ ਸਾਡੀ ਕਿਸੇ ਮੀਡੀਆ ਵਿਚ ਪੁੱਛ ਪੜਤਾਲ ਸੀ। ਹਰ ਪਾਸੇ ਜਾਜ਼ੀਦੀਆਂ ਦੀ ਮਾਰਾ ਮਾਰੀ ਹੋ ਰਹੀ ਸੀ। ਫਿਰ ਉਸ ਦਿਨ ਸਭ ਦੇ ਹੋਸ਼ ਉਡ ਗਏ ਜਦੋਂ ਮੋਸਲ ਸ਼ਹਿਰ ਤੋਂ ਵਾਪਸ ਆ ਰਹੀ ਇਕ ਬੱਸ ਨੂੰ ਸੁੰਨੀ ਅਤਿਵਾਦੀਆਂ ਨੇ ਰੋਕ ਕੇ ਸਾਰੀਆਂ ਸਵਾਰੀਆਂ ਨੂੰ ਮਾਰ ਮੁਕਾਇਆ। ਮਾਰੇ ਗਏ ਸਭ ਲੋਕ ਜਾਜ਼ੀਦੀ ਸਨ। ਇਸ ਵੇਲੇ ਕੋਈ ਵੀ ਸਾਡੇ ਬਚਾਅ ਲਈ ਅੱਗੇ ਨਾ ਆਇਆ। ਜਦੋਂ ਕਿਸੇ ਨੇ ਵੀ ਸਾਡੀ ਬਾਂਹ ਨਾ ਫੜ੍ਹੀ ਤਾਂ ਅਸੀਂ ਖੁਦ ਹੀ ਆਪਣੇ ਪਿੰਡਾਂ ਦੀ ਰਾਖੀ ਦਾ ਜ਼ਿੰਮਾ ਉਠਾਇਆ।



ਅਮਰੀਕੀ ਹੱਲੇ ਪਿੱਛੋਂ ਇਰਾਕ ਵਿਚੋਂ ਸੱਦਾਮ ਹੁਸੈਨ ਦੇ ਰਾਜ ਦਾ ਖਾਤਮਾ।

ਪਿੰਡ ਨੂੰ ਆਉਂਦੀਆਂ ਸੜਕਾਂ 'ਤੇ ਪਹਿਰਾ ਲਾ ਦਿੱਤਾ, ਪਰ ਉਦੋਂ ਨੂੰ ਇਹ ਨਫਰਤ ਦੀ ਅੱਗ ਹੋਰ ਕਈ ਪਿੰਡਾਂ ਵਿਚ ਜਾ ਲੱਗ ਲੈ ਗਈ।

ਇਸ ਅਤਿਵਾਦ ਨੂੰ ਵੇਖਦਿਆਂ ਅਮਰੀਕਨਾਂ ਨੇ ਫੌਜ ਵਧਾ ਦਿੱਤੀ। ਅਮਰੀਕਨ, ਅਤਿਵਾਦੀਆਂ ਨੂੰ ਮਾਰਨ ਲੱਗੇ ਤਾਂ ਉਹ ਵੀ ਅੱਗੋਂ ਬੜੇ ਜ਼ੋਰ ਨਾਲ ਲੜਨ ਲੱਗੇ। ਇਸ ਨਾਲ ਜਾਜ਼ੀਦੀ ਲੋਕਾਂ ਦਾ ਕੁਝ ਫਾਇਦਾ ਹੋ ਗਿਆ। ਅਤਿਵਾਦੀਆਂ ਦਾ ਜਾਜ਼ੀਦੀ ਲੋਕਾਂ ਵਲੋਂ ਧਿਆਨ ਹਟ ਗਿਆ ਤੇ ਸਿੱਧੀ ਲੜਾਈ ਅਮਰੀਕਨਾਂ ਨਾਲ ਹੋ ਗਈ। ਨਿੱਤ ਦੀ ਇਸ ਮਾਰ ਮਰਾਈ ਵਿਚ ਬਹੁਤ ਲੋਕਾਂ ਦੀਆਂ ਜਾਨਾਂ ਗਈਆਂ, ਪਰ ਇਰਾਕ ਦੀ ਸ਼ੀਆ ਸਰਕਾਰ 'ਤੇ ਕੋਈ ਅਸਰ ਨਾ ਹੋਇਆ। ਉਨ੍ਹਾਂ ਨੇ ਸੁੰਨੀਆਂ ਨੂੰ ਉਵੇਂ ਹੀ ਅੱਖੋਂ ਪਰੋਖੇ ਕਰਨਾ ਜਾਰੀ ਰੱਖਿਆ। ਜਦੋਂ ਅਮਰੀਕਨ ਉਤੋਂ ਦੀ ਹੋ ਗਏ ਤਾਂ ਜ਼ਿਆਦਾ ਅਤਿਵਾਦੀ ਤਕਰੀਬਨ ਮਾਰੇ ਗਏ, ਪਰ ਜੋ ਬਚੇ ਉਹ ਸੁੰਨੀ ਬਹੁਤਾਤ ਵਾਲੇ ਪਿੰਡਾਂ ਵਿਚ ਜਾ ਲੁਕੇ। ਸਿਆਣੇ ਲੋਕ ਉਦੋਂ ਹੀ ਸਮਝ ਗਏ ਸਨ ਕਿ ਇਹ ਪਰੋਸ਼ ਹੋਏ ਅਤਿਵਾਦੀ, ਅੱਗ ਦੇ ਬੀਜ ਹਨ ਜੋ ਫਿਰ ਕਦੇ ਉਗਣਗੇ। ਇਕ ਵਾਰੀ ਮਾਰਾ ਮਾਰੀ ਘੱਟ ਗਈ। ਵਕਤ ਦਾ ਪਹੀਆ ਘੁੰਮਦਾ ਰਿਹਾ। ਫੇਰ ਅਤਿਵਾਦ ਦੀ ਅਗਲੀ ਹਨੇਰੀ ਕਿਸੇ ਹੋਰ ਪਾਸਿਉਂ ਉਠੀ।

ਸਾਲ ਦੋ ਹਜ਼ਾਰ ਦਸ ਦੇ ਅਖੀਰ ਵਿਚ 'ਅਰਬ ਸਮਰ' ਨਾਂ ਹੇਠ ਲਹਿਰ ਉਠ ਖੜੋਤੀ। ਟਿਊਨਿਸ਼ੀਆ ਤੋਂ ਸ਼ੁਰੂ ਹੋਈ ਯਮਨ, ਲਿਬੀਆ, ਬਹਿਰੀਨ ਅਤੇ ਹੋਰ ਛੋਟੇ ਮੁਲਕਾਂ 'ਚ ਹੁੰਦੀ ਹੋਈ ਇਹ ਲਹਿਰ ਅਗਲੇ ਸਾਲ ਦੇ ਸ਼ੁਰੂ ਤੱਕ ਸੀਰੀਆ ਪਹੁੰਚ ਗਈ। ਸ਼ੁਰੂ ਵਿਚ ਸੀਰੀਆ 'ਚ ਇਹ ਆਮ ਜਿਹਾ ਮੁਜਾਹਰਾ ਸੀ, ਪਰ ਹੌਲੀ ਹੌਲੀ ਇਹ ਮਜ਼ਬੂਤ ਹੁੰਦੀ ਗਈ। ਅਖੀਰ ਇਹ ਘਰੋਗੀ ਖਾਨਾਜੰਗੀ ਬਣ ਗਈ। ਵਿਰੋਧੀ ਧਿਰ ਵਲੋਂ ਇਹ ਲਹਿਰ ਅਤਿਵਾਦੀਆਂ ਦੇ ਹੱਥ ਆ ਚੁਕੀ ਸੀ, ਜੋ ਆਪਣੇ ਆਪ ਨੂੰ ਆਈ. ਐਸ. ਆਈ. ਐਸ. ਕਹਾਉਂਦੇ ਸਨ। ਉਂਜ ਆਈ. ਐਸ. ਆਈ. ਐਸ. ਨਾਮੀ ਜਥੇਬੰਦੀ ਸ਼ੁਰੂ ਇਰਾਕ ਤੋਂ ਹੋਈ ਸੀ। ਸਾਲ ਦੋ ਹਜ਼ਾਰ ਤਿੰਨ ਵਿਚ ਸੱਦਾਮ ਹੁਸੈਨ ਦੀ ਬਾਥ ਪਾਰਟੀ ਵਾਲੀ ਸਰਕਾਰ ਖਤਮ ਹੋ ਗਈ ਸੀ। ਛੋਟੇ ਵੱਡੇ ਫੌਜੀ ਅਫਸਰ ਅਤੇ ਹੋਰ ਸੁੰਨੀ ਸਰਕਾਰੀ ਅਫਸਰ ਘਰਾਂ ਨੂੰ ਤੋਰ ਦਿੱਤੇ ਗਏ ਸਨ। ਪਹਿਲਾਂ ਉਹ ਅਤਿਵਾਦ ਦੀ ਗੁਪਤ ਤੌਰ 'ਤੇ ਮੱਦਦ ਕਰਦੇ ਰਹੇ। ਪਰ ਜਦੋਂ ਅਰਬ ਸਮਰ ਸ਼ੁਰੂ ਹੋਈ ਤਾਂ ਇਨ੍ਹਾਂ ਲੋਕਾਂ ਨੇ ਇਸਲਾਮਕ ਸਟੇਟ ਆਫ ਇਰਾਕ ਲੀਵੈਂਟ ਨਾਂ ਦੀ ਜਥੇਬੰਦੀ ਬਣਾ ਲਈ। ਜਦੋਂ ਸੀਰੀਆ ਵਿਚ ਖਾਨਾਜੰਗੀ ਸ਼ੁਰੂ ਹੋ ਗਈ ਤਾਂ ਉਥੇ ਦੇ ਸੁੰਨੀ ਅਤਿਵਾਦੀਆਂ ਨੇ ਇਸ ਜਥੇਬੰਦੀ ਨਾਲ ਤਾਲਮੇਲ ਕਰਦਿਆਂ ਉਥੇ ਵੀ ਇਸੇ ਵਰਗੀ ਪਾਰਟੀ ਬਣਾ ਲਈ। ਉਨ੍ਹਾਂ ਇਸ ਦਾ ਨਾਂ ਰੱਖਿਆ ਇਸਲਾਮਕ ਸਟੇਟ ਆਫ ਇਰਾਕ ਐਂਡ ਸੀਰੀਆ ਯਾਨਿ ਆਈ. ਐਸ. ਆਈ. ਐਸ.। ਪਿੱਛੋਂ ਜਾ ਕੇ ਇਹ ਜਥੇਬੰਦੀ ਸਿਰਫ ਇਸਲਾਮਕ ਸਟੇਟ ਹੀ ਅਖਵਾਈ।

ਜਦੋਂ ਸੀਰੀਆ ਅੰਦਰ ਇਨ੍ਹਾਂ ਦਾ ਪੂਰਾ ਜ਼ੋਰ ਹੋ ਗਿਆ ਤਾਂ ਇਰਾਕ ਵਲ ਵੀ ਇਸ ਨੇ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। ਛੁਪ ਕੇ ਬੈਠੇ ਸਭ ਇਰਾਕੀ ਸੁੰਨੀ ਲੜਾਕੇ ਇਸ ਵਿਚ ਸ਼ਾਮਲ ਹੋ ਗਏ। ਸੀਰੀਆ ਵਾਲੇ ਪਾਸੇ ਦੀ ਸਰਹੱਦ ਤੋਂ ਇਸ ਨੇ ਜਿੱਤਾਂ ਸ਼ੁਰੂ ਕੀਤੀਆਂ। ਇਰਾਕੀ ਸ਼ੀਆ ਸਰਕਾਰ ਦੀ ਫੌਜ ਨੂੰ ਇਹ ਹਰਾਉਂਦੇ ਚਲੇ ਗਏ। ਇਸਲਾਮਕ ਸਟੇਟ ਵਾਲਿਆਂ ਵਿਚ ਬਹੁਤ ਜੋਸ਼ ਸੀ। ਬਹੁਤੇ ਇਲਾਕੇ ਤਾਂ ਸ਼ੀਆ ਫੌਜ ਉਂਜ ਹੀ ਛੱਡ ਕੇ ਭੱਜ ਗਈ। ਅੱਗੇ ਤੋਂ ਅੱਗੇ ਵਧਦੇ ਇਸਲਾਮਕ ਸਟੇਟ ਵਾਲੇ ਮੋਸਲ ਤੱਕ ਆ ਪਹੁੰਚੇ। ਮੋਸਲ ਦੇ ਕਬਜ਼ੇ ਲਈ ਉਨ੍ਹਾਂ ਅਤੇ ਇਰਾਕੀ ਫੌਜਾਂ ਵਿਚਾਲੇ ਬੜੀ ਭਿਆਨਕ ਜੰਗ ਹੋਈ,



ਆਈ.ਐਸ.ਆਈ.ਐਸ. ਦਾ ਝੰਡਾ ਜਿਸ ਨੇ ਜਾਜ਼ੀਦੀਆਂ ਉਤੇ ਸੱਦਾਮ ਹੁਸੈਨ ਨਾਲੋਂ ਵੀ ਵੱਧ ਜ਼ੁਲਮ ਢਾਹੇ।

ਪਰ ਆਖਰ ਜਿੱਤ ਇਸਲਾਮਕ ਸਟੇਟ ਵਾਲਿਆਂ ਦੀ ਹੀ ਹੋਈ। ਇੱਥੇ ਕਬਜ਼ੇ ਪਿੱਛੋਂ ਉਨ੍ਹਾਂ ਮੋਸਲ ਨੂੰ ਆਪਣੀ ਰਾਜਧਾਨੀ ਬਣਾ ਲਿਆ। ਇਸ ਦੇ ਨਾਲ ਹੀ ਉਨ੍ਹਾਂ ਖਲਾਫਤ ਕਾਇਮ ਕਰਦਿਆਂ ਖਲੀਫਾ ਮੁਕੱਰਰ ਕਰ ਦਿੱਤਾ। ਨਾਲ ਹੀ ਇਨ੍ਹਾਂ ਦੁਨੀਆਂ ਭਰ ਦੇ ਮੁਸਲਮਾਨਾਂ ਨੂੰ ਹੋਕਾ ਦਿੱਤਾ ਕਿ ਖਲਾਫਤ ਕਾਇਮ ਹੋ ਚੁਕੀ ਹੈ ਤੇ ਤੁਸੀਂ ਵੀ ਇਸ 'ਚ ਸ਼ਾਮਲ ਹੋਵੋ। ਇਸਲਾਮਕ ਸਟੇਟ ਦਾ ਨਾਅਰਾ ਸੀ ਕਿ ਸਾਰੀ ਦੁਨੀਆਂ ਨੂੰ ਖਲਾਫਤ ਵਿਚ ਸ਼ਾਮਲ ਕਰਨਾ ਅਤੇ ਸ਼ਰੀਅਤ ਲਾਗੂ ਕਰਨਾ ਹੈ।

ਸ਼ਰੀਅਤ ਲਾਅ ਐਲਾਨਦਿਆਂ ਹੀ ਘੱਟ ਗਿਣਤੀਆਂ 'ਤੇ ਜ਼ੁਲਮ ਸ਼ੁਰੂ ਹੋ ਗਏ। ਸ਼ੀਆ ਲੋਕਾਂ ਨੂੰ ਫੜ੍ਹ ਫੜ੍ਹ ਕੇ ਮੌਤ ਦੇ ਘਾਟ ਉਤਾਰਿਆ ਗਿਆ। ਫਿਰ ਉਨ੍ਹਾਂ ਹੋਰ ਭਾਈਚਾਰਿਆਂ 'ਤੇ ਵੀ ਜ਼ੁਲਮ ਸ਼ੁਰੂ ਕਰ ਦਿੱਤੇ। ਜਾਜ਼ੀਦੀਆਂ 'ਤੇ ਉਹ ਸ਼ੀਆ ਨਾਲੋਂ ਵੀ ਵੱਧ ਜ਼ੁਲਮ ਕਰਨ ਲੱਗੇ, ਕਿਉਂਕਿ ਜਾਜ਼ੀਦੀਆਂ ਨੂੰ ਉਹ ਕਾਫਰ ਮੰਨਦੇ ਸਨ। ਅਸੀਂ ਰੋਜ਼ ਜ਼ੁਲਮਾਂ ਦੀਆਂ ਗੱਲਾਂ ਸੁਣਦੇ ਤੇ ਡਰ ਨਾਲ ਕੰਬਦੇ, ਪਰ ਸਾਨੂੰ ਲੱਗਦਾ ਸੀ ਕਿ ਉਹ ਸਾਡੇ ਪਿੰਡ ਤੱਕ ਨਹੀਂ ਪਹੁੰਚਣਗੇ। ਕਿਉਂਕਿ ਅਸੀਂ ਕੁਰਦਸਤਾਨ ਦੀ ਹੱਦ 'ਤੇ ਪੈਂਦੇ ਸੀ ਅਤੇ ਕੁਰਦ ਸਰਕਾਰ ਨੇ ਸਾਡੀ ਸੁਰੱਖਿਆ ਦਾ ਪੂਰਾ ਯਕੀਨ ਦਿਵਾਇਆ ਸੀ।

(ਚਲਦਾ)

## ...ਮੀ ਟੂ!

ਮੈਂ ਕਿਸੇ ਦੀ ਧੀ ਨਹੀਂ, ਨਾ ਹੀ ਕਿਸੇ ਦੀ ਭੈਣ ਹਾਂ। ਧੀ ਦਾ ਰਿਸ਼ਤਾ ਤਾਂ ਮਾਪਿਆਂ ਉਸੇ ਦਿਨ ਖਤਮ ਕਰ ਦਿੱਤਾ ਸੀ, ਜਦੋਂ ਕੁਝ ਹਜ਼ਾਰ ਰੁਪਏ ਲੈ ਅਧਖੜ ਉਮਰ ਦੇ ਬੰਦੇ ਨਾਲ ਤੋਰ ਦਿੱਤਾ ਸੀ। ਮੈਂ ਉਸ ਬਾਰਾਂ-ਤੇਰਾਂ ਸਾਲ ਦੀ ਖੇਡਣ ਦੀ ਉਮਰੇ ਅਣਜਾਣੇ ਰਾਹੀਂ ਤੋਰ ਦਿੱਤੀ ਗਈ। 'ਧੰਦੇ' ਵਾਲੀ ਨੂੰ ਭੈਣ ਕਹਿਣੋਂ ਕੋਈ ਰਿਹਾ, ਮੇਰੇ ਨਾਲ ਸਭ ਦਾ ਇੱਕੋ ਰਿਸ਼ਤਾ, 'ਗਾਹਕ ਦਾ'।

ਜਦੋਂ ਨਵੀਂ-ਨਵੀਂ ਇਸ ਥਾਂ ਆਈ ਸਾਂ ਤਾਂ ਕਿਸੇ ਰਾਖਵੀਂ ਸੀਟ ਵਾਂਗੂੰ ਖਾਸ ਲੋਕਾਂ ਲਈ ਰਾਖਵੀਂ ਹੁੰਦੀ ਸੀ, ਕੱਚੀ ਉਮਰ ਉਚਾ ਮੁੱਲ। ਮੇਰੇ ਗਾਹਕ ਨੇਤਾ, ਮੋਟੇ ਢਿੱਡਾਂ ਵਾਲੇ ਅਮੀਰ, ਧਰਮ ਦੇ ਠੇਕੇਦਾਰ ਹੁੰਦੇ ਸਨ। ਪਹਿਲਾਂ-ਪਹਿਲ ਤਾਂ ਰੋਈ ਕੁਰਲਾਈ, ਹੱਥ ਜੋੜੇ, ਪਰ ਸ਼ਿਕਾਰੀ ਕਦੋਂ ਸ਼ਿਕਾਰ ਦੇ ਤਰਲੇ ਸੁਣਦਾ। ਮੇਰਾ ਨਾਮ ਵੀ ਮੇਰਾ ਆਪਣਾ ਨਹੀਂ...ਸ਼ਬਨਮ, ਸ਼ੀਲਾ, ਹੈਰੀ। ਹਰ ਨਵੇਂ ਟਿਕਾਣੇ, ਨਵਾਂ ਨਾਮ।

ਮੈਂ ਇਸ ਕੰਮ ਨੂੰ ਕਦੇ ਸਵੀਕਾਰਿਆ ਨਹੀਂ, ਖਹਿੜਾ ਛੁਡਾਉਣ ਲਈ ਹੱਥ ਪੈਰ ਵੀ ਮਾਰੇ, ਪਰ ਮੇਰੇ ਲਈ ਧਰਤੀ ਗੋਲ ਹੀ ਰਹੀ। ਇੱਕ ਵਾਰ ਇੱਥੋਂ ਭੱਜ ਨਿਕਲੀ, ਹਰ ਘਰ ਦਾ ਦਰਵਾਜਾ ਖੜਕਾਇਆ। ਔਰਤਾਂ ਨੂੰ ਆਪਣੀ ਕਹਾਣੀ ਦੱਸ ਨਰਕ ਵਿਚੋਂ ਕੱਢਣ ਲਈ ਤਰਲੇ ਪਾਏ। ਬਰਤਨ ਅਤੇ ਸਫਾਈ ਲਈ ਮਿੰਨਤਾਂ ਕੀਤੀਆਂ। 'ਗੰਦ ਤੋਂ ਸਫਾਈ?' ਕਹਿ ਦਰਵਾਜਾ ਬੰਦ ਹੋ ਗਿਆ। ਉਨ੍ਹਾਂ ਦੇ ਮਰਦਾਂ ਨੇ ਫੜ੍ਹ ਫਿਰ ਨਵੇਂ ਟਿਕਾਣੇ ਪਹੁੰਚਾ ਦਿੱਤਾ। ਉਨ੍ਹਾਂ ਔਰਤਾਂ ਮੁਤਾਬਕ ਮੈਂ ਇਹ ਕੰਮ ਆਪਣੀ ਇੱਛਾ ਨਾਲ ਕਰਦੀ ਹਾਂ, ਪਰ ਮੇਰੀਆਂ ਇੱਛਾਵਾਂ ਤਾਂ ਉਸ ਦਿਨ ਹੀ ਲੋਹੇ ਦੇ ਚੱਕਿਆਂ ਥੱਲੇ ਮਸਲੀਆਂ ਗਈਆਂ ਸਨ, ਜਦੋਂ ਜੰਮਣ ਵਾਲਿਆਂ ਹੀ ਧ੍ਰੋਹ ਕਮਾਇਆ। ਮੇਰਾ ਵਿਰੋਧ ਤਾਂ ਅੰਦਰ ਹੀ ਦਬ ਕੇ ਰਹਿ ਗਿਆ ਸੀ।

ਦੂਜੀ ਵਾਰ ਫਿਰ ਹੌਸਲਾ ਕਰ ਜਾਨ ਖਤਰੇ ਵਿਚ ਪਾ ਉਚੀਆਂ ਕੰਧਾਂ ਲੰਘ ਸਿੱਧੀ ਪੁਲਿਸ ਚੌਕੀ ਪੁੱਜ ਆਪਣੀ ਗਾਥਾ ਸੁਣਾਈ ਅਤੇ ਰਿਹਾਈ ਵਾਸਤੇ ਹੱਥ ਜੋੜੇ। ਉਨ੍ਹਾਂ ਕੁਝ ਦਿਨ ਆਪਣੇ ਗੁਪਤ ਟਿਕਾਣਿਆਂ 'ਤੇ ਰੱਖ ਮਨ ਖੁਸ਼ ਕੀਤਾ, ਜਦੋਂ ਜੀਅ ਭਰ ਗਿਆ, ਦਲਾਲੀ ਖਰੀ ਕਰ ਨਵੇਂ ਟਿਕਾਣੇ ਪਹੁੰਚਾ ਦਿੱਤਾ। ਹੁਣ ਤਾਂ ਆਪਣੀ ਕਿਸਮਤ ਮੰਨ ਸਮਝੌਤਾ ਕਰ ਲਿਆ, ਭਾਵੇਂ ਦਿਲ ਕਦੇ ਕਦੇ ਉਛਲ ਪੈਂਦੈ, ਆਪਣਾ ਵਿਰੋਧ ਜਤਾਉਣ ਲਈ। ਮੈਂ ਕਿੱਥੇ, ਕਿਸ ਨੂੰ ਆਖਾਂ...ਮੀ ਟੂ।

-ਗੁਰਮੀਤ ਸਿੰਘ ਮਰਾੜ੍ਹ

## ਗਦਰ ਦੀਆਂ ਗੱਲਾਂ

# ਦੇਸ਼ਘਾਤੀ ਦੀ ਜ਼ਿੰਦਗੀ

***ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਬਹੁਤ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਗਦਰ ਲਹਿਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਅਹਿਮ ਪੰਨਾ ਹੈ। ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਕਿਸ ਤਰ੍ਹਾਂ ਦੀ ਸਰਗਰਮੀ ਅੰਗਰੇਜ਼ ਹਕੂਮਤ ਖਿਲਾਫ ਹੋ ਰਹੀ ਸੀ, ਉਸ ਦਾ ਜ਼ਿਕਰ 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਉਸ ਵਕਤ ਕੈਨਡਾ ਤੋਂ ਛਪਦੇ ਰਹੇ ਦੋ ਪਰਚਿਆਂ 'ਸੁਦੇਸ਼ ਸੇਵਕ' ਤੇ 'ਸੰਸਾਰ' ਵਿਚ ਛਪੀਆਂ ਲਿਖਤਾਂ ਰਾਹੀਂ ਪੜ੍ਹਿਆ। ਹੁਣ ਅਮਰੀਕਾ ਤੋਂ ਛਪਦੇ 'ਗਦਰ' ਵਿਚ ਛਪੀਆਂ ਲਿਖਤਾਂ ਦੀ ਲੜੀ ਛਾਪੀ ਜਾ ਰਹੀ ਹੈ। ਇਸ ਅੰਕ ਤੋਂ 'ਗਦਰ' ਵਿਚ ਛਪੇ ਫੁਟਕਲ ਲੇਖਾਂ ਦੀ ਲੜੀ ਸ਼ੁਰੂ ਕੀਤੀ ਜਾ ਰਹੀ ਹੈ। ਇਨ੍ਹਾਂ ਲੇਖਾਂ ਵਿਚੋਂ ਗਦਰੀਆਂ ਦੇ ਸਿਦਕ, ਸਿਰੜ ਅਤੇ ਸੁੱਚੀ ਸੋਚ ਦੇ ਝਲਕਾਰੇ ਮਿਲਦੇ ਹਨ ਅਤੇ ਉਸ ਵੇਲੇ ਆਜ਼ਾਦੀ ਲਈ ਉਠ ਰਹੇ ਵਲਵਲਿਆਂ ਦਾ ਪਤਾ ਲਗਦਾ ਹੈ। -ਸੰਪਾਦਕ***

*(ਦਸੰਬਰ 1913 ਨੂੰ ਛਪਿਆ ਲੇਖਕ ਭਾਰਦਵਾਜ)*

ਆਦਮੀ ਤੇ ਡੰਗਰ ਵਿਚ ਕੀ ਫਰਕ ਹੈ? ਆਦਮੀ ਆਪਣੀ ਜਾਤ, ਆਪਣੇ ਕਬੀਲੇ, ਆਪਣੀ ਕੌਮ ਤੇ ਵਤਨ ਦੀ ਇੱਜਤ ਦਾ ਖਿਆਲ ਰੱਖਦਾ ਹੈ, ਪਰੰਤੂ ਪਸ਼ੂ ਮਾਮੂਲੀ ਸਿਰਫ ਰੋਟੀ ਦੀ ਖਾਤਿਰ ਆਪਣੀ ਕੌਮ ਤੋਂ ਘ੍ਰਿਣਾ ਕਰਦਾ ਹੈ। ਨਹੀਂ ਨਹੀਂ ਪਸ਼ੂ ਮਾਮੂਲੀ ਘਾਸ ਫੂਸ ਖਾ ਕੇ ਆਦਮੀ ਦੀ ਖਾਤਿਰ ਕੰਮ ਕਰਦਾ ਹੈ। ਕੀ ਆਦਮੀ ਜਿਹੜਾ ਕੌਮ ਘਾਤੀ ਹੋਵੇ, ਕੌਮ ਖਾਤਿਰ ਕੀਤੀ ਦੀ ਰੀਸ ਕਰ ਸਕਦਾ ਹੈ, ਕਦੇ ਨਹੀਂ? ਬਸ ਉਹ ਆਦਮੀ ਜਿਹੜਾ ਦਸ ਪੰਦਰਾਂ ਡਾਲਰਾਂ ਦੀ ਖਾਤਿਰ ਆਪਣੀ ਕੌਮ ਦੇ ਬਰਖਿਲਾਫ ਆਪਣੀ ਕੌਮ ਦੇ ਦੁਸ਼ਮਣਾਂ ਕੋਲ ਜ਼ਹਿਰ ਉਗਲਦਾ ਹੈ, ਉਹ ਗਧੇ, ਟੱਟੂ, ਊਠ ਅਤੇ ਕੀੜੀਆਂ ਤੋਂ ਭੀ ਬੁਰਾ ਹੈ? ਉਹ ਆਪਣੇ ਮਨੁੱਖ ਜਾਤੀ ਤੇ ਜਾਮੇ ਨੂੰ ਪਲੀਤ ਕਰਦਾ ਹੈ। ਮਨੁੱਖੀ ਜਨਮ ਪਾ ਕੇ ਭੀ ਉਹ ਅਪਰਾਧੀ ਆਪਣੇ ਹੱਥਾਂ ਨਾਲ ਆਪਣੀ ਖਾਤਿਰ ਮੁਸੀਬਤ ਦੇ ਸਾਮਾਨ ਇਕੱਠੇ ਕਰਦਾ ਹੈ।

ਪੈਸਾ ਆਦਮੀ ਦੇ ਹੱਥਾਂ ਦੀ ਮੈਲ ਹੈ। ਫੇਰ ਉਸ ਦੌਲਤ ਦੀ ਖਾਤਿਰ ਆਪਣੀ ਕੌਮ ਦੇ ਮਹਾਂਪੁਰਸ਼ਾਂ ਦੇ ਬਰਖਿਲਾਫ ਚੁਗਲੀ ਕਰਨਾ ਕਿਹੋ ਜਿਹਾ ਨੀਚ ਕੰਮ ਹੈ ਅਤੇ ਗਵਰਨਮੈਂਟ ਤੋਂ ਇਵੇਂ ਫੋਕੇ ਕਿਤਾਬਾਂ ਦੀ ਖਾਤਿਰ ਕੌਮ ਦੇ ਸ਼ਹੀਦਾਂ ਦੀ ਨਿੰਦਿਆ ਕਰਨਾ ਮਹਾਂਪਾਪ ਹੈ। ਦੇਸ਼ਘਾਤੀ ਨੂੰ ਰੁਪਏ ਤਾਂ ਮਿਲ ਜਾਂਦੇ ਹਨ, ਪਰ ਰੁਪਏ ਦੇਣ ਵਾਲੇ, ਦੇਸ਼ਘਾਤੀ ਨੂੰ ਕੁੱਤਾ ਸਮਝਦੇ ਹਨ। ਉਹ ਜਾਣਦੇ ਹਨ ਕਿ ਜਿਸ ਆਦਮੀ ਨੇ ਆਪਣੀ ਕੌਮ ਦਾ ਭਲਾ ਨਹੀਂ ਕੀਤਾ, ਪਰਾਈ ਕੌਮ ਦਾ ਕਿਸ ਤਰ੍ਹਾਂ ਭਲਾ ਕਰ ਸਕਦਾ ਹੈ।

ਉਹ ਸਾਡਾ ਦੋਸਤ ਕਿਸ ਤਰ੍ਹਾਂ ਬਣ ਸਕਦਾ ਹੈ, ਜੋ ਦੇਸ਼ ਨੂੰ ਥੋੜ੍ਹੇ ਰੁਪਏ ਦੇ ਕੇ ਭਾੜੇ ਦੇ ਟੱਟੂ ਵਾਂਗ ਆਪਣਾ ਕੰਮ ਕੱਢ ਲਵੇ? ਮਗਰੋਂ ਛਿੱਤਰ ਮਾਰ ਕੇ ਕੱਢ ਦੇਵੇ। ਸਾਰੇ ਰਾਣੇ ਬਾਂਦਰ ਖਾਨ ਬਾਂਦਰਾਂ ਤੇ ਸਰਦਾਰ ਬਾਂਦਰ। ਜੰਗਲੀ ਬੇਵਕੂਫ ਤੇ ਬੇਸ਼ਹੂਰ ਸਮਝਦੇ ਹਨ। ਰਾਜ ਕਰਨ ਵਾਲੇ ਬੜੇ ਚਾਲਾਕ ਹੁੰਦੇ ਹਨ। ਉਹ ਦੇਸ਼ਘਾਤੀ ਕੁੱਤਿਆਂ ਅੱਗੇ ਰੋਟੀ ਦਾ ਟੁਕੜਾ ਪਾ ਕੇ ਆਪਣਾ ਕੰਮ ਕੱਢਦੇ ਹਨ। ਭਲਾ ਕਿਸੇ ਅੰਗਰੇਜ਼ ਦੇ ਨਾਂ 'ਬਹਾਦਰ' ਦੇ ਖਿਤਾਬ ਦੀ ਪੂਛ ਦੇਖੀ ਹੈ? ਫੇਰ ਉਹ ਦੇਸ਼ਘਾਤੀ ਹਿੰਦੁਸਤਾਨੀਆਂ ਨੂੰ ਹੀ ਬਹਾਦਰ ਤੇ 'ਆਨਰੇਬਲ' ਦੇ ਨਾਂ ਦਿੰਦੇ ਹਨ। ਅਸਲ ਵਿਚ ਇਹ ਜਾਣਦੇ ਹਨ ਕਿ 'ਬਹਾਦਰ' ਨਹੀਂ ਹਨ। ਜੇ ਬਹਾਦਰ ਹੁੰਦੇ ਤਾਂ ਸਾਨੂੰ ਹਿੰਦੁਸਤਾਨ ਵਿਚ ਪੈਰ ਕਿਉਂ ਧਰਨ ਦਿੰਦੇ, ਹਾਂ ਇਹ 'ਬਾਂਦਰ' ਹਨ। ਸਾਡੇ ਕਹਿਣ 'ਤੇ ਨੱਚਦੇ ਹਨ। ਜਿਸ ਤਰ੍ਹਾਂ ਸਾਹਿਬ ਲੋਕ ਹੁਕਮ ਕਰਦਾ ਹੈ, ਉਸੇ ਤਰ੍ਹਾਂ ਇਹ ਲੋਕ ਸਿਰ ਤੇ ਮੱਥਾ ਰਗੜ ਕੇ ਉਸ ਨੂੰ ਮੰਨਦੇ ਹਨ।

ਜਿਹੜੇ ਲੋਕ ਆਪਣੇ ਦੇਸ਼ ਵਿਚ ਆਪਣੀ ਇੱਜਤ ਨਹੀਂ ਬਚਾ ਸਕਦੇ, ਜਿਨ੍ਹਾਂ ਨੂੰ ਗੋਰੇ ਮਾਰ ਕੇ ਕਹਿ ਦਿੰਦੇ ਹਨ ਕਿ ਆਪੇ ਮਰ ਗਿਆ ਹੈ, ਇਸ ਨੂੰ ਬੁਖਾਰ ਸੀ। ਜਿਨ੍ਹਾਂ ਦੇ ਦੇਸ਼ ਵਿਚ ਉਨ੍ਹਾਂ ਦੀਆਂ ਔਰਤਾਂ ਦੀ ਇੱਜਤ ਨਹੀਂ ਬਚ ਸਕਦੀ ਅਤੇ ਬਾਹਰ ਉਨ੍ਹਾਂ ਦੇ ਛਿੱਤਰ ਪੈਂਦੇ ਹਨ, ਭਲਾ ਉਹ ਲੋਕ 'ਆਨਰੇਬਲ' ਹਨ। ਆਨਰ ਦਾ ਮਤਲਬ ਹੈ ਕਿ ਇੱਜਤ ਤੇ ਬੈਲ ਜਿਹੜਾ ਬੈਲ ਹੱਥ ਗੱਡੀ ਤੇ ਹੋਰ ਕੰਮਾਂ ਦੀ ਖਾਤਿਰ ਰੱਖਿਆ ਜਾਂਦਾ ਹੈ। ਇਹ ਅੰਗਰੇਜ਼ਾਂ ਦੀ ਇੱਜ਼ਤ ਦੀ ਗੱਡੀ ਨੂੰ ਖਿੱਚਣ ਵਾਲੇ ਹਨ। ਅੰਗਰੇਜ਼ ਹਿੰਦੁਸਤਾਨੀ ਰਹੀਸਾਂ, ਮਰਹੱਟੇ, ਬ੍ਰਾਹਮਣਾਂ, ਪਠਾਣਾਂ ਤੇ ਸਿੱਖ ਸਰਦਾਰਾਂ ਨੂੰ 'ਬਾਂਦਰ' 'ਬੈਲ' ਆਖਦੇ ਹਨ। ਪਰ ਕਿਸੇ ਦੇ ਵਿਚ ਇਹ ਤਾਕਤ ਨਹੀਂ ਕਿ ਇਨ੍ਹਾਂ ਬਦਮਾਸ਼ਾਂ ਨੂੰ ਕੰਨੋ ਫੜ੍ਹ ਕੇ ਬਾਹਰ ਕੱਢ ਦੇਵੇ ਅਤੇ ਪੂਰੀ ਕੌਮ ਨੂੰ ਜ਼ੁਲਮ ਦੀ ਸਿੱਖਿਆ ਦੇਵੇ।

ਵੇਖੋ, ਇਹ ਮਨਘੜਤ ਗੱਲਾਂ ਨਹੀਂ ਹਨ। ਅੰਗਰੇਜ਼ ਇਨ੍ਹਾਂ ਖਾਨ ਬਹਾਦਰ, ਸਰਦਾਰ ਬਹਾਦਰਾਂ ਨੂੰ ਸਚਮੁੱਚ ਉੱਲੂ ਸਮਝਦੇ ਹਨ। ਲਉ, ਇਕ ਅੰਗਰੇਜ਼ ਦੀ ਜ਼ਬਾਨ ਤੋਂ ਪਬਲਿਕ ਸਰਵਿਸ ਕਮਿਸ਼ਨ ਦਾ ਮੈਂਬਰ ਫਰੰਗੀ ਸੀਲੇ ਕਮਿਸ਼ਨਰ ਪਰੈਜ਼ੀਡੈਂਸੀ ਡਵੀਜ਼ਨ ਦੇ ਛੋਟੇ ਅਫਸਰ ਸਈਅਦ ਅਸ਼ਰਫ ਅਲੀ ਨੂੰ ਇਉਂ ਪੁੱਛਦਾ ਹੈ:

ਫਰੰਗੀ: ਅੱਛਾ ਮਿਸਟਰ; ਕੀ ਤੁਸੀਂ ਭੀ ਆਪਣੀ ਖਿਦਮਤ ਦੇ ਬਦਲੇ ਰਾਏ ਅਤੇ ਖਾਨ ਬਹਾਦਰ ਦੇ ਖਿਤਾਬ ਚਾਹੁੰਦੇ ਹੋ?

ਸਈਅਦ ਅਸ਼ਰਫ: ਹਾਂ ਹਜ਼ੂਰ।

ਫਰੰਗੀ: ਕੀ ਤੂੰ ਸੁਣਿਆ ਨਹੀਂ ਕਿ ਰਾਏ ਤੇ ਖਾਨ ਬਹਾਦਰੀ ਦੇ ਖਿਤਾਬ ਨੂੰ ਅੰਗਰੇਜ਼ਾਂ ਵਿਚ ...ਫੂਲ ਯਾਨਿ ਬੇਵਕੂਫ ਤੇ ਬੇਸ਼ਹੂਰ ਆਖਿਆ ਜਾਂਦਾ ਹੈ?

ਸਈਅਦ ਅਸ਼ਰਫ: ਹਾਂ ਅੱਜ ਕਲ੍ਹ ਇਹ ਖਿਤਾਬ ਇਹੋ ਜਿਹਾ ਗਿਰ ਗਿਆ ਹੈ ਕਿ ਅਜਿਹਾ ਹੀ ਹੋਵੇਗਾ।

ਫਰੰਗੀ: ਪਰ ਫੇਰ ਭੀ ਕੀ ਤੂੰ ਆਪਣੇ ਨਾਂ ਨਾਲ ਇਸ ਖਿਤਾਬ ਨੂੰ ਚਾਹੁੰਦਾ ਹੈਂ?

ਸਈਅਦ ਅਸ਼ਰਫ: ਹਾਂ, ਆਪਣੀ ਖਿਦਮਤ ਦੀ ਖਾਤਿਰ।

ਪਾਠਕੋ ਵਿਚਾਰ ਕਰੋ; ਬੀਸਵੀਂ ਸਦੀ ਦੇ 1913 ਵਰਗੇ ਜੋਸ਼ੀਲੇ ਤੇ ਜ਼ਿੰਦਾ ਸਮੇਂ ਵਿਚ ਸਾਡੀ ਜ਼ਮੀਨ ਤੇ ਸਾਡੇ ਲੋਕਾਂ ਨੂੰ ਬੇਵਕੂਫ ਤੇ ਬੇਸ਼ਹੂਰ ਕਿਹਾ ਜਾਂਦਾ ਹੈ ਅਤੇ ਉਥੇ ਭੀ ਕਹਿੰਦੇ ਹਨ। ਕਿ ਹਾਂ, ਅਸੀਂ ਆਪਣੀ ਖਿਦਮਤ ਦੇ ਬਦਲੇ ਵਿਚ ਬੇਵਕੂਫ ਦਾ ਖਿਤਾਬ ਚਾਹੁੰਦੇ ਹਾਂ। ਬੇਸ਼ਰਮੀ, ਬੇਹਯਾਈ ਤੇ ਬੁਜ਼ਦਿਲੀ ਦੀ ਹੱਦ ਹੋ ਗਈ। ਬੇਵਕੂਫ ਕਹਿਣ ਵਾਲੇ ਅੰਗਰੇਜ਼ ਦੇ ਨਹੀਂ ਤਾਂ ਆਪਣੇ ਸੀਨੇ ਵਿਚ ਗੋਲੀ ਮਾਰ ਲੈਂਦੇ। ਅੰਗਰੇਜ਼ਾਂ ਨੂੰ ਖੁਲ੍ਹੇ ਦਰਬਾਰ ਵਿਚ ਹੱਸਣ ਤੇ ਮਖੌਲ ਕਰਨ ਦਾ ਸਮਾਂ ਤਾਂ ਨਾ ਮਿਲਦਾ। ਇਸ ਲਈ ਆਪ ਹੀ ਇਹ ਲੋਕ



***20ਵੀਂ ਸਦੀ ਦੇ ਸ਼ੁਰੂ ਵਿਚ ਇਕ ਅੰਗਰੇਜ਼ ਅਫਸਰ ਨੂੰ ਠਾਠ ਨਾਲ ਲਿਜਾ ਰਹੇ ਭਾਰਤੀ ਕਾਮੇ।***

ਬੇਸ਼ਹੂਰ ਦਾ ਖਿਤਾਬ ਚਾਹੁੰਦੇ ਹਨ। ਬਸ ਹੁਣ ਪਤਾ ਲਗ ਗਿਆ ਹੈ ਕਿ ਫਰੰਗੀਆਂ ਦੇ ਨੌਕਰ ਡਿਪਟੀ ਥਾਣੇਦਾਰ 'ਆਨਰੇਬਲ' ਰਾਏ ਖਾਨ ਅਤੇ ਸਰਦਾਰ ਬਹਾਦਰ ਤੇ ਬੇਵਕੂਫ ਹਨ। ਦੇਸ਼ਘਾਤੀ ਤੇ ਖੁਫੀਆ ਸਿਪਾਹੀ ਕੁੱਤਿਆਂ ਤੋਂ ਵੀ ਬੁਰਾ ਅੰਗਰੇਜ਼ਾਂ ਦੀ ਜ਼ਬਾਨੀ ਮਾਲੂਮ ਹੁੰਦਾ ਹੈ: ਪਰ ਅਸੀਂ ਇਨ੍ਹਾਂ ਨੂੰ ਪਸ਼ੂਆਂ ਤੋਂ ਵੱਧ ਸਮਝਦੇ ਹਾਂ। ਜਿਸ ਤਰ੍ਹਾਂ ਅਸੀਂ ਹੁਣ ਕਹਿ ਚੁਕੇ ਹਾਂ, ਹੁਣ ਤਾਂ ਕੌਮੀ ਪਾਰਟੀ ਭੀ ਹੁਸ਼ਿਆਰ ਹੋ ਗਈ ਹੈ ਅਤੇ ਇਸ ਦਾ ਜਥਾ ਹਵਾ ਵਾਂਗ ਫੈਲ ਗਿਆ ਹੈ। ਅਸੀਂ ਦੇਸ਼ਘਾਤੀਆਂ ਨੂੰ ਇਕਦਮ ਪਛਾਣ ਲੈਂਦੇ ਹਾਂ, ਅਤੇ ਉਨ੍ਹਾਂ ਨੂੰ ਕਹਿ ਦਿੰਦੇ ਹਾਂ ਕਿ ਅਸੀਂ ਤੁਹਾਨੂੰ ਪਛਾਣ ਲਿਆ ਹੈ। ਫੇਰ ਉਹ ਸਾਡੇ ਕੋਲ ਨਹੀਂ ਆਉਂਦੇ, ਬਸ ਦੇਸ਼ਘਾਤੀਆਂ ਦੀ ਮਿੱਟੀ ਪਲੀਤ ਹੈ। ਕੌਮ ਇਨ੍ਹਾਂ ਦੀ ਦੁਸ਼ਮਣ ਹੁੰਦੀ ਹੈ ਜਿਨ੍ਹਾਂ ਦੀ ਖਾਤਿਰ ਉਹ ਧਰਮ ਅਮਾਨ ਵੇਚ ਕੇ ਕੰਮ ਕਰਦੇ ਹਨ। ਕੌਮ ਉਹ ਅੰਗਰੇਜ਼ ਹੈ, ਜਿਨ੍ਹਾਂ ਨੂੰ ਬਾਂਦਰ, ਬੈਲ, ਕੁੱਤੇ ਤੇ ਬੇਵਕੂਫ ਕਹਿੰਦੇ ਹਨ।

ਬਸ ਅਸੀਂ ਦੇਸ਼ਘਾਤੀਆਂ ਉਤੇ ਰਹਿਮ ਕਰਕੇ ਕਹਿੰਦੇ ਹਾਂ ਕਿ ਓਏ ਦੇਸ਼ਘਾਤੀਓ, ਤੁਹਾਡੀ ਮਾਤਾ ਦੁਖ ਭਰੇ ਹਾਲ ਵਿਚ ਹੈ। ਉਸ ਦੇ ਵਾਲ ਬਿਖਰੇ ਹੋਏ ਹਨ, ਉਸ ਦੇ ਬਦਨ ਵਿਚੋਂ ਲਹੂ ਦੇ ਫਵਾਰੇ ਨਿਕਲਦੇ ਹਨ। ਭਾਰਤ ਮਾਤਾ ਦੇ ਸਾਰੇ ਪੁੱਤਰ ਉਸ ਦੀ ਮਦਦ ਦੀ ਖਾਤਰ ਇਕੱਠੇ ਹੋ ਰਹੇ ਹਨ, ਤੁਸੀਂ ਭੀ ਉਸ ਦੇ ਪੁੱਤਰ ਹੋ। ਪਿਛਲੇ ਕੰਮਾਂ ਤੋਂ ਤੋਬਾ ਕਰੋ। ਮਾਤਾ ਦੇ ਚਰਨਾਂ ਵਿਚ ਸਿਰ ਰੱਖੋ। ਉਹ ਤੁਹਾਨੂੰ ਬਖਸ਼ ਦੇਵੇਗੀ ਅਤੇ ਤੁਹਾਡੀ ਦੀਨ ਦੁਨੀਆਂ ਸੁਧਾਰ ਦੇਵੇਗੀ।

### ਸਰਕਾਰੀ ਨੌਕਰਾਂ 'ਤੇ ਲੱਖ ਲਾਹਨਤ

*(6 ਜਨਵਰੀ 1914, ਲੇਖਕ ਭਾਰਤ ਦਾਸ)*

ਹਿੰਦੁਸਤਾਨ ਤੇ ਹੋਰ ਕਈ ਮੁਲਕਾਂ ਵਿਚ ਕਈ ਕਿਸਮ ਦਾ ਜ਼ਹਿਰੀ ਸੱਪ ਦੇਖਿਆ ਜਾਂਦਾ ਹੈ, ਜੋ ਜ਼ਹਿਰ ਘੋਲਦਾ ਰਹਿੰਦਾ ਹੈ ਅਤੇ ਹਿੰਦੁਸਤਾਨ ਵਿਚ ਬਿੱਛੂ ਤੇ ਕੰਨ ਖਜੂਰੇ ਵੀ ਹਨ, ਜੋ ਦੂਜਿਆਂ ਨੂੰ ਦੁੱਖ ਦੇ ਕੇ ਆਪਣਾ ਪੇਟ ਪਾਲਦੇ ਹਨ। ਇਸ ਕਿਸਮ ਦੇ ਹੋਰ ਭੀ ਕੀੜੇ ਹਨ, ਜੋ ਗੰਦੀਆਂ ਮੋਰੀਆਂ ਤੇ ਅੰਧੇਰੀ ਕੋਠਿਆਂ ਅੰਦਰ ਰਹਿੰਦੇ ਹਨ ਅਤੇ ਚਾਨਣੇ ਵਿਚ ਆਉਣ ਤੋਂ ਡਰਦੇ ਹਨ। ਇਹ ਸਾਰੇ ਕੀੜੇ ਜੋ ਮਨੁੱਖ ਦਾ ਰੂਪ ਧਾਰ ਲੈਂਦੇ ਹਨ, ਫਿਰ ਸਰਕਾਰੀ ਨੌਕਰ ਕਹਾਉਂਦੇ ਹਨ। ਸਰਕਾਰੀ ਨੌਕਰ ਨੂੰ ਤਾਂ ਦੋ ਅੱਖਰ ਤੇ ਇਕ ਨਾਂ ਹੈ, ਪਰ ਸੋਚਣ ਤੋਂ ਮਾਲੂਮ ਹੁੰਦਾ ਹੈ ਕਿ ਇਸ ਪੂੰਛ ਦੇ ਪਿਛੇ ਕਿਤਨੇ ਪਾਪ ਤੇ ਜ਼ੁਲਮ ਛੁਪੇ ਹੋਏ ਹਨ। ਇਹ ਵਡਿਆਈ ਦੀ ਪੂੰਛ ਆਦਮੀ ਦੀ ਭੈੜਕਾਰੀ, ਬੇਸ਼ਰਮੀ ਤੇ ਕਮੀਨੇਪਣ ਦਾ ਪਟਾ ਹੈ। ਇਸ ਆਦਮੀ ਵਿਚ ਲਾਲਚ, ਬੇਹਯਾਈ, ਬਦਖੋਈ ਤੇ ਬਦਮਾਸ਼ੀ ਇਸ ਤਰ੍ਹਾਂ ਭਰੀ ਹੋਈ ਹੈ ਜਿਸ ਤਰ੍ਹਾਂ ਬਗਾਲੇ ਦੇ ਥੈਲੇ ਵਿਚ ਸੱਪ।

ਪਰ ਅਸੀਂ ਵੀ ਇਸ ਭੇਤ ਨੂੰ ਜਾਣਦੇ ਹਾਂ। ਅਸੀਂ ਬੇਪਰਵਾਹੀ ਨਾਲ ਇਤਨੇ ਪਾਗਲ ਹੋ ਗਏ ਹਾਂ ਕਿ ਸਾਡੀ ਮਤ ਮਾਰੀ ਗਈ ਹੈ ਅਤੇ ਅਸੀਂ ਸੱਚ ਤੇ ਝੂਠ, ਨੇਕੀ ਤੇ ਬਦੀ, ਇਨਸਾਫ ਤੇ ਬੇਇਨਸਾਫੀ ਦੇ ਅਸੂਲਾਂ ਨੂੰ ਪਛਾਣ ਨਹੀਂ ਸਕਦੇ ਹਾਂ। ਹੁਣ ਸਾਨੂੰ ਲੋੜ ਹੈ ਕਿ ਸਰਕਾਰੀ ਨੌਕਰਾਂ ਦੀ ਹਾਲਤ ਦੀ ਪੂਰੀ ਤਸਵੀਰ ਖਿੱਚੀ ਜਾਵੇ ਅਤੇ ਆਪਣੇ ਵੀਰਾਂ ਨੂੰ ਸਮਝਾਇਆ ਜਾਵੇ ਕਿ ਇਨ੍ਹਾਂ ਨਾਲ ਕਿਸ ਤਰ੍ਹਾਂ ਦਾ ਵਰਤਾਉ ਕਰਨਾ ਚਾਹੀਦਾ ਹੈ। ਸਰਕਾਰੀ ਨੌਕਰ ਕਿਸ ਤਰ੍ਹਾਂ ਖਾਣ ਨੂੰ ਕਮਾਉਂਦਾ ਹੈ, ਕਿਵੇਂ ਪੈਸੇ ਇਕੱਠੇ ਕਰਦਾ ਹੈ। ਇਹ ਸਭ ਨੂੰ ਮਾਲੂਮ ਹੈ ਕਿ ਉਹ ਕੋਈ ਕੰਮ ਨਹੀਂ ਕਰਦਾ, ਉਹ ਖੇਤੀ ਨਹੀਂ ਕਰਦਾ, ਉਹ ਦਾਣੇ ਕਦੇ ਨਹੀਂ ਪੈਦਾ ਕਰਦਾ, ਪਰ ਖਾਣ ਨੂੰ ਸਭ ਤੋਂ ਅੱਗੇ ਆ ਜਾਂਦਾ ਹੈ। ਇਕ ਕਹਾਵਤ ਹੈ ਕਿ ਖਾਣ ਨੂੰ ਸ਼ੇਰ ਤੇ ਕਮਾਉਣ ਨੂੰ ਗਿਦੜ। ਸੋ ਇਹੀ ਹਾਲ ਸਰਕਾਰੀ ਨੌਕਰ ਦਾ ਹੈ। ਉਹ ਕੱਪੜਾ ਨਹੀਂ ਬੁਣਦਾ, ਪਰ ਪਹਿਨਣ ਨੂੰ ਆਪਣਾ ਗੰਦਾ ਜਿਸਮ ਅੱਗੇ ਕਰ ਦਿੰਦਾ ਹੈ। ਉਹ ਮਕਾਨ ਨਹੀਂ ਬਣਾਉਂਦਾ, ਪਰ ਰਹਿਣ ਨੂੰ ਬੰਗਲਾ ਮੰਗਦਾ ਹੈ।

ਬੱਸ ਗੱਲ ਕੀ, ਉਹ ਖਟਮਲ ਹੈ, ਜਿਹੜਾ ਲੋਕਾਂ ਦਾ ਲਹੂ ਚੂਸਦਾ ਹੈ। ਜਦ ਆਦਮੀ ਆਪ ਪੈਸੇ ਮਿਹਨਤ ਕਰਕੇ ਨਹੀਂ ਕਮਾਉਂਦਾ ਤਾਂ ਉਹ ਪੈਸੇ ਲੈਣ ਦਾ ਹੱਕਦਾਰ ਕਿਸ ਤਰ੍ਹਾਂ ਹੈ?

ਸਰਕਾਰੀ ਨੌਕਰ ਕੀ ਕੰਮ ਕਰਦਾ ਹੈ? ਸਰਕਾਰ ਦੀ ਨੌਕਰੀ। ਸਰਕਾਰ ਕੀ ਹੈ? ਗਵਰਨਮੈਂਟ। ਅੰਗਰੇਜ਼ੀ ਗਵਰਨਮੈਂਟ ਕੀ ਹੈ? ਚੋਰਾਂ ਤੇ ਡਾਕੂਆਂ ਦਾ ਜੱਥਾ। ਦੇਸੀ ਸਰਕਾਰੀ ਨੌਕਰ ਚੋਰਾਂ ਤੇ ਬਦਮਾਸ਼ਾਂ ਦੇ ਨੌਕਰ ਹਨ। ਇਨ੍ਹਾਂ ਦਾ ਸਾਥੀ ਤੇ ਸਾਂਝੀ ਇਨ੍ਹਾਂ ਦਾ ਮਦਦਗਾਰ ਹੈ। ਇਸ ਤੋਂ ਵੱਧ ਹੋਰ ਪਾਪ ਕੀ ਹੋ ਸਕਦਾ ਹੈ? ਗਵਰਨਮੈਂਟ ਨੌਕਰਾਂ ਬਿਨਾਂ ਬੇਬਸ ਹੈ। ਅੰਗਰੇਜ਼ ਹਿੰਦੁਸਤਾਨ ਤੇ ਜ਼ੁਲਮ ਨਹੀਂ ਕਰ ਸਕਦਾ, ਜੇ ਹਿੰਦੁਸਤਾਨੀ ਨੌਕਰ ਨਾ ਮਿਲਣ, ਅੰਗਰੇਜ਼ੀ ਗਵਰਨਮੈਂਟ ਲੰਗੜਿਆਂ ਵਾਂਗ ਰਹਿ ਜਾਵੇ। ਸਰਕਾਰੀ ਨੌਕਰ ਗਵਰਨਮੈਂਟ ਦਾ ਹੱਥ ਹੈ, ਪੈਰ ਹੈ, ਜ਼ੁਬਾਨ ਹੈ, ਅੱਖ ਹੈ, ਕੰਨ ਹੈ। ਗਵਰਨਮੈਂਟ ਦੀ ਸਾਰੀ ਤਾਕਤ ਨੌਕਰਾਂ 'ਤੇ ਹੈ। ਵਿਚਾਰ ਕਰਕੇ ਤੁਸੀਂ ਸਰਕਾਰੀ ਨੌਕਰਾਂ ਦੇ ਕੰਮ ਦਾ ਪੂਰਾ ਪਤਾ ਲਾ ਸਕਦੇ ਹੋ?

ਵਿਚਾਰ ਕਰੋ ਕਿ ਮਾਮਲਾ ਕਿਸ ਤਰ੍ਹਾਂ ਇਕੱਠਾ ਹੁੰਦਾ ਹੈ। ਗਵਰਨਮੈਂਟ ਦਾ ਪਹਿਲਾ ਕੰਮ ਮਾਮਲਾ ਲੈਣਾ ਹੈ। ਰੁਪਏ ਤੋਂ ਬਗੈਰ ਗਵਰਨਮੈਂਟ ਨਹੀਂ ਚਲ ਸਕਦੀ। ਬਸ ਜਿਹੜੇ ਆਦਮੀ ਸਰਕਾਰ ਨੂੰ ਰੁਪਿਆ ਇਕੱਠਾ ਕਰਨ ਵਿਚ ਮਦਦ ਦਿੰਦੇ ਹਨ, ਉਹ ਉਨ੍ਹਾਂ ਦੇ ਰਾਜ ਦੀ ਨੀਂਹ ਦੇ ਪੱਥਰ ਹਨ। ਉਹ ਕਮੁਜ਼ੀ ਜਨੌਰ ਦੇ ਦੰਦ ਪੰਜੇ ਹਨ, ਜਿਨ੍ਹਾਂ ਨਾਲ ਉਹ ਖੁਰਾਕ ਲੈਂਦਾ ਹੈ। ਸਰਕਾਰੀ ਨੇਤਾ ਗਵਰਨਮੈਂਟ ਤਕ ਰੁਪਿਆ ਲੈ ਜਾਣ ਵਾਲੇ ਨਲਕੇ ਹਨ ਜਿਨ੍ਹਾਂ ਦਾ ਇਕ ਮੂੰਹ ਪਿੰਡਾਂ ਵਿਚ ਹੈ ਤੇ ਦੂਜਾ ਖਜ਼ਾਨੇ ਵਿਚ। ਇਹ ਪਟਵਾਰੀ, ਤਹਿਸੀਲਦਾਰ, ਡਿਪਟੀ ਮੈਜਿਸਟਰੇਟ ਤੇ ਕਮਿਸ਼ਨਰ ਸਭ ਸਰਕਾਰੀ ਨੌਕਰ ਹਨ, ਜਿਹੜੇ ਰੁਪਿਆ ਜਮ੍ਹਾਂ ਕਰਦੇ ਹਨ, ਜੋ ਪੈਸਾ ਪੈਸਾ ਇਕੱਠਾ ਕਰਕੇ ਕਰੋੜਾਂ ਰੁਪਿਆ ਦਾ ਢੇਰ ਲਾ ਦਿੰਦੇ ਹਨ।

### ਭੀਲਾਂ ਦੀ ਬਹਾਦਰੀ

**ਸਲੋਕ:**

ਭੀਲ ਬਹਾਦਰ ਹਿੰਦ ਦੇ ਬੜੇ ਸੂਰਮੇ ਬੀਰ।
ਜ਼ਰਾ ਨਾ ਡਰਦੇ ਤੋਪ ਤੋਂ ਮਾਰਨ ਸਿੱਧੇ ਤੀਰ।
ਨਾਲ ਆਜ਼ਾਦੀ ਜੀਵਦੇ ਇਹ ਮਰਦਾਂ ਦੀ ਕਾਰ।
ਨਹੀਂ ਗੁਲਾਮੀ ਝਲਣੀ ਮਰਨਾਂ ਇਕੋ ਵਾਰ।

ਹਿੰਦੁਸਤਾਨ ਦੇ ਵਿਚਕਾਰਲੇ ਸੂਬਿਆਂ ਤੋਂ ਅੰਧੇਰੇ ਵਿਚ ਬਿਜਲੀ ਚਮਕੀ ਹੈ। ਉਥੇ ਭੀਲਾਂ ਨੇ ਲੜਾਈ ਦਾ ਝੰਡਾ ਚੁਕ ਕੇ ਆਪਣੀ ਰਿਆਸਤ ਬਣਾ ਲਈ ਹੈ। ਮਾਨਗੜ੍ਹ ਕਿਲ੍ਹੇ ਉਤੇ ਕਬਜ਼ਾ ਕਰ ਲਿਆ। ਉਨ੍ਹਾਂ ਦੇ ਸਰਦਾਰ ਗੋਬਿੰਦ ਗਿਰੀ ਨੇ ਅੰਗਰੇਜ਼ਾਂ ਦੀ ਫੌਜ ਨਾਲ ਲੜਾਈ ਦੀ ਤਿਆਰੀ ਕਰ ਲਈ। ਜਦ ਅੰਗਰੇਜ਼ ਤੋਪਾਂ ਲੈ ਕੇ ਆਏ ਤਾਂ ਭੀਲਾਂ ਨੇ ਤੀਰਾਂ ਨਾਲ ਸਾਹਮਣੇ ਤੋਂ ਮੁਕਾਬਲਾ ਕੀਤਾ। ਇਨ੍ਹਾਂ ਵਿਚਾਰਿਆਂ ਕੋਲ ਹੋਰ ਹਥਿਆਰ ਕਿਥੇ ਸੀ, ਪਰ ਜਿਹੜੀ ਹੋ ਸਕੀ, ਸੋ ਕੀਤੀ। ਜਦ ਅੰਗਰੇਜ਼ਾਂ ਦੀ ਫੌਜ ਨੇ ਕਿਲ੍ਹਾ ਲੈ ਲਿਆ, ਸੌ ਤੋਂ ਜ਼ਿਆਦਾ ਭੀਲ ਮਾਰੇ ਗਏ ਅਤੇ ਬਹੁਤ ਸਾਰੇ ਫੜ੍ਹੇ ਗਏ, ਪਰ ਫੇਰ ਵੀ ਉਨ੍ਹਾਂ ਦੀ ਹਿੰਮਤ ਸਲਾਹੁਣ ਯੋਗ ਹੈ। ਆਜ਼ਾਦੀ ਦੀ ਮੁਹੱਬਤ ਨਤੀਜੇ ਤੋਂ ਨਹੀਂ ਦੇਖੀ ਜਾਂਦੀ, ਸਗੋਂ ਕੰਮ ਤੋਂ ਦੇਖੀ ਜਾਂਦੀ ਹੈ। ਜੇ ਭੀਲਾਂ ਦੇ ਕੋਲ ਅੱਜ ਕੱਲ੍ਹ ਵਰਗੇ ਹਥਿਆਰ ਹੋਣ ਤਾਂ ਉਹ ਜ਼ਰੂਰ ਪਠਾਣਾਂ ਵਾਂਗ ਆਜ਼ਾਦ ਰਹਿ ਕੇ ਆਪਣੀ ਉਮਰ ਨਿਭਾਣ, ਪਰ ਵੀਹਵੀਂ ਸਦੀ ਵਿਚ ਤੀਰਾਂ ਨਾਲ ਆਜ਼ਾਦੀ ਦੀ ਰਖਿਆ ਨਹੀਂ ਹੋ ਸਕਦੀ, ਪਰ ਫੇਰ ਵੀ ਭੀ ਸ਼ੇਰਦਿਲ, ਭੀਲ ਗੁਲਾਮ, ਬੇ-ਹਿੰਮਤ ਤੇ ਡਰਾਕਲ ਹਿੰਦੂ ਮੁਸਲਮਾਨਾਂ ਨਾਲੋਂ ਹਜ਼ਾਰ ਦਰਜੇ ਅੱਛੇ ਹਨ:

**ਸਲੋਕ:**

ਮਿਲੇ ਆਜ਼ਾਦੀ ਉਸ ਨੂੰ
ਲੜੇ ਜੋ ਵਾਂਗ ਪਤੰਗ।
ਰੋਸ਼ਨ ਨਾਮ ਜਪਾਨ ਦਾ
ਕੀਆ ਰੂਸ ਨਾਲ ਜੰਗ।

ਕੌਮੀ ਪਾਰਟੀ ਨੂੰ ਚਾਹੀਦਾ ਹੈ ਕਿ ਭੀਲਾਂ ਵਿਚ ਜਾ ਕੇ ਬੰਦੂਕਾਂ ਵੰਡੇ ਤੇ ਗਦਰ ਦੀ ਫੌਜ ਵਿਚ ਭਰਤੀ ਕਰੇ। ਇਸ ਵੇਲੇ ਗਵਰਨਮੈਂਟ ਨਾਲ ਲੜਨ ਦਾ ਖਿਆਲ ਹੀ ਅੰਮ੍ਰਿਤ ਹੈ ਅਤੇ ਭੀਲਾਂ ਦੇ ਇਸ ਕੰਮ ਦੀ ਖਬਰ ਬੜੀ ਸ਼ੁੱਧ ਹੈ। ਭੀਲ ਸਾਡੇ ਗੁਲਾਮ ਤੇ ਕਮੀਨੇ ਪੜ੍ਹੇ ਹੋਏ ਆਦਮੀਆਂ ਨਾਲੋਂ ਲੱਖ ਦਰਜੇ ਅੱਛੇ ਹਨ ਕਿਉਂਕਿ ਉਹ ਆਪਣੀ ਆਜ਼ਾਦੀ ਨੂੰ ਸਮਝਦੇ ਹਨ, ਪਰ ਪੜ੍ਹੇ ਲਿਖੇ ਹਿੰਦੂ ਮੁਸਲਮਾਨ ਸਭ ਗੱਲਾਂ ਜਾਣਦਿਆਂ ਵੀ ਡਰਦੇ ਵੜੇ ਰਹਿੰਦੇ ਹਨ। ਇਹ ਗੁਲਾਮੀ ਤੋਂ ਜ਼ਰਾ ਵੀ ਘ੍ਰਿਣਾ ਨਹੀਂ ਕਰਦੇ। ਸਾਨੂੰ ਅਜਿਹੇ ਭੀਲਾਂ ਦੀ ਲੋੜ ਹੈ।

### ਮੁਸਲਮਾਨਾਂ ਦੀ ਬੇਇੱਜ਼ਤੀ

ਮੁਸਲਮਾਨਾਂ ਨੂੰ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਪੁੱਟਣ ਦੀ ਡਾਢੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਉਤੇ ਅੰਗਰੇਜ਼ਾਂ ਦਾ ਰਾਜ ਹੋਣ ਕਰਕੇ ਹੋਰ ਮੁਸਲਮਾਨ ਕੌਮਾਂ ਉਨ੍ਹਾਂ ਤੋਂ ਘ੍ਰਿਣਾ ਕਰਦੀਆਂ ਹਨ, ਮੁਸਲਮਾਨ ਕਈ ਵਾਰ ਫਰਾਂਸ ਤੇ ਤੁਰਕੀ, ਮਿਸਰ ਨੂੰ ਵੇਖ ਕੇ ਫੁਲਦੇ ਹਨ, ਪਰ ਇਨ੍ਹਾਂ ਨੂੰ ਫੇਰ ਨਹੀਂ ਪਤਾ ਕਿ ਉਨ੍ਹਾਂ ਆਜ਼ਾਦ ਤੇ ਹਿੰਮਤ ਵਾਲੀ ਕੌਮਾਂ ਅਤੇ ਅੱਗੇ ਇਨ੍ਹਾਂ ਦੇ ਗਦਰ ਦੀ ਕਦਰ ਕੀ ਹੈ। ਇਕ ਮਜ਼ਬ ਹੋਣ ਕਰ ਕੇ ਦੂਜੀ ਆਜ਼ਾਦੀ ਤੇ ਹਿੰਮਤ ਵਾਲੀਆਂ ਕੌਮਾਂ ਹਿੰਦੁਸਤਾਨ ਤੇ ਮੁਸਲਮਾਨਾਂ ਨੂੰ ਬਰਾਬਰੀ ਦਾ ਦਰਜਾ ਨਹੀਂ ਦੇ ਸਕਦੀਆਂ। ਇਸ ਵਾਰ ਸਾਡੇ ਤੁਰਕ ਦੋਸਤ ਨੇ ਭੀ ਕਿਹਾ ਸੀ ਕਿ ਹਿੰਦੁਸਤਾਨ ਦੇ ਮੁਸਲਮਾਨ ਬੜੇ ਬੇਹਿੰਮਤ ਤੇ ਡਰਾਕਲ ਮਾਲੂਮ ਹੁੰਦੇ ਹਨ। ਆਜ਼ਾਦੀ ਦੀ ਖਾਤਿਰ ਭੀ ਹਿੰਦੂਆਂ ਨਾਲ ਨਹੀਂ ਮਿਲਦੇ। ਸਾਨੂੰ ਚਾਹੀਦਾ ਹੈ ਕਿ ਸਾਰੇ ਮਿਲ ਕੇ ਇਕ ਵੱਡਾ ਗਦਰ ਕਰਕੇ ਸਾਰੇ ਅੰਗਰੇਜ਼ਾਂ ਨੂੰ ਮਾਰ ਸੁਟੀਏ। ਤੁਰਕੀ ਕੌਮ ਗੁਲਾਮ ਮੁਸਲਮਾਨਾਂ ਦੀ ਕੁਝ ਇੱਜ਼ਤ ਨਹੀਂ ਕਰਦੀ ਕਿਉਂਕਿ ਉਹ ਅੰਗਰੇਜ਼ਾਂ ਦੇ ਗੁਲਾਮ ਹਨ। ਅੰਗਰੇਜ਼ ਉਨ੍ਹਾਂ ਤੇ ਇਤਨਾ ਜ਼ੁਲਮ ਕਰਦੇ ਹਨ। ਜਦ ਅੰਗਰੇਜ਼ਾਂ ਨੇ ਉਨ੍ਹਾਂ ਦਾ ਦੇਸ਼ ਲੈ ਲਿਆ ਤਾਂ ਉਨ੍ਹਾਂ ਦਾ ਦੀਨ ਈਮਾਨ ਕਿਥੇ ਰਹਿ ਗਿਆ। ਐਵੇਂ ਇਕ ਦੂਜੇ ਨਾਲ ਮਜ਼ਬ ਦੇ ਪੁਆੜੇ ਪਾਈ ਬੈਠੇ ਹਨ। ਇਸ ਗੱਲ ਨੂੰ ਸਾਰੇ ਹਿੰਦੂ ਮੁਸਲਮਾਨਾਂ ਤੇ ਸਿੱਖਾਂ ਨੂੰ ਵਿਚਾਰਨਾ ਚਾਹੀਦਾ ਹੈ ਅਤੇ ਇਕੱਠ ਕਰਕੇ ਆਪਣੇ ਮੱਥੇ ਤੋਂ ਕਾਲਖ ਦਾ ਟਿੱਕਾ ਧੋਣਾ ਚਾਹੀਦਾ ਹੈ। ਫਿਰ ਦੁਨੀਆਂ ਦੇ ਬਾਜ਼ਾਰਾਂ ਵਿਚ ਇੱਜ਼ਤ ਨਾਲ ਫਿਰ ਸਕਣਗੇ।

### ਉਪਦੇਸ਼

*(13 ਜਨਵਰੀ 1914 ਨੂੰ ਛਪਿਆ)*

ਮੁਲਕ ਦੀ ਆਜ਼ਾਦੀ ਖਾਤਿਰ ਸਾਰੇ ਮੁਲਕ ਵਿਚ ਪੰਡਿਤ, ਮੌਲਵੀ, ਫਕੀਰ ਤੇ ਸੰਨਿਆਸੀ ਉਦੇਸ਼ਕ ਬਣ ਕੇ ਭੇਜੇ ਗਏ। ਬਹੁਤ ਤਿਆਰੀ ਨਾਲ ਗਦਰ ਦੇ ਗੀਤ ਗਾ ਗਾ ਕੇ ਭਿਖਿਆ ਮੰਗਣ ਲਗੇ। ਮੇਲਿਆਂ ਤੇ ਤੀਰਥ ਅਸਥਾਨਾਂ ਤੇ ਉਪਦੇਸ਼ ਦਾ ਅੱਛਾ ਬੰਦੋਬਸਤ ਕਰ ਦਿੱਤਾ। ਹਿੰਦੂ ਮੁਸਲਮਾਨ ਦੇ ਤਿਉਹਾਰਾਂ, ਹੋਲੀ, ਦੀਵਾਲੀ, ਮੁਹੱਰਮ ਵਿਚ ਬਹੁਤ ਕੰਮ ਕੀਤਾ ਹੈ। ਨਾਟਕਾਂ, ਕਠਪੁਤਲੀਆਂ ਤੇ ਹੋਰ ਰਾਸਧਾਰੀਆਂ ਦੇ ਤਮਾਸ਼ਿਆਂ ਵਿਚ ਭੀ ਗਦਰ ਦੀ ਵਾਸ਼ਨਾ ਆਉਣ ਲਗ ਪਈ। ਹੱਥ ਦੇਖਣ ਵਾਲੀਆਂ ਔਰਤਾਂ ਉਪਦੇਸ਼ ਕਰਨ ਲਈ ਭੇਜੀਆਂ ਗਈਆਂ, ਮਾਤਾਵਾਂ ਆਪਣੇ ਬੱਚਿਆਂ ਤੋਂ ਫਰੰਗੀਆਂ ਦੇ ਰਾਜ ਦੇ ਨਾਸ਼ ਦੀ ਬੇਨਤੀ ਕਰਨ ਲਈ ਭੇਜੀਆਂ ਗਈਆਂ। ਕਵੀਸ਼ਰ ਕਵੀਸ਼ਰੀਆਂ ਰਾਹੀਂ ਲੋਕਾਂ ਵਿਚ ਹੋਰ ਜੋਸ਼ ਭਰਨ ਲੱਗੇ। ਇਸ ਦਾ ਲੋਕਾਂ 'ਤੇ ਬੜਾ ਅਸਰ ਪੈਂਦਾ ਸੀ ਅਤੇ ਖਲਕਤ ਸਮਝ ਗਈ ਕਿ ਵੱਡੇ ਵੱਡੇ ਲੋਕ ਵੀ ਗਦਰ ਵਿਚ ਮਿਲੇ ਹੋਏ ਹਨ। ਜਿਥੇ ਜਿਥੇ ਉਪਦੇਸ਼ ਹੋਇਆ, ਲੋਕ ਹੌਸਲੇ ਵਾਲੇ ਹੋ ਗਏ। ਅੰਗਰੇਜ਼ਾਂ ਦੇ ਨੌਕਰ ਕੰਮ ਨਹੀਂ ਕਰਦੇ ਸੀ।

ਔਰਤਾਂ ਗੋਰਿਆਂ ਦੇ ਬੱਚਿਆਂ ਨੂੰ ਉਨ੍ਹਾਂ ਦੇ ਸਾਹਮਣੇ ਜ਼ਮੀਨ ਤੇ ਸੁਟ ਕੇ ਬਾਹਰ ਟਹਿਲਣ ਜਾਣ ਲਗ ਪਈਆਂ। ਬਹਿਰੇ ਪੱਟਾਂ ਤਾਈਂ ਕੱਪੜੇ ਪਾ ਕੇ ਮੇਮ ਦੇ ਅੱਗੇ ਆ ਕੇ ਖੜ੍ਹੇ ਹੋਣ ਲੱਗੇ। ਅੰਗਰੇਜ਼ ਦੇਖ ਕੇ ਦੰਗ ਰਹਿ ਗਏ। ਜੇ ਕਿਸੇ ਨੂੰ ਕੁਝ ਬੋਲੇ ਤਾਂ ਉਹ ਝੱਟ ਨੌਕਰਾਂ ਤੋਂ ਜਵਾਬ ਸੁਣਦੇ ਹਨ। ਹੁਣ ਗਦਰ ਦਾ ਅਖੀਰੀ ਉਪਦੇਸ਼ ਆਇਆ ਯਾਨਿ ਚੁਪਾਤੀਆਂ ਵੰਡਣੀਆਂ ਸ਼ੁਰੂ ਹੋ ਗਈਆਂ। ਇਹ ਰੋਟੀਆਂ ਇਕ ਪਿੰਡ ਦੇ ਨੰਬਰਦਾਰ ਨੂੰ ਦਿੱਤੀਆਂ ਜਾਂਦੀਆਂ ਹਨ। ਉਹ ਆਪਣੇ ਪਿੰਡ ਵਿਚ ਵੰਡ ਕੇ ਦੂਜੇ ਪਿੰਡਾਂ ਵਿਚ ਉਨੀਆਂ ਹੀ ਪੱਕਾ ਭੇਜ ਦਿੰਦਾ ਸੀ। ਜਿਹੜਾ ਇਨ੍ਹਾਂ ਰੋਟੀਆਂ ਨੂੰ ਲੈ ਲੈਂਦਾ ਸੀ, ਉਹ ਮੁਲਕ ਦੀ ਖਾਤਿਰ ਮਰਨ ਨੂੰ ਤਿਆਰ ਹੋ ਜਾਂਦਾ ਸੀ।

ਕਹਾਣੀ

# ਜੱਗੋਂ ਤੇਰਵੀਂ

***ਕਿਰਪਾਲ ਕੌਰ ਦੀ ਕਹਾਣੀ 'ਜੱਗੋਂ ਤੇਰਵੀਂ' ਸੱਚਮੁੱਚ ਜੱਗੋਂ ਤੇਰਵੀਂ ਹੈ। ਇਸ ਵਿਚ ਸੱਚ, ਸੰਤੋਖ, ਸੰਜਮ ਅਤੇ ਸਬਰ ਦਾ ਜੋ ਨਕਸ਼ਾ ਖਿਚਿਆ ਗਿਆ ਹੈ, ਉਸ ਅੱਜ ਦੇ ਜ਼ਮਾਨੇ ਵਿਚ ਵਿਰਲਾ-ਟਾਵਾਂ ਹੀ ਨਜ਼ਰੀਂ ਪੈਂਦਾ ਹੈ। ਮੁੱਖ ਪਾਤਰ ਦਾ ਸਚਿਆਰਪੁਣਾ ਹੀ ਉਸ ਦੀ ਤਾਕਤ ਹੈ। -ਸੰਪਾਦਕ***

"ਦੇਖੋ ਅਜੀਤ, ਮੇਰੀ ਗੱਲ ਨੂੰ ਟਾਲਣ ਦੀ ਕੋਸ਼ਿਸ਼ ਨਾ ਕਰੋ। ਹਾਂ, ਜੇ ਨਹੀਂ ਦੱਸਣਾ ਚਾਹੁੰਦੇ ਤਾਂ ਮੈਂ ਤੁਹਾਨੂੰ ਮਜਬੂਰ ਨਹੀਂ ਕਰ ਸਕਦੀ। ਤੁਹਾਡੀ ਆਪਣੀ ਨਿੱਜੀ ਸੋਚ ਤੇ ਫੈਸਲਾ ਹੈ।" ਮੈਂ ਕਿਹਾ।

"ਮੈਡਮ ਗੁੱਸਾ ਨਾ ਮੰਨਣਾ। ਮੈਂ ਤਾਂ ਇਹ ਸੋਚਦੀ ਹਾਂ ਕਿ ਇਹ ਕੋਈ ਖਾਸ ਗੱਲ ਨਹੀਂ।" ਅਜੀਤ ਨੇ ਮੇਰੇ ਦੋਹਾਂ ਹੱਥਾਂ ਨੂੰ ਹੱਥਾਂ ਵਿਚ ਲੈ ਕੇ ਕਿਹਾ, "ਮੇਰੇ ਅਨੁਸਾਰ ਵਿਆਹ ਨਾ ਕਰਵਾ ਕੇ ਵੀ ਜ਼ਿੰਦਗੀ ਜੀ ਸਕਦੇ ਹਾਂ।" ਉਹ ਕੁਝ ਦੇਰ ਹੇਠਾਂ ਵਲ ਵੇਖਦੀ ਰਹੀ। ਫਿਰ ਜਿਵੇਂ ਆਪਣੇ ਆਪ ਨੂੰ ਤਿਆਰ ਕਰਕੇ ਬੋਲੀ, "ਅਸਲ ਵਿਚ ਮੇਰਾ ਵਿਆਹ ਕਰਨ ਵਾਲਾ ਕੋਈ ਨਹੀਂ ਸੀ।"

"ਹੈਂ!" ਮੇਰੇ ਮੂੰਹੋਂ ਨਿਕਲਿਆ।

"ਤੁਹਾਡੇ ਮਾਤਾ ਜੀ ਤਾਂ ਮੈਂ ਵੀ ਦੇਖੇ ਨੇ। ਤੁਸੀਂ ਕਈ ਵਾਰ ਗੱਲ ਕੀਤੀ ਕਿ ਤੁਹਾਡੇ ਦੋ ਭਰਾ ਹਨ?" ਮੈਂ ਅਜੀਤ ਨੂੰ ਕਿਹਾ।

ਅਜੀਤ ਨੀਵੀਂ ਪਾਈ ਬੈਠੀ ਰਹੀ। ਇਕ ਦਮ ਉਠ ਕੇ ਖੜ੍ਹੀ ਹੋ ਗਈ, "ਮੈਂ ਕਿਹੋ ਜਿਹੀ ਭੁਲੱਕੜ ਹਾਂ। ਚਾਹ ਦੀ ਥਰਮਸ ਭਰ ਕੇ ਲਿਆਈ ਹਾਂ ਤੇ ਪੀਣੀ-ਪਿਲਾਉਣੀ ਯਾਦ ਨਹੀਂ ਰਹੀ। ਚਾਹ ਪੀ ਕੇ ਫੇਰ ਗੱਲਾਂ ਆਉਣਗੀਆਂ।" ਉਸ ਨੇ ਕੋਲ ਪਈ ਟੋਕਰੀ ਵਿਚੋਂ ਥਰਮਸ ਅਤੇ ਕੱਪ ਕੱਢਿਆ। ਨਾਲ ਹੀ ਲੰਚ ਬਾਕਸ ਕੱਢਿਆ ਤੇ ਫਿਰ ਕੱਪ ਵਿਚ ਚਾਹ ਪਾ ਕੇ ਲੰਚ



**ਕਿਰਪਾਲ ਕੌਰ**
**ਫੋਨ: 815-356-9535**

ਬਾਕਸ ਖੋਲ੍ਹ ਕੇ ਮੇਰੇ ਅੱਗੇ ਕੀਤਾ। ਉਹ ਖੁਦ ਵੀ ਖਾਣ ਲੱਗੀ।

ਅਜੀਤ ਖਾਂਦੀ ਖਾਂਦੀ ਬੋਲੀ, "ਮੈਡਮ ਮੈਂ ਤੁਹਾਨੂੰ ਹੁਣ ਕਹਾਣੀ ਸੁਣਾਉਂਦੀ ਹਾਂ। ਕਹਾਣੀ ਦੀ ਹੀਰੋਇਨ ਜਾਂ ਮੁੱਖ ਪਾਤਰ ਤੁਹਾਡੇ ਕੋਲ ਬੈਠੀ ਹੈ।" ਇਹ ਆਖ ਉਹ ਹੱਸ ਪਈ, "ਮੈਂ ਬਹੁਤ ਛੋਟੇ ਕਿਸਾਨ ਪਰਿਵਾਰ ਦੀ ਧੀ ਹਾਂ। ਮੇਰੇ ਪਿਤਾ ਜੀ ਕੋਲ ਬਹੁਤ ਥੋੜ੍ਹੀ ਜ਼ਮੀਨ ਸੀ। ਮੁਸ਼ਕਿਲ ਨਾਲ ਗੁਜ਼ਾਰਾ ਚਲਦਾ। ਉਨ੍ਹਾਂ ਸਾਰੀਆਂ ਮੁਸ਼ਕਿਲਾਂ ਦੇ ਹੁੰਦਿਆਂ ਆਪਣੇ ਚਾਰੇ ਬੱਚਿਆਂ ਨੂੰ ਪੜ੍ਹਨ ਲਈ ਸਕੂਲ ਪਾਇਆ। ਉਹ ਸਮਾਂ ਸਸਤਾ ਅਤੇ ਸਾਦਾ ਸੀ। ਮੇਰੇ ਦੋਵੇਂ ਭਰਾ ਮੈਥੋਂ ਵੱਡੇ ਤੇ ਭੈਣ ਛੋਟੀ ਹੈ। ਵੱਡਾ ਭਰਾ ਸ਼ਹਿਰ ਦੇ ਸਰਕਾਰੀ ਕਾਲਜ ਵਿਚ ਬੀ. ਏ. ਦੀ ਪੜ੍ਹਾਈ ਕਰਦਾ ਸੀ ਅਤੇ ਕਾਲਜ ਸਾਈਕਲ 'ਤੇ ਜਾਂਦਾ। ਜਦ ਛੋਟਾ ਭਰਾ ਵੀ ਸ਼ਹਿਰ ਦੇ ਸਕੂਲ ਜਾਣ ਲੱਗਾ ਤਾਂ ਦੋਵੇਂ ਇਕੱਠੇ ਚਲੇ ਜਾਂਦੇ। ਜਦ ਭਰਾ ਬੀ. ਏ. ਵਿਚ ਹੋਇਆ ਤਾਂ ਮੇਰੇ ਮਾਂ-ਬਾਪ ਦੇ ਚਿਹਰੇ 'ਤੇ ਲਾਲੀ ਆਉਣ ਲੱਗੀ ਕਿ ਇਸ ਨੇ ਕਮਾਉਣ ਲੱਗ ਜਾਣਾ ਤੇ ਗਰੀਬੀ ਕੱਟੀ ਜਾਣੀ ਹੈ।

ਉਦੋਂ ਮੈਂ ਦਸਵੀਂ ਵਿਚ ਸੀ। ਰੱਬ ਦਾ ਭਾਣਾ, ਲੋਹੜੀ ਤੋਂ ਦੋ ਦਿਨ ਪਿਛੋਂ ਮੇਰੇ ਪਿਤਾ ਜੀ ਨੂੰ ਦਿਲ ਦਾ ਦੌਰਾ ਪਿਆ। ਡਾਕਟਰ ਕੋਲ ਲਿਜਾਂਦਿਆਂ ਰਾਹ 'ਚ ਹੀ ਉਹ ਚੜ੍ਹਾਈ ਕਰ ਗਏ। ਸਾਡੇ ਅਗਲੇ ਹਾਲ ਦਾ ਤੁਸੀਂ ਆਪ ਅੰਦਾਜ਼ਾ ਲਾ ਸਕਦੇ ਹੋ।

ਅੱਠਵੀਂ ਵਿਚ ਪੜ੍ਹਦਿਆਂ ਮੈਂ ਕਈ ਹੋਰ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਂਦੀ। ਮੇਰੀ ਛੇਵੀਂ ਵਾਲੀ ਟੀਚਰ ਆਪਣੀ ਲੜਕੀ ਨੂੰ ਸ਼ਾਮ ਨੂੰ ਮੇਰੇ ਕੋਲ ਟਿਊਸ਼ਨ ਲਈ ਭੇਜ ਦਿੰਦੀ। ਮੇਰਾ ਗਣਿਤ ਬਹੁਤ ਚੰਗਾ ਸੀ, ਮੈਂ ਉਸ ਨੂੰ ਪੜ੍ਹਾਉਂਦੀ। ਉਹ ਬੱਚੀ ਗਣਿਤ ਵਿਚ ਬਹੁਤ ਕਮਜ਼ੋਰ ਸੀ। ਜਦੋਂ ਉਹ ਗਣਿਤ ਵਿਚੋਂ ਪਾਸ ਹੋਣ ਲੱਗੀ ਤਾਂ ਮੈਡਮ ਨੇ ਮੇਰੀ ਨੌਵੀਂ ਦੀ ਫੀਸ ਦੇ ਦਿੱਤੀ ਤੇ ਕਿਤਾਬਾਂ ਵੀ ਲੈ ਦਿਤੀਆਂ। ਫਿਰ ਸੱਤਵੀਂ ਦੀਆਂ ਅੱਠ ਕੁੜੀਆਂ ਦਾ ਗਰੁਪ ਪੜ੍ਹਾਉਣ ਲਈ ਬਣਾ ਕੇ ਪੜ੍ਹਾਉਣ ਲੱਗੀ। ਹਰ ਮਹੀਨੇ 80 ਰੁਪਏ ਉਹ ਮੈਨੂੰ ਦਿੰਦੀਆਂ। ਛੋਟੇ ਭਰਾ ਨੇ ਬਾਰ੍ਹਵੀਂ ਕਰ ਲਈ। ਮੈਂ ਵੀ ਦਸਵੀਂ ਪਾਸ ਕਰ ਲਈ।

ਵੱਡੇ ਭਰਾ ਨੇ ਬੀ. ਏ. ਪਾਸ ਕਰਨ ਮਗਰੋਂ ਨੌਕਰੀ ਦੀ ਭਾਲ ਸ਼ੁਰੂ ਕਰ ਦਿੱਤੀ। ਛੇਤੀ ਹੀ ਉਸ ਨੂੰ ਸਿਵਲ ਸਪਲਾਈ ਵਿਭਾਗ ਵਿਚ ਇੰਸਪੈਕਟਰ ਦੀ ਨੌਕਰੀ ਮਿਲ ਗਈ। ਛੋਟਾ ਭਰਾ ਵੀ ਫੌਜ ਵਿਚ ਭਰਤੀ ਹੋ ਗਿਆ। ਛੋਟੀ ਭੈਣ ਨੂੰ ਸ਼ਹਿਰ ਦੇ ਸਕੂਲ 'ਚ ਨੌਵੀਂ ਜਮਾਤ ਵਿਚ ਦਾਖਲਾ ਮਿਲ ਗਿਆ। ਉਹ ਖੇਡਾਂ ਵਿਚ ਬਹੁਤ ਤੇਜ਼ ਸੀ। ਦਸਵੀਂ ਕਰਦਿਆਂ ਹੀ ਸਪੋਰਟਸ ਕਾਲਜ ਵਿਚ ਦਾਖਲਾ ਮਿਲ ਗਿਆ ਅਤੇ ਅੱਗੇ ਸਾਰਾ ਖਰਚ ਸਰਕਾਰ ਨੇ ਕਰਨਾ ਸੀ।

ਹੁਣ ਕਿਸੇ ਦੇ ਵੀ ਖਰਚ ਦਾ ਫਿਕਰ ਨਹੀਂ ਸੀ ਰਿਹਾ। ਮੈਂ ਆਪਣੀਆਂ ਟਿਊਸ਼ਨਾਂ ਨਾਲ ਕਾਲਜ ਵਿਚ ਦਾਖਲਾ ਲੈ ਲਿਆ। ਕਈ ਵਾਰ ਟਿਊਸ਼ਨ ਪੜ੍ਹਾ ਕੇ ਘਰੇ ਲੇਟ ਪੁੱਜਦੀ। ਮਾਂ ਫਿਕਰ ਕਰਦੀ। ਮੈਨੂੰ ਜਾਣ-ਪਛਾਣ ਵਾਲੇ ਤੋਂ ਇਕ ਕਮਰਾ ਮਿਲ ਗਿਆ, ਉਸ ਦਾ ਸਿਰਫ ਬਿਜਲੀ ਦਾ ਬਿਲ ਦੇਣਾ ਹੁੰਦਾ ਸੀ। ਸਰਦੀਆਂ ਵਿਚ ਮੈਂ ਬੀਜੀ ਨੂੰ ਵੀ ਨਾਲ ਲੈ ਗਈ। ਗਰਮੀਆਂ ਵਿਚ ਪਿੰਡੋਂ ਹੀ ਆਉਂਦੀ। ਇਉਂ ਮੈਂ ਬੀ. ਏ. ਕਰ ਲਈ ਤੇ ਐਮ. ਏ. ਵਿਚ ਦਾਖਲਾ ਲੈ ਲਿਆ।

ਮੈਂ ਸਟੇਜ 'ਤੇ ਚੰਗਾ ਬੋਲ ਲੈਂਦੀ ਸੀ। ਇਕ ਵਾਰੀ ਚੰਡੀਗੜ੍ਹ ਡੀ. ਏ. ਵੀ. ਕਾਲਜ ਵਿਚ ਇੰਟਰ-ਕਾਲਜ ਡੀਬੇਟ ਵਿਚ ਮੈਂ ਦੂਜੇ ਥਾਂ ਅਤੇ ਫਿਰੋਜ਼ਪੁਰ ਕਾਲਜ ਦਾ ਲੜਕਾ ਪਹਿਲੇ ਥਾਂ 'ਤੇ ਆਇਆ। ਜਦੋਂ ਸਾਰੇ ਵਿਦਿਆਰਥੀ ਚਾਹ ਪੀ ਰਹੇ ਸਨ ਤਾਂ ਪਹਿਲੇ ਨੰਬਰ 'ਤੇ ਆਉਣ ਵਾਲੇ ਲੜਕੇ ਨੇ ਮੇਰੀ ਤਾਰੀਫ ਕੀਤੀ, ਮੈਨੂੰ ਚੰਗਾ ਲੱਗਾ।

ਇਕ ਵਾਰ ਫਿਰ ਅਸੀਂ ਦੋਵੇਂ ਹੁਸ਼ਿਆਰਪੁਰ ਵਿਚ ਮਿਲੇ। ਦੋਵੇਂ ਪਹਿਲੇ ਨੰਬਰ 'ਤੇ ਆਏ। ਅਸੀਂ ਕਾਫੀ ਗੱਲਾਂ ਕੀਤੀਆਂ। ਜੇ ਮੈਂ ਕਹਾਂ ਕਿ ਅਸੀਂ ਦੋਸਤੀ ਨੂੰ ਰਿਸ਼ਤੇ ਵਿਚ ਬੰਨ੍ਹਣ ਲੱਗ ਪਏ ਤਾਂ ਵਧੇਰੇ ਠੀਕ ਹੈ।

ਐਮ. ਏ. ਦਾ ਸਾਲ ਪੂਰਾ ਹੁੰਦੇ ਸਾਰ ਉਸ ਲੜਕੇ ਦੇ ਪਿਤਾ ਦੀ ਬਦਲੀ ਇਥੇ ਹੋ ਗਈ। ਉਸ ਨੇ ਸਰਕਾਰੀ ਕਾਲਜ 'ਚ ਦਾਖਲਾ ਲੈ ਲਿਆ। ਮੈਂ ਪ੍ਰਾਈਵੇਟ ਕਾਲਜ 'ਚ ਸੀ। ਇਥੇ ਦੀ ਐਕਸਟੈਨਸ਼ਨ ਲਾਇਬ੍ਰੇਰੀ ਵਿਚ ਅਸੀਂ ਮਿਲਦੇ ਰਹੇ। ਮੈਨੂੰ ਉਹ ਬਹੁਤ ਚੰਗਾ ਲਗਦਾ ਸੀ। ਉਸ ਦਾ ਸੁਭਾਅ ਬਹੁਤ ਮਿੱਠਾ, ਸਹਿਜ, ਸੰਜਮ ਵਾਲਾ ਸੀ।

ਲਾਇਬ੍ਰੇਰੀ ਸਾਡਾ ਨਿਤਨੇਮ ਬਣ ਗਿਆ। ਮੈਡਮ, ਮੇਰੀ ਇਸ ਗੱਲ ਨੂੰ ਅੱਜ ਤਕ ਕਿਸੇ ਨੇ ਨਹੀਂ ਮੰਨਿਆ ਕਿ ਅਸੀਂ ਕਦੇ ਵੀ ਪਿਆਰ ਮੁਹੱਬਤ ਜਾਂ ਇਸ ਤਰ੍ਹਾਂ ਦੀ ਗੱਲ ਨਹੀਂ ਕੀਤੀ। ਜਦੋਂ ਵੀ ਮਿਲਦੇ ਤਾਂ ਸਿਰਫ ਪੜ੍ਹਾਈ ਦਾ ਕੋਈ ਵਿਸ਼ਾ ਵਿਚਾਰਦੇ। ਉਹ ਮੈਨੂੰ ਕਦੇ ਕੋਈ ਕਿਤਾਬ ਦਿੰਦਾ। ਕੁਝ ਚਿਰ ਬਾਹਰ ਖੜ੍ਹ ਕੇ ਵੀ ਅਸੀਂ ਅਖਬਾਰ ਦੀ ਕਿਸੇ ਖਾਸ ਖਬਰ ਬਾਰੇ ਚਰਚਾ ਕਰਦੇ। ਜਿਸ ਦਿਨ ਨਾ ਮਿਲਦੇ, ਉਹ ਰਾਤ ਬਹੁਤ ਔਖੀ ਲੰਘਦੀ। ਇਵੇਂ ਹੀ ਸਾਲ ਬੀਤ ਗਿਆ। ਮੈਂ ਸੈਕੰਡ ਤੇ ਉਹ ਫਸਟ ਡਵੀਜ਼ਨ 'ਚ ਪਾਸ ਹੋ ਗਏ।

ਰਿਜ਼ਲਟ ਆਉਣ ਮਗਰੋਂ ਉਸ ਨੂੰ ਉਸ ਪ੍ਰਾਈਵੇਟ ਕਾਲਜ ਵਿਚ ਨੌਕਰੀ ਮਿਲ ਗਈ, ਜਿਥੋਂ ਮੈਂ ਐਮ. ਏ. ਕੀਤੀ ਸੀ। ਮੈਂ ਵੀ ਸਕੂਲ ਵਿਚ ਪੜ੍ਹਾਉਣ ਲੱਗੀ। ਸ਼ਹਿਰ ਵਿਚ ਇਹ ਇਕੋ-ਇਕ ਸਕੂਲ ਹੈ, ਜਿਥੇ ਹੋਸਟਲ ਵੀ ਹਨ। ਨਾਲ ਹੀ ਮੈਨੂੰ ਵਾਰਡਨ ਦਾ ਕੰਮ ਵੀ ਮਿਲ ਗਿਆ। ਹੁਣ ਰੋਜ਼ ਪਿੰਡ ਜਾਣਾ ਮੁਸ਼ਕਿਲ ਸੀ, ਮੈਂ ਬੀਜੀ ਨੂੰ ਵੀ ਨਾਲ ਰੱਖ ਲਿਆ।

ਸਾਡਾ ਲਾਇਬ੍ਰੇਰੀ ਦਾ ਨਿਤਨੇਮ ਜਾਰੀ ਰਿਹਾ। ਉਸ ਨੇ ਮੈਨੂੰ ਕਿਹਾ ਕਿ ਤੂੰ ਪੀਐਚ. ਡੀ. ਦੀ ਤਿਆਰੀ ਕਰ। ਪਹਿਲਾਂ ਤਾਂ ਮੈਂ ਅੰਗਰੇਜ਼ੀ ਲਿਟਰੇਚਰ ਪੜ੍ਹਨਾ ਸ਼ੁਰੂ ਕੀਤਾ। ਐਮ. ਏ. ਵਿਚ ਤਾਂ ਜ਼ਿਆਦਾ ਧਿਆਨ ਕੋਰਸ ਦੀਆਂ ਕਿਤਾਬਾਂ ਵਿਚ ਸੀ। ਅਸੀਂ ਦੋਵੇਂ ਕਿਤਾਬਾਂ ਪੜ੍ਹਦੇ, ਫਿਰ ਉਨ੍ਹਾਂ ਬਾਰੇ ਵਿਚਾਰ-ਵਟਾਂਦਰਾ ਕਰਦੇ। ਇਨ੍ਹਾਂ ਮੁਲਾਕਾਤਾਂ ਵਿਚ ਸਾਡਾ ਪਿਆਰ ਬਹੁਤ ਗੂੜ੍ਹਾ ਹੋ ਗਿਆ। ਸਾਡੇ ਪਿਆਰ ਵਿਚ ਕੋਈ ਜਿਣਸੀ ਭੁੱਖ ਨਹੀਂ ਸੀ। ਉਹ ਬਹੁਤ ਸਹਿਜ, ਸੰਜਮ ਗੁਣਾਂ ਨਾਲ ਭਰਪੂਰ ਇਨਸਾਨ ਸੀ। ਉਸ ਨੇ ਕਦੇ ਕੋਈ ਕਿਤਾਬ ਲੈਣ ਜਾਂ ਦੇਣ ਵੇਲੇ ਮੇਰੇ ਹੱਥ ਨੂੰ ਛੂਹਣ ਦੀ ਕੋਸ਼ਿਸ਼ ਨਹੀਂ ਕੀਤੀ ਸੀ। ਮੇਰੇ ਮਨ ਵਿਚ ਵੀ ਕਦੇ ਸਰੀਰਕ ਨੇੜਤਾ ਦੀ ਭੁੱਖ ਨਹੀਂ ਜਾਗੀ।

ਇਕ ਦਿਨ ਉਸ ਨੇ ਮੈਨੂੰ ਕਿਹਾ ਕਿ ਅਜੀਤ, ਹੁਣ ਆਪਾਂ ਨੂੰ ਵਿਆਹ ਕਰਵਾ ਲੈਣਾ ਚਾਹੀਦਾ ਹੈ। ਮੈਂ ਬਹੁਤ ਹੈਰਾਨ ਹੋਈ ਤੇ ਕਿਹਾ ਕਿ ਆਪਾਂ ਤੋਂ ਕੀ ਭਾਵ।

'ਭਾਵ ਤੂੰ ਵੀ ਹੁਣ ਕੋਈ ਪੰਦਰਾਂ ਸਾਲਾਂ ਦੀ ਬਾਲੜੀ ਨਹੀਂ। ਮੇਰੇ ਘਰ ਵਿਚ ਰਾਤ ਦੇ ਖਾਣੇ ਨਾਲ ਮੈਟਰੀਮੋਨੀਅਲ ਸੈਸ਼ਨ ਚਲਦਾ ਹੈ। ਮੈਂ ਵੀ ਵਿਆਹ ਯੋਗ ਹਾਂ ਤੇ ਤੂੰ ਵੀ। ਇਸ ਲਈ ਸਲਾਹ ਕਰ ਲਈਏ।' ਇਹ ਕਹਿ ਕੇ ਰਣਜੀਤ ਹੱਸ ਪਿਆ, 'ਦੋਸਤੀ ਵਿਚ ਇਕ-ਦੂਜੇ ਦੀ ਸਹਾਇਤਾ ਵੀ ਕੀਤੀ ਜਾਂਦੀ ਹੈ। ਤੂੰ ਮੈਨੂੰ ਯੋਗ ਦੁਲਹਨ ਦੱਸ ਸਕਦੀ ਹੈਂ। ਮੈਂ ਤੈਨੂੰ ਕੋਈ ਯੋਗ ਸੋਹਣਾ ਸਜੀਲਾ ਗੱਭਰੂ ਦੱਸ ਸਕਦਾ ਹਾਂ। ਤੂੰ ਸੁਣ ਕੇ ਘਬਰਾ ਕਿਉਂ ਗਈ?'

'ਮੈਂ ਘਬਰਾਈ ਨਹੀਂ ਪਰ ਇਕ ਗੱਲ ਮੈਂ ਤੈਨੂੰ ਦੱਸੀ ਹੋਈ ਹੈ ਕਿ ਮੈਂ ਵਿਆਹ ਨਹੀਂ ਕਰਵਾਉਣਾ।' ਉਸ ਨੇ ਕਿਹਾ ਕਿ ਮੈਂ ਤਾਂ ਸੁਣਿਆ



ਸੀ ਕਿ ਹਰ ਲੜਕੀ ਵਿਆਹ ਤੋਂ ਪਹਿਲਾਂ ਇਹੀ ਕਹਿੰਦੀ ਹੁੰਦੀ ਹੈ। ਮੈਂ ਉਸ ਨੂੰ ਦਸਿਆ ਕਿ ਮੇਰਾ ਪੱਕਾ ਫੈਸਲਾ ਹੈ, ਇਸ ਲਈ ਤੁਸੀਂ ਆਪਣੇ ਲਈ ਯੋਗ ਲੜਕੀ ਲੱਭ ਕੇ ਵਿਆਹ ਕਰਵਾਉ। ਮੇਰੇ ਵਲੋਂ ਕੋਈ ਰੁਕਾਵਟ ਜਾਂ ਗਲਤ ਧਾਰਨਾ ਰੱਖਣ ਦੀ ਲੋੜ ਨਹੀਂ। ਮੈਂ ਤੈਨੂੰ ਹਮੇਸ਼ਾ ਆਪਣਾ ਪਿਆਰਾ ਦੋਸਤ ਸਮਝਦੀ ਰਹਾਂਗੀ। ਜੇ ਉਹ ਲੜਕੀ ਸੱਚਾਈ ਸਮਝਣ ਵਾਲੀ ਹੋਈ ਤਾਂ ਉਹ ਮੇਰੀ ਵੀ ਪਿਆਰੀ ਸਹੇਲੀ ਹੋਵੇਗੀ।

ਰਣਜੀਤ ਨੇ ਕਿਹਾ, 'ਹਾਂ ਵਿਆਹ ਕਰਨ ਤੋਂ ਪਹਿਲਾਂ ਮੈਂ ਤੈਨੂੰ ਉਸ ਕੁੜੀ ਨਾਲ ਮਿਲਾਵਾਂਗਾ।' ਉਸ ਨੇ ਇਸੇ ਤਰ੍ਹਾਂ ਹੀ ਕੀਤਾ। ਇਕ ਦਿਨ ਮੈਨੂੰ ਫੋਨ ਕੀਤਾ, 'ਮੈਂ ਇਕ ਉਮੀਦਵਾਰ ਦੇ ਨਾਲ ਤੈਨੂੰ ਮਿਲਾਉਣਾ ਹੈ, ਕਿੱਥੇ ਮਿਲੇਂਗੀ?' ਅਸੀਂ ਹੋਸਟਲ ਦੇ ਗੈਸਟ ਰੂਮ ਵਿਚ ਮਿਲੇ। ਇਕ ਘੰਟਾ ਗੱਲਾਂ ਕੀਤੀਆਂ। ਮੈਂ ਉਸ ਲੜਕੀ ਨੂੰ ਕਿਹਾ ਕਿ ਮੈਂ ਰਣਜੀਤ ਨੂੰ ਪਿਆਰ ਕਰਦੀ ਹਾਂ ਤੇ ਕਰਦੀ ਰਹਾਂਗੀ। ਮੈਂ ਤੁਹਾਡੇ ਵਿਆਹੁਤਾ ਜੀਵਨ ਵਿਚ ਕਦੇ ਵੀ ਰੋੜਾ ਨਹੀਂ ਬਣਾਂਗੀ। ਮੈਂ ਰਣਜੀਤ ਨੂੰ ਮਿਲਾਂਗੀ ਵੀ ਨਹੀਂ। ਅੱਜ ਤਕ ਮੈਂ ਇਸ ਨੂੰ ਸੱਚਾ-ਸੁੱਚਾ ਤੇ ਨਿਰਛੋਹ ਪਿਆਰ ਕੀਤੈ। ਉਸ ਪਿਆਰ ਦੀ ਹੱਦ ਮੇਰੇ ਦਿਲ ਦੇ ਅੰਦਰ ਤਕ ਰਹੀ ਹੈ। ਹੁਣ ਵੀ ਰਹੇਗੀ। ਭਰੋਸਾ ਕਰਨਾ ਹੁਣ ਤੁਹਾਡਾ ਕੰਮ ਹੈ। ਅਗਰ ਤੁਹਾਡਾ ਦੋਹਾਂ ਦਾ ਜੋੜ ਬਣਦਾ ਹੈ ਤਾਂ ਮੈਨੂੰ ਤੁਹਾਡੀ ਜੋੜੀ ਬਹੁਤ ਫੱਬਦੀ ਲੱਗੀ ਹੈ।'

ਉਸ ਲੜਕੀ ਨੇ ਉਠ ਕੇ ਮੈਨੂੰ ਕਿਹਾ ਕਿ ਮੈਂ ਤੁਹਾਨੂੰ ਗਲੇ ਮਿਲਣਾ ਚਾਹੁੰਦੀ ਹਾਂ। ਮੈਂ ਉਠ ਕੇ ਉਸ ਨੂੰ ਗਲ ਲਾ ਲਿਆ। ਉਸ ਨੇ ਕਿਹਾ ਕਿ ਤੁਸੀਂ ਮੇਰੇ ਵੱਡੇ ਦੀਦੀ ਤੇ ਮੈਂ ਤੁਹਾਡੀ ਛੋਟੀ ਭੈਣ। ਮੈਂ ਉਸ ਨੂੰ ਕਿਹਾ ਕਿ ਕਾਹਲੀ ਨਾ ਕਰ। ਮੇਰੇ ਨਾਲ ਵਰਤ ਲੈ, ਸਮਝ ਲੈ, ਸਮਾਂ ਬੀਤ ਲੈਣ ਦੇ। ਫਿਰ ਇਸੇ ਤਰ੍ਹਾਂ ਮੈਨੂੰ ਮਿਲੀਂ। ਉਸ ਨੇ ਕਿਹਾ ਕਿ ਜਿਸ ਸੱਚਾਈ ਨਾਲ ਤੁਸੀਂ ਗੱਲਾਂ ਕੀਤੀਆਂ, ਉਸ ਸੱਚਾਈ 'ਤੇ ਮੈਂ ਭਰੋਸਾ ਕਰਦੀ ਹਾਂ।

ਰਣਜੀਤ ਦਾ ਵਿਆਹ ਹੋ ਗਿਆ। ਬੱਚੇ ਹੋਏ। ਰਣਜੀਤ ਦੀ ਪਤਨੀ ਹਰ ਮੌਕੇ ਮੈਨੂੰ ਬੁਲਾਉਂਦੀ ਤੇ ਬਹੁਤ ਸਤਿਕਾਰ ਕਰਦੀ। ਬੱਚਿਆਂ ਨੂੰ ਲੈ ਕੇ ਹਫਤੇ ਵਿਚ ਇਕ ਵਾਰ ਜ਼ਰੂਰ ਮਿਲਦੀ। ਬੱਚੇ ਮੈਨੂੰ ਮਾਸੀ ਕਹਿੰਦੇ। ਮੈਂ ਬੀਜੀ ਦੇ ਨਾਲ ਆਪਣੇ ਘਰ ਆ ਗਈ। ਮੈਂ ਆਪਣਾ ਘਰ ਲੈ ਲਿਆ ਸੀ। ਮੇਰੀ ਹਰ ਲੋੜ ਵੇਲੇ ਉਹਦੀ ਕਾਰ ਖੜ੍ਹੀ ਹੁੰਦੀ। ਰਣਜੀਤ ਨੂੰ ਵੀ ਨਾਲ ਲੈ ਕੇ ਆਉਂਦੀ। ਮੈਨੂੰ ਚੰਗਾ ਲਗਦਾ। ਸਮਾਂ ਬੀਤਦਾ ਗਿਆ। ਮੇਰੇ ਬੀਜੀ ਚੜ੍ਹਾਈ ਕਰ ਗਏ। ਮੈਂ ਇਕੱਲੀ ਹੋ ਗਈ।

ਇਕ ਦਿਨ ਰਣਜੀਤ ਦੀ ਪਤਨੀ ਨੇ ਮੈਨੂੰ ਕਿਹਾ ਕਿ ਦੀਦੀ ਤੁਸੀਂ ਕਹੋ ਤਾਂ ਕੋਈ ਅਜਿਹੀ ਔਰਤ ਲੱਭਾਂ ਜੋ ਤੁਹਾਡੇ ਘਰ ਦਾ ਕੰਮ ਕਰੇ ਅਤੇ ਰਾਤ ਨੂੰ ਤੁਹਾਡੇ ਕੋਲ ਰਹੇ। ਮੈਂ ਉਸ ਨੂੰ ਕਿਹਾ ਕਿ ਮੈਂ ਆਪਣੀ ਛੋਟੀ ਭੈਣ ਦੀ ਧੰਨਵਾਦੀ ਹਾਂ, ਜਿਸ ਨੂੰ ਮੇਰੀ ਚਿੰਤਾ ਹੈ। ਮੈਨੂੰ ਅਜੇ ਕੋਈ ਲੋੜ ਨਹੀਂ।

ਮੈਂ ਸਕੂਲ ਤੋਂ ਲੇਟ ਆਉਂਦੀ ਹਾਂ। ਕਿਤਾਬਾਂ ਪੜ੍ਹਦੀ ਹਾਂ। ਆਪਣੇ ਆਪ ਨੂੰ ਰੁਝੇਵੇਂ ਵਿਚ ਰੱਖਦੀ ਹਾਂ। ਸੈਰ ਕਰਨ ਲਈ ਪਾਰਕ, ਘਰ ਦੇ ਨੇੜੇ ਸੀ। ਮੈਂ ਸੈਰ ਬਹੁਤ ਕਰਦੀ ਅਤੇ ਸਕੂਲ ਤੁਰ ਕੇ ਹੀ ਆਉਂਦੀ ਜਾਂਦੀ।

ਹਾਂ, ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰਦੀ ਕਿ ਮੇਰਾ ਮਨ ਕਈ ਵਾਰ ਉਦਾਸ ਹੁੰਦਾ। ਮੈਨੂੰ ਹੀ ਕਟਹਿਰੇ ਵਿਚ ਖੜ੍ਹਾ ਕਰ ਲੈਂਦਾ ਤੇ ਪੁੱਛਦਾ, ਦਸ ਤੂੰ ਵਿਆਹ ਕਿਉਂ ਨਹੀਂ ਕਰਵਾਇਆ? ਪਰ ਮੈਂ ਝੱਟ ਆਪਣੇ ਮਨ ਨੂੰ ਝਿੜਕ ਮਾਰਦੀ, ਕੀ ਹੋਇਆ, ਜੇ ਵਿਆਹ ਨਹੀਂ ਕਰਵਾਇਆ। ਰਣਜੀਤ ਦਾ ਪਿਆਰ ਅੱਜ ਵੀ ਮੇਰਾ ਹੈ। ਕੀ ਮੈਂ ਆਪਣੇ ਦਿਲ ਨੂੰ ਪਿਆਰ ਤੋਂ ਸੱਖਣਾ ਹੋਣ ਦਿਤਾ? ਨਹੀਂ ਨਾ! ਮੈਂ ਜਦ ਇਹ ਫੈਸਲਾ ਕੀਤਾ ਸੀ, ਉਸ ਵੇਲੇ ਵੀ ਮੇਰੀ ਤੇਰੀ (ਮਨ) ਤਕਰਾਰ ਹੋਈ ਸੀ।

ਮੈਂ ਉਸ ਵੇਲੇ ਸੋਚਿਆ ਸੀ ਕਿ ਮੂਹਰੇ ਪਏ ਨੂੰ ਤਾਂ ਸ਼ੇਰ ਵੀ ਨਹੀਂ ਖਾਂਦਾ। ਇਸ ਲਈ ਮੈਂ ਆਪਣੇ ਆਪ ਨੂੰ ਹਾਲਾਤ ਦੇ ਸਾਹਮਣੇ ਸੁੱਟ ਦਿਤਾ। ਮੈਨੂੰ ਆਪਣੀ ਤੇ ਸਾਹਮਣੇ ਵਾਲੇ ਦੀ ਸੱਚਾਈ 'ਤੇ ਭਰੋਸਾ ਸੀ। ਫਿਰ ਕੀ ਸੀ, ਜੀਵਨ ਦੀ ਬੇੜੀ ਦਾ ਚੱਪੂ ਮੈਂ ਸੱਚ ਦੇ ਦਰਿਆ ਵਿਚ ਸੁਟ, ਬਿਨਾ ਮਲਾਹ ਤੇ ਬਿਨਾ ਚੱਪੂ ਦੀ ਬੇੜੀ ਵਿਚ ਸਵਾਰ ਹੋ ਗਈ। ਉਹ ਬੇੜੀ ਆਪ ਹੀ ਅਨੁਕੂਲ ਹਵਾਵਾਂ ਦਾ ਆਸਰਾ ਲੈ ਤੂਫਾਨਾਂ ਦਾ ਸਾਹਮਣਾ ਕਰਦੀ ਡੁਬਦੀ ਨਹੀਂ, ਤਰਦੀ ਜਾਂਦੀ ਹੈ। ਤੇਜ਼ ਹਵਾਵਾਂ ਜਾਂ ਉਚੀਆਂ ਛੱਲਾਂ ਦਾ ਸਾਹਮਣਾ ਕਰਨ ਦੀ ਸ਼ਕਤੀ ਆਪਣੇ ਅੰਦਰ ਹੋਣੀ ਚਾਹੀਦੀ ਹੈ। ਚੱਪੂ ਵੀ ਮਲਾਹ ਦੀਆਂ ਬਾਹਾਂ ਦਾ ਸਹਾਰਾ ਲੋਚਦਾ ਹੈ। ਆਪ ਇਕੱਲਾ ਕੁਝ ਨਹੀਂ ਕਰ ਸਕਦਾ। ਮਲਾਹ ਚੱਪੂ ਤੋਂ ਬਿਨਾ ਕੁਝ ਨਹੀਂ ਕਰ ਸਕਦਾ। ਮੇਰੇ ਕੋਲ ਮੇਰਾ ਪਿਆਰ ਤੇ ਮੇਰਾ ਵਿਸ਼ਵਾਸ, ਦੋਵੇਂ ਹਨ। ਜੇ ਕਦੇ ਮੇਰੀ ਬੇੜੀ ਡੁੱਬਣ ਲੱਗੀ ਤਾਂ ਮੈਨੂੰ ਬਚਾਉਣ ਲਈ ਮੇਰਾ ਪਿਆਰ ਤੇ ਪਰਿਵਾਰ ਬਚਾਅ ਲਈ ਆਵੇਗਾ। ਹੋਰ ਕੀ ਚਾਹੀਦਾ ਹੈ ਮੈਡਮ...।"

ਕਿੰਨੀ ਦੇਰ ਅਸੀਂ ਦੋਵੇਂ ਚੁੱਪ ਬੈਠੀਆਂ ਰਹੀਆਂ। ਫਿਰ ਅਜੀਤ ਹੀ ਬੋਲੀ, "ਮੈਡਮ ਕਿਹੋ ਜਿਹੀ ਲੱਗੀ ਕਹਾਣੀ। ਆਪਾਂ ਤੇ ਪਿਕਨਿਕ 'ਤੇ ਆਈਆਂ ਸੀ, ਮੈਂ ਮਾਹੌਲ ਗੰਭੀਰ ਬਣਾ ਦਿੱਤਾ।

"ਅਜੀਤ ਤੂੰ ਤਾਂ ਮੈਨੂੰ ਰੱਬ ਵਿਖਾ ਦਿੱਤਾ। ਤੇਰਾ ਭਰੋਸਾ, ਆਪਣੇ ਪਿਆਰ 'ਤੇ ਰੱਬ ਵਰਗਾ। ਰੱਬ ਕਹਿੰਦੇ ਸੱਚ ਵਿਚ ਵਸਦਾ ਹੈ। ਉਹ ਸੱਚ ਤੇਰੇ ਅੰਦਰ ਹੈ। ਮੈਂ ਤਾਂ ਸੀਸ ਝੁਕਾਉਂਦੀ ਹਾਂ, ਤੇਰੇ ਤੇ ਰਣਜੀਤ ਦੇ ਪਿਆਰ ਨੂੰ। ਹਾਂ, ਉਸ ਤੋਂ ਪਹਿਲਾਂ ਉਸ ਲੜਕੀ ਦੇ ਵਿਸ਼ਵਾਸ ਨੂੰ ਜਿਸ ਨੇ ਤੇਰੇ ਮੂੰਹੋਂ ਵੀ ਸੁਣ ਲਿਆ ਕਿ ਤੂੰ ਰਣਜੀਤ ਨੂੰ ਪਿਆਰ ਕਰਦੀ ਹੈਂ। ਉਸ ਰਣਜੀਤ ਨਾਲ ਵਿਆਹ ਕਰਵਾਇਆ ਤੇ ਤੈਨੂੰ ਭੈਣ ਬਣਾ ਲਿਆ।

ਤੇਰਾ ਤੇ ਰਣਜੀਤ ਦਾ ਪਿਆਰ ਅਤੇ ਉਸ ਲੜਕੀ ਦਾ ਵਿਸ਼ਵਾਸ ਜੱਗੋਂ ਤੇਰਵੀਂ ਗੱਲ ਹੈ।

## ਸਿਰੇ ਦੇ ਲਿਖਾਰੀਆਂ ਨੇ

ਸਿਰੇ ਦੇ ਲਿਖਾਰੀਆਂ ਨੇ ਲਿਖ ਲਿਖ ਗੀਤ
ਕਈ ਹੀਰਾਂ ਉਤੇ ਕਲਮ ਚਲਾਈ।
ਸੱਸੀ-ਪੰਨੂੰ, ਸੋਹਣੀ-ਮਹੀਂਵਾਲ ਯਾਦ ਰਹੇ
ਅਣਖੀਲੇ ਪੰਥ ਦੀ ਯਾਦ ਨਾ ਆਈ।

ਲਿਖਦੇ ਨਾ ਕਾਹਤੋਂ ਮਾਈ ਭਾਗੋ ਜਿਹੀ ਸ਼ੇਰਨੀ
ਜਿਸ ਛੱਡੇ ਕਈ ਮੈਦਾਨ ਫਤਹਿ ਕਰ ਕੇ।
ਲਿਖਦੇ ਨਹੀਂ ਕਾਹਤੋਂ ਉਸ ਸੂਰਮੇ ਦੀ ਗੱਲ
ਜੋ ਤੁਰਿਆ ਸੀ ਸੀਸ ਤਲੀ 'ਤੇ ਧਰ ਕੇ।
ਭਾਈ ਮਨੀ, ਭਾਈ ਤਾਰੂ ਖੌਰੇ ਕਿੰਨੇ ਹੀ ਜੁਝਾਰੂ
ਜਿਨ੍ਹਾਂ ਕੌਮ ਲੇਖੇ ਜਾਨ ਸੀ ਲਗਾਈ...।

ਲਿਖਦੇ ਹੋ ਤੁਸੀਂ ਉਸ 'ਚਿੱਟੇ' 'ਤੇ ਗੀਤ
ਮਾਂ ਦੇ ਲਾਲ ਕੁਰਾਹੇ ਪਾਉਂਦੇ ਹੋ।
ਆਖਦੇ ਹੋ ਤੁਸਾਂ ਜੱਟ ਵੈਲੀ ਤੇ ਸ਼ਰਾਬੀ
ਫਾਹੇ ਲੈਂਦਿਆਂ ਨੂੰ ਤਾਂ ਭੁਲਾਉਂਦੇ ਹੋ।
ਜਾਗਦੀ ਜਮੀਰ, ਨਾ ਮੈਥੋਂ ਚੁੱਪ ਰਿਹਾ ਜਾਏ
ਉਹ ਜੱਟ 'ਦੀਪ ਸਿੰਘ' ਦੀ ਯਾਦ ਨਾ ਆਈ...।

ਸੁਣੀ ਨਹੀਂ ਤੁਹਾਨੂੰ ਆਰੀਆਂ ਦੀ ਆਵਾਜ਼
ਚੀਖਾਂ ਮਾਰ ਮਾਰ ਸੀ ਥੱਕੀਆਂ।
ਚੀਰੇ ਗਏ ਧੜਾਂ 'ਤੇ ਕਲਮਾਂ ਤੁਹਾਡੀਆਂ
ਵਰਕੇ ਕਿਉਂ ਨਾ ਭਰ ਸਕੀਆਂ।
ਲਗਦੀਆਂ ਵੇਖ ਕੇ ਬਾਣੀਆਂ ਨੂੰ ਅੱਗਾਂ
ਸੁੱਤੀ ਹੋਈ ਜਮੀਰ ਨਾ ਜਗਾਈ...।

ਕਾਹਦਾ ਉਹ ਲਿਖਾਰੀ ਜੋ ਧਰਮ ਨੂੰ ਛੱਡ
ਮਿਰਜਿਆਂ-ਰਾਂਝਿਆਂ ਦੇ ਪੂਰਨੇ 'ਤੇ ਚੱਲੇ।
ਕਾਹਦੀ ਉਹ ਕਲਮ ਜੋ ਸ਼ਹੀਦੀਆਂ ਨੂੰ ਭੁੱਲ
ਗੋਲੀਆਂ-ਗੰਢਾਸਿਆਂ ਦੇ ਗੀਤਾਂ 'ਤੇ ਚੱਲੇ।
'ਸਿਮਰਨ' ਫੋਲ ਲਈਂ ਪੰਨੇ ਖੂਨੀ ਦਾਸਤਾਨ ਦੇ
ਕੌਮ ਦੇ ਹੀਰਿਆਂ ਨੂੰ ਨਾ ਭੁਲਾਈਂ।
ਸਿਰੇ ਦੇ ਲਿਖਾਰੀਆਂ ਨੇ ਲਿਖ ਲਿਖ ਗੀਤ
ਕਈ ਹੀਰਾਂ ਉਤੇ ਕਲਮ ਚਲਾਈ।

*-ਸਿਮਰਨਜੀਤ ਕੌਰ*
*ਫੋਨ: 91-85912-33967*

## ਗਜ਼ਲ

ਗਜ਼ਲ ਲਿਖਾਂ ਸੂਰਜ ਦੇ ਸੋਹਣੇ ਰੰਗ ਵਰਗੀ।
ਜਾਂ ਅੱਲ੍ਹੜ ਮੁਟਿਆਰ ਦੀ ਸੋਹਣੀ ਸੰਗ ਵਰਗੀ।
ਬਾਗਾਂ ਦੇ ਵਿਚ ਆਈ ਨਵੀਂ ਬਹਾਰ ਜਿਹੀ
ਸਾਗਰ ਵਿਚੋਂ ਉਠੀ ਕਿਸੇ ਤਰੰਗ ਵਰਗੀ।

ਬਾਰਸ਼ ਮਗਰੋਂ ਨੀਲ ਗਗਨ ਦੀ ਪੀਂਘ ਜਿਹੀ
ਜਾਂ ਕੋਇਲ ਦੀ ਸੱਧਰਾਂ ਭਰੀ ਉਮੰਗ ਵਰਗੀ।
ਸੁਬਹ ਸਵੇਰੇ ਜਾਂ ਚਿੜੀਆਂ ਦੀ ਚੂਕ ਜਿਹੀ
ਜਾਂ ਹੋਵੇ ਸ਼ਿਅਰ ਦੇ ਲਿਖੇ ਵਿਅੰਗ ਵਰਗੀ।

ਜਾਂ ਬ੍ਰਿਹਣ ਦੀ ਬ੍ਰਿਹਾ ਭਰੀ ਉਡੀਕ ਜਿਹੀ
ਜਾਂ ਦੁਲਹਨ ਦੇ ਹੱਥ ਖਣਕਦੀ ਵੰਗ ਵਰਗੀ।
ਜਾਂ ਪਿਆਸੀ ਪਿਆਸੀ ਸ਼ਾਮ ਸੁਰਮਈ ਜਿਹੀ
ਜਾਂ ਬੱਦਲਾਂ ਵਿਚ ਉਡਦੀ ਹੋਈ ਪਤੰਗ ਵਰਗੀ।

ਜਾਂ ਹੋਵੇ 'ਸੁਰਜੀਤ' ਮੇਰੇ ਅਰਮਾਨਾਂ ਜਿਹੀ
ਜਾਂ ਸੋਹਣੇ ਸਾਂਵਲ ਦੇ ਸੋਹਣੇ ਸੰਗ ਵਰਗੀ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***


# ਜ਼ਰਾ ਧਿਆਨ ਦਿਉ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਆਮ ਤੌਰ 'ਤੇ ਗਹੁ ਨਾਲ ਕਿਸੇ ਕੰਮ ਕਰਨ ਦੀ ਕ੍ਰਿਆ ਧਿਆਨ ਕਹਾਉਂਦੀ ਹੈ। ਇਸ ਕ੍ਰਿਆ ਵਿਚ ਸੁਰਤ ਹਥਲੇ ਕੰਮ ਵੱਲ ਕੇਂਦ੍ਰਿਤ ਹੁੰਦੀ ਹੈ। ਅਸੀਂ ਕਹਿੰਦੇ ਹਾਂ, 'ਧਿਆਨ ਨਾਲ ਕੰਮ ਕਰ।' ਇਸ ਤਰ੍ਹਾਂ ਕੀਤੇ ਕੰਮ ਵਿਚ ਸੁਰਤੀ ਉਖੜਦੀ ਨਹੀਂ ਤੇ ਗਲਤੀਆਂ ਘਟ ਹੋਣ ਦੀ ਗੁੰਜਾਇਸ਼ ਹੁੰਦੀ ਹੈ। ਧਿਆਨ ਦੌਰਾਨ ਸਾਡੀਆਂ ਸਾਰੀਆਂ ਜਾਂ ਕੁਝ ਗਿਆਨ ਇੰਦਰੀਆਂ ਆਪਣੇ ਸਰੋਕਾਰ ਵੱਲ ਜੁੜੀਆਂ ਹੁੰਦੀਆਂ ਹਨ। ਕੇਵਲ ਇੱਕ ਇੰਦਰੀ ਨੂੰ ਟਿਕਾਣੇ 'ਤੇ ਲਾਉਣ ਲਈ ਵੀ ਅਸੀਂ ਧਿਆਨ ਸ਼ਬਦ ਦੀ ਵਰਤੋਂ ਕਰਦੇ ਹਾਂ, ਜਿਵੇਂ 'ਧਿਆਨ ਨਾਲ ਸੁਣ', 'ਧਿਆਨ ਨਾਲ ਦੇਖ।' ਉਂਜ 'ਧਿਆਨ ਨਾਲ



ਸੁੰਘ' ਕਦੇ ਘਟ ਹੀ ਕਿਹਾ ਜਾਂਦਾ ਹੈ, ਕਹਿ ਦੇਵੋ ਤਾਂ ਗਲਤ ਵੀ ਨਹੀਂ। ਬੁੱਲੇ ਸ਼ਾਹ ਦੀ ਇੱਕ ਮਸ਼ਹੂਰ ਕਾਫੀ ਵਿਚ ਇਸ ਸ਼ਬਦ ਤੋਂ ਗਹਿਰੇ ਸੰਕੇਤ ਮਿਲਦੇ ਹਨ,

ਕਰ ਮਾਣ ਨਾ ਹੁਸਨ ਜਵਾਨੀ ਦਾ,
ਪਰਦੇਸ ਨਾ ਰਹਿਣ ਸੈਲਾਨੀ ਦਾ।
ਕੋਈ ਦੁਨੀਆਂ ਝੂਠੀ ਫਾਨੀ ਦਾ,
ਨਾ ਰਹਿਸੀ ਨਾਮ ਨਿਸ਼ਾਨ ਕੁੜੇ।
ਕਰ ਕੱਤਣ ਵੱਲ ਧਿਆਨ ਕੁੜੇ।

ਬੁੱਲੇ ਸ਼ਾਹ ਨੇ ਕੁਆਰੀ ਕੁੜੀ ਨੂੰ ਕੱਤਣ ਵੱਲ ਧਿਆਨ ਕਰਨ ਦੀ ਸਲਾਹ ਦਿੱਤੀ ਹੈ। ਕੁੜੀ ਦਾ ਕੱਤਣਾ ਉਸ ਦੀ ਕਮਾਈ ਹੈ, ਜਿਸ ਨਾਲ ਉਸ ਦੀ ਸਹੁਰੇ ਘਰ ਵਿਚ ਪੁੱਛ ਪ੍ਰਤੀਤ ਹੋਵੇਗੀ। ਇਸ ਦੇ ਅਧਿਆਤਮਕ ਅਰਥ ਹਨ। ਜਿਉਂਦੇ ਜੀਅ ਰੱਬ ਵੱਲ ਧਿਆਨ ਦੇਣ ਨਾਲ ਹੀ ਮਨੁੱਖ ਦੀ ਇਸ ਅੰਤਿਮ ਮੰਜ਼ਿਲ ਵੱਲ ਪੁੱਜਿਆ ਜਾ ਸਕਦਾ ਹੈ।

ਧਰਮ ਮਨੁੱਖ ਨੂੰ ਮੋਹ ਮਾਇਆ ਤੋਂ ਨਿਰਲੇਪ ਹੋ ਕੇ ਆਪਣੇ ਇਸ਼ਟ ਵੱਲ ਸੁਰਤ ਟਿਕਾਉਣ ਦਾ ਉਪਦੇਸ਼ ਦਿੰਦਾ ਹੈ। ਇਸ ਲਈ ਅਧਿਆਤਮਕ ਖੇਤਰ ਵਿਚ ਧਿਆਨ ਇਕ ਅਹਿਮ ਪਦ ਬਣਿਆ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਦੀ ਖੂਬ ਵਰਤੋਂ ਹੋਈ ਹੈ, 'ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥' (ਗੁਰੂ ਨਾਨਕ ਦੇਵ); 'ਮਨ ਆਠ ਪਹਰ ਕਰਿ ਤਿਸ ਕਾ ਧਿਆਨ॥' (ਗੁਰੂ ਅਰਜਨ ਦੇਵ)। ਇੰਜ ਧਿਆਨ ਇੱਕ ਤਰ੍ਹਾਂ ਇਕਾਗਰ ਹੋ ਕੇ ਕੀਤਾ ਸਿਮਰਣ ਵੀ ਹੈ। ਨਿਹਕੇਵਲ ਰੂਪ ਵਿਚ ਧਿਆਨ ਬਾਹਰੀ ਇੰਦਰੀਆਂ ਦੇ ਪ੍ਰਯੋਗ ਤੋਂ ਬਿਨਾ ਹੀ ਮਨ ਨੂੰ ਆਪਣੇ ਅੰਦਰ ਲਾਉਣ ਦੀ ਕ੍ਰਿਆ ਹੈ। ਗੁਰੂਆਂ ਨੇ ਗਿਆਨ ਧਿਆਨ ਸ਼ਬਦ ਜੁੱਟ ਬਹੁਤ ਵਾਰੀ ਵਰਤਿਆ ਹੈ, 'ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ॥' (ਗੁਰੂ ਨਾਨਕ ਦੇਵ)। ਇਸ ਦਾ ਇੱਕ ਰੂਪ 'ਧਯਾਨੰ' ਜਿਹਾ ਵੀ ਮਿਲਦਾ ਹੈ, 'ਹਰਿ ਚਰਣ ਕਮਲ ਧਯਾਨੰ ਨਾਨਕ ਕੁਲ ਸਮੂਹ ਉਧਾਰਣਹ॥' (ਗੁਰੂ ਅਰਜਨ ਦੇਵ)। ਧਿਆਨਾ, ਧਿਆਨ ਚੰਦ, ਧਿਆਨ ਸਿੰਘ ਆਦਿ ਵਿਅਕਤੀ ਨਾਂ ਵੀ ਚਲਦੇ ਹਨ।

ਯੋਗ ਵਿਚ ਧਿਆਨ ਇੱਕ ਵਿਸ਼ੇਸ਼ ਮਾਨਸਿਕ ਅਵਸਥਾ ਹੈ। ਯੋਗ ਦੇ ਅੱਠ ਅੰਗਾਂ ਵਿਚੋਂ ਧਿਆਨ ਸੱਤਵਾਂ ਅੰਗ ਹੈ, ਜੋ ਧਾਰਣਾ ਅਤੇ ਸਮਾਧੀ ਦੇ ਵਿਚਕਾਰ ਦੀ ਅਵਸਥਾ ਹੈ। ਜਦ ਯੋਗੀ ਚਿੱਤ ਦੀਆਂ ਬਿਰਤੀਆਂ ਤੇ ਅਧਿਕਾਰ ਪ੍ਰਾਪਤ ਕਰ ਲੈਂਦਾ ਹੈ ਤਾਂ ਉਨ੍ਹਾਂ ਨੂੰ ਸਭ ਪਾਸਿਓਂ ਹਟਾ ਕੇ ਨਾਭੀ ਦੇ ਕਿਸੇ ਸਥਾਨ 'ਤੇ ਲਾ ਦਿੰਦਾ ਹੈ। ਇਸ ਨੂੰ ਧਾਰਨਾ ਕਹਿੰਦੇ ਹਨ। ਧਾਰਨਾ ਪੱਕਣ ਤੇ ਧਿਆਨ ਦੀ ਪ੍ਰਾਪਤੀ ਹੁੰਦੀ ਹੈ। ਧਿਆਨ ਦੀ ਉਚੀ ਅਵਸਥਾ ਹੀ ਸਮਾਧੀ ਹੈ ਅਰਥਾਤ ਧਿਆਤਾ (ਧਿਆਨਹਾਰ) ਧਯੇਯ ਨਾਲ ਇੱਕਮਿੱਕ ਹੋ ਜਾਂਦਾ ਹੈ। ਬੁਧ ਅਤੇ ਜੈਨ ਧਰਮ ਵਿਚ ਵੀ ਧਿਆਨ ਇੱਕ ਵਿਸ਼ੇਸ਼ ਅੰਗ ਹੈ। ਗੁਰਬਾਣੀ ਅਜਿਹੇ ਪਰਪੰਚ ਨੂੰ ਬਾਹਰੀ ਭੇਖ ਹੀ ਮੰਨਦੀ ਹੈ, 'ਨਾ ਮੈ ਜੋਗ ਧਿਆਨ ਚਿਤੁ ਲਾਇਆ ਬਿਨੁ ਬੈਰਾਗ ਨ ਛੂਟਸਿ ਮਾਇਆ॥' (ਭਗਤ ਕਬੀਰ)

ਧਿਆਨ ਸ਼ਬਦ ਸੰਸਕ੍ਰਿਤ ਵਲੋਂ ਹੈ। ਇਸ ਦਾ ਧਾਤੂ ਹੈ, 'ਧਯੈ' ਜਿਸ ਵਿਚ ਸੋਚਣ, ਵਿਚਾਰਨ, ਯਾਦ ਰੱਖਣ ਆਦਿ ਦੇ ਭਾਵ ਹਨ। ਕਿਸੇ ਵਿਸ਼ੇ 'ਤੇ ਮਨਚਿੱਤ ਟਿਕਾਉਣ ਨਾਲ ਹੀ ਸੋਚਿਆ ਵਿਚਾਰਿਆ ਜਾਂ ਯਾਦ ਰੱਖਿਆ ਜਾਂਦਾ ਹੈ। ਇਸ ਲਈ ਇਸ ਧਾਤੂ ਵਿਚ ਮੁੱਖ ਭਾਵ (ਮਨ) ਟਿਕਾਉਣ ਦਾ ਹੀ ਹੋ ਸਕਦਾ ਹੈ। ਇਸ ਧਾਤੂ ਤੋਂ ਧਿਆਉਣਾ ਕ੍ਰਿਆ ਬਣਦੀ ਹੈ, ਜਿਸ ਦਾ ਅਰਥ ਵੀ ਧਿਆਨ ਦੇਣਾ ਹੀ ਹੈ ਪਰ ਇਹ ਸ਼ਬਦ ਆਮ ਤੌਰ 'ਤੇ ਅਧਿਆਤਮਕ ਪ੍ਰਸੰਗ ਵਿਚ ਹੀ ਵਰਤਿਆ ਮਿਲਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਦੇ ਅਨੇਕਾਂ ਰੂਪਾਂਤਰ ਜਾਂ ਭੇਦ ਮਿਲਦੇ ਹਨ, ਜਿਵੇਂ ਧਿਅਈਐ, ਧਿਆਉ, ਧਿਆਇ, ਧਿਆਇਓ, ਧਿਆਇਆ, ਧਿਆਇਐ, ਧਿਆਇਸਾ, ਧਿਆਇਸੀ, ਧਿਆਇਹੁ, ਧਿਆਇਣਾ, ਧਿਆਇਥਈ, ਧਿਆਇਦਾ, ਧਿਆਇਦਿਆ, ਧਿਆਇਦੀ, ਧਿਆਇਦੇ, ਧਿਆਇਨਿ, 'ਧਿਆਇ ਧਿਆਇ ਭਗਤਹਿ ਸੁਖ ਪਾਇਆ॥' (ਗੁਰੂ ਅਰਜਨ ਦੇਵ)। ਇਸ ਤੋਂ ਹੀ ਆਧਿ ਸ਼ਬਦ ਬਣਦਾ ਹੈ, ਜਿਸ ਦਾ ਅਰਥ ਮਨ ਦਾ ਦੁਖ, ਚਿੰਤਾ, ਫਿਕਰ ਹੈ, 'ਆਧਿ ਬਿਆਧਿ ਉਪਾਧਿ ਰਸ ਕਬਹੁ ਨ ਤੂਟੈ ਤਾਪ॥' (ਗੁਰੂ ਅਰਜਨ ਦੇਵ)। ਧਿਆਨ ਦੇ ਅੱਗੇ 'ਬੇ' ਅਗੇਤਰ ਲੱਗ ਕੇ ਬੇਧਿਆਨੀ ਸ਼ਬਦ ਬਣਦਾ ਹੈ ਅਤੇ ਯੋਗ ਪਿਛੇਤਰ ਲੱਗ ਕੇ ਧਿਆਨਯੋਗ। ਧਿਆਨ ਸ਼ਬਦ ਧਿਆਨ ਧਰਨਾ, ਧਿਆਨ ਦੇਣਾ, ਧਿਆਨ ਲਾਉਣਾ ਆਦਿ ਉਕਤੀਆਂ ਰਾਹੀਂ ਵਰਤਿਆ ਜਾਂਦਾ ਹੈ।

ਧਯੈ ਦੇ ਅੱਗੇ 'ਨਿ' ਅਗੇਤਰ ਲੱਗ ਕੇ ਸੰਸਕ੍ਰਿਤ ਸ਼ਬਦ ਬਣਦਾ ਹੈ-ਨਿਧਾਯ, ਜਿਸ ਦਾ ਅਰਥ ਧਿਆਨ ਨਾਲ ਦੇਖਣਾ ਹੈ। ਇਸ ਦਾ ਪ੍ਰਾਕ੍ਰਿਤ ਰੂਪ ਹੈ, ਣਿੱਝਾ ਅਤੇ ਪਾਲੀ ਨਿੱਝਾ। ਪੰਜਾਬੀ ਨੀਝ ਇਹੋ ਹੈ। ਸੋਹਣੀ ਹਾਸ਼ਮ ਦੇਖੋ,

ਹਿਕਮਤਿ ਨਾਲ ਜਹਾਨੋਂ ਬਚਦਾ
ਕਰਿ ਕਰਿ ਲਖ ਬਹਾਨੇ।
ਨੀਵੀਂ ਧੌਣ ਚੁਰਾਵੇ ਨਜ਼ਰੇ
ਰਖਦਾ ਨੀਝ ਨਿਸ਼ਾਨੇ।
ਦੇਖਣ ਨੈਣ ਬਚਾਵਣ ਨਾਲੇ
ਲੱਖਾਂ ਨੈਣ ਬਿਗਾਨੇ।
ਹਾਸ਼ਮ ਆਸ਼ਕ ਹੋਣ ਨਿਆਰੇ
ਦਿਸਣ ਨਾਲ ਦਿਵਾਨੇ।

ਧਿਆਨ ਸ਼ਬਦ ਦਾ ਪਾਲੀ ਰੂਪ ਝਾਂਨ ਜਿਹਾ ਹੈ। ਅਸੀਂ ਜਾਣਦੇ ਹਾਂ ਕਿ ਬੁਧ ਧਰਮ ਤਿੱਬਤ, ਚੀਨ, ਕੋਰੀਆ, ਬਰਮਾ, ਵੀਅਤਨਾਮ ਅਤੇ ਜਾਪਾਨ ਵਿਚ ਖੂਬ ਫੈਲਿਆ। ਧਿਆਨ ਜਾਂ ਝਾਂਨ ਸ਼ਬਦ ਬੁਧ ਧਰਮ ਦਾ ਇਕ ਵਿਸ਼ੇਸ਼ ਪਦ ਹੋਣ ਕਾਰਨ ਇਨ੍ਹਾਂ ਦੇਸ਼ਾਂ ਦੀਆਂ ਭਾਸ਼ਾਵਾਂ ਵਿਚ ਵੀ ਗਿਆ ਪਰ ਬਦਲੇ ਹੋਏ ਰੂਪ ਵਿਚ। ਕੋਈ 7ਵੀਂ-8ਵੀਂ ਸਦੀ ਵਿਚ ਤਾਂਗ ਵੰਸ਼ ਦੇ ਕਾਲ ਵਿਚ ਬੁਧ ਧਰਮ ਦੀ ਮਹਾਯਾਨ ਸ਼ਾਖਾ ਚੀਨ ਵਿਚ ਜਾ ਪੁੱਜੀ। ਇਥੇ ਇਸ ਧਰਮ ਨੂੰ 'ਚਾਨ' ਵਜੋਂ ਜਾਣਿਆ ਜਾਣ ਲੱਗਾ। ਇਹ ਤਾਓਵਾਦ ਦੇ ਅੰਸ਼ਾਂ ਨਾਲ ਭਰਪੂਰ ਹੈ, ਜੋ ਸਮਝੋ ਇਕ ਵੱਖਰਾ ਹੀ ਪੰਥ ਹੋ ਨਿਬੜਿਆ। ਚੀਨ ਤੋਂ ਇਹ ਪੰਥ ਵੀਅਤਨਾਮ ਪੁੱਜਾ ਤਾਂ ਥੀਏਨ ਵਜੋਂ ਜਾਣਿਆ ਜਾਣ ਲੱਗਾ। ਹੋਰ ਅੱਗੇ ਕੋਰੀਆ ਜਾ ਕੇ ਇਸ ਧਰਮ ਨੇ ਆਪਣੀ ਭਾਸ਼ਾ ਦੇ ਅਨੁਕੂਲ 'ਸਿਓਨ/ਸੋਨ' ਜਿਹਾ ਨਾਂ ਧਾਰ ਲਿਆ ਤੇ ਜਾਪਾਨ ਜਾ ਕੇ ਜ਼ੈਨ (Zen) ਕਿਹਾ ਜਾਣ ਲੱਗਾ। ਅੱਜ ਦੁਨੀਆਂ ਭਰ ਵਿਚ ਮਹਾਯਾਨ ਬੁਧ ਧਰਮ ਦੀ ਇੱਕ ਸ਼ਾਖਾ ਵਜੋਂ ਜ਼ੈਨ ਪੰਥ ਖੂਬ ਪ੍ਰਚਲਿਤ ਹੈ ਪਰ ਸ਼ਾਇਦ ਘਟ ਹੀ ਕੋਈ ਜਾਣਦਾ ਹੈ ਕਿ ਇਹ ਸ਼ਬਦ ਮਧ ਚੀਨੀ ਚਾਨ ਤੇ ਅੱਗੇ ਭਾਰਤੀ ਧਿਆਨ ਨਾਲ ਨਿਰੁਕਤਕ ਸਬੰਧ ਰਖਦਾ ਹੈ।



ਜ਼ੈਨ ਧਰਮ ਵਿਚ ਸਵੈ-ਨਿਯੰਤਰਣ ਅਤੇ ਸਮਾਧੀ 'ਤੇ ਜ਼ੋਰ ਦਿੱਤਾ ਜਾਂਦਾ ਹੈ। ਇਸ ਧਰਮ ਵਿਚ ਸੂਤਰਾਂ ਆਦਿ ਦੇ ਗੂੜ੍ਹ ਗਿਆਨ ਨੂੰ ਛੱਡ ਕੇ ਸਮਾਧੀ ਰਾਹੀਂ ਸਿਧਿਆਂ ਹੀ ਨਿਰਵਾਣ ਦੀ ਪ੍ਰਾਪਤੀ ਦਾ ਮਾਰਗ ਦਰਸਾਇਆ ਗਿਆ ਹੈ। ਇਸ ਤਰ੍ਹਾਂ ਜ਼ੈਨ ਇੱਕ ਕੱਟੜ ਸਿਧਾਂਤ ਨਾ ਹੋ ਕੇ ਨਿੱਜੀ ਅਨੁਭਵ ਹੈ।

## ਮਿੱਟੀ ਦੀ ਪੁਕਾਰ

ਮਿੱਟੀ ਦੇ ਵਿਚ ਮਿੱਟੀ ਹੋ ਕੇ
ਮਿਟੀ ਵਿਚੋਂ ਪੈਦਾ ਹੋਇਆ।
ਚਾਰ ਚੁਫੇਰੇ ਉਡਦੀ ਮਿੱਟੀ
ਮਿੱਟੀ ਰੰਗਾ ਰੰਗ ਸੀ ਹੋਇਆ।
ਮਿੱਟੀ ਦੇ ਨਾਲ ਖੇਡਾਂ ਕਰਦਾ
ਮਿੱਟੀ ਦੇ ਵਿਚ ਇਕ ਮਿੱਕ ਹੋਇਆ।

ਜਦ ਥੋੜ੍ਹਾ ਸੀ ਤੁਰਨਾ ਸਿੱਖਿਆ
ਮਿੱਟੀ ਦੇ ਨਾਲ ਸੰਗ ਮਿਲਾਇਆ।
ਫੇਰ ਕੇ ਪੋਚਾ ਮਿੱਟੀ ਉਤੇ
ਵਾਹ ਛਟਾਪੂ ਖੇਲ ਰਚਾਇਆ।
ਰੰਗਾਂ ਦੇ ਨਾਲ ਧਰਤੀ ਰੰਗੀ
'ਓ', 'ਅ' ਵਾਹ ਦਿਖਾਇਆ।

ਵੱਟੀਂ, ਬੰਨੇ ਡਿਗਦੇ ਢਹਿੰਦੇ
ਵਿੰਗ ਤੜਿੰਗੇ ਰਾਹ ਬਣਾਉਂਦਾ।
ਆਉਂਦੇ ਜਾਂਦੇ ਰਾਹੀਆਂ ਦੇ ਲਈ
ਠੰਢੀ ਛਾਂ ਲਈ ਰੁੱਖ ਲਗਾਉਂਦਾ।
ਲੱਖ ਅਸੀਸਾਂ ਮਿੱਟੀ ਦਿੰਦੀ
ਨਾਲ ਥੋਹਰਾਂ ਦੇ ਯਾਰੀ ਪਾਉਂਦਾ।

ਮਿੱਟੀ ਦੇ ਵਿਚ ਸੁਪਨੇ ਬੀਜੇ
ਮਿੱਟੀ ਨੇ ਮੇਰੀ ਭੁੱਖ ਮਿਟਾਈ।
ਸੜਦੀ ਤਪਦੀ ਕੁਲ ਲੋਕਾਈ
ਪਿਤਾ ਪਾਣੀ ਨੇ ਪਿਆਸ ਬੁਝਾਈ।
ਜਿਉਂ ਜਿਉਂ ਮੇਰੀ ਲਾਲਸ ਵਧਦੀ
ਮਿੱਟੀ ਨੇ ਨਾ ਪਿੱਠ ਵਿਖਾਈ।

ਗੁੰਨ ਕੇ ਮਿੱਟੀ ਹੱਥੀਂ ਪੈਰੀਂ
ਤੂੜੀ ਦੇ ਨਾਲ ਮਹਿਲ ਉਸਾਰੇ।
ਇਸ ਮਿੱਟੀ ਦੇ ਓਟ ਆਸਰੇ
ਆਪਣੇ ਪਿੰਡ ਦੇ ਨਕਸ਼ ਉਤਾਰੇ।

ਬਾਹਰ ਪਿੰਡ ਦੇ ਇਸ ਮਿੱਟੀ ਨਾਲ

ਆਪਣੇ ਪਿੰਡ ਦੇ ਹਰਫ ਖਲਾਰੇ।
ਇਸ ਮਿੱਟੀ ਨੇ ਕੀ ਨਹੀਂ ਕਰਿਆ
ਇਸ ਮਿੱਟੀ ਨੇ ਕੀ ਨਹੀਂ ਜਰਿਆ।
ਕੱਲਰ, ਬੰਜਰ, ਉਚੀ, ਨੀਵੀਂ,
ਮਾਨਵਤਾ ਲਈ ਕੀ ਨਹੀਂ ਕਰਿਆ।
ਕਿਸੇ ਅਗੰਮੀ ਆਫਤ ਦੇ ਲਈ
ਉਡਦੀ ਮਿੱਟੀ ਨੇ ਦੁੱਖ ਹਰਿਆ।

ਦਰਿਆਵਾਂ ਦੇ ਵਹਿਣਾਂ ਤਾਈਂ
ਇਸ ਮਿੱਟੀ ਨੇ ਬੰਨ ਸੀ ਲਾਏ।
ਇਸ ਮਿੱਟੀ ਦੇ ਜ਼ੱਰੇ ਜ਼ੱਰੇ ਨੇ
ਔਖੇ ਵੇਲੇ ਫਰਜ਼ ਪੁਗਾਏ।
ਪੌਣ-ਪਾਣੀ ਨਾਲ ਗੂੜ੍ਹੇ ਰਿਸ਼ਤੇ
ਮਿੱਟੀ ਨੇ ਸਿਰ ਨਾਲ ਨਿਭਾਏ।

ਇਸ ਮਿੱਟੀ ਦੀ ਮਾਂ ਧਰਤ ਨੇ
ਆਪਣੇ ਪਿੰਡੇ ਕੀ ਨਹੀਂ ਜਰਿਆ।
ਜੇਠ-ਹਾੜ ਤੇ ਪੋਹ-ਮਾਘ ਵੀ
ਇਸ ਧਰਤੀ ਦੀ ਬੁੱਕਲ ਵੜਿਆ।
ਚੋਟ ਦਮਾਮੇ ਜਦ ਸੀ ਵੱਜਦੀ
ਮਿੱਟੀ ਦਾ ਰੰਗ ਲਾਲ ਸੀ ਕਰਿਆ।

ਮਿੱਟੀ ਰਿਜ਼ਕ ਵਸੀਲਾ ਬਣਿਆ
ਮਿੱਟੀ ਹਵਾ ਤੇ ਪਾਣੀ ਬਣਿਆ।
ਮਿੱਟੀ ਸਭਿਆਚਾਰ ਸੀ ਬਣਿਆ
ਮਿੱਟੀ ਜੀਵਨ-ਜੋਤ ਸੀ ਬਣਿਆ।
ਜਿਉਂਦੇ ਜੀਅ ਇਹ ਪੈਰਾਂ ਹੇਠਾਂ
ਮੋਇਆਂ ਉਪਰ ਤਾਣ ਸੀ ਬਣਿਆ।

ਚਿਰਾਂ ਤੋਂ ਚੁਪ-ਚੁਪੀਤੇ ਮਿੱਟੀ
ਉਠੀ ਚੁੱਪ-ਚੁਪੀਤੇ ਮਿੱਟੀ।
ਕਹਿੰਦੀ ਮੈਂ ਨਹੀਂ ਝੂਠ ਬੋਲਦੀ
ਮੈਂ ਕਦੀ ਨਹੀਂ ਕੁਫਰ ਤੋਲਦੀ।
ਹੁਣ ਮੈਂ ਪੀੜਾਂ ਜਰ ਨਾ ਸਕਾਂ
ਜ਼ੁਲਮ ਤੁਹਾਡਾ ਸਹਿ ਨਾ ਸਕਾਂ।

ਮੈਂ ਤਾਂ ਆਪਣਾ ਧਰਮ ਨਿਭਾਇਆ
ਤੁਸਾਂ ਨਾ ਚੰਗੇ ਕਰਮ ਕਮਾਏ।
ਮੇਰੇ ਟੋਟੇ ਟੋਟੇ ਕਰ ਕੇ
ਹੱਦਾਂ ਦੇ ਤੁਸੀਂ ਬੰਨ ਬਣਾਏ।
ਮੇਰੀ ਸੱਜਰੀ ਖੁਸ਼ਬੂ ਅੰਦਰ
ਤੁਸਾਂ ਹੀ ਗੰਦਲੇ ਜ਼ਹਿਰ ਮਿਲਾਏ।

ਕਾਦਰ ਦੀ ਕੁਦਰਤ ਜੋ ਦਿੱਤਾ
ਨਾਲ ਉਸ ਦੇ ਦਗਾ ਹੈ ਕੀਤਾ।
ਹਰੀ ਭਰੀ ਕਾਇਨਾਤ ਦੇ ਅੰਦਰ
ਸੀਨਾ ਮੇਰਾ ਖੰਜਰ ਕੀਤਾ।
ਪਾਣੀ ਸਾਥ ਵੀ ਛੱਡੀ ਜਾਂਦਾ
ਵਾਸਾ ਉਸ ਪਾਤਾਲ ਹੈ ਕੀਤਾ।

ਆਪਣੀਆਂ ਗਰਜਾਂ ਦੀ ਖਾਤਰ
ਮੈਨੂੰ ਮੰਡੀ ਵੱਲ ਹੈ ਕੀਤਾ।
ਮੁੱਲ ਵੇਚ ਕੇ ਲੀਰਾਂ ਲੀਰਾਂ
ਵਾਂਗ ਵੇਸਵਾ ਛਲ ਹੈ ਕੀਤਾ।
ਲਗਦਾ ਹੁਣ ਸਾਹ ਲੈਣਾ ਔਖਾ
ਹਵਾ ਨਾਲ ਵੀ ਦਗਾ ਹੈ ਕੀਤਾ।

ਕਿੱਕਰਾਂ, ਟਾਹਲੀਆਂ, ਅੰਬ, ਜਾਮਣੂੰ
ਪਿੱਪਲ, ਬੋਹੜ ਵੀ ਖਾਹ ਗਏ ਹੋ।
ਕਿਹਦੇ ਨਾਲ ਮੈਂ ਦੁੱਖੜੇ ਰੋਵਾਂ
ਹਿੱਕ ਵਿਚ ਤੱਕਲਾ ਗੱਡ ਗਏ ਹੋ।
ਨਿਰਵਸਤਰ ਜਿਹਾ ਕਰ ਕੇ ਮੈਨੂੰ
ਮਾਰੂਥਲ ਮੂੰਹ ਕਰ ਗਏ ਹੋ।

ਅਜੇ ਵੀ ਵੇਲਾ ਸੰਭਲ ਜਾਵੋ
ਮੇਰੇ ਮੂੰਹ ਵਿਚ ਪਾਣੀ ਪਾਵੋ।
ਮਾਂ ਆਪਣੀ ਨੂੰ ਇੰਜ ਨਾ ਮਾਰੋ
ਮੈਨੂੰ ਆਪਣੀ ਹਿੱਕ ਨਾਲ ਲਾਵੋ।
ਇਕ ਦੂਜੇ ਤੋਂ ਬਿਨਾ ਅਧੂਰੇ
ਇਹ ਗੱਲ ਸਭਨਾਂ ਨੂੰ ਸਮਝਾਵੋ।

ਕਿਉਂਕਿ ਮੈਂ ਨਹੀਂ ਝੂਠ ਬੋਲਦੀ
ਤੁਸਾਂ ਵਾਂਗ ਨਾ ਕੁਫਰ ਤੋਲਦੀ।
ਤੁਸੀਂ ਮੇਰਾ ਜੋ ਹਾਲ ਹੈ ਕੀਤਾ
ਭੇਦ ਸਦਾ ਹੀ ਰਹੂੰ ਖੋਲ੍ਹਦੀ।
ਧਰਮੇ ਵਾਂਗ ਪਊ ਭੁਗਤਣਾ
ਸਹੁੰ ਰੱਬ ਦੀ ਸੱਚ ਬੋਲਦੀ।

*-ਧਰਮ ਸਿੰਘ ਗੋਰਾਇਆ*

## ਅੱਜ ਦੀ ਗੱਲ

ਅਕਾਸ਼ ਦੇ ਵਿਚੋਂ ਵਾਣੀ ਆਈ, ਕਿਸਾਨ ਬੜਾ ਖੁਸ਼ਹਾਲ ਹੈ।
ਮੁਲਾਜ਼ਮ ਵੀ ਹੈ ਮੌਜਾਂ ਕਰਦਾ, ਮਜਦੂਰ ਵੀ ਮਾਲੋ ਮਾਲ ਹੈ।
ਹੱਟੀ ਵਾਲਾ ਵਿਹਲਾ ਹੋਇਆ, ਮੌਲਦੀ ਬੱਸ ਕਮਾਲ ਹੈ।
ਕਾਰਖਾਨੇ ਦੀ ਲੋੜ ਨਹੀਂ, ਹੁਣ ਕਾਰਪੋਰੇਟ ਖ਼ਿਆਲ ਹੈ।
ਪੜ੍ਹੇ-ਲਿਖੇ ਨੂੰ ਫਿਕਰ ਨਾ ਕੋਈ, ਨਾਲ ਗਿਆਨ ਨਿਹਾਲ ਹੈ।
ਹੁਣ ਹਾਕਮ ਦੀ ਵਾਰੀ ਆਈ, ਬੱਸ ਓਹੀ ਇੱਕ ਕੰਗਾਲ ਹੈ।

*-ਜਗਮੀਤ ਸਿੰਘ ਪੰਧੇਰ, ਪਿੰਡ: ਕਲਾਹੜ (ਲੁਧਿਆਣਾ)*
*ਫੋਨ: 91-98783-37222*

## ਦੇਸ਼ ਆਜ਼ਾਦ ਹੋਇਆ...

ਲੱਖਾਂ ਸੂਰਮਿਆਂ ਨੇ ਸੀ ਦਿੱਤੀਆਂ ਸ਼ਹਾਦਤਾਂ
ਕਰੋੜਾਂ ਤਪੀਆਂ ਨੇ ਸੀ ਕੀਤੀਆਂ ਇਬਾਦਤਾਂ
ਤਾਂ ਜਾ ਕੇ ਸੀ ਇਹ ਚਮਨ ਅਬਾਦ ਹੋਇਆ।
ਐਵੇਂ ਨਹੀਉਂ ਮੁਲਕ ਆਜ਼ਾਦ ਹੋਇਆ।

ਲੰਮਾ ਸਮਾਂ ਗੁਲਾਮੀ ਦੀਆਂ ਲੱਗੀਆਂ ਜੰਜ਼ੀਰਾਂ ਸੀ
ਲੱਗਾ ਜਿਵੇਂ ਹੱਥਾਂ ਦੀਆਂ ਮਾੜੀਆਂ ਲਕੀਰਾਂ ਸੀ
ਸਿੰਜਿਆ ਲਹੂ ਨਾਲ ਥੋਰ ਤਾਂ ਗੁਲਾਬ ਹੋਇਆ।
ਐਵੇਂ ਨਹੀਉਂ ਦੇਸ਼ ਆਜ਼ਾਦ ਹੋਇਆ।

ਐਵੇਂ ਨਹੀਂ ਤਿਰੰਗੇ ਉਤੇ ਚੜ੍ਹੇ ਹੋਏ ਰੰਗ ਜੀ
ਗੁਲਾਮੀ ਨਾਲ ਬਹੁਤ ਲੜੇ ਹੋਏ ਜੰਗ ਜੀ
ਦੋ ਸੌ ਸਾਲਾਂ ਪਿੱਛੋਂ ਗੁਲਾਮ ਸੀ ਨਵਾਬ ਹੋਇਆ।
ਐਵੇਂ ਨਹੀਉਂ ਦੇਸ਼ ਆਜ਼ਾਦ ਹੋਇਆ।

ਕਿੰਨਿਆਂ ਸੀ ਰੱਸਾ ਫਾਂਸੀ ਵਾਲਾ ਚੁੰਮਿਆ
ਕਿੰਨਿਆਂ ਸੀ ਕਾਲਾ ਪਾਣੀ ਘੁੰਮਿਆ
ਇਹਦਾ ਨਾ ਅਜੇ ਤੀਕ ਹਿਸਾਬ ਹੋਇਆ।
ਐਵੇਂ ਨਹੀਉਂ ਦੇਸ਼ ਆਜ਼ਾਦ ਹੋਇਆ।

ਆਜ਼ਾਦੀ ਨੂੰ ਬਣਾ ਕੇ ਰੱਖੀਏ ਆਜ਼ਾਦੀ ਬਈ
ਦੇਸ਼ ਦੀ ਨਾ ਹੋਣ ਦਈਏ ਕਦੀ ਬਰਬਾਦੀ ਬਈ
ਲੰਮੇ ਅਰਸੇ ਪਿਛੋਂ ਪੂਰਾ ਸੀ ਇਹ ਖਾਬ ਹੋਇਆ।
ਐਵੇਂ ਨਹੀਉਂ ਦੇਸ਼ ਆਜ਼ਾਦ ਹੋਇਆ।

ਆਜ਼ਾਦੀ ਦਿਵਸ ਦੀਆਂ ਸਭ ਨੂੰ ਮੁਬਾਰਕਾਂ
ਪੂਜਦੇ ਰਹੀਏ ਸ਼ਹੀਦਾਂ ਦੀਆਂ ਸਮਾਰਕਾਂ
ਅਣਖੀ ਲੋਕਾਂ ਦਾ ਦੇਸ਼ ਸਦਾ ਕਾਮਯਾਬ ਹੋਇਆ।
ਐਵੇਂ ਨਹੀਂ 'ਲਾਲਪੁਰੀ' ਦੇਸ਼ ਆਜ਼ਾਦ ਹੋਇਆ।

*-ਰਵਿੰਦਰ ਲਾਲਪੁਰੀ*
*ਨੂਰਪੁਰ ਬੇਦੀ (ਰੋਪੜ)*
*ਫੋਨ: 91-94634-52261*

# ਅੰਮ੍ਰਿਤਸਰ ਦਾ ਹਰਫਨਮੌਲਾ ਸਪੂਤ ਮਸੂਦ ਪਰਵੇਜ਼

ਹਿੰਦ-ਪਾਕਿ ਫਿਲਮਾਂ ਦਾ ਬਹੁਤ ਵੱਡਾ ਨਾਂ ਹੈ ਮਸੂਦ ਪਰਵੇਜ਼, ਜੋ ਫਿਲਮੀ ਤਾਰੀਖ ਦੇ ਅਜ਼ੀਮ ਅਦਾਕਾਰ, ਗੁਲੂਕਾਰ, ਨਿਰਦੇਸ਼ਕ ਅਤੇ ਫਿਲਮਸਾਜ਼ ਹੋਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਿਸੇ ਵੀ ਫਿਲਮ ਲਈ ਸਭ ਤੋਂ ਜ਼ਿਆਦਾ ਅਹਿਮੀਅਤ ਨਿਰਦੇਸ਼ਕ ਦੀ ਹੁੰਦੀ ਹੈ, ਜੋ ਫਿਲਮ ਦੇ ਹਰ ਸ਼ੋਅਬੇ ਦਾ ਜ਼ਿੰਮੇਵਾਰ ਹੁੰਦਾ ਹੈ।

ਮਸੂਦ ਪਰਵੇਜ਼ ਦੀ ਪੈਦਾਇਸ਼ 23 ਮਈ 1917 ਨੂੰ ਅੰਮ੍ਰਿਤਸਰ ਵਿਚ ਹੋਈ। ਮਸੂਦ ਗੌਰਮਿੰਟ ਕਾਲਜ, ਲਾਹੌਰ ਦੇ ਐਮ. ਐਸ. ਸੀ. ਗੋਲਡ ਮੈਡਲਿਸਟ ਸਨ। ਸ਼ੋਰੀ ਪਿਕਚਰਜ਼, ਲਾਹੌਰ ਦੇ ਬੈਨਰ ਹੇਠ ਨਿਰਦੇਸ਼ਕ ਰੂਪ ਕੇ ਸ਼ੋਰੀ

**ਮਨਦੀਪ ਸਿੰਘ ਸਿੱਧੂ**
ਫੋਨ: 91-97805-09545

ਨੇ ਜਦੋਂ ਆਪਣੇ ਪਿਤਾ ਰੌਸ਼ਨ ਲਾਲ ਸ਼ੋਰੀ ਦੇ ਸਾਂਝੇ ਉਦਮ ਨਾਲ ਪੰਜਾਬੀ ਫਿਲਮ 'ਮੰਗਤੀ' ਬਣਾਈ ਤਾਂ ਉਸ ਵਿਚ ਨਵੇਂ ਹੀਰੋ ਵਜੋਂ ਮਸੂਦ ਪਰਵੇਜ਼ ਨੂੰ ਪੇਸ਼ ਕੀਤਾ। ਫਿਲਮ 'ਚ ਮਸੂਦ ਨੇ 'ਸ਼ਿਆਮ' ਦਾ ਅਤੇ ਹੀਰੋਇਨ ਮੁਮਤਾਜ਼ ਸ਼ਾਂਤੀ ਨੇ 'ਮੰਗਤੀ ਲੱਜਯਾ' ਦਾ ਕਿਰਦਾਰ ਬਾਖੂਬੀ ਅਦਾ ਕੀਤਾ। ਇਸ ਫਿਲਮ ਵਿਚ ਪਹਿਲੀ ਵਾਰ ਪੰਜਾਬੀ ਜ਼ੁਬਾਨ ਦੇ ਮਾਰੂਫ ਲੋਕ ਕਵੀ ਨੰਦ ਲਾਲ ਨੂਰਪੁਰੀ ਨੇ ਫਿਲਮ ਦੇ ਸੰਵਾਦ ਅਤੇ ਗੀਤ ਲਿਖੇ ਸਨ। ਉਨ੍ਹਾਂ ਦੇ ਲਿਖੇ 12 ਗੀਤਾਂ ਦੀਆਂ ਦਿਲਕਸ਼ ਤਰਜ਼ਾਂ ਪੰਡਿਤ ਗੋਬਿੰਦ ਰਾਮ ਨੇ ਤਾਮੀਰ ਕੀਤੀਆਂ ਸਨ। ਬੱਚੇ-ਬੱਚੇ ਦੀ ਜ਼ੁਬਾਨ 'ਤੇ ਚੜ੍ਹੇ ਇਹ ਮਸ਼ਹੂਰ ਗੀਤ ਹਨ, 'ਮੈਨੂੰ ਸੁੱਤਿਆਂ ਨੀਂਦ ਨਾ ਆਏ ਮਾਹੀ ਮੇਰਾ ਗੁੱਸੇ-ਗੁੱਸੇ', 'ਬਾਂਕੇ ਨੈਣਾਂ ਵਾਲਿਆ ਨੈਣ ਮਿਲਾਂਦਾ ਜਾ ਜ਼ਰਾ', 'ਰੱਖੜੀ ਬੰਨ੍ਹਵਾ ਲੈ ਮੇਰੇ ਵੀਰ ਸਾਵਣ ਆਇਆ' (ਜ਼ੀਨਤ ਬੇਗਮ, ਰਹਿਮਤ ਬਾਈ) ਆਦਿ। ਮਸੂਦ ਅਤੇ ਮੁਮਤਾਜ਼ ਸ਼ਾਂਤੀ 'ਤੇ ਫਿਲਮਾਇਆ ਗੀਤ 'ਇਹ ਦੁਨੀਆਂ ਤਾਂ ਖੁਸ਼ ਹੁੰਦੀ ਏ' (ਜ਼ੀਨਤ ਬੇਗਮ, ਸਤੀਸ਼ ਬਤਰਾ) ਅਤੇ ਮਨੋਰਮਾ 'ਤੇ ਫਿਲਮਾਇਆ ਗਿਆ ਸ਼ਮਸ਼ਾਦ ਬੇਗਮ ਦਾ ਗੀਤ 'ਲੁੱਟ ਲੈ ਮਸਤ ਜਵਾਨੀ ਵੇ ਆ ਜਾ ਵੇ ਸੱਜਣਾ' ਵੀ ਬਹੁਤ ਪਸੰਦ ਕੀਤੇ ਗਏ। ਇਸ ਫਿਲਮ ਦੀ ਜਾਨ ਬਣਿਆ, ਸਤੀਸ਼ ਬਤਰਾ ਅਤੇ ਜ਼ੀਨਤ ਬੇਗਮ ਦਾ ਗਾਇਆ ਗੀਤ 'ਉਡ ਜਾ ਭੋਲਿਆ ਪੰਛੀਆ, ਏਥੋਂ ਉਡ ਜਾ ਭੋਲਿਆ ਪੰਛੀਆ, ਵੇ ਤੂੰ ਆਪਣੀ ਜਾਨ ਬਚਾ' ਜੋ ਪੰਜਾਬੀ ਫਿਲਮ ਇਤਿਹਾਸ 'ਚ ਅਮਰ ਗੀਤ ਦਾ ਦਰਜਾ ਰੱਖਦਾ ਹੈ। ਸ਼ੁੱਕਰਵਾਰ, 20 ਫਰਵਰੀ 1942 ਨੂੰ ਲਾਹੌਰ ਦੇ ਪ੍ਰਭਾਤ ਟਾਕੀਜ਼ 'ਚ ਰਿਲੀਜ਼ ਹੋਣ ਵਾਲੀ ਇਸ ਰਿਕਾਰਡ-ਮੇਕਰ ਫਿਲਮ ਨੇ ਲਾਹੌਰ 'ਚ ਕਮਾਈ ਦੇ ਰਿਕਾਰਡ ਕਾਇਮ ਕਰਦਿਆਂ ਪਹਿਲੀ ਗੋਲਡਨ ਜੁਬਲੀ ਫਿਲਮ ਹੋਣ ਦਾ ਫਖਰ ਹਾਸਲ ਕੀਤਾ।

ਫਿਲਮ ਦੀ ਇੰਤਹਾਈ ਕਾਮਯਾਬੀ ਤੋਂ ਬਾਅਦ ਮਸੂਦ ਪਰਵੇਜ਼ ਨੇ ਸਿਰਫ 2 ਹਿੰਦੀ ਫਿਲਮਾਂ 'ਚ ਅਦਾਕਾਰੀ ਕਰਨ ਤੋਂ ਇਲਾਵਾ ਤੀਜੀ ਫਿਲਮ ਦਾ ਸਕਰੀਨ-ਪਲੇਅ ਲਿਖਿਆ। ਪਹਿਲੀ ਸ਼ਾਲੀਮਾਰ ਪਿਕਚਰਜ਼, ਪੂਨਾ ਦੀ ਐਮ. ਵਾਧਵਾਨੀ ਨਿਰਦੇਸ਼ਿਤ 'ਗੁਲਾਮੀ' (1945) ਸੀ, ਜਿਸ ਵਿਚ ਮਸੂਦ ਪਰਵੇਜ਼ ਦੇ ਸਨਮੁੱਖ ਹੀਰੋਇਨ ਰੇਣੂਕਾ ਦੇਵੀ ਅਦਾਕਾਰੀ ਕਰ ਰਹੀ ਸੀ। ਸੰਗੀਤਕਾਰ



*ਮਸੂਦ ਪਰਵੇਜ਼*

ਐਸ. ਕੇ. ਪਾਲ ਦੀ ਨਿਰਦੇਸ਼ਨਾ ਹੇਠ ਫਿਲਮ ਦੇ 9 ਗੀਤਾਂ 'ਚੋਂ 3 ਗੀਤ ਮਸੂਦ ਨੇ ਅਦਾਕਾਰਾ ਰੇਣੂਕਾ ਨਾਲ ਗਾਏ, ਜੋ ਉਨ੍ਹਾਂ 'ਤੇ ਹੀ ਫਿਲਮਾਏ ਗਏ ਸਨ: 'ਏ ਵਤਨ ਮੇਰੇ ਵਤਨ, ਤੁਝ ਪੇ ਮੇਰੀ ਜਾਂ ਨਿਸਾਰ', 'ਨਾਚੋ-ਨਾਚੋ ਛਨਨ ਛਮ, ਝੂਮ-ਝੂਮ' ਤੇ ਤੀਜੀ ਲਾਫਾਨੀ ਗਜ਼ਲ 'ਏ ਗ਼ਮ-ਏ-ਦਿਲ ਕਯਾ ਕਰੂੰ, ਏ ਵਹਿਸ਼ਤ-ਏ-ਦਿਲ ਕਯਾ ਕਰੂੰ।'

ਸ਼ਾਲੀਮਾਰ ਪਿਕਚਰਜ਼, ਪੂਨਾ ਦੀ ਹੀ ਨਿਰਦੇਸ਼ਕ ਡਬਲਿਊ ਜ਼ੈੱਡ ਅਹਿਮਦ ਨਿਰਦੇਸ਼ਿਤ ਭਗਤੀ ਪ੍ਰਧਾਨ ਫਿਲਮ 'ਮੀਰਾਂ ਬਾਈ' (1947) ਮਸੂਦ ਦੀ ਹੀਰੋ ਵਜੋਂ ਦੂਜੀ ਫਿਲਮ ਸੀ, ਜਿਸ ਵਿਚ ਹੀਰੋਇਨ ਨੀਨਾ 'ਮੀਰਾ ਬਾਈ' ਦਾ ਰੋਲ ਕਰ ਰਹੀ ਸੀ, ਜੋ ਬਾਅਦ ਵਿਚ ਡਬਲਿਊ ਜ਼ੈਡ ਅਹਿਮਦ ਦੀ ਸ਼ਰੀਕ-ਏ-ਹਿਆਤ ਬਣੀ। ਭਾਰਤ ਵਿਚ ਉਸ ਦੀ ਆਖਰੀ ਫਿਲਮ ਵੀ ਸ਼ਾਲੀਮਾਰ ਪਿਕਚਰਜ਼, ਬੰਬੇ ਦੀ ਨਿਰਦੇਸ਼ਕ ਕਮਲਾਕਰ ਦੀ 'ਸ਼ਹਿਜ਼ਾਦੀ' (1941) ਸੀ, ਜਿਸ ਦੀ ਕਹਾਣੀ ਅਤੇ ਸਕਰੀਨ ਪਲੇਅ ਮਸੂਦ ਪਰਵੇਜ਼ ਨੇ ਲਿਖਿਆ ਸੀ।

ਦੇਸ਼ ਦੀ ਵੰਡ ਤੋਂ ਬਾਅਦ ਮਸੂਦ ਪਰਵੇਜ਼ ਆਪਣੇ ਪੁਸ਼ਤੈਨੀ ਸ਼ਹਿਰ ਅੰਮ੍ਰਿਤਸਰ ਨੂੰ ਖੈਰਬਾਦ ਕਹਿ ਕੇ ਲਾਹੌਰ (ਪਾਕਿਸਤਾਨ) ਜਾ ਵੱਸੇ। ਇਥੇ ਮਸੂਦ ਨੇ ਆਪਣੇ ਜ਼ਾਤੀ ਬੈਨਰ ਪਰਵੇਜ਼ ਪ੍ਰੋਡਕਸ਼ਨ ਲਿਮਟਿਡ, ਲਾਹੌਰ ਹੇਠ ਵੰਡ ਦੇ ਵਿਸ਼ੇ ਉਤੇ ਪਹਿਲੀ ਉਰਦੂ ਫਿਲਮ 'ਬੇਲੀ' (1950) ਬਣਾਈ। ਫਿਲਮ 'ਚ ਸੰਗੀਤਕਾਰ ਰਫੀਕ ਗਜ਼ਨਵੀ (ਰਾਵਲਪਿੰਡੀ) ਦੀ ਧੀ ਅਤੇ ਗਾਇਕਾ ਸਲਮਾ ਆਗਾ ਦੀ ਮਾਸੀ 'ਸ਼ਾਹੀਨਾ' ਨੂੰ ਪਹਿਲੀ ਹੀਰੋਇਨ ਦੇ ਤੌਰ 'ਤੇ ਪੇਸ਼ ਕਰਨ ਦੇ ਨਾਲ ਬਾਲੋ-ਮਾਹੀਏ ਦੀ ਧੀ ਸਬੀਹਾ ਖਾਨਮ (ਗੁਜਰਾਤ) ਨੂੰ ਵੀ ਪੇਸ਼ ਕੀਤਾ ਸੀ। ਫਿਲਮ ਦੀ ਕਹਾਣੀ ਸਆਦਤ ਹਸਨ ਮੰਟੋ ਨੇ ਲਿਖੀ ਸੀ। ਮੌਸੀਕਾਰ ਰਸ਼ੀਦ ਅਤਰੇ (ਅੰਮ੍ਰਿਤਸਰੀ) ਦੀਆਂ ਦਿਲਕਸ਼ ਧੁਨਾਂ ਵਾਲੀ ਇਸ ਫਿਲਮ ਵਿਚ ਅੰਮ੍ਰਿਤਾ ਪ੍ਰੀਤਮ ਦੀ ਲਿਖੀ ਨਜ਼ਮ 'ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ' ਵੀ ਸ਼ਾਮਲ ਕੀਤੀ ਗਈ, ਪਰ ਇਸ ਦਾ ਰਿਕਾਰਡ ਜਾਰੀ ਨਹੀਂ ਹੋਇਆ ਸੀ।

ਉਨ੍ਹਾਂ ਦੀ ਅਸਲ ਪਛਾਣ ਬਣੀ ਉਰਦੂ ਫਿਲਮ 'ਇੰਤਜ਼ਾਰ' (1956) ਤੋਂ, ਜਿਸ ਨੂੰ ਉਰਦੂ ਦੀਆਂ ਸ਼ਾਹਕਾਰ ਨਗਮਾਤੀ ਫਿਲਮਾਂ ਵਿਚ ਸ਼ੁਮਾਰਿਆ ਜਾਂਦਾ ਹੈ। ਇਹ ਪਹਿਲੀ ਫਿਲਮ ਸੀ, ਜਿਸ ਨੂੰ 'ਸਦਾਰਤੀ ਐਵਾਰਡ' ਅਤੇ ਮਸੂਦ ਪਰਵੇਜ਼ ਨੂੰ ਪਾਕਿਸਤਾਨ ਦਾ ਪਹਿਲਾ ਐਵਾਰਡ-ਯਾਫਤਾ ਨਿਰਦੇਸ਼ਕ ਹੋਣ ਦਾ ਮਾਣ ਹਾਸਲ ਹੋਇਆ ਸੀ। ਮਸੂਦ ਪਰਵੇਜ਼ ਦੇ ਨਿਰਦੇਸ਼ਨ 'ਚ ਬਣੀ ਤੀਜੀ ਉਰਦੂ ਫਿਲਮ 'ਜ਼ਹਿਰ-ਏ-ਇਸ਼ਕ' (1958) ਸੀ। ਪ੍ਰਸਿਧ ਸੰਗੀਤਕਾਰ ਖਵਾਜ਼ਾ ਖੁਰਸ਼ੀਦ ਅਨਵਰ ਦੀ ਫਿਲਮਕਾਰੀ 'ਚ ਬਣੀ ਉਰਦੂ ਫਿਲਮ 'ਝੂਮਰ' (1959) ਦੇ ਨਿਰਦੇਸ਼ਨ ਦਾ ਮਾਣ ਵੀ ਮਸੂਦ ਪਰਵੇਜ਼ ਨੂੰ ਹਾਸਲ ਹੋਇਆ ਸੀ। ਫਿਲਮ 'ਕੋਇਲ' (1959) ਮਸੂਦ ਪਰਵੇਜ਼ ਦੀ ਫਿਲਮਸਾਜ਼ੀ ਅਤੇ ਨਿਰਦੇਸ਼ਨ ਹੇਠ ਰਿਲੀਜ਼ ਹੋਈ ਯਾਦਗਾਰੀ ਫਿਲਮ ਸੀ, ਜੋ ਨੂਰਜਹਾਂ ਅਤੇ ਹੀਰੋ ਅਸਲਮ ਪਰਵੇਜ਼ ਦੀ ਟਿਕਟ ਖਿੜਕੀ 'ਤੇ ਸਭ ਤੋਂ ਕਾਮਯਾਬ ਫਿਲਮ ਸੀ।

ਇਨ੍ਹਾਂ ਸ਼ਾਹਕਾਰ ਫਿਲਮਾਂ ਤੋਂ ਇਲਾਵਾ ਉਨ੍ਹਾਂ ਦੀ ਨਿਰਦੇਸ਼ਨਾ 'ਚ ਉਰਦੂ ਫਿਲਮਾਂ 'ਮੰਜ਼ਿਲ' (1960), 'ਸੁਖ ਕਾ ਸਪਨਾ' (1962) ਅਤੇ 'ਸਰਹੱਦ' (1966) ਰਿਲੀਜ਼ ਹੋਈਆਂ। ਮਸੂਦ ਪਰਵੇਜ਼ ਦੇ ਨਿਰਦੇਸ਼ਨ ਹੇਠ ਰਿਲੀਜ਼ ਹੋਣ ਵਾਲੀ ਪਹਿਲੀ ਪੰਜਾਬੀ ਫਿਲਮ 'ਮਿਰਜ਼ਾ ਜੱਟ' (1967) ਸੀ, ਜੋ ਇਨ੍ਹਾਂ ਦੇ ਫਿਲਮ ਕਰੀਅਰ ਦੀ ਸੁਪਰਹਿਟ ਫਿਲਮ ਸਾਬਤ ਹੋਈ। ਇਹ ਫਿਲਮ ਮਸ਼ਹੂਰ ਜੋੜੀ ਫਿਰਦੌਸ ਅਤੇ ਇਜਾਜ਼ ਦੁਰਾਨੀ ਦੀ ਵੀ ਪਹਿਲੀ ਸੁਪਰਹਿਟ ਫਿਲਮ ਸੀ। ਇਸ ਫਿਲਮ ਦੇ ਗੀਤ ਅਹਿਮਦ ਰਾਹੀ (ਅੰਮ੍ਰਿਤਸਰੀ) ਅਤੇ ਸੰਗੀਤ ਰਸ਼ੀਦ ਅਤਰੇ ਨੇ ਦਿੱਤਾ ਸੀ। ਫਿਲਮ ਦੇ ਤਮਾਮ ਗੀਤ ਬਹੁਤ ਹਿੱਟ ਹੋਏ, ਪਰ ਨੂਰਜਹਾਂ ਦਾ 'ਸੂੰਝੇ ਦਿਲ ਵਾਲੇ ਬੂਹੇ ਅਜੇ ਮੈਂ ਨਈਓਂ ਢੋਏ' ਸਦਾਬਹਾਰ ਗੀਤ ਦਾ ਦਰਜਾ ਰੱਖਦਾ ਹੈ।

1968 ਵਿਚ ਮਸੂਦ ਪਰਵੇਜ਼ ਨੇ ਅਦਾਕਾਰ ਇਜਾਜ਼ ਦੁਰਾਨੀ ਨਾਲ ਪਹਿਲੀ ਵਾਰੀ ਕਾਰੋਬਾਰੀ ਸਾਂਝ ਪਾਉਂਦਿਆਂ ਪੰਜਾਬੀ ਫਿਲਮ 'ਮੁਰਾਦ ਬਲੋਚ' ਬਣਾਈ ਜੋ ਫਲਾਪ ਰਹੀ। ਮਸੂਦ ਪਰਵੇਜ਼ ਦੀ ਨਿਰਦੇਸ਼ਨਾ 'ਚ ਬਣੀ ਪੰਜਾਬੀ ਫਿਲਮ 'ਨਿੱਕੇ ਹੁੰਦਿਆਂ ਦਾ ਪਿਆਰ' (1969) 'ਚ ਪਹਿਲੀ ਵਾਰ ਸੰਗੀਤਕਾਰ ਰਸ਼ੀਦ ਅੱਤਰੇ ਦੇ ਪੁੱਤ ਵਜਾਹਤ ਅਤਰੇ ਨੂੰ ਸੰਗੀਤਕਾਰੀ ਦਾ ਮੌਕਾ ਦਿੱਤਾ ਗਿਆ। ਉਨ੍ਹਾਂ ਨੇ ਇਸ ਫਿਲਮ 'ਚ ਅਹਿਮਦ ਰਾਹੀ ਦੇ ਲਿਖੇ ਗੀਤ ਨੂੰ ਨੂਰਜਹਾਂ ਤੋਂ ਗਵਾਇਆ 'ਆਂਦਾ ਤੇਰੇ ਲਈ ਰੇਸ਼ਮੀ ਰੁਮਾਲ ਵੇ ਉਤੇ ਤੇਰਾ ਨਾਂ ਕੱਢਿਆ, ਵੇ ਮੈਂ ਬੜਿਆਂ ਹੀ ਚਾਵਾਂ ਨਾਲ' ਬੜਾ ਹਿੱਟ ਹੋਇਆ। ਮੁਹੰਮਦ ਅਮੀਨ ਦੀ ਨਿਰਦੇਸ਼ਨਾ 'ਚ ਮਸੂਦ ਪਰਵੇਜ਼ ਤੇ ਇਜਾਜ਼ ਦੁਰਾਨੀ ਨੇ ਪੰਜਾਬੀ ਫਿਲਮ 'ਦੁੱਲਾ ਹੈਦਰੇ' (1969) ਦਾ ਨਿਰਮਾਣ ਕੀਤਾ। ਇਹ ਫਿਲਮ 'ਦੁੱਲਾ ਭੱਟੀ' (1956) ਦੀ ਨਕਲ ਸੀ ਜੋ ਵੱਡੀ ਸਟਾਰ ਕਾਸਟ ਹੋਣ ਦੇ ਬਾਵਜੂਦ ਵੀ ਨਾਕਾਮ ਰਹੀ।

1970 'ਚ ਤੀਜੀ ਵਾਰ ਮਸੂਦ ਪਰਵੇਜ਼ ਅਤੇ ਇਜਾਜ਼ ਦੁਰਾਨੀ (ਜਲਾਲਪੁਰ ਜੱਟਾਂ, ਗੁਜਰਾਤ) ਨੇ ਸਾਂਝੇ ਤੌਰ 'ਤੇ ਪੰਜਾਬੀ ਫਿਲਮ 'ਹੀਰ ਰਾਂਝਾ' ਬਣਾਈ, ਜਿਸ ਦੇ ਨਿਰਦੇਸ਼ਕ ਵੀ ਉਹ ਖੁਦ ਸਨ। ਅਹਿਮਦ ਰਾਹੀ ਨੇ ਇਸ ਫਿਲਮ ਦਾ ਸਕਰੀਨ ਪਲੇਅ ਅਤੇ ਯਾਦਗ਼ਾਰੀ ਗੀਤ ਲਿਖੇ। ਸੰਗੀਤਕਾਰ ਖਵਾਜ਼ਾ ਖੁਰਸ਼ੀਦ ਅਨਵਰ (ਮੀਆਂਵਾਲੀ) ਦੀਆਂ ਧੁੰਨਾਂ 'ਚ ਸਿਰਜੇ 'ਓ ਵੰਝਲੀ ਵਾਲੜਿਆ ਤੂੰ ਤੇ ਮੋਹ ਲਈ ਇਕ ਮੁਟਿਆਰ', 'ਸੁਣ ਵੰਝਲੀ ਦੀ ਮਿੱਠੜੀ ਤਾਨ ਵੇ', 'ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ' (ਨੂਰਜਹਾਂ) ਅੱਜ ਵੀ ਤਰੋ-ਤਾਜ਼ਾ ਹਨ। ਆਪਣੀ ਖੂਬਸੂਰਤ ਸੰਵਾਦ-ਅਦਾਇਗੀ ਕਰਕੇ ਦੋਵਾਂ ਪੰਜਾਬਾਂ ਵਿਚ ਅੱਜ ਵੀ ਇਹ ਫਿਲਮ ਬੇਹੱਦ ਪਸੰਦ ਕੀਤੀ ਜਾਂਦੀ ਹੈ। ਨਿਰਦੇਸ਼ਕ ਮਸੂਦ ਪਰਵੇਜ਼ ਨੇ ਐਵਰਨਿਊ ਪਿਕਚਰਜ਼ ਦੇ ਬੈਨਰ ਹੇਠ ਫਿਲਮਸਾਜ਼ ਆਗਾ ਜੀ.ਏ. ਗੁਲ ਲਈ ਉਰਦੂ ਫਿਲਮ 'ਨਜਮਾ' (1970) ਬਣਾਈ। ਉਨ੍ਹਾਂ ਨੇ 1970 'ਚ ਪੰਜਾਬੀ ਫਿਲਮ 'ਯਾਰ ਤੇ ਪਿਆਰ' (1970) ਅਤੇ 1971 ਵਿਚ 'ਵਾਰਿਸ' (1971) ਬਣਾਈ, ਜਿਸ ਦੇ ਨਿਰਦੇਸ਼ਕ ਵਹੀਦ ਡਾਰ ਸਨ। ਮਸੂਦ ਪਰਵੇਜ਼ ਨੇ ਚੌਥੀ ਅਤੇ ਆਖਰੀ ਵਾਰ ਇਜਾਜ਼ ਦੁਰਾਨੀ ਨਾਲ ਫਿਲਮੀ ਸਾਂਝੇਦਾਰੀ ਕਰਦਿਆਂ ਪੰਜਾਬੀ ਫਿਲਮ 'ਪੁਨੂੰ ਦੀ ਸੱਸੀ' (1972) ਬਣਾਈ ਜੋ ਫਲਾਪ ਰਹੀ। ਫਿਰ ਮਸੂਦ ਪਰਵੇਜ਼ ਨੇ ਪੰਜਾਬੀ ਫਿਲਮ 'ਮੇਰਾ ਨਾਮ ਪਾਟੇ ਖਾਨ' (1974) ਦੀ ਨਿਰਦੇਸ਼ਨਾ ਕੀਤੀ, ਪਰ ਇਹ ਫਿਲਮ ਵੀ ਕਾਮਯਾਬੀ ਤੋਂ ਮਹਿਰੂਮ ਰਹੀ। 1977 'ਚ ਮਸੂਦ ਪਰਵੇਜ਼ ਨੇ ਫਿਲਮਸਾਜ਼ ਅਸਲਮ ਚੌਧਰੀ ਲਈ ਉਰਦੂ ਫਿਲਮ 'ਇਨਸਾਨ' ਅਤੇ ਫਿਲਮਸਾਜ਼ ਫਜ਼ਲ ਹੁਸੈਨ ਲਈ ਉਰਦੂ ਫਿਲਮ 'ਨਯਾ ਸੂਰਜ' ਬਣਾਈ। 1978 'ਚ ਮਸੂਦ ਨੇ ਉਰਦੂ ਫਿਲਮ 'ਹੈਦਰ ਅਲੀ' ਬਣਾਈ। 23 ਮਾਰਚ, 1979 ਨੂੰ ਪਾਕਿਸਤਾਨ ਦੇ ਸਰਕਾਰੀ ਅਦਾਰੇ ਨੈਫਡਕ ਦੀ ਉਰਦੂ ਫਿਲਮ 'ਖਾਕ-ਓ-ਖੂਨ' ਦੀ ਨਿਰਦੇਸ਼ਨਾ ਕੀਤੀ, ਪਰ ਫਿਲਮ ਡੱਬਾ ਬੰਦ ਹੋ ਗਈ।

ਹੁਣ ਸੰਗੀਤਮਈ ਰੂਮਾਨੀ ਫਿਲਮਾਂ ਦਾ ਜ਼ਮਾਨਾ ਚਲਾ ਗਿਆ ਸੀ ਤੇ ਐਕਸ਼ਨ ਫਿਲਮਾਂ ਦੀ ਸਲਤਨਤ ਕਾਇਮ ਹੋ ਗਈ ਸੀ। ਅਜਿਹੀਆਂ ਫਿਲਮਾਂ ਮਸੂਦ ਪਰਵੇਜ਼ ਜਿਹੇ ਨਿਰਦੇਸ਼ਕ ਦੇ ਵੱਸ ਦੀ ਗੱਲ ਨਹੀਂ ਸਨ। ਲਿਹਾਜ਼ਾ ਉਨ੍ਹਾਂ ਨੇ ਫਿਲਮਾਂ ਤੋਂ ਕਿਨਾਰਾਕਸ਼ੀ ਕਰ ਲਈ। 1982 ਵਿਚ ਫਿਲਮਸਾਜ਼ ਸਰਵਰ ਭੱਟੀ ਨੇ ਮਸੂਦ ਦੀ ਹਿਦਾਇਤਕਾਰੀ ਵਿਚ ਪੰਜਾਬੀ ਫਿਲਮ 'ਮਿਰਜ਼ਾ ਜੱਟ' ਬਣਾਈ, ਪਰ ਫਿਲਮ ਨਾਕਾਮ ਰਹੀ ਅਤੇ ਇਹੀ ਫਿਲਮ ਉਨ੍ਹਾਂ ਦੋਵੇਂ ਫਨਕਾਰਾਂ ਦੀ ਆਖਰੀ ਫਿਲਮ ਸਾਬਤ ਹੋਈ ਸੀ।

ਮਸੂਦ ਪਰਵੇਜ਼ ਨੇ ਆਪਣੇ ਆਬਾਈ ਵਤਨ ਭਾਰਤ ਵਿਚ ਵੰਡ ਤੋਂ ਪਹਿਲਾਂ 4 ਫਿਲਮਾਂ (1942 ਤੋਂ 1947) ਵਿਚ ਕੰਮ ਕੀਤਾ। ਇਨ੍ਹਾਂ 'ਚ ਇਕ ਪੰਜਾਬੀ ਅਤੇ 3 ਹਿੰਦੀ ਫਿਲਮਾਂ ਸ਼ਾਮਲ ਹਨ। ਮਸੂਦ ਪਰਵੇਜ਼ ਨੇ ਪਾਕਿਸਤਾਨ ਵਿਚ ਆਪਣੀ ਹਿਦਾਇਤਕਾਰੀ ਅਤੇ ਫਿਲਮਸਾਜ਼ੀ ਵਿਚ ਕੁੱਲ 24 ਫਿਲਮਾਂ ਦਾ ਨਿਰਮਾਣ ਕੀਤਾ, ਜਿਨ੍ਹਾਂ ਵਿਚ 13 ਉਰਦੂ (1950 ਤੋਂ 1979) ਅਤੇ 11 ਪੰਜਾਬੀ ਫਿਲਮਾਂ (1967 ਤੋਂ 1982) ਸ਼ਾਮਲ ਹਨ। ਹਿੰਦ-ਪਾਕਿ ਫਿਲਮਾਂ ਦਾ ਇਹ ਅਦਾਕਾਰ, ਗੁਲੂਕਾਰ, ਫਿਲਮਸਾਜ਼ ਅਤੇ ਹਿਦਾਇਤਕਾਰ 10 ਮਾਰਚ, 2001 ਨੂੰ 84 ਸਾਲਾਂ ਦੀ ਉਮਰੇ ਲਾਹੌਰ (ਪਾਕਿਸਤਾਨ) ਵਿਚ ਵਫਾਤ ਪਾ ਗਿਆ।




*ਮਸੂਦ ਪਰਵੇਜ਼ ਦੇ ਨਿਰਮਾਣ ਤੇ ਨਿਰਦੇਸ਼ਨ ਹੇਠ ਬਣੀ ਫਿਲਮ 'ਬੇਲੀ' ਦਾ ਪੋਸਟਰ।*

# ਸ਼ਕਤੀ ਸਾਮੰਤ ਅਤੇ ਸਦਾਬਹਾਰ ਸੰਗੀਤ

ਸ਼ਕਤੀ ਸਾਮੰਤ ਉਨ੍ਹਾਂ ਨਿਰਦੇਸ਼ਕਾਂ 'ਚੋਂ ਇਕ ਸੀ ਜੋ ਦਮਦਾਰ ਪਟਕਥਾ ਤੇ ਜਾਨਦਾਰ ਨਿਰਦੇਸ਼ਨ ਵਾਲੀਆਂ ਖੂਬਸੂਰਤ ਲੋਕੇਸ਼ਨਾਂ ਅਤੇ ਸੁਰੀਲੇ ਸੰਗੀਤ ਨਾਲ ਸਜੀਆਂ ਫਿਲਮਾਂ ਬਣਾਉਂਦੇ ਸਨ। ਆਪਣੇ ਲੰਮੇ ਫਿਲਮੀ ਕੈਰੀਅਰ ਦੌਰਾਨ ਉਨ੍ਹਾਂ ਨੇ ਅਨੇਕਾਂ ਅਜਿਹੀਆਂ ਹਿੱਟ ਫਿਲਮਾਂ ਦਿੱਤੀਆਂ, ਜਿਨ੍ਹਾਂ ਦਾ ਸੰਗੀਤ ਹਿਟ ਰਿਹਾ ਅਤੇ ਉਸ ਦੀਆਂ ਬਾਤਾਂ ਅੱਜ ਵੀ ਪੈਂਦੀਆਂ ਹਨ। ਫਿਲਮ 'ਕਟੀ ਪਤੰਗ' ਦੇ 'ਯੇਹ ਸ਼ਾਮ

**ਪਰਮਜੀਤ ਸਿੰਘ**

ਮਸਤਾਨੀ', 'ਜਿਸ ਗਲੀ ਮੇਂ ਤੇਰਾ ਘਰ ਨਾ ਹੋ ਬਾਲਮਾ', 'ਯੇਹ ਜੋ ਮੁਹੱਬਤ ਹੈ', 'ਪਿਆਰ ਦੀਵਾਨਾ ਹੋਤਾ ਹੈ, ਮਸਤਾਨਾ ਹੋਤਾ ਹੈ' ਅਤੇ 'ਅਰਾਧਨਾ' ਦੇ 'ਮੇਰੇ ਸਪਨੋਂ ਕੀ ਰਾਨੀ', 'ਕੋਰਾ ਕਾਗਜ਼ ਥਾ ਯੇਹ ਮਨ ਮੇਰਾ', 'ਰੂਪ ਤੇਰਾ ਮਸਤਾਨਾ', 'ਬਾਗੋਂ ਮੇਂ ਬਹਾਰ ਹੈ' ਗੀਤ ਅੱਜ ਵੀ ਸੰਗੀਤ ਪ੍ਰੇਮੀਆਂ ਦੀ ਪਹਿਲੀ ਪਸੰਦ ਹਨ।

ਸ਼ਕਤੀ ਸਾਮੰਤ ਨੂੰ ਉਨ੍ਹਾਂ ਦੀਆਂ ਫਿਲਮਾਂ ਵਿਚਲੇ 'ਆਈਏ ਮਿਹਰਬਾਂ', 'ਮੇਰੇ ਨੈਨਾ ਸਾਵਨ ਭਾਦੋਂ', 'ਆਤੇ-ਜਾਤੇ ਖੂਬਸੂਰਤ ਆਵਾਰਾ ਸੜਕੋਂ ਪੇ', 'ਤਾਰੀਫ ਕਰੂੰ ਕਿਆ ਉਸ ਕੀ', 'ਅਕੇਲੇ ਅਕੇਲੇ ਕਹਾਂ ਜਾ ਰਹੇ ਹੋ' ਅਤੇ 'ਚਿੰਗਾਰੀ ਕੋਈ ਭੜਕੇ' ਆਦਿ ਅਨੇਕਾਂ ਸਦਾਬਹਾਰ ਗੀਤਾਂ ਲਈ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

ਸ਼ਕਤੀ ਸਾਮੰਤ ਦਾ ਜਨਮ 13 ਜਨਵਰੀ 1926 ਨੂੰ ਬਰਧਵਾਨ (ਪੱਛਮੀ ਬੰਗਾਲ) ਵਿਚ ਹੋਇਆ। ਦੇਹਰਾਦੂਨ ਤੋਂ ਸਕੂਲੀ ਵਿਦਿਆ ਗ੍ਰਹਿਣ ਕਰਨ ਪਿਛੋਂ ਉਨ੍ਹਾਂ ਨੇ 1944 ਵਿਚ ਕਲੱਕਤਾ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਹਾਸਿਲ ਕੀਤੀ ਅਤੇ ਬਤੌਰ ਅਦਾਕਾਰ ਫਿਲਮਾਂ 'ਚ ਕੰਮ ਕਰਨ ਲਈ ਮੁੰਬਈ ਪਹੁੰਚ ਗਏ। ਇਥੇ ਆ ਕੇ ਇਕ ਸਾਲ ਉਨ੍ਹਾਂ ਸਕੂਲ ਅਧਿਆਪਕ ਵਜੋਂ ਸੇਵਾ ਨਿਭਾਈ। 1948 ਵਿਚ ਉਨ੍ਹਾਂ ਨੂੰ ਰਾਜ ਕਪੂਰ ਦੀ ਮੁੱਖ ਭੂਮਿਕਾ ਵਾਲੀ ਫਿਲਮ 'ਸੁਨਹਿਰੇ ਦਿਨ' ਲਈ ਨਿਰਦੇਸ਼ਕ ਸਤੀਸ਼ ਨਿਗਮ ਦੇ ਸਹਾਇਕ ਵਜੋਂ ਕੰਮ ਕਰਨ ਦਾ ਮੌਕਾ ਮਿਲਿਆ।

ਗਿਆਨ ਮੁਖਰਜੀ ਅਤੇ ਫਣੀ ਮਜੂਮਦਾਰ ਜਿਹੇ ਨਾਮਵਰ ਨਿਰਦੇਸ਼ਕਾਂ ਦੇ ਸਹਾਇਕ ਵਜੋਂ ਕੰਮ ਕਰਨ ਪਿੱਛੋਂ ਉਨ੍ਹਾਂ ਨੇ 1954 ਵਿਚ ਫਿਲਮ 'ਬਹੂ' ਰਾਹੀਂ ਸੁਤੰਤਰ ਨਿਰਦੇਸ਼ਕ ਵਜੋਂ ਕਮਾਨ ਸੰਭਾਲੀ। ਕਰਨ ਦੀਵਾਨ, ਊਸ਼ਾ ਕਿਰਨ ਤੇ ਪ੍ਰਾਣ ਜਿਹੇ ਸਿਤਾਰਿਆਂ ਨਾਲ ਸਜੀ ਇਹ ਫਿਲਮ ਸਫਲ ਰਹੀ। ਇਸ ਪਿਛੋਂ



ਸ਼ਕਤੀ ਸਾਮੰਤ ਨੇ ਮਨਮੋਹਕ ਅਤੇ ਕਾਮਯਾਬ ਫਿਲਮਾਂ ਦੀ ਝੜੀ ਲਾ ਦਿੱਤੀ ਜਿਨ੍ਹਾਂ ਵਿਚ ਇੰਸਪੈਕਟਰ, ਹਾਵੜਾ ਬ੍ਰਿਜ, ਜਾਅਲੀ ਨੋਟ, ਚਾਈਨਾ ਟਾਊਨ, ਕਸ਼ਮੀਰ ਕੀ ਕਲੀ, ਸਾਵਨ ਕੀ ਘਟਾ, ਐਨ ਈਵਨਿੰਗ ਇਨ ਪੈਰਿਸ, ਅਰਾਧਨਾ, ਕਟੀ ਪਤੰਗ, ਅਮਰ ਪ੍ਰੇਮ, ਅਮਾਨੁਸ਼, ਮਹਿਬੂਬਾ, ਬਰਸਾਤ ਕੀ ਰਾਤ, ਆਵਾਜ਼, ਅਲੱਗ ਅਲੱਗ ਆਦਿ ਫਿਲਮਾਂ ਮੁੱਖ ਤੌਰ 'ਤੇ ਸ਼ਾਮਿਲ ਹਨ।

ਸ਼ਕਤੀ ਸਾਮੰਤ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਅਸ਼ੋਕ ਕੁਮਾਰ, ਰਾਜੇਸ਼ ਖੰਨਾ, ਆਰ. ਡੀ. ਬਰਮਨ, ਆਸ਼ਾ ਭੌਂਸਲੇ, ਕਿਸ਼ੋਰ ਕੁਮਾਰ, ਸ਼ੰਮੀ ਕਪੂਰ, ਆਨੰਦ ਬਖਸ਼ੀ, ਸ਼ੈਲੇਂਦਰ ਆਦਿ ਜਿਹੇ ਫਨਕਾਰਾਂ ਨੂੰ ਫਿਲਮਾਂ 'ਚ ਸਥਾਪਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਅਸ਼ੋਕ ਕੁਮਾਰ ਨਾਲ ਉਨ੍ਹਾਂ ਨੇ 'ਇੰਸਪੈਕਟਰ', 'ਸ਼ੇਰੂ', 'ਇਸੀ ਕਾ ਨਾਮ ਦੁਨੀਆਂ ਹੈ', 'ਹਾਵੜਾ ਬ੍ਰਿਜ', 'ਆਨੰਦ ਆਸ਼ਰਮ' ਆਦਿ ਸਮੇਤ ਕੁੱਲ 9 ਫਿਲਮਾਂ ਬਣਾਈਆਂ। ਸ਼ਕਤੀ ਸਾਮੰਤ ਨੇ 'ਅਮਰ ਪ੍ਰੇਮ', 'ਅਨੁਰੋਧ', 'ਅਨੁਰਾਗ', 'ਅਰਾਧਨਾ', 'ਕਟੀ ਪਤੰਗ' ਆਦਿ ਜਿਹੀਆਂ ਸ਼ਾਹਕਾਰ ਫਿਲਮਾਂ ਨਾਲ ਰਾਜੇਸ਼ ਖੰਨਾ ਅਤੇ 'ਕਸ਼ਮੀਰ ਕੀ ਕਲੀ' ਤੇ 'ਐਨ ਈਵਨਿੰਗ ਇਨ ਪੈਰਿਸ' ਵਰਗੀਆਂ ਸਫਲ ਫਿਲਮਾਂ ਨਾਲ ਸ਼ੰਮੀ ਕਪੂਰ ਨੂੰ ਕਾਮਯਾਬੀ ਦੀਆਂ ਬੁਲੰਦੀਆਂ ਤਕ ਪਹੁੰਚਾਇਆ।

ਸ਼ਕਤੀ ਸਾਮੰਤ ਨੂੰ ਮਾਣ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੇ ਦੋ-ਭਾਸ਼ਾਈ ਫਿਲਮਾਂ ਬਣਾਉਣ ਦੀ ਪ੍ਰਥਾ ਆਪਣੀ ਫਿਲਮ 'ਅਮਾਨੁਸ਼' ਨੂੰ ਹਿੰਦੀ ਤੇ ਬੰਗਾਲੀ ਭਾਸ਼ਾ ਵਿਚ ਨਾਲੋ ਨਾਲ ਬਣਾ ਕੇ ਸ਼ੁਰੂ ਕੀਤੀ ਸੀ। ਉਹ ਇੰਡੀਅਨ ਮੋਸ਼ਨ ਪਿਕਚਰਜ਼ ਐਸੋਸੀਏਸ਼ਨ (ਇਮਪਾ), ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਅਤੇ ਸੱਤਿਆਜੀਤ ਰੇਅ ਫਿਲਮ ਐਂਡ ਟੀ. ਵੀ. ਇੰਸਟੀਚਿਊਟ, ਕਲਕੱਤਾ ਜਿਹੀਆਂ ਸੰਸਥਾਵਾਂ ਦੇ ਮੁਖੀ ਵੀ ਰਹੇ। ਉਨ੍ਹਾਂ ਨੂੰ ਜਿਥੇ 'ਅਰਾਧਨਾ', 'ਅਨੁਰਾਗ' ਅਤੇ 'ਅਮਾਨੁਸ਼' ਜਿਹੀਆਂ ਫਿਲਮਾਂ ਲਈ ਫਿਲਮਫੇਅਰ ਐਵਾਰਡ ਮਿਲੇ, ਉਥੇ ਹੀ ਸਾਲ 2002 ਵਿਚ ਉਨ੍ਹਾਂ ਨੂੰ 'ਜ਼ੀ ਸਿਨੇ ਐਵਾਰਡ ਫਾਰ ਲਾਈਫ ਟਾਈਮ ਅਚੀਵਮੈਂਟ' ਨਾਲ ਵੀ ਨਿਵਾਜਿਆ ਗਿਆ। 9 ਅਪਰੈਲ 2009 ਨੂੰ ਇਹ ਮਹਾਨ ਫਿਲਮਸਾਜ਼ ਮੁੰਬਈ ਵਿਖੇ ਦਿਲ ਦਾ ਦੌਰਾ ਪੈਣ ਕਾਰਨ ਇਸ ਦੁਨੀਆਂ ਨੂੰ ਅਲਵਿਦਾ ਆਖ ਗਿਆ।

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗੁ ਚਾਨਣੁ ਹੋਆ॥
ਜਿਉ ਕਰ ਸੂਰਜ ਨਿਕਲਿਆ ਤਾਰੇ ਛਿਪੇ ਅੰਧੇਰ ਪਲੋਆ॥

# ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

'ਰਾਜੇ ਸ਼ੀਂਹ ਮੁਕੱਦਮ ਕੁੱਤੇ' ਆਖ ਸਮੇਂ ਦੇ ਹਾਕਮਾਂ ਨੂੰ ਫਿਟ ਲਾਹਨਤ ਪਾਉਣ ਵਾਲੇ ਤੇ ਜਾਲਮਾਂ ਦੇ ਜੁਲਮਾਂ ਪ੍ਰਤੀ ਰੱਬ ਨੂੰ 'ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ' ਦਾ ਨਿਹੋਰਾ ਦੇਣ ਵਾਲੇ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸਿੱਖ ਗੁਰਦੁਆਰਾ ਸੈਨ ਹੋਜੇ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਨ੍ਹਾਂ ਪ੍ਰੋਗਰਾਮਾਂ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



## ਪ੍ਰਭਾਤ ਫੇਰੀਆਂ

13 ਨਵੰਬਰ ਤੋਂ 22 ਨਵੰਬਰ ਤੱਕ
ਰੋਜ਼ਾਨਾ ਸਵੇਰੇ 4:30 ਤੋਂ 5:30 ਵਜੇ ਤੱਕ

## ਵਿਸ਼ੇਸ਼ ਦੀਵਾਨ

23 ਨਵੰਬਰ, ਸ਼ੁੱਕਰਵਾਰ ਅਤੇ 25 ਨਵੰਬਰ, ਐਤਵਾਰ ਨੂੰ ਸਾਰਾ ਦਿਨ ਵਿਸ਼ੇਸ਼ ਦੀਵਾਨ ਸਜਣਗੇ

ਲੰਗਰ ਦੀ ਸੇਵਾ: ਭਾਈ ਭੁਪਿੰਦਰ ਸਿੰਘ, ਭਾਈ ਅਰਵਿੰਦਰ ਸਿੰਘ ਅਤੇ ਦੋਸਤ ਤੇ ਪਰਿਵਾਰ

ਤਾਜ਼ਾ ਜਲੇਬੀਆਂ ਅਤੇ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ।

ਕਾਰ ਪਾਰਕਿੰਗ ਲਈ ਵਿਸ਼ੇਸ਼ ਪ੍ਰਬੰਧ।

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 408-274-9373



## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜੇ (ਕੈਲੀਫੋਰਨੀਆ)

3636 Gurdwara Ave, San Jose CA 95148
ਗੁਰਦੁਆਰਾ ਸਾਹਿਬ ਦੀ ਵੈਬਸਾਈਟ: www.sanjosegurdwara.org

**Donation to Gurdwara Sahib:** You can now donate on-line as well using Credit/Debit card or Paypal.
Visit: www.sanjosegurdwara.org and touch "Donate" tab and enter information.
You can also enter a message like Ardas etc and listen it on Gurdwara website radio same day after Rehras Sahib Path at 6pm.